*Published in Punjabi & English*
Distributed in Toronto, Calgary, Vancouver, Winnipeg and Online Worldwide.
Sarokaran Di Awaz
Voice of Social Concerns
Pro-People Arts Project Media Group

# ਸਰੋਕਾਰਾਂ ਦੀ ਆਵਾਜ਼

Email: ppapmg@gmail.com
ਸਾਲ- 12, ਅੰਕ-11, ਨਵੰਬਰ 2022
Website: www.ppapmg.com
HARBANS SINGH 416-817-7142 DEVINDER TOOR 416-902-9372 MASTER BHAJAN SINGH 403-455-4220 Registration No. 210836300

ਕੈਲਗਰੀ ਵਿੱਚ ਡਾ. ਸਾਹਿਬ ਸਿੰਘ ਵਲੋਂ 'ਧੰਨੁ ਲੇਖਾਰੀ ਨਾਨਕਾ' ਦੀ ਸਫਲ ਪੇਸ਼ਕਾਰੀ!
(ਦੇਖੋ ਸਫ਼ਾ 40 'ਤੇ)

1984 ਦੀਆਂ ਯਾਦਾਂ : ਜਲ ਰਹੀ ਸੀ ਦਿੱਲੀ
(ਦੇਖੋ ਸਫ਼ਾ 3 'ਤੇ)

ਪੰਜਾਬ ਐਗਰੀਕਲਚਰ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਦੀ ਨਿਯੁਕਤੀ ਦਾ ਮਸਲਾ
(ਦੇਖੋ ਸਫ਼ਾ 6 'ਤੇ)

ਕਾਲੇ ਕਨੂੰਨ ਯੂਏਪੀਏ ਦਾ ਸੰਖੇਪ ਇਤਿਹਾਸ
(ਦੇਖੋ ਸਫ਼ਾ 10 'ਤੇ)

ਬੱਬਰਾਂ ਦਾ ਵਿਧੀ ਵਿਧਾਨ, ਕੰਮ ਢੰਗ ਤੇ ਬਬੇਲੀ ਦਾ ਸ਼ਹੀਦੀ ਸਾਕਾ
(ਦੇਖੋ ਸਫ਼ਾ 12 'ਤੇ)

ਮੇਲਾ ਗ਼ਦਰੀ ਬਾਬਿਆਂ ਦਾ, ਸਾਂਝੇ ਸੰਗਰਾਮਾਂ ਦਾ ਹੋਕਾ
(ਦੇਖੋ ਸਫ਼ਾ 22 'ਤੇ)

# ਚੀਨ ਹੋਇਆ ਮਜ਼ਬੂਤ : ਬਦਲੇ ਵਿਸ਼ਵੀ ਸਮੀਕਰਨ


ਰਾਸ਼ਟਰਪਤੀ ਜੀ ਜਿਨਪਿੰਗ ਦੀਆਂ ਨਜ਼ਰਾਂ ਸਮੁੱਚੀ ਦੁਨੀਆਂ ਉਪਰ ਵਪਾਰਕ ਕਬਜ਼ਾ ਕਰਨਾ ਦੀਆਂ।

ਜਿਸ ਕਿਸਮ ਨਾਲ ਕਰੋਨਾ ਦੇ ਦੌਰ ਵਿਚ ਅਮਰੀਕਨ ਰਾਸ਼ਟਰਪਤੀ ਟਰੰਪ ਨੇ ਜ਼ੋਰ ਲਗਾਇਆ ਸੀ ਕਿ ਜੋ ਵਾਇਰਸ ਸ਼ੁਰੂ ਹੋਇਆ ਹੈ ਇਸ ਨੂੰ ਚਾਈਨਜ਼ ਵਾਇਰਸ ਕਿਹਾ ਜਾਵੇ। ਇਸ ਨੂੰ ਅਮਲੀਜਾਮਾ ਪਹਿਨਾਉਣ ਲਈ ਉਸ ਨੇ ਵਿਸ਼ਵ ਸਿਹਤ ਸੰਸਥਾ ਨੂੰ ਆਰਥਿਕ ਮਦਦ ਵੀ ਦੇਣੀ ਬੰਦ ਕਰ ਦਿੱਤੀ ਸੀ। ਉਸ ਸਮੇਂ ਤੋਂ ਹੀ ਦੁਨੀਆਂ ਨੂੰ ਦਿਖਾਈ ਦੇ ਰਿਹਾ ਸੀ ਕਿ ਆਉਣ ਵਾਲੇ ਸਮੇਂ ਵਿਚ ਅਮਰੀਕਾ ਤੇ ਚੀਨ ਦਾ ਆਪਸੀ ਟਕਰਾਅ ਵਧੇਗਾ ਕਿਉਂਕਿ ਠੰਡੀ ਜੰਗ ਤੋਂ ਬਾਅਦ ਅਮਰੀਕਾ ਦੀ ਚੌਧਰ ਮਿਲਟਰੀ ਤਾਕਤ ਤੋਂ ਲੈ ਕੇ ਆਰਥਿਕ ਤਾਕਤ ਤੱਕ ਰਹੀ ਹੈ ਜਿਹੜੀ ਪਿਛਲੇ ਤਿੰਨ ਦਹਾਕਿਆਂ ਤੋਂ ਡਿੱਗ ਰਹੀ ਹੈ। ਇਸ ਦੇ ਉਲਟ ਚੀਨ ਦੁਨੀਆ ਦੀ ਵੱਡੀ ਮਿਲਟਰੀ ਤਾਕਤ ਵੀ ਬਣ ਗਿਆ ਹੈ ਅਤੇ ਆਰਥਿਕ ਖੇਤਰ ਵਿਚ ਇਸ ਨੇ ਅਮਰੀਕਾ ਨੂੰ ਵੀ ਆਪਣੇ ਹੇਠਾਂ ਲਗਾ ਲਿਆ ਹੈ। ਦੋਵਾਂ ਦੀਆਂ ਦੀਆਂ ਵੱਡੀਆਂ ਤਾਕਤਾਂ ਵਿਚ ਲਗਾਤਾਰ ਠੰਡੀ ਜੰਗ ਚਲਦੀ ਆ ਰਹੀ ਹੈ। ਆਉਣ ਵਾਲੇ ਸਮੇਂ ਵਿਚ ਇਸ ਦੇ ਵਧਣ ਦੀਆਂ ਸੰਭਾਵਨਾਵਾਂ ਇਸ ਕਰਕੇ ਵੀ ਬਣ ਗਈਆਂ ਕਿਉਂਕਿ ਚਾਈਨਜ਼ ਕਮਿਊਨਿਸਟ ਪਾਰਟੀ ਦੀ ਕਾਂਗਰਸ 2022 ਨੇ ਇਕਜੁਟ ਲੀਡਰਸ਼ਿਪ ਜਿਹੜੀ ਪੂਰੀ ਤਰ੍ਹਾਂ ਪੂੰਜੀਵਾਦ ਦੇ ਰਾਹ 'ਤੇ ਚੱਲਣ ਵਾਲੀ ਹੈ ਉਸ ਨੂੰ ਤਾਕਤ ਦੇ ਦਿੱਤੀ ਹੈ। ਛੋਟੀਆਂ ਮੋਟੀਆਂ ਜਿਹੜੀਆਂ ਅਵਾਜ਼ਾਂ ਉਲਟ ਨਿਕਲਦੀਆਂ ਸਨ, ਉਨ੍ਹਾਂ ਨੂੰ ਸੱਤਾ ਤੋਂ ਪਰ੍ਹੇ ਧੱਕ ਦਿੱਤਾ ਹੈ। ਇਥੋਂ ਤੱਕ ਚੀਨ ਦੀ ਕਮਿਊਨਿਸਟ ਪਾਰਟੀ ਦੇ ਨਿਯੁਕਤ ਪ੍ਰਧਾਨ ਮੰਤਰੀ ਨੂੰ ਪ੍ਰੈਸ ਕਾਨਫਰੰਸ ਵਿਚੋਂ ਧੱਕਾ ਕੇ ਬਾਹਰ ਕੱਢਿਆ ਗਿਆ ਅਤੇ ਉਸ ਦੇ ਹਮਾਇਤੀਆਂ ਨੂੰ ਕੇਂਦਰੀ ਕਮੇਟੀ 'ਚੋਂ ਪਰ੍ਹੇ ਹਟਾ ਦਿੱਤਾ ਗਿਆ। ਜੋ ਨਵੀਂ ਲੀਡਰਸ਼ਿਪ ਚੁਣੀ ਗਈ ਹੈ ਭਲਾ ਹੀ ਉਸ ਦੇ ਰਾਸ਼ਟਰਪਤੀ ਪੁਰਾਣੇ ਹੀ ਹਨ ਜਿਨ੍ਹਾਂ ਨੂੰ ਪੰਜ ਸਾਲ ਹੋਰ ਕੰਮ ਕਰਨ ਦਾ ਮੌਕਾ ਮਿਲਿਆ। ਉਹ ਪਹਿਲਾਂ ਹੀ ਚੀਨ ਦੇ ਅੰਦਰ ਤਾਕਤਵਰ ਵੱਡੀ ਪੂੰਜੀਪਤੀਆਂ ਦੀ ਸਥਿਤੀ ਮਜਬੂਤ ਕਰ ਚੁੱਕੇ ਹਨ ਅਤੇ ਜਿਹੜੇ ਦੁਨੀਆ ਭਰ ਵਿਚ ਛੋਟੇ ਮੋਟੇ ਮੁਲਕਾਂ 'ਤੇ ਆਰਥਿਕ ਗਲਬਿਆਂ ਤੋਂ ਲੈ ਕੇ ਮਿਲਟਰੀ ਗਲਬਿਆਂ ਤੱਕ ਨੂੰ ਸਥਾਪਤ ਕਰਨ ਵਾਸਤੇ ਕਾਰਜ ਕਰਦੇ ਹਨ, ਇਥੋਂ ਤੱਕ ਜਪਾਨ ਵੀ ਅੱਜ ਉਨ੍ਹਾਂ ਤੋਂ ਡਰਦਾ ਹੈ, ਤਾਇਵਾਨ ਨੂੰ ਕਿਸੇ ਵੇਲੇ ਵੀ ਉਹ ਨੱਪ ਸਕਦੇ ਹਨ। ਆਉਣ ਵਾਲੇ ਸਮੇਂ ਵਿਚ ਦੁਨੀਆ ਦੀ ਤਾਕਤਾਂ ਦੀ ਸਥਿਤੀ ਵਿਚ ਚੀਨ ਅਤੇ ਅਮਰੀਕਾ ਨਵੇਂ ਟਕਰਾਵਾਂ ਨੂੰ ਜਨਮ ਦੇਣਗੇ। ਪ੍ਰਸਿੱਧ ਫਿਲਾਸਫਰ ਜਾਜੇਕ ਤਾਂ ਇਥੋਂ ਤੱਕ ਕਹਿੰਦੇ ਹਨ ਕਿ ਜਿੰਨੀ ਮੰਦੀ ਹਾਲਤ ਮਨੁੱਖੀ ਅਧਿਕਾਰਾਂ ਦੀ ਚੀਨ ਵਿਚ ਹੈ ਉਨੀ ਸ਼ਾਇਦ ਹੋਰਨਾਂ ਮੁਲਕਾਂ 'ਚ ਨਾ ਹੋਵੇ। ਚੀਨ ਦੀ ਕਮਿਊਨਿਸਟ ਦੇ ਨਾਂ ਹੇਠ ਅਜਿਹੇ ਮੁਲਕ ਵਿਚ ਤਬਦੀਲ ਹੋ ਜਾਣਾ ਦੁਨੀਆ ਭਰ ਦੀਆਂ ਅਗਾਂਹਵਧੂ ਅਤੇ ਲੜਨ ਵਾਲੀਆਂ ਧਿਰਾਂ ਲਈ ਬੜੀ ਨਰਾਸਾਜਨਮ ਅਤੇ ਤਰਾਸਦਿਕ ਸਥਿਤੀ ਪੈਦਾ ਕਰਨ ਵਾਲੀ ਹੋਵੇਗੀ। – ਹਰਬੰਸ ਸਿੰਘ (ਮੁੱਖ ਸੰਪਾਦਕ)

CONGRATULATIONS
TEAM OVER 850
REALTORS
HomeLife Silvercity Realty Inc., Brokerage
905-913-8500
11775 Bramalea Rd # 201, Brampton
GARCHA BROTHERS


Call for your home BUYING & SELLING needs
BALJINDER SANGHA
REALTOR
(Certified Condominium Specialist)
403-680-3212
baljindersangha@urban-realty.ca
REALTOR® MLS® MULTIPLE LISTING SERVICE®
urban Real Estate Services Ltd.


ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਅੱਜ ਹੀ ਸੰਪਰਕ ਕਰੋ
• Auto Insurance
• Home Insurance
• Life Insurance
• Critical illness
• Disability Insurance
• Car Loans
• Business Insurance
SAVE UPTO 30%
• ਕਾਰ ਇੰਸ਼ੋਰੈਂਸ
• ਹੋਮ ਇੰਸ਼ੋਰੈਂਸ
• ਲਾਈਫ ਇੰਸ਼ੋਰੈਂਸ
• ਕਰਿਟੀਕਲ ਇਲਨੈਸ ਇੰਸ਼ੋਰੈਂਸ
• ਡਿਸਅਬਿਲਿਟੀ ਇੰਸ਼ੋਰੈਂਸ
• ਕਾਰ ਲੋਨ
• ਬਿਜਨਸ ਇੰਸ਼ੋਰੈਂਸ
Call us for FREE Insurance Quote
Paramjit Plaha
403 554.4444
paramjit@paramjit.ca
paramjit.ca
210 - 2323 32 Ave NE Calgary AB T2E 6Z3


For All your Commercial Real Estate needs in Alberta, Motels/Hotels, Gas Station, Liquor Store, Plazas, Franchise, Restaurant
Call Gurprit Sidhu (Rana)
Ph:825.945.8441
Email: sidhugurprit@hotmail.com
www.bruceliang.ca


Hans
Demolition & Excavating


* Excavating * Demolition
* Sand Gravel
* Drain Tiles * Backfill
* Backhoe Service
* Trucking
* Land Clearing
* Hourly or Contract
Ph : 604-240-8002
or : 604-250-3834
Free Estimates
3822 Marine Way Burnaby, B.C. V5J 3H4

SUPER VISA INSURANCE
PUNJAB INSURANCE INC.
• Life Insurance • Mortgage Insurance • Critical Illness Insurance • Disability Insurance • RESP, RRSP
www.punjabinsurance.ca


Sherjang Singh Rana
416.910.9000

Sandeep Ahuja
416.660.1010

# ਭਾਰਤੀ ਯੂਨੀਵਰਸਿਟੀ ਅਦਾਰੇ ਸੰਕਟਗ੍ਰਸਤ



ਡਾ. ਕੁਲਦੀਪ ਸਿੰਘ
98151-15429



*20ਵੀਂ ਸਦੀ ਦਾ ਇਤਿਹਾਸ ਗਿਆਨ ਅਤੇ ਵਿਗਿਆਨ ਦੇ ਖੇਤਰ ਵਿਚ ਦੁਨੀਆਂ ਨੂੰ ਤਬਦੀਲ ਕਰਨ ਵਿਚ ਅਹਿਮ ਯੋਗਦਾਨ ਪਾ ਰਿਹਾ ਸੀ ਪ੍ਰੰਤੂ 1990 ਤੋਂ ਬਾਅਦ ਜਦੋਂ ਕਾਰਪੋਰੇਟ ਘਰਾਣਿਆਂ ਨੇ ਹਰੇਕ ਖੇਤਰ 'ਤੇ ਕਬਜ਼ਾ ਕਰਨਾ ਸ਼ੁਰੂ ਕਰ ਦਿੱਤਾ ਤਾਂ ਉਨ੍ਹਾਂ ਗਿਆਨ ਦੇ ਕੇਂਦਰਾਂ 'ਤੇ ਵੀ ਆਪਣੀ ਸਰਦਾਰੀ ਕਾਇਮ ਕਰਨ ਲਈ ਬਹੁਤ ਯੂਨੀਵਰਸਿਟੀਆਂ ਪ੍ਰਾਈਵੇਟ ਅਦਾਰਿਆਂ ਵਲੋਂ ਸਥਾਪਤ ਕਰ ਲਈਆਂ ਕਿਉਂਕਿ ਗਿਆਨ ਵੀ ਇਕ ਕਿਸਮ ਨਾਲ ਵੇਚਣ ਤੇ ਖਰੀਦਣ ਵਾਲੀ ਵਸਤੂ ਬਣਾ ਦਿੱਤਾ ਗਿਆ। ਅਜੋਕੇ ਸਮੇਂ ਤਾਂ ਅਜਿਹੇ ਬਣ ਗਏ ਹਨ ਜਦੋਂ ਰਾਜਨੀਤਕ ਪਾਰਟੀਆਂ ਨੇ ਵੀ ਇਸ ਵਿਚ ਆਪਣੀਆਂ ਸਰਕਾਰਾਂ ਰਾਹੀਂ ਸਿੱਧੀ ਦਖ਼ਲ-ਅੰਦਾਜ਼ੀ ਯੂਨੀਵਰਸਿਟੀ ਵਿਚ ਕਰ ਦਿੱਤੀ ਹੈ। ਇਸ ਨੂੰ ਸਮਝਣ ਅਤੇ ਪਰਖਣ ਲਈ ਇਹ ਲਿਖਤ ਪੇਸ਼ ਕਰ ਰਹੇ ਹਾਂ। - ਸੰਪਾਦਕ*

ਯੂਨੀਵਰਸਿਟੀਆਂ ਗਿਆਨ ਦੇ ਕੇਂਦਰਾਂ ਦੇ ਤੌਰ 'ਤੇ ਵਿਕਸਿਤ ਕੀਤੀਆਂ ਜਾਂਦੀਆਂ ਹਨ, ਜਿਨ੍ਹਾਂ ਵਿਚ ਆਪਸੀ ਵਿਚਾਰਾਂ ਦਾ ਅਦਾਨ ਪ੍ਰਦਾਨ, ਤਰਕ ਦੇ ਅਧਾਰ 'ਤੇ ਖੋਜਾਂ ਦਾ ਨਿਰਮਾਣ, ਵਿਚਾਰਾਂ ਦਾ ਵਿਕਾਸ ਅਤੇ ਸੱਚਾਈ ਤੱਕ ਪਹੁੰਚਣ ਲਈ ਵੱਖ-ਵੱਖ ਦ੍ਰਿਸ਼ਟੀਕੋਣਾਂ ਤੋਂ ਵਾਦ-ਵਿਵਾਦ ਰਾਹੀਂ ਨਵੇਂ ਗਿਆਨ ਦਾ ਵਿਕਾਸ ਕਰਨਾ ਹੁੰਦਾ ਹੈ। ਯੂਨੀਵਰਸਿਟੀ ਐਜੂਕੇਸ਼ਨ ਕਮਿਸ਼ਨ (1948-49) ਨੇ ਯੂਨੀਵਰਸਿਟੀਆਂ ਸਬੰਧੀ ਤਿੰਨ ਉਦੇਸ਼ ਦਰਸਾਏ ਸਨ, ਜਿਨ੍ਹਾਂ ਵਿਚ ਅਧਿਆਪਨ ਕਾਰਜ ਨਵੇਂ ਗਿਆਨ ਨਾਲ ਕਰਨਾ, ਲਗਾਤਾਰ ਬਦਲਦੀਆਂ ਸਮਾਜਿਕ ਅਤੇ ਵਿਗਿਆਨਕ ਸਥਿਤੀਆਂ ਉਪਰ ਖੋਜ ਕਰਨਾ ਅਤੇ ਨਵੇਂ ਖੋਜਾਰਥੀਆਂ ਦੇ ਵਿਅਕਤਿਤਵ ਨੂੰ ਬੌਧਿਕ ਪੱਧਰ 'ਤੇ ਵਿਕਸਿਤ ਕਰਨਾ। ਇਸ ਕਰਕੇ ਯੂਨੀਵਰਸਿਟੀਆਂ ਦਾ ਮਾਹੌਲ ਅਕਾਦਮਿਕ ਪੱਧਰ 'ਤੇ ਖ਼ੁਦਮੁਖਤਿਆਰੀ ਦੀ ਮੰਗ ਤਾਂ ਕਰਦਾ ਹੀ ਹੈ, ਇਸ ਦੇ ਨਾਲ ਅਜਿਹੇ ਲਿਬਰਲ ਵਾਤਾਵਰਣ ਦੀ ਸਿਰਜਨਾ ਵੀ ਹੋਣੀ ਚਾਹੀਦੀ ਹੈ ਤਾਂ ਕਿ ਬਿਨਾਂ ਕਿਸੇ ਡਰ ਅਤੇ ਭੈਅ ਤੋਂ ਸੱਚਾਈ ਤੱਕ ਪਹੁੰਚਿਆ ਜਾ ਸਕੇ।

ਇਨ੍ਹਾਂ ਉਪਰ ਪਹਿਰੇਦਾਰੀ ਕਰਨ ਲਈ ਵੱਖ-ਵੱਖ ਕਮਿਸ਼ਨਾਂ ਨੇ ਯੂਨੀਵਰਸਿਟੀ ਦੀ ਅੰਦਰੂਨੀ ਬਣਤਰ ਅਤੇ ਸਰਕਾਰਾਂ ਨਾਲ ਸਬੰਧਾਂ ਦੇ ਮਹੱਤਵਪੂਰਨ ਅਤੇ ਗੁੰਝਲਦਾਰ ਸਵਾਲਾਂ ਨੂੰ ਨਿੱਠ ਕੇ ਖੰਘਾਲਿਆ ਸੀ। ਇਥੋਂ ਤੱਕ ਯੂਨੀਵਰਸਿਟੀ ਐਜੂਕੇਸ਼ਨ ਕਮਿਸ਼ਨ ਨੇ ਯੂਨੀਵਰਸਿਟੀਆਂ ਦੀ ਲੀਡਰਸ਼ਿਪ (ਭਾਵ ਵਾਇਸ ਚਾਂਸਲਰ) ਦੇ ਸਵਾਲ ਨੂੰ ਲਗਭਗ 50 ਪੇਜ਼ਾਂ ਵਿਚ ਵੱਖ-ਵੱਖ ਮਾਹਿਰਾਂ ਦੀਆਂ ਰਾਇਆਂ ਰਾਹੀਂ ਹੱਲ ਕਰਦਿਆਂ ਕਿਹਾ ਕਿ ਵਾਇਸ ਚਾਂਸਲਰ ਦੀ ਨਿਯੁਕਤੀ ਅਕਾਦਮਿਕ ਖੇਤਰ ਦੀਆਂ ਸ਼ਖਸੀਅਤਾਂ ਉਪਰ ਛੱਡ ਦੇਣੀ ਚਾਹੀਦੀ ਹੈ ਨਾ ਕਿ ਕਿਸੇ ਬਾਹਰੀ ਵਿਸ਼ੇਸ਼ ਕਰਕੇ 'ਦਿੱਲੀ ਪੈਟਰਨ' (ਕਮਿਸ਼ਨ ਨੇ ਇਹ ਨਾ ਰਿਪੋਰਟ ਵਿਚ ਦਰਜ ਕੀਤਾ ਹੈ) ਰਾਹੀਂ ਹੋਣੀ ਚਾਹੀਦੀ ਹੈ। ਇਸ ਵਿਚਾਰ ਨੂੰ ਅਗਾਂਹ ਵਧਾਉਂਦਿਆਂ ਨੈਸ਼ਨਲ ਐਜੂਕੇਸ਼ਨ ਕਮਿਸ਼ਨ (1964-66) ਨੇ ਯੂਨੀਵਰਸਿਟੀਆਂ ਵਿਚ ਵਧਦੇ ਸਿਆਸੀ ਪ੍ਰਭਾਵ ਨੂੰ ਕੰਟਰੋਲ ਕਰਨ ਅਤੇ ਘਟਾਉਣ ਲਈ ਕੀ ਦਿਸ਼ਾ-ਨਿਰਦੇਸ਼ ਹੋਣੇ ਚਾਹੀਦੇ ਹਨ ਤਾਂ ਕਿ ਯੂਨੀਵਰਸਿਟੀਆਂ ਵਿਚ ਕਾਰਜਸ਼ੀਲ ਅਕਾਦਮਿਕ ਲੀਡਰਸ਼ਿਪ (ਭਾਵ ਵਾਇਸ ਚਾਂਸਲਰ) ਆਪਣੀ ਡਿਊਟੀ ਸਹੀ ਢੰਗ ਨਾਲ ਨਿਭਾਅ ਸਕਣ। ਫਰਵਰੀ 1966 ਵਿਚ ਇੰਟਰ-ਯੂਨੀਵਰਸਿਟੀ ਬੋਰਡ ਦੀ 41ਵੀਂ ਮੀਟਿੰਗ ਜੋ ਮੈਸੂਰ ਵਿਖੇ ਹੋਈ ਸੀ, ਨੇ ਫੈਸਲਾ ਕਰਕੇ ਇਕ ਕਮੇਟੀ ਹਿੰਦੁਸਤਾਨ ਦੇ ਪ੍ਰਸਿੱਧ ਪਦਮ ਭਿਭੂਸ਼ਨ ਪੱਧਰ ਦੀਆਂ ਸ਼ਖਸੀਅਤਾਂ ਜਿਨ੍ਹਾਂ ਵਿਚ ਡਾ. ਸੀ.ਡੀ. ਰਾਮਾਸਵਾਮੀ ਆਇਅਰ, ਪ੍ਰੋ. ਏ.ਐਲ. ਮੁਦਾਲੀਅਰ, ਡਾ. ਸੀ.ਡੀ. ਦੇਸ਼ਮੁਖ, ਡਾ. ਕੇ.ਐਲ. ਸ੍ਰੀਮਾਲੀ ਅਤੇ ਪ੍ਰੋ. ਬੀ. ਮੁਲਿਸ਼ਕ ਅਧਾਰਤ ਕਮੇਟੀ ਬਣਾਈ ਜਿਸ ਦਾ ਕਾਰਜ ਖੇਤਰ ਇਹ ਮਿਥਿਆ ਗਿਆ ਕਿ ਕਿਸ ਤਰ੍ਹਾਂ ਦੇਸ਼ ਭਰ ਦੀਆਂ ਯੂਨੀਵਰਸਿਟੀਆਂ ਵਿਚ ਵਧਦੀਆਂ ਸਿਆਸੀ ਦਖ਼ਲ-ਅੰਦਾਜ਼ੀਆਂ ਨੂੰ ਘਟਾਇਆ ਜਾਵੇ ਤੇ ਕੰਟਰੋਲ ਕੀਤਾ ਜਾਵੇ, ਇਸ ਦੇ ਨਾਲ ਹੀ ਯੂਨੀਵਰਸਿਟੀ ਲੀਡਰਸ਼ਿਪ (ਭਾਵ ਵਾਇਸ ਚਾਂਸਲਰ) ਨੂੰ ਖ਼ੁਦਮੁਖਤਿਆਰ ਅਤੇ ਅਜ਼ਾਦ ਰੂਪ ਵਿਚ ਕੰਮ ਕਰਨ ਦੀ ਵਿਵਸਥਾ ਪ੍ਰਦਾਨ ਕੀਤੀ ਜਾਵੇ। ਇਸ ਮਹੱਤਵਪੂਰਨ ਕਮੇਟੀ ਨੇ ਛੇ ਸੁਝਾਅ ਦਿੱਤੇ ਕਿ ਦੇਸ਼ ਦਾ ਰਾਸ਼ਟਰਪਤੀ ਹਰੇਕ ਯੂਨੀਵਰਸਿਟੀ ਵਿਚ ਬਤੌਰ ਵਿਜਟਰ ਜਾ ਸਕਦਾ ਹੈ, ਰਾਜ ਦਾ ਗਵਰਨਰ ਚਾਂਸਲਰ ਹੋਵੇਗਾ ਪ੍ਰੰਤੂ ਉਹ ਕੇਵਲ ਚਾਂਸਲਰ ਵਿਅਕਤੀਗਤ ਹੈਸੀਅਤ ਵਿਚ ਹੀ ਕੰਮ ਕਰੇਗਾ, ਰਾਜ ਦੀ ਵਿਧਾਨ ਸਭਾ ਸਿੱਖਿਆ ਨੀਤੀਆਂ ਨੂੰ ਵਿਚਾਰੇਗੀ ਅਤੇ ਯੂਨੀਵਰਸਿਟੀਆਂ ਦੇ ਕੰਮਾਂ ਵਿਚ ਦਖ਼ਲ-ਅੰਦਾਜ਼ੀ ਨਹੀਂ ਕਰੇਗੀ ਤੇ ਇਸ ਦੇ ਨਾਲ ਹੀ ਯੂਨੀਵਰਸਿਟੀ ਦੀਆਂ ਹੱਦਾਂ ਨੂੰ ਭੰਨਣ ਤੋਂ ਗੁਰੇਜ਼ ਕਰੇਗੀ, ਕੋਈ ਵੀ ਰਾਜ ਜਾਂ ਕੇਂਦਰੀ ਮੰਤਰੀ ਯੂਨੀਵਰਸਿਟੀ ਦੀ ਅਹੁਦੇਦਾਰੀ ਨਹੀਂ ਲਏਗਾ ਭਲਾ ਹੀ ਉਹ ਐਕਸ ਆਫੀਸੀਓ ਕਿਉਂ ਨਾ ਹੋਵੇ, ਕਿਸੇ ਵੀ ਯੂਨੀਵਰਸਿਟੀ ਦੇ ਐਕਟ ਵਿਚ ਦਖ਼ਲ-ਅੰਦਾਜ਼ੀ ਦੀ ਵਿਵਸਥਾ ਨਹੀਂ ਹੋਵੇਗੀ ਜਿਹੜੀ ਯੂਨੀਵਰਸਿਟੀ ਦੀ ਖ਼ੁਦਮੁਖਤਿਆਰੀ ਨੂੰ ਤਬਾਹ ਕਰਦੀ ਹੋਵੇ। ਇਸ ਮਹੱਤਵਪੂਰਨ ਕਮੇਟੀ ਨੇ ਦੇਸ਼ ਦੀਆਂ ਯੂਨੀਵਰਸਿਟੀਆਂ ਨੂੰ ਵਧਣ ਫੁੱਲਣ ਵਿਚ ਅਤੇ ਖ਼ੁਦਮੁਖਤਿਆਰ ਕਾਰਜ ਕਰਨ ਲਈ ਉਤਸ਼ਾਹਿਤ ਕੀਤਾ।

ਪ੍ਰੰਤੂ ਦੇਸ਼ ਦੀ ਹਾਲਤ ਜੋ ਐਮਰਜੈਂਸੀ ਦੌਰਾਨ ਵਿਗੜੀ ਉਸ ਨੇ ਵੱਖ-ਵੱਖ ਰਾਜਾਂ ਵਿਚ ਗਵਰਨਰਾਂ ਦੀ ਸਿੱਧੀ ਦਖ਼ਲ-ਅੰਦਾਜ਼ੀ ਹਰੇਕ ਪੱਧਰ 'ਤੇ ਕਰ ਦਿੱਤੀ, ਜਿਸ ਨਾਲ ਯੂਨੀਵਰਸਿਟੀਆਂ ਦੀ ਖ਼ੁਦਮੁਖਤਿਆਰੀ ਹੌਲੀ ਹੌਲੀ ਸੰਕਟਗ੍ਰਸਤ ਹੁੰਦੀ ਗਈ। ਇਹ ਉਹ ਸਮਾਂ ਸੀ ਜਦੋਂ ਪੰਜਾਬ ਪੂਰੀ ਤਰ੍ਹਾਂ ਨੌਕਰਸ਼ਾਹੀ ਅਤੇ ਗਵਰਨਰੀ ਰੂਲ ਤਹਿਤ ਹਰੇਕ ਕਿਸਮ ਦੀ ਅਦਾਰਿਆਂ ਦੀ ਖ਼ੁਦਮੁਖਤਿਆਰੀ ਗੁਆ ਚੁੱਕਾ ਸੀ ਜੋ ਅੱਜ ਤੱਕ ਮੁੜ ਕੇ ਬਹਾਲ ਨਹੀਂ ਹੋ ਸਕੀ। ਹੌਲੀ ਹੌਲੀ ਉਸਨੂੰ ਸੱਤਾ 'ਤੇ ਕਾਬਜ਼ ਰਾਜ ਸਰਕਾਰਾਂ ਨੇ ਆਪਣੇ ਢੰਗ ਨਾਲ ਵਰਤਣਾ ਸ਼ੁਰੂ ਕਰ ਦਿੱਤਾ। ਜਿਸ ਦਾ ਨਤੀਜਾ ਇਹ ਹੈ ਕਿ ਯੂਨੀਵਰਸਿਟੀਆਂ ਖ਼ੁਦਮੁਖਤਿਆਰੀ ਹਾਸਲ ਕਰਨ ਤੋਂ ਵਾਂਝੀਆਂ ਹੁੰਦੀਆਂ ਗਈਆਂ। ਹਾਲਾਂਕਿ ਵਰ੍ਹਾ 2009 ਵਿਚ ਪ੍ਰੋ. ਯਸ਼ਪਾਲ ਦੀ ਅਗਵਾਈ ਵਿਚ ਇਕ ਰਿਪੋਰਟ ਤਿਆਰ ਕੀਤੀ ਗਈ ਜਿਸ ਵਿਚ ਸਪਸ਼ਟ ਦਰਜ ਕੀਤਾ ਗਿਆ, "ਸਿਆਸੀ ਪ੍ਰਭਾਵਾਂ ਅਤੇ ਬਾਹਰੀ ਦਖ਼ਲ-ਅੰਦਾਜ਼ੀ ਵਾਲੇ ਪਹਿਲੂਆਂ ਨੇ ਵਾਇਸ ਚਾਂਸਲਰ ਦੀ ਨਿਯੁਕਤੀ ਰਾਹੀਂ ਯੂਨੀਵਰਸਿਟੀਆਂ ਦੀ ਖ਼ੁਦਮੁਖਤਿਆਰੀ ਉਪਰ ਮਾੜਾ ਪ੍ਰਭਾਵ ਪਾਇਆ ਹੈ।" ਇਸੇ ਤਰ੍ਹਾਂ ਦੇਸ਼ ਦੇ ਪ੍ਰਸਿੱਧ ਸਮਾਜ ਸਾਸ਼ਤਰੀ ਪ੍ਰੋ. ਐਨਡਰੇ ਬੇਟੈਲ ਨੇ ਆਪਣੀ ਪ੍ਰਸਿੱਧ ਪੁਸਤਕ 'ਭਾਰਤ ਦੀਆਂ ਯੂਨੀਵਰਸਿਟੀਆਂ ਚੌਰਾਹੇ 'ਚ' ਵਿਚ ਸਪਸ਼ਟ ਦਰਜ ਕੀਤਾ ਹੈ, "ਮੇਰਾ ਅਕਾਦਮਿਕ ਸਫ਼ਰ ਉਸ ਸਮੇਂ ਅਜ਼ਾਦੀ ਤੋਂ ਬਾਅਦ ਸ਼ੁਰੂ ਹੋਇਆ ਜਦੋਂ ਯੂਨੀਵਰਸਿਟੀਆਂ ਵਿਚ ਬਹੁਤ ਹੀ ਖੁੱਲ੍ਹਾ ਵਾਤਾਵਰਣ ਸੀ ਅਤੇ ਹੌਲੀ ਹੌਲੀ 90ਵਿਆਂ ਤੋਂ ਬਾਅਦ ਇਸ ਹੱਦ ਤੱਕ ਨਿਘਾਰ ਵੱਲ ਪਹੁੰਚ ਗਿਆ ਕਿ ਮੈਨੂੰ ਜਾਪਣ ਲੱਗਾ ਕਿ ਮੈਂ ਸਿਰਫ਼ ਤੇ ਸਿਰਫ਼ ਕਾਇਦੇ ਕਾਨੂੰਨਾਂ ਅਨੁਸਾਰ ਰੋਜ਼ਾਨਾ ਕਾਰਜ ਤੱਕ ਸੀਮਤ ਹੋ ਗਿਆ ਹਾਂ। ਜਿਸ ਦਾ ਨਤੀਜਾ ਇਹ ਨਿਕਲਿਆ ਕਿ ਯੂਨੀਵਰਸਿਟੀਆਂ ਵਿਚ ਨੌਕਰਸ਼ਾਹੀ ਅਤੇ ਰਾਜਨੀਤੀਵਾਨਾਂ ਦਾ ਪ੍ਰਭਾਵ ਵਧ ਗਿਆ ਹੈ। ਇਥੋਂ ਤੱਕ ਅਕਾਦਮਿਕ ਖ਼ੁਦਮੁਖਤਿਆਰੀ ਸਿਰਫ਼ ਤੇ ਸਿਰਫ਼ ਨੌਕਰਸ਼ਾਹਾਂ, ਰਾਜਨੀਤੀਵਾਨਾਂ ਅਤੇ ਟਰੇਡ ਯੂਨੀਅਨਇਸ਼ਟਾਂ ਤੱਕ ਸਿਮਟ ਗਈ। ਯੂਨੀਵਰਸਿਟੀਆਂ ਦਾ ਸਿਆਸੀਕਰਨ ਧਰਨਿਆਂ ਅਤੇ ਮੁਜ਼ਾਹਰਿਆਂ ਰਾਹੀਂ ਅਕਾਦਮਿਕ ਵਾਤਾਵਰਣ ਨੂੰ ਪ੍ਰਦੂਸ਼ਤ ਕਰਨ ਲੱਗਾ।"

ਕਈ ਯੂਨੀਵਰਸਿਟੀਆਂ ਦੇ ਵਾਇਸ ਚਾਂਸਲਰਾਂ ਜੋ ਅਕਾਦਮਿਕ ਖ਼ੁਦਮੁਖਤਿਆਰੀਆਂ ਨੂੰ ਬਚਾਉਣ ਲਈ ਜੂਝਦੇ ਰਹੇ ਉਨ੍ਹਾਂ ਨੂੰ ਆਪਣੀ ਵਾਇਸ ਚਾਂਸਲਰਸ਼ਿਪ ਤੱਕ ਦੀ ਕੁਰਬਾਨੀ ਦੇਣੀ ਪਈ। ਇਹ ਵੀ ਇਤਿਹਾਸਕ ਤੌਰ 'ਤੇ ਹਕੀਕਤ ਹੈ ਕਿ ਚਾਂਸਲਰ ਦਾ ਯੂਨੀਵਰਸਿਟੀਆਂ ਵਿਚ ਮੁਖੀ ਹੋਣਾ ਸਿਰਫ਼ ਤੇ ਸਿਰਫ਼ ਬਰਤਾਨਵੀ ਦੌਰ ਦੀ ਵਿਰਾਸਤ ਹੀ ਹੈ। ਯੂਨੀਵਰਸਿਟੀਆਂ ਦੀ ਖ਼ੁਦਮੁਖਤਿਆਰੀ ਉਸ ਸਮੇਂ ਸੰਕਟ ਵਿਚ ਆ ਜਾਂਦੀ ਹੈ ਜਦੋਂ ਯੂਨੀਵਰਸਿਟੀ ਦੇ ਮਸਲਿਆਂ ਵਿਚ ਸਿਆਸੀ ਹਿੱਤਾਂ ਅਨੁਸਾਰ ਦਖ਼ਲ-ਅੰਦਾਜ਼ੀ ਵਧ ਜਾਂਦੀ ਹੈ। ਦੁਨੀਆਂ ਭਰ ਵਿਚ ਜਦੋਂ ਵਰ੍ਹਾ 2014 ਵਿਚ 100 ਯੂਨੀਵਰਸਿਟੀਆਂ ਜਿਹੜੀਆਂ ਪਹਿਲੇ ਸਥਾਨ 'ਤੇ ਆਈਆਂ ਸਨ, ਉਨ੍ਹਾਂ ਵਿਚ ਅਮਰੀਕਾ ਦੀਆਂ 28 ਅਤੇ ਬਰਤਾਨੀਆ ਦੀਆਂ 21 ਯੂਨੀਵਰਸਿਟੀਆਂ ਸਨ। ਇਸ ਦਾ ਪ੍ਰਮੁੱਖ ਕਾਰਨ ਪ੍ਰਸਿੱਧ ਵਿਦਵਾਨ ਪ੍ਰੋ. ਡੁਡਰਸਟੇਡਟ ਅਨੁਸਾਰ ਇਨ੍ਹਾਂ ਯੂਨੀਵਰਸਿਟੀਆਂ ਦੀ ਉਚੇਰੀ ਰੈਂਕਿੰਗ ਦਾ ਕਾਰਨ ਇਹ ਹੈ ਕਿ ਇਨ੍ਹਾਂ ਦੇ ਅਕਾਦਮਿਕ ਲੀਡਰਸ਼ਿਪ (ਵਾਇਸ ਚਾਂਸਲਰ) ਦੀ ਜੋ ਨਿਯੁਕਤੀ ਕੀਤੀ ਜਾਂਦੀ ਹੈ ਉਸ ਦੀ ਚੋਣ ਦਾ ਢੰਗ ਇਹ ਹੁੰਦਾ ਹੈ ਕਿ ਪਹਿਲਾਂ ਯੂਨੀਵਰਸਿਟੀ ਦੀਆਂ ਵੱਖ-ਵੱਖ ਕੌਂਸਲਾਂ ਜਿਨ੍ਹਾਂ ਵਿਚ ਯੂਨੀਵਰਸਿਟੀ ਦੀ ਫੈਕਲਟੀ, ਵਿਦਿਆਰਥੀ, ਖੋਜਾਰਥੀ, ਐਲਮਨੀ ਖੁੱਲ੍ਹੇਆਮ ਨਾਵਾਂ ਦੀ ਚਰਚਾ ਚਲਾਉਂਦੇ ਹਨ। ਉਸ ਤੋਂ ਬਾਅਦ ਜੋ ਸ਼ਖਸੀਅਤਾਂ ਅਕਾਦਮਿਕ ਲੀਡਰਸ਼ਿਪ ਦੇ ਪੱਧਰ ਦੀਆਂ ਹੁੰਦੀਆਂ ਹਨ ਉਨ੍ਹਾਂ ਦੇ ਖੋਜ ਕਾਰਜਾਂ ਤੋਂ ਲੈ ਕੇ ਅਧਿਆਪਨ ਖੇਤਰ ਦੇ ਤਜਰਬਿਆਂ ਨੂੰ ਅਧਾਰ ਬਣਾ ਕੇ ਵੱਖ-ਵੱਖ ਵਾਦ-ਵਿਵਾਦ ਅਤੇ ਚਰਚਾਵਾਂ ਸਮੁੱਚੇ ਬੌਧਿਕ ਸੰਸਾਰ ਵਿਚ ਚਲਾਈਆਂ ਜਾਂਦੀਆਂ ਹਨ। ਜਿਨ੍ਹਾਂ ਵਿਚ ਕਿਸੇ ਵੀ ਕਿਸਮ ਦੀ ਸਰਕਾਰੀ ਅਤੇ ਸਿਆਸੀ ਪੱਧਰ ਦੀ ਦਖ਼ਲ-ਅੰਦਾਜ਼ੀ ਨਹੀਂ ਹੁੰਦੀ। ਕਹਿਣ ਦਾ ਭਾਵ ਇਹ ਹੈ ਕਿ ਦੁਨੀਆਂ ਦੀਆਂ ਜਿਨ੍ਹਾਂ ਯੂਨੀਵਰਸਿਟੀਆਂ ਨੇ ਨੌਕਰਸ਼ਾਹਾਂ ਅਤੇ ਰਾਜਨੀਤੀਵਾਨਾਂ ਨੂੰ ਅਕਾਦਮਿਕ ਖੇਤਰਾਂ ਤੋਂ ਬਾਹਰ ਰੱਖਿਆ ਹੈ ਉਨ੍ਹਾਂ ਨੇ ਹੀ ਆਪਣੇ ਦੇਸ਼ਾਂ ਵਿਚ ਗਿਆਨ ਦੀਆਂ ਵੱਡੀਆਂ ਹਸਤੀਆਂ ਤੇ ਪ੍ਰੰਪਰਾਵਾਂ ਖੜ੍ਹੀਆਂ ਕੀਤੀਆਂ ਹਨ।

ਸਾਡੀਆਂ ਤਾਂ ਸਥਿਤੀਆਂ ਦਿਨ-ਬ-ਦਿਨ ਹੋਰ ਭਿਆਨਕ ਹੁੰਦੀਆਂ ਜਾ ਰਹੀਆਂ ਹਨ। ਦੇਸ਼ ਵਿਚ ਬਣਾਈ ਨਵੀਂ ਕੌਮੀ ਸਿੱਖਿਆ ਨੀਤੀ-2020 ਨੇ ਤਾਂ ਰਾਜ ਸਰਕਾਰਾਂ ਨੂੰ ਵਿਚ ਸ਼ਾਮਲ ਕਰਨ ਦੀ ਇੱਛਾ ਹੀ ਜ਼ਾਹਿਰ ਨਹੀਂ ਕੀਤੀ, ਇਥੋਂ ਤੱਕ ਕਿ 350 ਸਫਿਆਂ ਦੀ ਰਿਪੋਰਟ ਵਿਚ ਵਾਇਸ ਚਾਂਸਲਰ ਦੀ ਨਿਯੁਕਤੀ ਆਦਿ ਵਾਲੇ ਪਹਿਲੂਆਂ ਉਪਰ ਇਕ ਵੀ ਸ਼ਬਦ ਦਰਜ ਨਹੀਂ ਕੀਤਾ ਗਿਆ। ਕੌਮੀ ਸਿੱਖਿਆ ਨੀਤੀ-2020 ਪੂਰੀ ਤਰ੍ਹਾਂ ਯੂਨੀਵਰਸਿਟੀਆਂ ਦੀ ਅਕਾਦਮਿਕ ਖ਼ੁਦਮੁਖਤਿਆਰੀ ਨੂੰ ਤਬਾਹ ਕਰਦੀ ਹੈ। ਸਥਿਤੀ ਦੀ ਤਰਸਯੋਗ ਹਾਲਤ ਇਹ ਹੈ ਕਿ ਆਏ ਦਿਨ ਯੂਨੀਵਰਸਿਟੀਆਂ ਵਿਚ ਕਾਰਜਸ਼ੀਲ ਕਹਿੰਦੇ ਕਹਾਉਂਦੇ 'ਵਿਦਵਾਨ' ਸੱਤਾ ਵਿਚਲੀਆਂ ਸਿਆਸੀ ਪਾਰਟੀਆਂ ਦੇ ਹੁਕਮਰਾਨ ਅਤੇ ਚਾਂਸਲਰ ਦੇ ਅਹੁਦੇ 'ਤੇ ਬੈਠੇ ਗਵਰਨਰਾਂ ਨੂੰ ਖੁੱਲ੍ਹੇਆਮ ਦਖ਼ਲ-ਅੰਦਾਜ਼ੀ ਦੀ ਵਕਾਲਤ ਕਰਦੇ ਹਨ। ਇਸ ਕਰਕੇ ਹੀ ਤਾਂ ਅੱਜ ਜਦੋਂ ਮੁੱਖ ਮੰਤਰੀ ਪੰਜਾਬ ਅਤੇ ਗਵਰਨਰ ਵਿਚਕਾਰ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਅਤੇ ਬਾਬਾ ਫਰੀਦ ਮੈਡੀਕਲ ਯੂਨੀਵਰਸਿਟੀ ਦੇ ਵਾਇਸ ਚਾਂਸਲਰਾਂ ਦੀ ਨਿਯੁਕਤੀ ਨੂੰ ਲੈ ਕੇ ਵਾਦ-ਵਿਵਾਦ ਖੜ੍ਹਾ ਹੋਇਆ ਹੈ, ਪੰਜਾਬ ਦੇ ਵੱਡੇ ਬੌਧਿਕ ਹਿੱਸੇ ਨੇ ਚੁੱਪ ਹੀ ਸਾਧੀ ਹੋਈ ਹੈ। ਇਸ ਤੋਂ ਵੀ ਅਗਾਂਹ ਕੇਰਲਾ ਦੇ ਗਵਰਨਰ ਆਰਿਫ ਮੁਹੰਮਦ ਖਾਨ ਨੇ ਤਾਂ ਸਿਰਾ ਹੀ ਕਰ ਦਿੱਤਾ ਜਦੋਂ ਉਸ ਨੇ ਮਾਣਯੋਗ ਸੁਪਰੀਮ ਕੋਰਟ ਵਲੋਂ ਏ.ਪੀ.ਜੇ. ਅਬਦੁੱਲ ਕਲਾਮ ਟੈਕਨੀਕਲ ਯੂਨੀਵਰਸਿਟੀ ਦੀ ਵਾਇਸ ਚਾਂਸਲਰ ਐਮ.ਐਸ. ਰਾਜਾਸ੍ਰੀ ਦੀ ਨਿਯੁਕਤੀ ਤਕਨੀਕੀ ਕਾਰਨਾਂ ਕਰਕੇ ਰੱਦ ਕਰ ਦਿੱਤੀ ਤਾਂ ਉਸ ਨੂੰ ਆਧਾਰ ਬਣਾ ਕੇ ਉਸ ਨੇ ਬਾਕੀ ਯੂਨੀਵਰਸਿਟੀਆਂ ਦੇ ਅੱਠ ਵਾਇਸ ਚਾਂਸਲਰਾਂ ਨੂੰ ਅਹੁਦੇ ਛੱਡਣ ਲਈ ਕਹਿ ਦਿੱਤਾ ਅਤੇ ਦੋ ਵਾਇਸ ਚਾਂਸਲਰਾਂ ਨੂੰ ਤਾਂ ਨੋਟਿਸ ਵੀ ਭੇਜ ਦਿੱਤੇ ਕਿ ਉਹ 4 ਨਵੰਬਰ ਸ਼ਾਮ ਦੇ 5 ਵਜੇ ਤੱਕ ਇਸ ਸਬੰਧੀ ਉਨ੍ਹਾਂ ਨੂੰ ਰਿਪੋਰਟ ਕਰਨ। ਇਹ ਸਭ ਕੁਝ ਦਿਖਾਉਂਦਾ ਹੈ ਕਿ ਤੱਤ ਰੂਪ ਵਿਚ ਯੂਨੀਵਰਸਿਟੀਆਂ ਦੀ ਬਚੀ ਖੁਚੀ ਖ਼ੁਦਮੁਖਤਿਆਰੀ ਖਤਮ ਕੀਤੀ ਜਾ ਰਹੀ ਹੈ। ਜਿਹੜੀ ਪਹਿਲਾਂ ਹੀ ਵੱਖ-ਵੱਖ ਰਾਜ ਸਰਕਾਰਾਂ ਨੇ ਆਪਣੇ ਢੰਗ ਨਾਲ ਤਬਾਹ ਕਰ ਦਿੱਤੀ ਸੀ। ਲੋੜ ਇਸ ਗੱਲ ਦੀ ਹੈ ਜਿਸ ਕਿਸਮ ਨਾਲ ਵਰ੍ਹਾ 1966 ਵਿਚ ਇੰਟਰ ਯੂਨੀਵਰਸਿਟੀ ਬੋਰਡ ਨੇ ਇਕ ਕਮੇਟੀ ਬਣਾਈ ਸੀ ਜਿਸ ਵਿਚ ਦੇਸ਼ ਭਰ ਦੇ ਪ੍ਰਸਿੱਧ ਵਿਦਵਾਨਾਂ ਅਤੇ ਨਾਮਵਰ ਹਸਤੀਆਂ ਨੂੰ ਲਿਆ ਗਿਆ ਸੀ ਉਸੇ ਤਰ੍ਹਾਂ ਰਾਜਾਂ ਦੇ ਪੱਧਰ ਤੋਂ ਲੈ ਕੇ ਕੇਂਦਰੀ ਪੱਧਰ ਤੱਕ ਯੂਨੀਵਰਸਿਟੀਆਂ ਦੀ ਲੀਡਰਸ਼ਿਪ ਨੂੰ ਬਹਾਲ ਕਰਨ ਅਤੇ ਅਕਾਦਮਿਕ ਖ਼ੁਦਮੁਖਤਿਆਰੀ ਲਈ ਨਵੇਂ ਮਾਪਦੰਡ ਤੈਅ ਕਰਨ ਵਾਸਤੇ ਅੱਗੇ ਆਉਣਾ ਚਾਹੀਦਾ ਹੈ ਅਤੇ ਕਾਰਜ ਕਰਨਾ ਚਾਹੀਦਾ ਹੈ।






SAROKARAN DI AWAZ

Publisher
Pro-People Arts Project
Media Group 29
Mapleview Ave, Brampton
Ontario, CA, L6R 1M2

Managing Director
Devinder Toor, Toronto
416-902-9372
ppapmg@gmail.com

Chief Editor
Harbans Singh
416-817-7142
ppapmg@gmail.com

Editor
Master Bhajan Singh
Calgary (Alberta)
403-455-4220
btarksheel@gmail.com

Editor
Dr. Hardeep Singh Atwal
Cambridge (Ontario)
416-209-6363
deephsingh@gmail.com

Chief advisor
Buta Singh Nawan Shahr
(Punjab)
946-347-4342
atoozed@gmail.com

Literary Advisor
Haripal
Calgary (NE) Alberta
403-714-4816
haripalharry2016@gmail.com

Parminder Swaich
Surrey (BC)
604-760-4794
pswaich@hotmail.com

Jasvir kaur Manguwal
Winnipeg
204-881-4955
manguwal.j@gmail.com

Honorary Advisory Board
Sukhdev Singh Sandhu
(Toronto)
Master Balbir Singh Gill
(Toronto)
Jaspreet Dhaliwal
(Toronto)
Harcharan Singh Parhar
Calgary
Narbhinder Singh (India)
(Punjab)
935-443-0211

Graphic Desinger
Baljinder Singh Waraich
+91-92167-29598
akashdeep.1064@gmail.com

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਸਰੋਕਾਰਾਂ ਦੀ ਆਵਾਜ਼' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ।

# 1984 ਦੀਆਂ ਯਾਦਾਂ : ਜਲ ਰਹੀ ਸੀ ਦਿੱਲੀ

**-ਨੰਦਿਤਾ ਹਕਸਰ**
**ਅਨੁ.: ਬੂਟਾ ਸਿੰਘ ਮਹਿਮੂਦਪੁਰ**




*[ਹੱਕਾਂ ਦੀ ਉੱਘੀ ਕਾਰਕੁਨ ਨੰਦਿਤਾ ਹਕਸਰ ਹੱਕਾਂ ਦੇ ਕਾਰਕੁਨਾਂ ਦੀ ਉਸ ਟੋਲੀ ਦੀ ਮੈਂਬਰ ਸੀ ਜਿਨ੍ਹਾਂ ਨੇ ਕਤਲੇਆਮ-1984 ਦੇ ਤੱਥ ਤੁਰੰਤ ਕਲਮਬੱਧ ਕਰਕੇ ਜ਼ੁਅਰਤਮੰਦ ਰਿਪੋਰਟ 'ਦੋਸ਼ੀ ਕੌਣ ਹਨ?' ਪੇਸ਼ ਕੀਤੀ। ਦੂਜੇ ਮਹੱਤਵਪੂਰਨ ਮੈਂਬਰ ਗੌਤਮ ਨਵਲੱਖਾ ਹਨ ਜੋ ਭੀਮਾ-ਕੋਰੇਗਾਓਂ ਕੇਸ 'ਚ ਜੇਲ੍ਹ 'ਚ ਬੰਦ ਹਨ। ਹੱਕਾਂ ਦੇ ਇਨ੍ਹਾਂ ਪਹਿਰੇਦਾਰਾਂ ਨੇ ਘੋਰ ਨਫ਼ਰਤ ਤੇ ਹਿੰਸਾ ਦੇ ਆਲਮ 'ਚ ਘੱਟਗਿਣਤੀ ਭਾਈਚਾਰੇ ਦਾ ਡੱਟ ਕੇ ਸਾਥ ਦਿੱਤਾ। ਅਨਿਆਂਕਾਰੀ ਰਾਜ ਵਿਰੁੱਧ ਇਨਸਾਫ਼ ਦੀ ਲੜਾਈ ਅੱਜ ਵੀ ਜਾਰੀ ਹੈ। 2014 'ਚ ਲਿਖੀ ਇਸ ਲਿਖਤ ਵਿਚ ਨੰਦਿਤਾ ਨੇ ਉਸ ਸਮੇਂ ਦੀਆਂ ਯਾਦਾਂ ਸਾਂਝੀਆਂ ਕੀਤੀਆਂ ਸਨ ਜੋ ਉਦੋਂ ਦੇ ਹਾਲਾਤ ਨੂੰ ਸਮਝਣ 'ਚ ਸਹਾਇਤਾ ਕਰ ਸਕਦੀਆਂ ਹਨ। ਇਸ ਮਹੱਤਵ ਦੇ ਮੱਦੇਨਜ਼ਰ ਪੰਜਾਬੀ ਰੂਪ ਪਾਠਕਾਂ ਨਾਲ ਸਾਂਝਾ ਕੀਤਾ ਜਾ ਰਿਹਾ ਹੈ।]*

1. ਜਿਸ ਪਲ ਮੈਂ ਸੁਣਿਆ ਕਿ ਇੰਦਰਾ ਗਾਂਧੀ ਦਾ ਕਤਲ ਹੋ ਗਿਆ, ਮੈਂ ਉਮੀਦ ਕੀਤੀ ਕਿ ਕਾਤਲ ਸਿੱਖ ਨਹੀਂ ਸੀ। ਮੇਰੇ ਮਾਤਾ-ਪਿਤਾ ਨੇ ਕਿਹਾ ਕਿ ਜਦੋਂ ਉਨ੍ਹਾਂ ਨੇ ਪਹਿਲੀ ਵਾਰ ਇਹ ਖ਼ਬਰ ਸੁਣੀ ਕਿ ਗਾਂਧੀ ਜੀ ਦੀ ਹੱਤਿਆ ਕਰ ਦਿੱਤੀ ਗਈ ਹੈ, ਤਾਂ ਉਨ੍ਹਾਂ ਨੂੰ ਉਮੀਦ ਸੀ ਕਿ ਕਾਤਲ ਮੁਸਲਮਾਨ ਨਹੀਂ ਸੀ। ਅਸੀਂ ਇਕ ਅਜੀਬ ਮੁਲਕ ਵਿਚ ਰਹਿੰਦੇ ਹਾਂ; ਜਦੋਂ ਸਾਡੇ ਆਗੂਆਂ ਦਾ ਕਤਲ ਹੁੰਦਾ ਹੈ ਤਾਂ ਅਸੀਂ ਉਮੀਦ ਕਰਦੇ ਹਾਂ ਕਿ ਕਾਤਲ ਘੱਟ-ਗਿਣਤੀ ਭਾਈਚਾਰੇ ਵਿੱਚੋਂ ਨਹੀਂ ਹਨ। ਘੱਟੋ-ਘੱਟ ਸਾਡੇ ਵਿੱਚੋਂ ਜੋ ਚਾਹੁੰਦੇ ਹਨ ਕਿ ਭਾਰਤ ਸਾਰੇ ਭਾਈਚਾਰਿਆਂ ਦਾ ਹੋਵੇ।

2. ਅਗਲੀ ਸਵੇਰ ਮੈਂ ਮੁਨਿਰਕਾ ਵਿਚ ਆਪਣੇ ਘਰ ਦੇ ਸਾਹਮਣੇ ਗੁਰੂ ਹਰਕ੍ਰਿਸ਼ਨ ਸਕੂਲ ਨੂੰ ਸੜਦੇ ਦੇਖਿਆ। ਸਾਡੀ ਕਲੋਨੀ ਦੀ ਇਕ ਛੋਟੀ ਜਿਹੀ ਭੀੜ ਖੜ੍ਹੀ ਦੇਖ ਰਹੀ ਸੀ ਅਤੇ ਕਿਸੇ ਨੇ ਕਿਹਾ: "ਅੰਦਰ ਬੱਚੇ ਹੋ ਸਕਦੇ ਹਨ।"

ਤਦ ਮੇਰੇ ਕੋਲ ਖੜ੍ਹੇ ਇਕ ਨੌਜਵਾਨ ਨੇ ਕਿਹਾ: "ਆਓ ਆਂਟੀ।" ਮੈਨੂੰ ਨਹੀਂ ਪਤਾ ਕਿ ਬਾਕੀ ਪੰਜ ਆਦਮੀ ਕੌਣ ਸਨ, ਪਰ ਅਸੀਂ ਖੁੱਲ੍ਹੇ ਮੈਦਾਨ ਵਿੱਚੋਂ ਦੀ ਸਕੂਲ ਵੱਲ ਭੱਜੇ। ਪੁਲਿਸ ਵਾਲਿਆਂ ਨਾਲ ਭਰੀ ਜੀਪ ਉੱਥੇ ਮੌਜੂਦ ਸੀ। ਉਨ੍ਹਾਂ ਨੂੰ ਦੇਖ ਕੇ ਮੈਨੂੰ ਰਾਹਤ ਮਿਲੀ।

ਜਿਉਂ ਹੀ ਅਸੀਂ ਪਹੁੰਚੇ, ਪੁਲਸੀਏ ਸਕੂਲ ਨੂੰ ਸੜਦੇ ਹੋਏ ਅਤੇ ਸਿੱਖਾਂ ਨੂੰ ਕਲਾਸ ਰੂਮ ਵਿਚ ਫਸੇ ਛੱਡ ਕੇ ਚਲੇ ਗਏ। ਅਤੇ ਇਕ ਹਿੰਸਕ ਭੀੜ ਮੁਨਿਰਕਾ ਪਿੰਡ ਤੋਂ ਸਾਡੇ ਵੱਲ ਆ ਰਹੀ ਸੀ।

3. ਮੈਂ ਕਮਰੇ ਦੇ ਅੰਦਰ ਲੁਕੇ ਸਿੱਖ ਬੰਦਿਆਂ ਨੂੰ ਬਾਹਰ ਆਉਣ ਲਈ ਕਿਹਾ ਕਿ ਅਸੀਂ ਉਨ੍ਹਾਂ ਨੂੰ ਸੁਰੱਖਿਅਤ ਥਾਂ 'ਤੇ ਲੈ ਜਾਵਾਂਗੇ। ਇਕ ਆਦਮੀ ਨੇ ਮੈਨੂੰ ਮੇਰੇ ਘਰ ਦੀਆਂ ਚਾਬੀਆਂ ਦੇਣ ਲਈ ਕਿਹਾ ਕਿ ਉਹ ਉਨ੍ਹਾਂ ਨੂੰ ਉੱਥੇ ਲੈ ਜਾਵੇਗਾ। ਉਹ ਜਾਟ ਸੀ। ਮੈਂ ਉਸ ਨੂੰ ਚਾਬੀ ਦਿੱਤੀ ਅਤੇ ਕਿਹਾ ਕਿ ਮੇਰਾ ਫਲੈਟ ਨੰਬਰ 56 ਹੈ ਅਤੇ ਉਹ ਸਕੂਲ ਦੇ ਅਧਿਆਪਕਾਂ ਨੂੰ ਨਾਲ ਲੈ ਕੇ ਚਲਾ ਗਿਆ।

ਇਕ ਕਮਰੇ ਵਿਚ ਇਕ ਬਜ਼ੁਰਗ ਵ੍ਹੀਲਚੇਅਰ 'ਤੇ ਬੈਠਾ ਸੀ ਅਤੇ ਨਾਲ ਉਸਦੀ ਪੋਤੀ ਤੇ ਉਸਦਾ ਪਤੀ ਸੀ। ਮੈਂ ਨੌਜਵਾਨ ਜੋੜੇ ਨੂੰ ਚਲੇ ਜਾਣ ਲਈ ਕਿਹਾ ਪਰ ਉਨ੍ਹਾਂ ਨੇ ਕਿਹਾ ਕਿ ਉਹ ਆਪਣੇ ਦਾਦਾ ਜੀ ਨੂੰ ਛੱਡ ਕੇ ਨਹੀਂ ਜਾਣਗੇ।

ਮੈਂ ਉਨ੍ਹਾਂ ਨੂੰ ਛੱਡ ਦਿੱਤਾ। ਜਦੋਂ ਮੈਂ ਕਾਹਲੀ ਕਾਹਲੀ ਵਾਪਸ ਜਾ ਰਹੀ ਸੀ ਤਾਂ ਇਕ ਮੁਟਿਆਰ ਆਈ ਅਤੇ ਉਸਨੇ ਆਪਣਾ ਬੱਚਾ ਮੈਨੂੰ ਸੌਂਪ ਦਿੱਤਾ। ਉਸਨੇ ਕਿਹਾ ਕਿ ਸਕੂਲ ਦੀ ਦੇਖਭਾਲ ਕਰਨ ਦੀ ਲੋੜ ਹੈ।

ਮੈਂ ਬੱਚੇ ਦੇ ਨਾਲ ਆਪਣੇ ਫਲੈਟ ਵਿਚ ਵਾਪਸ ਆ ਗਈ। ਸਿੱਖ ਮੇਰੇ ਫਲੈਟ ਵਿਚ ਬੈਠੇ ਸਨ। ਮੈਂ ਉਸ ਜਾਟ ਦਾ ਜਾਂ ਜਿਸ ਮੁਟਿਆਰ ਦਾ ਬੱਚਾ ਮੈਂ ਘਰ ਲੈ ਗਈ ਸੀ ਉਸ ਦਾ ਨਾਮ ਨਹੀਂ ਜਾਣਦੀ।

4. ਇਕ ਨੌਜਵਾਨ ਜੋ ਸਾਡੀ ਬਸਤੀ ਦਾ ਨਹੀਂ ਸੀ, ਜਲਦੀ ਹੀ ਦਾਦਾ ਨੂੰ ਆਪਣੇ ਦੋਪਹੀਆ ਵਾਹਨ 'ਤੇ ਬਿਠਾ ਕੇ ਲੈ ਆਇਆ ਅਤੇ ਨੌਜਵਾਨ ਜੋੜਾ ਵੀ ਸਾਡੇ 'ਚ ਆ ਰਲਿਆ।

ਇਕ ਹੋਰ ਨੌਜਵਾਨ ਪ੍ਰਿੰਸੀਪਲ ਦੇ ਘਰ ਗਿਆ ਜੋ ਆਪਣੇ ਘਰ ਵਿਚ ਘਿਰ ਗਿਆ ਸੀ। ਦਰਵਾਜ਼ਾ ਨੂੰ ਜੰਦਰਾ ਲੱਗਿਆ ਹੋਇਆ ਸੀ, ਇਸ ਕਰਕੇ ਨੌਜਵਾਨ ਨੇ ਨੰਗੇ ਹੱਥਾਂ ਨਾਲ ਸ਼ੀਸ਼ਾ ਤੋੜਿਆ ਅਤੇ ਮੁੱਖ ਅਧਿਆਪਕ ਨੇ ਉਸ ਉੱਪਰ ਤਲਵਾਰ ਨਾਲ ਵਾਰ ਕੀਤਾ। ਫਿਰ ਪ੍ਰਿੰਸੀਪਲ ਅਤੇ ਉਸਦਾ ਬਚਾਅ ਕਰਨ ਵਾਲਾ ਦੋਵੇਂ ਸਾਡੇ 'ਚ ਸ਼ਾਮਿਲ ਹੋ ਗਏ।

5. ਭਾਰਤੀ ਫ਼ੌਜ ਦੀ ਵਰਦੀ ਵਿਚ ਇਕ ਆਦਮੀ ਮੇਰੇ ਕੋਲ ਆਇਆ ਅਤੇ ਚੀਕਿਆ: "ਤੁਸੀਂ ਸਿੱਖਾਂ ਨੂੰ ਲਿਆ ਕੇ ਕਲੋਨੀ ਨੂੰ ਖ਼ਤਰੇ ਵਿਚ ਪਾ ਦਿੱਤਾ ਹੈ।"

ਮੈਂ ਉਸ ਨੂੰ ਕਿਹਾ ਕਿ ਜੇਕਰ ਉਸ ਨੂੰ ਇਹ ਆਪਣਾ ਦੇਸ਼ ਭਗਤੀ ਦਾ ਫਰਜ਼ ਲੱਗਦਾ ਹੈ ਤਾਂ ਉਹ ਸਾਰੇ ਸਿੱਖਾਂ ਸਮੇਤ ਮੇਰੇ ਫਲੈਟ ਨੂੰ ਅੱਗ ਲਗਾ ਕੇ ਸਾੜ ਸਕਦਾ ਹੈ।

ਅਸੀਂ ਕਲੋਨੀ ਦੇ ਲੋਕਾਂ ਨੂੰ ਇਕ ਪਰਿਵਾਰ ਨੂੰ ਪਨਾਹ ਦੇਣ ਲਈ ਕਿਹਾ। ਔਰਤਾਂ ਤਾਂ ਵਧੇਰੇ ਇੱਛਕ ਸਨ; ਪਰ ਮਰਦਾਂ ਨੇ ਕਿਹਾ ਕਿ ਉਹ ਸਿਰਫ਼ ਔਰਤਾਂ ਅਤੇ ਬੱਚਿਆਂ ਨੂੰ ਹੀ ਲੈਣਗੇ।

ਅਸੀਂ ਸਿੱਖਾਂ ਨੂੰ ਕਾਰ ਦੇ ਪਿੱਛੇ ਬਿਠਾਇਆ, ਉਨ੍ਹਾਂ ਨੂੰ ਕੰਬਲ ਨਾਲ ਢੱਕਿਆ ਅਤੇ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਲੈ ਗਏ ਜਿੱਥੇ ਉਨ੍ਹਾਂ ਨੂੰ ਪਨਾਹ ਦਿੱਤੀ ਗਈ।

ਪਰ ਸਾਡੀ ਬਸਤੀ ਵਿਚ ਵੀ ਕੁਝ ਪਰਿਵਾਰ ਅਜਿਹੇ ਸਨ ਜਿਨ੍ਹਾਂ ਨੇ ਸਿੱਖਾਂ ਨੂੰ ਪਨਾਹ ਦਿੱਤੀ। ਕਰਨਾਟਕਾ ਦਾ ਇਕ ਬ੍ਰਾਹਮਣ ਪਰਿਵਾਰ ਇਕ ਪਰਿਵਾਰ ਨੂੰ ਆਪਣੇ ਘਰ ਲੈ ਗਿਆ। ਮਾਂ ਨੇ ਤਾਂ ਸਿੱਖ ਦੇ ਕੇਸ ਵੀ ਕੱਟ ਦਿੱਤੇ ਜਦੋਂ ਕਿ ਇਹ ਜਾਤਪਾਤ ਦੇ ਨੇਮਾਂ ਦੇ ਵਿਰੁੱਧ ਸੀ। ਉਹ ਦਿੱਲੀ ਹਾਈ ਕੋਰਟ ਦੇ ਭਵਿੱਖੀ ਜੱਜ ਦੀ ਮਾਂ ਸੀ। ਭਵਿੱਖ ਦਾ ਜੱਜ ਉਨ੍ਹਾਂ ਪੰਜਾਂ ਵਿੱਚੋਂ ਇਕ ਸੀ ਜੋ ਬਚਾਅ ਮਿਸ਼ਨ 'ਤੇ ਸਾਡੇ ਨਾਲ ਆਏ ਸਨ।

6. ਮੈਨੂੰ ਪੀਪਲਜ਼ ਯੂਨੀਅਨ ਫਾਰ ਡੈਮੋਕ੍ਰੇਟਿਕ ਰਾਈਟਸ ਦੇ ਇਕ ਉਤੇਜਿਤ ਹੋਏ ਸਾਥੀ ਮੈਂਬਰ ਸੁਮੰਤੋ ਬੈਨਰਜੀ ਦਾ ਫ਼ੋਨ ਆਇਆ। ਉਸਨੇ ਮੈਨੂੰ ਪੰਚਸ਼ੀਲ ਐਨਕਲੇਵ ਆਉਣ ਲਈ ਕਿਹਾ, ਜਿੱਥੇ ਉਹ ਹੋਰ ਵਰਕਰਾਂ ਨਾਲ ਮੀਟਿੰਗ ਕਰ ਰਹੇ ਸਨ।

"ਪਰ, ਸੁਮੰਤੋ, ਕਰਫਿਊ ਲੱਗਿਆ ਹੋਇਐ।"

"ਕਰਫ਼ਿਊ ਤੁਹਾਨੂੰ ਕੁਝ ਕਰਨ ਤੋਂ ਕਿਵੇਂ ਰੋਕ ਸਕਦਾ ਹੈ?"

ਮੈਂ ਉਸ ਘਰ ਪਹੁੰਚਣ 'ਚ ਕਾਮਯਾਬ ਹੋ ਗਈ। ਇਹ ਕਾਰਕੁੰਨਾਂ ਦੀ ਇਹ ਨਿੱਕੀ ਜਹੀ ਟੋਲੀ ਸੀ ਜਿਸ ਨੇ ਜਲਦੀ ਹੀ ਆਪਣੇ ਆਪ ਨੂੰ 'ਨਾਗਰਿਕ ਏਕਤਾ ਮੰਚ' ਦਾ ਨਾਂ ਦਿੱਤਾ।

ਸਾਰਿਆਂ ਨੇ ਮਹਿਸੂਸ ਕੀਤਾ ਕਿ ਸਾਨੂੰ ਵਿਰੋਧੀ ਧਿਰ ਦੇ ਆਗੂਆਂ ਨੂੰ ਜਾ ਕੇ ਮਿਲਣਾ ਚਾਹੀਦਾ ਹੈ ਜੋ ਸ਼ਾਇਦ ਸਿੱਖਾਂ ਦੇ ਕਤਲੇਆਮ ਨੂੰ ਰੋਕਣ ਲਈ ਫ਼ੌਜ ਭੇਜਣ ਵਿਚ ਮਦਦ ਕਰ ਸਕਦੇ ਹਨ। ਸੁਮੰਤੋ ਨੇ ਆਪ ਸਿੱਖਾਂ ਨੂੰ ਜਿਉਂਦੇ ਸੜਦੇ ਦੇਖਿਆ ਸੀ।

7. ਅਸੀਂ ਪੰਜ ਜਣੇ ਕਾਰ ਵਿਚ ਬੈਠ ਕੇ ਵਿੱਠਲਭਾਈ ਪਟੇਲ ਭਵਨ ਪਹੁੰਚ ਗਏ ਅਤੇ ਉੱਥੇ ਵਿਰੋਧੀ ਧਿਰ ਦੇ ਆਗੂ ਇਸ ਉਲਝਣ 'ਚ ਬੈਠੇ ਦੇਖੇ ਕਿ ਉਹ ਕੀ ਕਰ ਸਕਦੇ ਹਨ।

ਸੁਮੰਤੋ ਅਤੇ ਹੋਰਾਂ (ਮੈਂ ਨਾਂ ਭੁੱਲ ਗਿਆ ਹਾਂ) ਨੇ ਉਨ੍ਹਾਂ ਨੂੰ ਕਿਹਾ ਕਿ ਸਾਨੂੰ ਪ੍ਰਧਾਨ ਮੰਤਰੀ ਦੇ ਘਰ ਜਾਣਾ ਚਾਹੀਦਾ ਹੈ ਅਤੇ ਫ਼ੌਜ ਭੇਜਣ ਦੀ ਮੰਗ ਕਰਨੀ ਚਾਹੀਦੀ ਹੈ। ਨਹੀਂ ਤਾਂ ਸਾਨੂੰ ਸੰਸਕਾਰ ਰੋਕ ਦੇਣਾ ਚਾਹੀਦਾ ਹੈ। ਉਹ ਬੇਹੱਦ ਗੰਭੀਰ ਸੀ।

ਇਕ ਆਗੂ, ਮੈਨੂੰ ਲੱਗਦਾ ਹੈ ਕਿ ਇਹ ਦੰਡਵਤੇ ਜੀ ਸਨ, ਸਾਡੀ ਕਾਰ ਵਿਚ ਬੈਠ ਗਏ। ਸੁਮੰਤੋ ਨੇ ਜ਼ੋਰ ਦਿੱਤਾ ਕਿ ਮੈਂ ਸਾਹਮਣੀ ਸੀਟ 'ਤੇ ਬੈਠਾਂ ਅਤੇ ਸਕਿਊਰਿਟੀ ਵਿੱਚੋਂ ਦੀ ਉਨ੍ਹਾਂ ਨੂੰ ਅੰਦਰ ਲੈ ਜਾਵਾਂ। ਮੇਰੇ ਪਿਤਾ ਜੀ ਇੰਦਰਾ ਗਾਂਧੀ ਦੇ ਸਕੱਤਰ ਰਹਿ ਚੁੱਕੇ ਹਨ। ਉਸ ਸਮੇਂ ਉਹ ਅਤੇ ਮੇਰੀ ਮਾਂ ਇਕ ਗੁਪਤ ਮਿਸ਼ਨ 'ਤੇ ਚੀਨ ਵਿਚ ਸਨ। ਜਦੋਂ ਅਸੀਂ ਪ੍ਰਧਾਨ ਮੰਤਰੀ ਦੀ ਰਿਹਾਇਸ਼ 'ਤੇ ਪਹੁੰਚੇ ਤਾਂ ਸੁਰੱਖਿਆ ਕਰਮਚਾਰੀਆਂ ਨੇ ਸਾਨੂੰ ਅੰਦਰ ਜਾਣ ਦਿੱਤਾ। ਉਨ੍ਹਾਂ ਨੇ ਸੋਚਿਆ ਹੋਵੇਗਾ ਕਿ ਮੈਂ ਦੁੱਖ ਪ੍ਰਗਟ ਕਰਨ ਆਈ ਹਾਂ। ਮੈਂ ਅਰੁਣ ਨਹਿਰੂ ਨੂੰ ਮਿਲੀ।

"ਸ਼੍ਰੀਮਾਨ ਨਹਿਰੂ, ਮੈਂ ਨੰਦਿਤਾ ਹਕਸਰ ਹਾਂ। ਜੇਕਰ ਤੁਸੀਂ ਪੱਛਮੀ ਦਿੱਲੀ ਵਿਚ ਫ਼ੌਜ ਨਹੀਂ ਭੇਜਦੇ ਤਾਂ ਅਸੀਂ ਅੰਤਿਮ ਸੰਸਕਾਰ ਨੂੰ ਰੋਕਣ ਦੀ ਕੋਸ਼ਿਸ਼ ਕਰਾਂਗੇ।"

ਅਰੁਣ ਨਹਿਰੂ ਨੇ ਕਿਹਾ ਕਿ ਉਹ ਫ਼ੌਜ ਭੇਜ ਦੇਵੇਗਾ। ਸਾਡੇ ਵਿਚੋਂ ਕਿਸੇ ਨੇ ਇਹ ਸਵਾਲ ਨਹੀਂ ਕੀਤਾ ਕਿ ਮਹਿਜ਼ ਇਕ ਸੰਸਦ ਮੈਂਬਰ ਕੋਲ ਅਜਿਹਾ ਕਰਨ ਦੀ ਤਾਕਤ ਕਿਵੇਂ ਹੈ। ਪਰ ਜਦੋਂ ਤੱਕ ਅਸੀਂ ਤ੍ਰਿਲੋਕਪੁਰੀ ਪਹੁੰਚੇ, ਉਦੋਂ ਤੱਕ ਫ਼ੌਜ ਭੇਜ ਦਿੱਤੀ ਗਈ ਸੀ।

8.

ਅਸੀਂ ਫਰਸ਼ ਬਾਜ਼ਾਰ ਥਾਣੇ ਆ ਗਏ। ਇਹ ਇਕੋ ਇਕ ਥਾਣਾ ਸੀ ਜਿਸ ਨੇ ਬਚਾਅ ਅਤੇ ਰਾਹਤ ਦੇ ਗੰਭੀਰ ਕਾਰਜ ਕੀਤੇ। ਉੱਥੇ ਇਕ ਰਾਹਤ ਕੈਂਪ ਬਣਾਇਆ ਗਿਆ ਸੀ।

ਕਿਸੇ ਨੇ ਸੁਝਾਅ ਦਿੱਤਾ ਕਿ ਅਸੀਂ ਸਿੱਖਾਂ ਲਈ ਮਿੱਠੇ ਵਾਲੀ ਗਰਮ ਚਾਹ ਬਣਾਈਏ ਜੋ ਸਦਮੇ 'ਚ ਸਨ। ਮੈਨੂੰ ਯਾਦ ਨਹੀਂ ਕਿ ਮੈਂ ਕਿਸ ਦੇ ਨਾਲ ਗਈ ਸੀ, ਪਰ ਇਕ ਔਰਤ ਜੋ ਗੱਡੀ ਸਾਊਥ ਐਕਸਟੈਂਸ਼ਨ ਲੈ ਗਈ ਜਿੱਥੇ ਉਹ ਇਕ ਟੈਂਟ ਵਾਲੇ ਨੂੰ ਜਾਣਦੀ ਸੀ। ਉਸ ਨੇ ਆਪਣੀ ਦੁਕਾਨ ਖੋਲ੍ਹੀ ਅਤੇ ਸਾਨੂੰ ਇਕ ਦੇਗਚੀ ਦੇ

(ਬਾਕੀ ਸਫ਼ਾ 37 'ਤੇ)

Reliance /Legal Group LLP
FORMERLY KNOWN AS SINGH & PARTNERS LAW OFFICE
Commonwealth Centre
Unit 1101, 3961-52nd Ave.N.E.
Calgary, AB T3J 0J7
Barristers, Solicitors and Notary Public
Our law group practices in
IMMIGRATION
Applications for Family Class and APPEALS,
Skilled Workers, Investors, Refugee Claims
REAL ESTATE
Buying and Selling
Commercial and Residential
Land Development
Condominium Projects
WILLS & ESTATE
CRIMINAL LAW
SMALL BUSINESS
Buying and Selling
Franchises, Shareholder
Agreements and Incorporations
FORMATION OF
PUBLIC COMPANIES
Tel. : 403-285-7070
PERSONAL INJURY (Car Accident Claims)
NO LEGAL FEES UNTIL RECOVERY
Our clients include small businesses, public companies, builders, land developers, charitable organizations and individuals. We donate part of our fees to Alberta Children Hospital.
* Experienced lawyers, caring, confidential * Reasonable fees
* Free Initial Consultation * Weekend & Evening Appointments (available upon request)

# ਹਿਮਾਂਸ਼ੂ ਕੁਮਾਰ ਵਲੋਂ ਜੱਜਾਂ ਨੂੰ ਖੁੱਲ੍ਹੀ ਚਿੱਠੀ - 'ਤੁਸੀਂ ਬੇਇਨਸਾਫ਼ੀ ਨਾਲ ਖੜ੍ਹੇ ਹੋ'

*(ਸਮਾਜਿਕ ਕਾਰਕੁਨ ਹਿਮਾਂਸ਼ੂ ਕੁਮਾਰ ਨੇ ਦਿੱਲੀ ਯੂਨੀਵਰਸਿਟੀ ਦੇ ਸਾਬਕਾ ਪ੍ਰੋਫੈਸਰ ਸਾਈਬਾਬਾ ਨੂੰ ਬਰੀ ਕਰਨ ਦੇ ਬੰਬਈ ਹਾਈ ਕੋਰਟ ਦੇ ਫ਼ੈਸਲੇ ਨੂੰ ਸੁਪਰੀਮ ਕੋਰਟ ਵੱਲੋਂ ਰੱਦ ਕਰਨ ਤੋਂ ਬਾਦ ਜੱਜਾਂ ਨੂੰ ਖੁੱਲ੍ਹੀ ਚਿੱਠੀ ਲਿਖੀ ਹੈ। ਇਸ ਵਿਚ ਹਿਮਾਂਸ਼ੂ ਕੁਮਾਰ ਨੇ ਇਸ ਦੌਰ ਵਿਚ ਨਿਆਂਪਾਲਿਕਾ ਵੱਲੋਂ ਆਪਣੀ ਭੂਮਿਕਾ ਤੋਂ ਪਿੱਛੇ ਹਟਣ ਦੀਆਂ ਤਮਾਮ ਮਿਸਾਲਾਂ ਉਨ੍ਹਾਂ ਉੱਪਰ ਸਰੇਆਮ ਅਨਿਆਂ ਕਰਨ ਦਾ ਦੋਸ਼ ਲਗਾਇਆ ਹੈ। ਉਸ ਨੇ ਤਾਂ ਇੱਥੋਂ ਤੱਕ ਕਿਹਾ ਹੈ ਕਿ ਉਹ ਇਸ ਕਾਰਵਾਈ ਲਈ ਹੱਤਕ ਦਾ ਦੋਸ਼ੀ ਹੈ ਅਤੇ ਚਾਹੁੰਦਾ ਹੈ ਕਿ ਉਸਨੂੰ ਜੇਲ੍ਹ ਦੀ ਸਜ਼ਾ ਦਿੱਤੀ ਜਾਵੇ। ਉਸਦੀ ਪੂਰੀ ਚਿੱਠੀ ਦਾ ਪੰਜਾਬੀ ਰੂਪ ਪੇਸ਼ ਹੈ -ਸੰਪਾਦਕ)*

**ਅਨੁ. : ਬੂਟਾ ਸਿੰਘ ਮਹਿਮੂਦਪੁਰ**

ਜੱਜ ਸਾਹਿਬ

ਮੈਂ ਤੁਹਾਨੂੰ ਇਹ ਖੁੱਲ੍ਹੀ ਚਿੱਠੀ ਇਸ ਲਈ ਲਿਖ ਰਿਹਾ ਹਾਂ ਕਿਉਂਕਿ ਮੈਂ ਚਾਹੁੰਦਾ ਹਾਂ ਕਿ ਮੁਲਕ ਦੇ ਲੋਕ ਵੀ ਇਸ ਚਿੱਠੀ ਨੂੰ ਪੜ੍ਹਨ।

ਮੇਰੇ ਮਾਤਾ-ਪਿਤਾ ਅਤੇ ਤਾਊ ਜੀ ਇਸ ਮੁਲਕ ਦੀ ਆਜ਼ਾਦੀ ਲਈ ਲੜੇ ਸਨ ਜਿਵੇਂ ਉਨ੍ਹਾਂ ਦੀ ਪੀੜ੍ਹੀ ਦੇ ਲੱਖਾਂ ਲੋਕ ਲੜੇ ਸਨ।

ਉਨ੍ਹਾਂ ਸਾਰਿਆਂ ਦਾ ਸੁਪਨਾ ਸੀ ਕਿ ਇਕ ਅਜਿਹਾ ਭਾਰਤ ਬਣਾਉਣਾ, ਜਿਸ ਵਿਚ ਕਿਸੇ ਨਾਲ ਅਨਿਆਂ ਨਹੀਂ ਹੋਵੇਗਾ, ਸਾਰਿਆਂ ਨਾਲ ਨਿਆਂ ਹੋਵੇਗਾ।

ਸਾਡੀ ਇਸ ਪੀੜ੍ਹੀ ਨੇ ਸਾਡੇ ਪੁਰਖਿਆਂ ਦੇ ਨਿਆਂਪੂਰਨ ਭਾਰਤ ਦੇ ਸੁਪਨਿਆਂ ਦੀਆਂ ਧੱਜੀਆਂ ਉਡਦੀਆਂ ਦੇਖੀਆਂ ਹਨ।

ਇਸ ਮੁਲਕ ਦੀਆਂ ਸਰਕਾਰਾਂ ਬਿਨਾਂ ਕਿਸੇ ਕਾਰਵਾਈ ਦੇ ਮੁਸਲਮਾਨਾਂ ਦੇ ਘਰਾਂ ਉੱਪਰ ਬੁਲਡੋਜ਼ਰ ਚਲਾ ਦਿੰਦੀਆਂ ਹਨ, ਪਰ ਕੋਈ ਵੀ ਅਦਾਲਤ ਆਪਣੀ ਹੱਤਕ ਮਹਿਸੂਸ ਨਹੀਂ ਕਰਦੀ ਕਿ ਸਰਕਾਰ ਅਦਾਲਤ ਦੇ ਫ਼ੈਸਲੇ ਤੋਂ ਬਿਨਾਂ ਕਿਸੇ ਨੂੰ ਸਜ਼ਾ ਨਹੀਂ ਦੇ ਸਕਦੀ।

ਜੇਕਰ ਸਰਕਾਰਾਂ ਅਜਿਹਾ ਕਰ ਰਹੀਆਂ ਹਨ ਤਾਂ ਇਹ ਅਦਾਲਤ ਦਾ ਅਪਮਾਨ ਹੈ। ਪਰ ਤੁਹਾਨੂੰ ਬੁਰਾ ਨਹੀਂ ਲੱਗਦਾ।

ਇਸ ਮੁਲਕ ਵਿਚ ਜੱਜ ਲੋਇਆ ਦਾ ਕਤਲ ਇਕ ਗੁੰਡਾ ਭਾਜਪਾ ਆਗੂ ਅਤੇ ਮੰਤਰੀ ਕਰ ਦਿੰਦਾ ਹੈ, ਪਰ ਕਿਸੇ ਜੱਜ ਨੂੰ ਗੁੱਸਾ ਨਹੀਂ ਆਉਂਦਾ ਕਿ ਇਕ ਜੱਜ ਨੂੰ ਮਾਰਨ ਤੋਂ ਬਾਦ ਉਹ ਗੁੰਡਾ ਜੇਲ੍ਹ ਜਾਣ ਤੋਂ ਕਿਵੇਂ ਬਚ ਗਿਆ?

ਪਰ ਉਸ ਜੱਜ ਦੇ ਕਤਲ ਦੇ ਸਬੂਤ ਮਿਟਾਉਣ ਗੁੰਡੇ ਮੰਤਰੀ ਨਾਲ ਇਕ ਜੱਜ ਹੀ ਜਾਂਦਾ ਹੈ ਅਤੇ ਬਾਦ ਵਿਚ ਇਨਾਮ ਵਜੋਂ ਉੱਚ ਅਦਾਲਤ ਵਿਚ ਤਰੱਕੀ ਪਾ ਕੇ ਜੱਜ ਬਣ ਜਾਂਦਾ ਹੈ।


ਆਦਿਵਾਸੀ ਖੇਤਰਾਂ ਵਿਚ ਸੁਰੱਖਿਆ ਬਲਾਂ ਵੱਲੋਂ ਆਦਿਵਾਸੀ ਔਰਤਾਂ ਨਾਲ ਲਗਾਤਾਰ ਬਲਾਤਕਾਰ ਕੀਤੇ ਜਾ ਰਹੇ ਹਨ ਪਰ ਅਦਾਲਤਾਂ ਪੂਰੀ ਬੇਸ਼ਰਮੀ ਨਾਲ ਉਨ੍ਹਾਂ ਔਰਤਾਂ ਦੀਆਂ ਸ਼ਿਕਾਇਤਾਂ ਨੂੰ ਚੁੱਕ ਕੇ ਕੂੜੇਦਾਨ ਵਿਚ ਸੁੱਟ ਰਹੀਆਂ ਹਨ।

ਤੁਹਾਡੀ ਹਮਾਇਤ ਨਾਲ ਬਲਾਤਕਾਰੀ ਮੁੱਛਾਂ ਨੂੰ ਵੱਟ ਦੇ ਕੇ ਹੋਰ ਔਰਤਾਂ ਨਾਲ ਬਲਾਤਕਾਰ ਕਰ ਰਹੇ ਹਨ।

ਮੈਂ ਆਦਿਵਾਸੀ ਬੱਚਿਆਂ, ਔਰਤਾਂ ਅਤੇ ਬਜ਼ੁਰਗਾਂ ਦੇ ਕਤਲਾਂ ਦੇ 519 ਕੇਸ ਅਦਾਲਤ ਨੂੰ ਸੌਂਪੇ ਹਨ ਪਰ ਅਫ਼ਸੋਸ ਦਰ ਅਫ਼ਸੋਸ, ਤੁਸੀਂ ਕਿਸੇ ਵੀ ਕੇਸ ਵਿਚ ਨਿਆਂ ਨਹੀਂ ਦਿੱਤਾ।

ਇਸ ਮੁਲਕ ਦੇ ਲੋਕਾਂ ਦੀ ਸੇਵਾ ਕਰਨ ਵਾਲੇ ਬਿਹਤਰੀਨ ਬੁੱਧੀ ਵਾਲੇ ਦੇਸ਼ ਪ੍ਰੇਮੀ ਸਮਾਜ ਸੇਵਕਾਂ ਨੂੰ ਜੇਲ੍ਹਾਂ ਵਿਚ ਡੱਕ ਦਿੱਤਾ ਗਿਆ ਹੈ।

ਭੀਮਾ ਕੋਰੇਗਾਓਂ ਕੇਸ ਵਿਚ ਸਾਢੇ ਚਾਰ ਸਾਲ ਬਾਦ ਵੀ ਸਰਕਾਰ ਚਾਰਜਸੀਟ



ਦਾਖ਼ਲ ਨਹੀਂ ਕਰ ਸਕੀ ਹੈ।

ਕਰੇਗੀ ਵੀ ਕਿਵੇਂ ਕਿ ਕੇਸ ਪੂਰੀ ਤਰ੍ਹਾਂ ਫਰਜ਼ੀ ਹੈ।

ਪਰ ਤੁਸੀਂ ਇਨ੍ਹਾਂ ਬਜ਼ੁਰਗ ਸਮਾਜ ਕਾਰਕੁੰਨਾਂ ਨੂੰ ਜ਼ਮਾਨਤ ਨਹੀਂ ਦੇ ਰਹੇ।

ਜੀ.ਐਨ. ਸਾਈ ਬਾਬਾ ਅਤੇ ਉਨ੍ਹਾਂ ਦੇ ਹੋਰ ਸਾਥੀਆਂ ਵਾਲੇ ਕੇਸ ਦੇ ਫ਼ੈਸਲੇ 'ਚ ਜੱਜ ਨੇ ਲਿਖਿਆ ਸੀ ਕਿ ਉਨ੍ਹਾਂ ਦਾ ਜੁਰਮ ਇਹ ਹੈ ਕਿ ਇਨ੍ਹਾਂ ਲੋਕਾਂ ਕਾਰਨ ਭਾਰਤ ਦਾ ਵਿਕਾਸ ਰੁਕਦਾ ਹੈ, ਇਸ ਲਈ ਮੈਂ ਇਨ੍ਹਾਂ ਨੂੰ ਉਮਰ ਕੈਦ ਦੀ ਸਜ਼ਾ ਦਿੰਦਾ ਹਾਂ।

ਅਤੇ ਵਿਕਾਸ ਦਾ ਮਤਲਬ ਅਸੀਂ ਸਾਰੇ ਜਾਣਦੇ ਹਾਂ ਕਿ ਆਦਿਵਾਸੀਆਂ ਦੇ ਜੰਗਲ ਪੂੰਜੀਪਤੀਆਂ ਦੇ ਹਵਾਲੇ ਕਰਨਾ ਹੀ ਤੁਹਾਡੀ ਨਜ਼ਰ ਵਿਚ ਵਿਕਾਸ ਹੈ।

ਥਾਣੇ ਦੇ ਅੰਦਰ ਸੋਨੀ ਸੋਰੀ ਦੇ ਗੁਪਤ ਅੰਗਾਂ 'ਚ ਪੱਥਰ ਭਰੇ ਦਿੱਤੇ ਗਏ। ਮੈਡੀਕਲ ਕਾਲਜ ਨੇ ਉਸ ਦੇ ਸਰੀਰ 'ਚੋਂ ਕੱਢੇ ਪੱਥਰ ਤੁਹਾਡੇ ਮੇਜ 'ਤੇ ਰੱਖ ਦਿੱਤੇ, ਪਰ ਤੁਸੀਂ ਗਿਆਰਾਂ ਸਾਲਾਂ ਬਾਦ ਨਿਆਂ ਨੂੰ ਠੁੱਡਾ ਮਾਰ ਕੇ ਉਨ੍ਹਾਂ ਦੀ ਪਟੀਸ਼ਨ ਹੀ ਰੱਦ ਕਰ ਦਿੱਤੀ।

ਤੁਸੀਂ ਬਿਲਕਿਸ ਬਾਨੋ ਦੇ ਬਲਾਤਕਾਰੀਆਂ ਅਤੇ ਉਸਦੀ ਧੀ ਦੇ ਕਾਤਲਾਂ ਨੂੰ ਰਿਹਾਅ ਕਰਨ ਦੇ ਗੁਜਰਾਤ ਸਰਕਾਰ ਦੇ ਅਣਮਨੁੱਖੀ ਫ਼ੈਸਲੇ ਨੂੰ ਜਾਇਜ਼ ਦੱਸਿਆ।

ਮਾਫ਼ ਕਰਨਾ, ਤੁਸੀਂ ਅਦਾਲਤ ਨੂੰ ਨਿਆਂ ਦੀ ਨਹੀਂ ਅਨਿਆਂ ਕਰਨ ਦੀ ਜਗ੍ਹਾ ਬਣਾ ਦਿੱਤਾ ਹੈ।

ਕਰੋੜਾਂ ਲੋਕ ਇਸ ਭਰੋਸੇ 'ਤੇ ਇਕ ਰਾਸ਼ਟਰ ਵਜੋਂ ਇਕੱਠੇ ਰਹਿਣ ਦਾ ਫ਼ੈਸਲਾ ਕਰਦੇ ਹਨ ਕਿ ਉਨ੍ਹਾਂ ਨਾਲ ਕੋਈ ਨਿਆਂ ਨਹੀਂ ਕੀਤਾ ਜਾਵੇਗਾ।

ਪਰ ਤੁਸੀਂ ਉਨ੍ਹਾਂ ਦਾ ਸਾਥ ਦੇ ਰਹੇ ਹੋ ਜੋ ਹਰ ਰੋਜ਼ ਅਨਿਆਂ ਕਰਦੇ ਹਨ ਅਤੇ ਨਿਆਂ ਮੰਗਣ ਵਾਲਿਆਂ ਨੂੰ ਹੀ ਮੁਜਰਿਮ ਕਰਾਰ ਦੇ ਰਹੇ ਹੋ।

ਜੱਜ ਸਾਹਿਬ, ਤੁਸੀਂ ਅਦਾਲਤ ਦੀ ਤੌਹੀਨ ਕਰ ਰਹੇ ਹੋ।

ਮਾਫ਼ ਕਰਨਾ, ਤੁਸੀਂ ਬਹੁਤ ਕਮਜ਼ੋਰ ਅਤੇ ਡਰੇ ਹੋਏ ਹੋ।

ਹਾਲਾਂਕਿ ਤੁਹਾਨੂੰ ਸਰਕਾਰ ਤੋਂ ਡਰਨ ਦੀ ਕੋਈ ਲੋੜ ਨਹੀਂ ਹੈ ਸੰਵਿਧਾਨ ਨੇ ਤੁਹਾਨੂੰ ਸਰਕਾਰ ਤੋਂ ਆਜ਼ਾਦ ਰੱਖਿਆ ਹੈ।

ਤੁਹਾਨੂੰ ਦੇਖ ਕੇ ਮੈਨੂੰ ਉਸ ਕੁੱਤੇ ਦੀ ਯਾਦ ਆਉਂਦੀ ਹੈ ਜਿਸ ਦੇ ਸਾਹਮਣੇ ਕੋਈ ਡੰਡਾ ਲੈ ਕੇ ਖੜ੍ਹਾ ਹੈ ਅਤੇ ਕੁੱਤੇ ਨੇ ਡਰ ਕੇ ਆਪਣੀ ਪੂਛ ਆਪਣੀਆਂ ਪਿਛਲੀਆਂ ਲੱਤਾਂ 'ਚ ਦਿੱਤੀ ਹੋਈ ਹੈ।

ਅਸੀਂ ਚਾਹੁੰਦੇ ਹਾਂ ਤੁਸੀਂ ਦੁਬਾਰਾ ਕੁੱਤੇ ਤੋਂ ਇਨਸਾਨ ਬਣ ਜਾਓ।

ਤੁਸੀਂ ਸਿਰਫ਼ ਇਨਸਾਫ ਦਾ ਹੀ ਕਤਲ ਨਹੀਂ ਕਰ ਰਹੇ ਹੋ, ਤੁਸੀਂ ਤਾਂ ਮਨੁੱਖਤਾ, ਲੋਕਤੰਤਰ, ਕਾਨੂੰਨ, ਸੰਵਿਧਾਨ ਸਾਰਿਆਂ ਦੇ ਕਤਲ ਲਈ ਜ਼ਿੰਮੇਵਾਰ ਹੋ।

ਅੰਤ ਵਿਚ ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਮੈਂ ਇਹ ਚਿੱਠੀ ਤੁਹਾਡੀ ਤੌਹੀਨ ਕਰਨ ਲਈ ਲਿਖਿਆ ਹੈ ਕਿਉਂਕਿ ਮੈਂ ਜਨਤਾ ਨਾਲ ਨਿਆਂ ਕਰਨ ਵਾਲਿਆਂ ਦਾ ਸਨਮਾਨ ਨਹੀਂ ਕਰ ਸਕਦਾ।

ਕਿਰਪਾ ਕਰਕੇ ਮੈਨੂੰ ਤੁਹਾਡੀ ਬੇਇੱਜ਼ਤੀ ਲਈ ਕੈਦ ਕਰਨ ਦਾ ਹੁਕਮ ਦਿਓ ਜਿੱਥੇ ਮੈਨੂੰ ਉਸੇ ਤਰ੍ਹਾਂ ਮਾਰਿਆ ਜਾ ਸਕੇ ਜਿਵੇਂ ਫਾਦਰ ਸਟੈਨ ਸਵਾਮੀ ਅਤੇ ਪਾਂਡੂ ਨਰੋਟੇ ਨੂੰ ਤੁਹਾਡੀ ਮਦਦ ਨਾਲ ਕਤਲ ਕੀਤਾ ਗਿਆ।

ਮੈਂ ਚਾਹੁੰਦਾ ਹਾਂ ਕਿ ਆਉਣ ਵਾਲੇ ਬੱਚੇ ਘੱਟੋ ਘੱਟ ਮੈਨੂੰ ਇਕ ਅਜਿਹੇ ਇਨਸਾਨ ਵਜੋਂ ਯਾਦ ਕਰਨ ਜੋ ਅਨਿਆਂ ਦੇ ਵਿਰੁੱਧ ਬੋਲਿਆ ਅਤੇ ਇਨਸਾਨ ਹੋਣ ਦਾ ਫਰਜ਼ ਨਿਭਾਇਆ ਅਤੇ ਮਾਰਿਆ ਗਿਆ।

ਭਾਰਤ ਦਾ ਇਕ ਨਿਰਪੱਖ ਨਾਗਰਿਕ

**ਹਿਮਾਂਸ਼ੂ ਕੁਮਾਰ।**

# ਪੁਲ਼ਾਂ ਹੇਠਾਂ ਵਸਦੇ ਲੋਕ

**ਬੁੱਧ ਸਿੰਘ ਨੀਲੋਂ**

ਨੋਟ ਬੰਦੀ ਤੇ ਕੋਵਿਡ ਦੀ ਮਹਾਮਾਰੀ ਦੀ ਆੜ ਵਿੱਚ ਦੇਸ ਵਾਸੀਆਂ ਨੂੰ ਗੁਲਾਮੀ ਦੇ ਰਾਹ ਤੋਰਨ ਲਈ ਸੱਤਾ ਦੀ ਗੁਲਾਮ ਪੁਲਸ ਨੇ ਕਾਲੇ ਦਿਨ ਤਾਜਾ ਕਰਵਾ ਦਿੱਤੇ ਹਨ। ਇਹ ਸਮਾਂ ਤਾੜੀਆਂ ਤੇ ਥਾਲੀਆਂ ਵਜਾਉਣ ਦਾ ਨਹੀਂ ਸੀ ਘਰਾਂ ਵਿੱਚ ਨਿਕਲਕੇ ਸੜਕਾਂ ਉਤੇ ਆਉਣ ਸੀ ਪਰ ਅਸੀਂ ਮੌਤ ਦੇ ਡਰ ਨਾਲ ਘਰਾਂ ਵਿੱਚ ਭੁੱਖ ਤੇ ਦੁੱਖ ਨਾਲ ਮਰਦੇ ਰਹੇ। ਅਵਤਾਰ ਪਾਸ ਕਵਿਤਾ, "ਸਭ ਤੋਂ ਖਤਰਨਾਕ" ਯਾਦ ਆਉਂਦੀ ਐ।

ਸਭ ਤੋਂ ਖਤਰਨਾਕ ਪੁਲਸ ਦੀ ਕੁੱਟ ਨਹੀਂ ਹੁੰਦੀ

...ਹੁਣ ਕੌਣ ਆਖੇ ਸਾਹਿਬ ਨੂੰ ਇੰਝ ਨਹੀਂ ਇੰਝ ਕਰ।

ਡਰ ਦੀ ਆੜ ਹੇਠ ਲੋਕਾਂ ਦੇ ਪੁੜੇ ਸੇਕੇ ਜਾ ਰਹੇ ਹਨ। ਲੋਕਾਂ ਨੂੰ ਬੀਮਾਰੀ ਤੇ ਮੌਤ ਦੇ ਡਰ ਨਾਲ ਵਧੇਰੇ ਡਰਾਇਆ ਜਾ ਰਿਹਾ। ਜਿਉਣ ਦਾ ਅਹਿਸਾਸ ਖੋਹਿਆ ਜਾ ਰਿਹਾ। ਦੇਸ ਦੇ ਲੋਕਾਂ ਨੂੰ ਅਹਿਸਾਸ ਕਰਵਾਇਆ ਜਾ ਰਿਹਾ ਕਿ ਤੁਸੀਂ ਗੁਲਾਮ ਹੋ।

ਜਦੋਂ ਦੇਸ ਦੀ ਵੰਡ ਹੋਈ ਤਾਂ ਖਲਕਤ ਦੋ ਹਿੱਸਿਆਂ ਵਿੱਚ ਵੰਡੀ ਗਈ ਸੀ। ਇਸ ਵੰਡ ਤੋਂ ਪਹਿਲਾਂ ਇਹੋ ਖਲਕਤ ਚਾਰ ਜਾਤਾਂ ਤੇ ਚਾਰ ਵਰਨਾਂ ਵਿੱਚ ਵੰਡੀ ਹੋਈ ਸੀ। ਇਸ ਸਮੇ ਦੇਸ ਵਿੱਚ ਸਾਢੇ ਛੇ ਹਜਾਰ ਤੋਂ ਵਧੇਰੇ ਜਾਤਾਂ ਵਿੱਚ ਵੰਡੀ ਲੋਕਾਈ ਰਹਿੰਦੀ ਹੈ। ਤਿੰਨ ਪ੍ਰਤੀਸਤ ਵਾਲੇ ਰਾਜ ਕਰਦੇ ਹਨ,12% ਮੌਜਾਂ ਤੇ ਪਚਾਸੀ ਵਾਲੇ ਗੁਲਾਮੀ ਦੀ ਜ਼ਿੰਦਗੀ ਭੋਗ ਰਹੇ ਹਨ।

ਇਨ੍ਹਾਂ ਵਿੱਚੋਂ ਬਹੁ-ਗਿਣਤੀ ਲੋਕ 'ਭੁੱਖ ਨੰਗ' ਦੀ ਜ਼ਿੰਦਗੀ ਜਿਉਂ ਰਹੇ ਹਨ। ਇਹ ਉਹ ਹਨ ਜਿਨ੍ਹਾਂ ਨੂੰ ਅਜੇ ਤੱਕ 'ਲੋਕਤੰਤਰ' ਦੇ ਅਰਥ ਵੀ ਪਤਾ ਨਹੀਂ ਲੱਗੇ। ਉਹ ਸਿਆਸੀ ਪਾਰਟੀਆਂ ਦੀਆਂ 'ਪੱਕੀਆਂ ਵੋਟਾਂ' ਹਨ। ਇਹ ਉਹ ਵੋਟਾਂ ਹਨ, ਜਿਹਨਾਂ ਦਾ ਕੰਮ 'ਸਿਰਫ ਵੋਟਾਂ' ਪਾਉਣਾ ਹੈ। ਹੁਣ ਇਹ "ਪਰਚੀ" ਬਣ ਕੇ ਰਹਿ ਗਈਆਂ ਹਨ।

ਉਹ ਵੋਟਾਂ ਵੇਲੇ ਆਪਣੇ ਕੀਮਤੀ ਅਧਿਕਾਰ ਦੀ ਵਰਤੋਂ ਲਾਲਚਵੱਸ ਹੋ ਕੇ 'ਵੋਟ' ਦੀ ਦੁਰਵਰਤੋਂ ਕਰਦੇ ਹਨ। ਪਰ ਇਨ੍ਹਾਂ ਲੋਕਾਂ ਦੀ ਜ਼ਿੰਦਗੀ ਕਿਹੋ ਜਿਹੀ ਹੈ। ਇਹਨਾਂ ਬਾਰੇ ਸਿਰਫ ਯੋਜਨਾਵਾਂ ਬਣਦੀਆਂ ਹਨ। ਬਜਟ ਰੱਖਿਆ ਤੇ ਛਕਿਆ ਜਾਂਦਾ ਹੈ..ਉਹਨਾਂ ਦੇ ਕੋਲੋਂ ਜਿੰਦਗੀ ਜਿਉਣ ਦਾ ਹੁਣ ਤਾਂ ਅਧਿਕਾਰ ਵੀ ਖੋ ਲਿਆ ਹੈ।

ਹੁਣ ਬੰਦੇ ਦੀ ਕੋਈ ਕੀਮਤ ਨਹੀਂ। ਉਸ ਨੂੰ ਨਾ ਹੀ ਸੜਕ ਤੇ ਤੁਰਨ ਦਾ ਅਧਿਕਾਰ ਹੈ। ਉਸਨੂੰ ਪਹਿਰਾਵੇ ਦੇ ਕਾਰਨ ਜਾਨ ਦੇ ਕੇ ਕੀਮਤ ਦੇਣੀ ਪੈਂਦੀ ਹੈ.ਤੁਹਾਡਾ ਕਤਲ ਕਿਤੇ ਵੀ ਹੋ ਸਕਦਾ। ਪਰ ਤੁਸੀਂ ਜਿੰਦਗੀ ਕਿਵੇਂ ਬਸਰ ਕਰਦੇ ਹੋ? ਇਸਦਾ ਜਿਉਣ ਨਾਲ ਕੋਈ ਸੰਬੰਧ ਨਹੀ।

ਇਹ ਝੁੱਗੀਆਂ-ਝੌਂਪੜੀਆਂ ਵਿੱਚ ਕਿਵੇਂ ਨਰਕ ਭਰੀ ਜ਼ਿੰਦਗੀ ਕਿਵੇਂ ਜਿਉਂਦੇ ਹਨ? ਇਸ ਪਾਸੇ ਸੱਤਾਧਾਰੀਆਂ ਨੇ ਤਾਂ ਕੀ ਦੇਖਣਾ ਹੈ, ਆਮ ਲੋਕ ਵੀ ਇਨ੍ਹਾਂ ਵੱਲ 'ਨੱਕ ਝੜਾ' ਕੇ ਲੰਘ ਜਾਂਦੇ ਹਨ।

ਪਰ ਇਹ ਲੋਕ ਹੀ ਹਨ ਜੋ ਤੁਹਾਡਾ ਗੰਦ ਸਾਫ ਕਰਦੇ ਹਨ। ਤੁਹਾਡੇ ਪਾਏ ਗੰਦ ਦੇ ਵਿੱਚੋਂ ਦੋ ਡੰਗ ਦੀ ਰੋਟੀ ਲੱਭਦੇ ਹਨ..ਪਰ ਇਸ ਦੇ ਬਦਲੇ ਤੁਹਾਡੀ ਮੁਸਕਾਨ ਭਾਲਦੇ ਹਨ। ਪਰ ਤੁਹਾਡੇ ਮੱਥੇ ਦੀਆਂ ਤਿਊੜੀਆਂ ਮਾਰ ਦੇਂਦੀਆਂ ਉਹਨਾਂ ਦੇ ਸੁਪਨੇ। ਕਤਲ ਹੋ ਜਾਂਦੇ ਹਨ ਭਾਵਨਾਵਾਂ ਭੜਕ ਉਠਦੀਆਂ ਤੇ ਜਿਉਂਦੇ ਹੋਣ ਦਾ ਮੁਕ ਜਾਂਦਾ ਹੈ ਭਰੋਸਾ। ਉਹ ਹੱਕ ਤੇ ਵਿਸਵਾਸ ਜੋ ਤੁਸੀਂ ਨਹੀਂ ਸੰਵਿਧਾਨ ਨੇ ਦਿੱਤਾ ਹੈ। ਕੁਲੀ, ਗੁਲੀ ਤੇ ਜੁਲੀ ਸਭ ਦਾ ਮੌਲਿਕ ਅਧਿਕਾਰ ਹੈ। ਸਿਹਤ, ਸਿਖਿਆ, ਰੁਜ਼ਗਾਰ ਤੇ ਸਮਾਜਿਕ ਮੌਲਿਕ ਤੇ ਸੰਵਿਧਾਨਕ ਹੱਕ ਹੈ ਪਰ ਸਾਰੇ ਹੀ ਹੱਕ ਹੁਣ ਕੁਲੀਨ ਵਰਗ ਕੋਲ ਰਾਂਖਵੇਂ ਹਨ।

" ਖਾਣ ਪੀਣ ਨੂੰ ਬਾਂਦਰੀ ਤੇ ਡੰਡੇ ਖਾਣ ਨੂੰ ਰਿੱਛ" ਵਰਗੀ ਹਾਲਤ ਹੈ ਹੁਣ ਇਹਨਾਂ ਦੇ ਰੁਜ਼ਗਾਰ ਦਾ ਪ੍ਰਬੰਧ ਕਿਸ ਨੇ ਕਰਨਾ ਹੈ? ਹਰ ਭਾਰਤੀ ਹਰ ਤਰ੍ਹਾਂ ਦਾ ਟੈਕਸ ਦੇਦਾ ਹੈ। ਸਭ ਤੋਂ ਵੱਧ ਟੈਕਸ ਅਦਾ ਕਰਨ ਵਾਲਿਆਂ ਤੋਂ ਸਾਰੇ ਵੀ ਮੌਲਿਕ ਅਧਿਕਾਰ ਖੋ ਲਏ ਹਨ। ਮਹਿੰਗੀਆਂ ਵਸਤਾਂ ਖਰੀਦੋ ਵੱਡਿਆਂ ਦੇ ਢਿੱਡ ਭਰੋ।

ਸਿਹਤ ਤੇ ਸਿਖਿਆ ਉਹਨਾਂ ਮਾਫੀਆਂ ਨੂੰ ਦੇ ਦਿੱਤੀ ਜੋ ਹੁਣ ਮੱਧ ਵਰਗ ਦੇ ਲਈ ਵੀ ਖੂਨ ਪੀਣੀਆਂ ਜੋਕਾਂ ਬਣ ਗਈਆਂ ਹਨ। ਇਹਨਾਂ ਨੂੰ ਤਾਂ ਨਾ ਸਿਖਿਆ ਹਾਸਲ ਕਰਨ ਦਾ ਅਧਿਕਾਰ ਹੈ ਤੇ ਸਿਹਤ ਦੇ ਇਲਾਜ ਦੀ ਲੋੜ ਹੈ? ਜਿਨ੍ਹਾਂ ਨੂੰ ਲੋੜ ਹੈ ਉਹ ਜੋਕਾਂ ਦਾ ਭੋਜਨ ਬਣ ਗਏ ਹਨ। ਪਰ ਉਹਨਾਂ ਨੂੰ ਕੀ ਲੋੜ ਹੈ ਉਹ ਸਵਾਲ ਕਰਨ।

ਝੁੱਗੀ ਝੌਂਪੜੀ ਵਿੱਚ ਕਿਹੜਾ ਇਨਸਾਨ ਵਸਦੇ ਹਨ... ਉਹ ਤਾਂ ਕੀੜੇ ਮਕੌੜੇ ਹਨ... ਜੋ ਜੰਮਦੇ ਹਨ ਤੇ ਪਿਸ ਪਿਸ ਕੇ ਮਰ ਜਾਂਦੇ ਹਨ। ਸਦੀਆਂ ਤੋਂ ਸਿਲਸਿਲਾ ਜਾਰੀ ਹੈ।

ਇਨ੍ਹਾਂ ਦਾ ਸਾਹਿਤ ਵਿੱਚ ਜ਼ਿਕਰ ਵੀ ਨਾ ਮਾਤਰ ਹੀ ਹੈ ਪਰ ਲਾਲ ਸਿੰਘ ਦਿਲ ਦੀ ਕਵਿਤਾਵਾਂ ਵਿੱਚ ਇਨ੍ਹਾਂ ਦੀ ਜ਼ਿੰਦਗੀ ਦੀ ਧੜਕਦੀ ਹੈ। ਇਸੇ ਤਰ੍ਹਾਂ ਬੂਟਾ ਸਿੰਘ ਦੇ ਦੋ ਨਾਵਲ ਵਿੱਚ ਝੁੱਗੀਆਂ ਝੌਂਪੜੀਆਂ ਵਿੱਚ ਰਹਿਣ ਵਾਲਿਆਂ ਦਾ ਮਾਰਮਿਕ ਜ਼ਿਕਰ ਹੈ। ਇਸ ਤੋਂ ਬਿਨਾਂ ਪੰਜਾਬੀ ਦੇ ਕਿਸੇ ਲੇਖਕ ਨੂੰ ਇਨ੍ਹਾਂ ਲੋਕਾਂ ਦੀ ਜ਼ਿੰਦਗੀ ਵੱਲ ਝਾਤ ਮਾਰਨ ਦੀ ਵਿਹਲ ਨਹੀਂ ਜਾਂ ਫਿਰ ਉਨ੍ਹਾਂ ਦੇ ਲਈ ਇਹ ਲੋਕ ਵੀ ਸਿਰਫ 'ਵੋਟਾਂ' ਹੀ ਹਨ।

ਪਰ ਸਹਿਰਾਂ ਦੇ ਪੁੱਲਾਂ ਹੇਠ ਵਸਦੇ ਇਹ ਲੋਕ ਹੀ ਨਹੀਂ, ਹਰ ਸ਼ਹਿਰ ਵਿੱਚ ਇਹ ਸੜਕਾਂ ਦੇ ਕਿਨਾਰੇ ਝੁੱਗੀਆਂ ਝੌਂਪੜੀਆਂ ਵਿੱਚ ਜ਼ਿੰਦਗੀ ਕੱਟ ਰਹੇ ਹਨ ਪਰ ਇਹਨਾਂ ਪੁੱਲਾਂ ਹੇਠਲੇ ਇਨ੍ਹਾਂ ਲੋਕਾਂ ਦਾ ਆਪਣਾ ਇੱਕ ਸੰਸਾਰ ਹੈ। ਹਰ ਸ਼ਹਿਰ ਦੇ ਉਚੇ ਪੁੱਲ ਤੋਂ ਪੁਰਾਣੇ ਬੱਸ ਅੱਡੇ ਤੱਕ ਇਨ੍ਹਾਂ ਦੀ ਪੁਰਾਣੇ ਕੱਪੜਿਆਂ ਦੀ ਮਾਰਕੀਟ ਲੱਗਦੀ ਹੈ। ਉੱਥੇ ਹਰ ਰੋਜ ਸਹਿਰ ਦੇ ਹੀ ਨਹੀਂ ਸਗੋਂ ਪਿੰਡਾਂ ਦੇ ਲੋਕ ਵੀ ਖਰੀਦੋ ਫਰੋਖਤ ਕਰਦੇ ਹਨ।

ਇਨ੍ਹਾਂ ਕੋਲ ਲੋਕਾਂ ਦੇ ਪੁਰਾਣੇ ਕੱਪੜੇ ਹੁੰਦੇ ਹਨ, ਜਿਹੜੇ ਇਹ ਭਾਂਡਿਆਂ ਬਦਲੇ ਲੈਂਦੇ ਹਨ। ਉਨ੍ਹਾਂ ਨੂੰ ਇਸ ਥਾਂ ਲਿਆ ਕੇ ਉਹ ਲੋਕਾਂ ਲਈ ਬਹੁਤ ਘੱਟ ਕੀਮਤ 'ਤੇ ਵੇਚਦੇ ਹਨ। ਇਹ ਪੁਰਾਣੇ ਕੱਪੜੇ ਵੇਚਣ ਵਾਲਿਆਂ ਦੀਆਂ ਧਰਤੀ 'ਤੇ ਲੱਗੀਆਂ ਦੁਕਾਨਾਂ ਹਰ ਸਹਿਰ ਦੇ ਬੱਸ ਅੱਡੇ ਜਾਂ ਰੇਲਵੇ




ਸਟੇਸਨ ਦੇ ਰਸਤਿਆਂ 'ਤੇ ਆਮ ਮਿਲਦੀਆਂ ਹਨ। ਐਤਵਾਰ ਨੂੰ ਇੱਥੇ ਰੌਣਕ ਦੇਖਣ ਵਾਲੀ ਹੁੰਦੀ ਹੈ। ਇੱਥੇ ਵੇਚਣ ਤੇ ਖਰੀਦਣ ਵਾਲੇ ਆਮ ਲੋਕ ਹੀ ਹੁੰਦੇ ਹਨ। ਜਿਹੜੇ ਇੱਕ ਦੂਜੇ ਦਾ ਦਰਦ ਸਮਝ ਸਕਦੇ ਹਨ।

ਪਰ ਸਹਿਰ ਨੂੰ "ਸਮਾਰਟ ਸਿਟੀ" ਬਣਾਉਣਾ ਹੈ ਇਸ ਕਰਕੇ ਇਹ ਮਾਰਕੀਟ ਨੂੰ ਸਾਫ ਕਰ ਦਿੱਤਾ ਹੈ.. ਉਹਨਾਂ ਨੂੰ ਇਥੇ ਤੋਂ ਹਟਾਇਆ ਨਹੀਂ ਗਿਆ ਸਗੋਂ ਜਿੰਦਗੀ ਦੇ ਵਿੱਚੋਂ ਬੇਦਖਲ ਕਰ ਦਿੱਤਾ ਹੈ। ਸ਼ਹਿਰ ਦੇ ਪੌਸ ਇਲਾਕਿਆਂ ਦੇ ਕਬਜ਼ੇ ਨੀ ਦਿਖਦੇ ਜੋ ਸੜਕਾਂ ਉਤੇ ਹੀ ਨਹੀਂ ਘਰਾਂ ਦੇ ਬਾਹਰ ਵੀ ਕਬਜ਼ਾ ਕਰੀ ਬੈਠੇ ਹਨ..ਉਹ ਕਿਸੇ ਨਾ ਕਿਸੇ ਦਾ ਰਿਸਤੇਦਾਰ ਜਾਂ ਵੱਡਾ ਹੈ। ਕਿਸੇ ਦਾ ਮੰਤਰੀ ਤੇ ਕਿਸੇ ਸੰਤਰੀ ਦਾ ਜਾਣੂ ਹੈ...ਪਰ ਇਹਨਾਂ ਦਾ ਕੋਈ ਮਿੱਤਰ ਨਹੀਂ। ਕੋਈ ਰਿਸ਼ਤੇਦਾਰ ਅਫਸਰ ਨਹੀਂ...ਇਹ ਤਾਂ ਵੋਟਾਂ ਦੀਆਂ ਪਰਚੀਆਂ ਹਨ...ਪਰ ਹੁਣ ਤਾਂ ਵੋਟਾਂ ਦਾ ਵੀ ਝੰਮਟ ਮਿਟਾ ਦਿੱਤਾ ਹੈ...ਈਵੀ ਜਿੰਦਾਬਾਦ। ਹੁਣ ਇਹੋ ਹੀ ਹੋਇਆ ਹੈ।

ਕੂੜ ਫਿਰੇ ਪਰਧਾਨ ਵੇ ਲਾਲੋ
ਜੋਗੀ ਮੰਗੇ ਦਾਨ ਵੇ ਲਾਲੋ

ਇੱਥੋਂ ਦੀ ਪੁੱਲਾਂ ਉੱਪਰ ਤੇ ਆਲੇ ਦੁਆਲੇ ਲੰਘਣ ਵਾਲਿਆਂ ਨੂੰ ਇਨ੍ਹਾਂ ਦੇ ਨਾਲ ਕੋਈ ਸਰੋਕਾਰ ਨਹੀਂ ਹੁੰਦਾ। ਇਨ੍ਹਾਂ ਲੋਕਾਂ ਦੀ ਜ਼ਿੰਦਗੀ ਦੇ ਅੰਦਰ ਉਤਰ ਕੇ ਅਸੀਂ ਕਦੋਂ ਦੇਖਾਂਗੇ?

ਇਹ ਸਵਾਲ ਅੱਜ ਹਰ ਚੇਤਨ ਮੱਥੇ ਦੇ ਅੰਦਰ ਉਪਜਦਾ ਤਾਂ ਹੈ ਪਰ ਪੁੱਲਾਂ ਦੇ ਹੇਠਲੇ ਲੋਕਾਂ ਬਾਰੇ ਸੋਚਣ ਤੇ ਸਮਝਣ ਤਾਂ ਸਮਾਂ ਹੁਣ ਕਿਸੇ ਕੋਲ ਅਮੀਰ, ਲੇਖਕ ਤੇ ਮੀਡੀਏ ਕੋਲ ਨਹੀਂ। ਲੇਖਕ ਵਰਗ ਤਾਂ ਅਜੇ 'ਰੁਮਾਂਸ' ਤੋਂ ਬਾਹਰ ਨਹੀਂ ਆਇਆ ਤੇ ਫੇਰ ਇਨ੍ਹਾਂ ਬਾਰੇ ਕੌਣ ਲਿਖੇਗਾ? ਕੌਣ ਦੱਸੇਗਾ ਉਹਨਾਂ ਦੇ ਵਿੱਚ ਬਲਦੀ ਅੱਗ ਨੂੰ ਤੇ ਮਰਦੇ ਸੁਪਨਿਆਂ ਦੇ ਕਾਤਲ ਕੌਣ ਹਨ?...ਕੌਣ ਜਗਾਏਗਾ ਅੱਖਾਂ ਦੇ ਵਿੱਚ ਮਰ ਗਈ ਜਿਉਣ ਦੀ ਭਾਵਨਾ?...

ਅੱਜ ਫਿਰ ਉਸ ਵੈਸਾਖ ਦੇ ਦਿਹਾੜੇ ਦੀ ਲੋੜ ਹੈ... ਜਦੋਂ ਸੁੱਤੀ ਪਈ ਸਕਤੀ ਨੂੰ ਜਗਾਉਣ ਦੇ ਲਈ ਆਵਾਜ ਉਠੀ ਸੀ... ਵਾਹ ਗੁਰੂ ਗੋਬਿੰਦ ਸਿੰਘ ਆਪੇ ਗੁਰ ਚੇਲਾ... ਹੁਣ ਲੋੜ ਹੈ ਫੈਸਲਾ ਕੁੰਨ ਜੰਗ ਦੀ...ਸੁੱਤੀ ਆਤਮਾ ਨੂੰ ਜਗਾਉਣ ਦੀ....!

ਕੌਣ ਜਗਾਏਗਾ ਜਾਗਦੇ ਹੋਏ ਸੁੱਤਿਆਂ ਨੂੰ? ਮੁਰਦੇ ਤਾਂ ਕਬਰਾਂ ਵਿੱਚ ਵਸਦੇ ਹਨ!! ਇਹ ਸਮਾਂ ਅੰਦਰਲੀਆਂ ਸਕਤੀਆਂ ਨੂੰ ਇਕੱਠੀ ਕਰਨ ਦਾ ਹੈ।

ਗੁਲਾਮੀ ਦਾ ਜੂਲਾ ਉਤਾਰਨ ਦਾ ਏ। ਤਾੜੀਆਂ ਮਾਰਨ ਦਾ ਨਹੀਂ ਨਾ ਹੀ ਚੁੱਪ ਚਾਪ ਸਿਤਮ ਸਹਿਣ ਦਾ ਹੈ।

94643 70823

# ਇਰਾਨੀ ਕੁੜੀਆਂ ਦੀ ਬ਼ਗਾਵਤ




ਡਾ. ਬਲਜਿੰਦਰ
94170-79720
singh.drbaljinder@gmail.com




ਤੇਲ ਦੇ ਕੁਦਰਤੀ ਭੰਡਾਰਾਂ ਨਾਲ ਲਬਰੇਜ ਮੁਸਲਿਮ-ਬਹੁਲ ਆਬਾਦੀ ਵਾਲਾ ਮੁਲਕ ਇਰਾਨ ਲਗਪਗ ਪਿਛਲੇ ਇੱਕ ਮਹੀਨੇ ਤੋਂ ਰੋਸ ਮੁਜਾਹਰਿਆਂ ਕਾਰਨ ਸੁਰਖੀਆਂ ’ਚ ਹੈ। ਇਹਨਾਂ ਮੁਜਾਹਰਿਆਂ ਦੀਆਂ ਵੀਡੀਓ ਕਲਿਪਿੰਗਜ ਦੇਖਣ ਤੋਂ ਪਤਾ ਲੱਗਦਾ ਹੈ ਕਿ ਬਹੁ-ਗਿਣਤੀ ਮੁਜਾਹਰਿਆਂ ’ਚ ਮੁਲਕ ਦੀਆਂ ਔਰਤਾਂ ਪ੍ਰਮੁਖਤਾ ਨਾਲ ਸਾਮਲ ਹਨ, ਉਹ ਆਪਣੇ ਬੁਰਕੇ ਉਤਾਰਕੇ ਹਵਾ ’ਚ ਲਹਿਰਾਉਂਦੀਆਂ ਹੋਈਆਂ ਧਾਰਮਕ ਕੱਟੜਵਾਦੀਆਂ ਖਿਲਾਫ ਨਾਹਰੇ ਮਾਰ ਰਹੀਆਂ ਹਨ, ਉਹਨਾਂ ਬੁਰਕਿਆਂ ਨੂੰ ਹੋਲਿਕਾ ਦਹਨ ਵਾਂਗ ਅੱਗ ਦੀ ਨਜਰ ਕਰ ਰਹੀਆਂ ਹਨ, ਪੂਰੇ ਜੋਸੋ-ਖਰੋਸ ਨਾਲ ਗੀਤ ਉਚਾਰਦੀਆਂ ਆਪਣੀਆਂ ਲੰਮੀਆਂ-ਲੰਮੀਆਂ ਗੁੱਤਾਂ-ਚੋਟੀਆਂ-ਜੁਲਫਾਂ ਨੂੰ ਕੈਂਚੀ ਦੀ ਨਜਰ ਕਰਦੀਆਂ ਇਹਨਾਂ ਨੂੰ ਵੀ ਬੁਰਕਿਆਂ ਦੇ ਨਾਲ ਹੀ ਦਹਨ ਕਰ ਰਹੀਆਂ ਹਨ।

ਦਰਅਸਲ ਇਹ ਰੋਸ ਮੁਜਾਹਰੇ 16 ਸਤੰਬਰ, 2022 ਨੂੰ ਇਰਾਨ ਦੇ ਕੁਰਦ ਬਹੁਲ ਸੂਬੇ ਦੇ ਸਹਿਰ ਸਾਜੇਗ ਦੀ ਰਹਿਣ ਵਾਲੀ 22 ਸਾਲਾ ਕੁਰਦ ਮੁਟਿਆਰ ਮਹਸਾ ਅਮੀਨੀ ਦੇ ਇਰਾਨ ਦੇ ਧਾਰਮਕ ਕੱਟੜਵਾਦੀ ਹਾਕਮਾਂ ਵੱਲੋਂ ਗਠਿਤ ਕੀਤੀ ਗਈ ਅਖੌਤੀ “ਅਖਲਾਕੀ ਪੁਲੀਸ” (ਮੌਰੈਲਿਟੀ ਪੁਲੀਸ) ਵੱਲੋਂ ਤਸੀਹੇ ਦੇ ਕੇ ਜਾਨੋਂ ਮਾਰ ਦਿੱਤੇ ਜਾਣ ਤੋਂ ਬਾਅਦ ਸੁਰੂ ਹੋਏ। ਬੀਬੀ ਮਹਸਾ ਦਾ ਕਸੂਰ ਸਿਰਫ ਐਨਾ ਹੀ ਸੀ ਕਿ ਉਹਨੇ ‘ਸਹੀ’ ਢੰਗ ਨਾਲ ਬੁਰਕਾ ਨਹੀਂ ਪਹਿਨਿਆ ਹੋਇਆ ਸੀ। ਇਹਨਾਂ ਮੁਜਾਹਰਿਆਂ ’ਚ ਸੁਰੂ ਸੁਰੂ ’ਚ ਭਾਵੇਂ ਔਰਤਾਂ ਦੀ ਸਮੂਲੀਅਤ ਪ੍ਰਮੁੱਖਤਾ ਨਾਲ ਹੁੰਦੀ ਸੀ ਪਰ ਹੌਲੀ-ਹੌਲੀ ਇਹ ਰੈਲੀਆਂ ਮੁਜਾਹਰੇ ਲੋਕ ਰੋਹ ਦੇ ਫੁਟਾਰੇ ਬਣ ਕੇ ਉੱਭਰੇ, ਦਿਹਨਾਂ ’ਚ ਔਰਤਾਂ ਦੇ ਨਾਲ-ਨਾਲ ਮਰਦਾਂ ਦੀ ਸਮੂਲੀਅਤ ਵੀ ਕਿਤੇ ਵਧੇਰੇ ਹੋ ਰਹੀ ਹੈ। ਹੁਣ ਤੱਕ ਇਹਨਾਂ ਰੋਸ ਮੁਜਾਹਰਿਆਂ ’ਚ 95 ਦੇ ਕਰੀਬ ਔਰਤਾਂ-ਮਰਦਾਂ ਦੀ ਮੌਤ ਪੁਲੀਸ ਦੀ ਗੋਲੀਬਾਰੀ ’ਚ ਹੋ ਚੁੱਕੀ ਹੈ। ਪਰ ਪੁਲੀਸ ਦੀਆਂ ਇਹ ਬੁਜਦਿਲਾਨਾ ਹਰਕਤਾਂ ਲੋਕਾਂ ਦੇ ਹੜ੍ਹ ਨੂੰ ਠੱਲ੍ਹ ਨਹੀਂ ਪਾ ਸਕੀਆਂ ਅਤੇ ਇਹ ਭਾਂਬੜ ਦਿਨ-ਬ-ਦਿਨ ਹੋਰ ਵਧੇ ਕੇ ਉੱਚੇ ਉੱਠਦੇ ਜਾ ਰਹੇ ਹਨ।

ਹਿਜਾਬ ਵਿਰੋਧੀ ਇਹਨਾਂ ਪਰਦਰਸਨਾਂ ’ਚ ਮਰਦਾਂ ਦੀ ਸਮੂਲੀਅਤ ਇੱਕ ਸੁੱਭ ਸਗਨ ਹੈ, ਜਿਹੜੀ ਕਿ ਇਸ ਗੱਲ ਨਾਲ ਜੋੜ ਕੇ ਵੀਲ ਦੇਖੀ ਜਾ ਸਕਦੀ ਹੈ ਕਿ ਇਹਨਾਂ ਪ੍ਰਦਰਸਨਾਂ ਦੀ ਸਿਗਨੇਚਰ ਟਿਊਨ (ਮੁੱਖ ਬੁਲੰਦ ਧੁਨੀ) ਦੇ ਤੌਰ ’ਤ ਮਕਬੂਲ ਹੋਇਆ ਗੀਤ 25 ਸਾਲਾ ਨੌਜਵਾਨ ਸੇਰਵਿਨ ਹਾਜੀਪੋਰ ਨੇ ਗਾਇਆ ਸੀ। ਸੋਸ਼ਲ ਮੀਡੀਆ ’ਤੇ ਫਾਰਸੀ ਜੁਬਾਨ ’ਚ ਦਿਲ ਦੀਆਂ ਗਹਿਰਾਈਆਂ ਤੱਕ ਧੂਹ ਪਾਉਣ ਵਾਲੇ ਇਸ ਵੀਡੀਓ ਗੀਤ ਨੂੰ ਦੁਨੀਆ ਦੇ 15 ਕਰੋੜ ਲੋਕਾਂ ਨੇ ਵਾਚਿਆ ਹੈ। ਵਰਣਨ ਯੋਗ ਹੈ ਕਿ ਇਸ ਗੀਤ ਨੂੰ ਰਿਲੀਜ ਕੀਤੇ ਜਾਣ ਤੋਂ ਫੌਰੀ ਬਾਅਦ ਹੀ ਸੇਰਵਿਨ ਨੂੰ ਪੁਲੀਸ ਨੇ ਹਿਰਾਸਤ ’ਚ ਲੈ ਲਿਆ ਸੀ।

“ਜਾਨ, ਜ਼ਿੰਦਗੀ, ਆਜਾਦੀ” (ਔਰਤਾਂ, ਜ਼ਿੰਦਗੀ, ਆਜ਼ਾਦੀ) ਅਤੇ “ਨਾ ਮੁੱਲਾ, ਨਾ ਸਾਹ, ਬਸ ਜਮਹੂਰੀਅਤ” ਦੇ ਨਾਹਰਿਆਂ ਹੇਠ ਲਾਮਬੰਦ ਹੋਏ ਇਹ ਆਪਮੁਹਾਰੇ ਮੁਜਾਹਰੇ ਇੱਕ ਹੋਰ ਨਾਅਰੇ- ਡਿਕਟੇਟਰ ਨੂੰ ਫਾਹੇ ਲਾਓ- ਦੀ ਗੂੰਜ ਨਾਲ ਹੋਰ ਵਧੇਰੇ ਵਿਆਪਕ ਹੋਏ ਹਨ। ਇਹ ਮੁਜਾਹਰੇ ਖਾਮੇਨਾਈ ਵਿਰੋਧੀ ਰੁਖ ਧਾਰ ਚੁੱਕੇ ਹਨ। ਆਪਣੀ ਪੀੜ੍ਹੀ ਹੇਠ ਸੋਟੀ ਫੇਰਨ ਦੀ ਬਜਾਏ ਇਰਾਨ ਦੇ ਆਇਤਉੱਲਾ ਖਾਮੇਨਾਈ ਦੀ ਅਗਵਾਈ ਹੇਠਲੀ ਧਾਰਮਕ ਕੱਟੜਵਾਦੀ ਹਾਕਮ ਜੁੰਡੀ ਅਜਿਹੇ ਪ੍ਰਦਰਸ਼ਨਾਂ ਪਿੱਛੇ ਅਮਰੀਕਾ ਅਤੇ ਇਜਲਾਈਲ ’ਤੇ ਦੋਸ ਮੜ੍ਹਣ ਅਤੇ ਇਹਨਾਂ ਪਿੱਛੇ ਵਿਦੇਸੀ ਹੱਥ ਹੋਣ ਦਾ ਰਾਗ ਅਲਾਪ ਰਹੀ ਹੈ। ਆਇਤਉੱਲਾ ਖਾਮੇਨਾਈ ਦੀ ਅਗਵਾਈ ਹੇਠਲੀ ਇਹ ਜੁੰਡੀ 1989 ’ਚ ਆਇਤਉੱਲਾ ਖੋਮੈਨੀ ਦੇ ਇੰਤਕਾਲ ਤੋਂ ਬਾਅਦ ਸੱਤ੍ਹਾ ’ਚ ਆਈ ਸੀ। ਇੱਥੇ ਇਹ ਕਹਿਣਾ ਵੀ ਕੁਥਾਂ ਨਹੀਂ ਹੈ ਕਿ ਇਸ ਦੇਸ ਅੰਦਰ ਇਸਾਈਆਂ ਦੇ ਧਰਮ ਗੁਰੂ ਪੋਪ ਵਾਂਗ ਵੈਟੀਕਨ ਦੀ ਤਰਜ ’ਤੇ ਹੀ ਧਾਰਮਕ ਮੁਖੀ ਹੀ ਰਿਆਸਤ ਦਾ ਮੁਖੀ ਵੀ ਹੁੰਦਾ ਹੈ।

ਇਸਰਾਨ ਦੇ ਮੌਜੂਦਾ ਇਤਿਹਾਸ ’ਤੇ ਨਿਗਾਹ ਮਾਰਿਆਂ ਪਤਾ ਲੱਗਦਾ ਹੈ ਕਿ 1953 ’ਚ ਇਰਾਨੀ ਲੋਕਾਂ ਨੇ ਸਾਹ ਰਜਾ ਪਹਿਲਵੀ ਦੀ ਅਗਵਾਈ ਵਾਲੀ ਇੱਕਪੁਰਖਾ ਰਾਜਾਸਾਹੀ ਦਾ ਤਖਤਾ ਪਲਟਕੇ ਰਿਪਬਲਿਕ ਰਾਜ ਦੀ ਸਥਾਪਨਾ ਕੀਤੀ ਸੀ ਅਤੇ ਮੁਸਦਵੇਗ ਦੀ ਅਗਵਾਈ ਹੇਠ ਸਰਕਾਰ ਕਾਇਮ ਕੀਤੀ ਸੀ। ਪਰ ਜਿਓਂ ਹੀ ਇਸ ਸਰਕਾਰ ਨੇ ਅਮਰੀਕੀ ਮਾਲਕੀ ਵਾਲੀਆਂ ਕੰਪਨੀਆਂ ਨੂੰ ਆਪਣੇ ਅਧਿਕਾਰ ਹੇਠ ਲੈਣਾ ਸੁਰੂ ਕੀਤਾ ਤਾਂ ਸਾਮਰਾਜੀਆਂ ਨੂੰ ਇਸ ਸਰਕਾਰ ਦੇ ਇਹ ਕਦਮ ਮੁਆਫਕ ਨਾ ਆਏ ਅਤੇ ਉਹਨਾਂ ਨੇ ਫੌਜ ਨੂੰ ਆਪਣੇ ਨਾਲ ਮਿਲਾਕੇ ਇਸ ਹਕੂਮਤ ਦਾ ਤਖਤਾ ਪਲਟ ਦਿੱਤਾ ਅਤੇ ਮੁੜ ਸਾਹ ਰਜਾ ਪਹਿਲਵੀ ਨੂੰ ਗੱਦੀ ਨਸੀਨ ਕਰ ਦਿੱਤਾ।

ਸਾਹ ਦੇ ਰਾਜ-ਭਾਗ ਦੌਰਾਨ ਇਸਦੇ ਉਦਾਰਵਾਦੀ ਹੋਣ ਦੇ ਜਿਹੜੇ ਸੋਹਲੇ ਪੱਛਮੀ ਸਾਮਰਾਜੀ ਮੀਡੀਆ ਤੇ ਸੋਸਲ ਮੀਡੀਆ ’ਤੇ ਅੱਜ ਘੁੰਮ ਰਹੇ ਹਨ, ਉਹ ਸੁੱਖ ਸਹੂਲਤਾਂ ਉੱਚ ਵਰਗੀ ਅਮੀਰ ਤਬਕੇ ਦੇ ਇੱਕ ਨਿੱਕੇ ਜਿਹੇ ਹਿੱਸੇ ਨੂੰ ਹੀ ਨਸੀਬ ਸਨ। ਹਕੀਕਤ ਇਹ ਹੈ ਕਿ ਅਜਿਹੀਆਂ ਸੁੱਖ-ਸਹੂਲਤਾਂ ਤੋਂ ਆਮ ਇਰਾਨੀ ਜਨਤਾ ਅਣਜਾਣ ਸੀ ਅਤੇ ਆਪਣੀ ਮਸਤੀ ’ਚ ਹੀ ਰਹਿੰਦੀ ਸੀ। ਖਾਸਕਰ ਔਰਤਾਂ ਦੇ ਜੋ ਨਿੱਕ-ਨਿੱਕੇ ਪਹਿਰਾਵੇ ਜੋ ਪ੍ਰਦਰਸਤ ਕੀਤੇ ਜਾਂਦੇ ਹਨ, ਉਹਨਾਂ ਰਾਹੀਂ ਇਹ ਪ੍ਰਭਾਵ ਦੇਣ ਦੀ ਕੋਸ਼ਿ?ਸ ਕੀਤੀਜਾ ਰਹੀ ਹੈ ਕਿ ਸਾਰੀਆਂ ਔਰਤਾਂ ਹੀ ਆਪਣੀ ਮਰਜੀ ਨਾਲ ਹੀ ਇਓਂ ਦਾ ਖੁੱਲ੍ਹਾਂ ਵਾਲਾ ਜੀਵਨ ਬਤੀਤ ਕਰਦੀਆਂ ਸਨ। ਪਰ ਹਕੀਕਤ ਇਹ ਹੈ ਕਿ ਕਿਸੇ ਕਿਸਮ ਦੇ ਫੈਸਨੇਬਲ ਕੱਪੜਿਆਂ ਦੀ ਗੱਲ ਤਾਂ ਦੂਰ ਰਹੀ, ਉਹ ਤਾਂ ਘੋਰ ਗਰੀਬੀ ਅਤੇ ਨਰਕੀ ਹਾਲਤਾਂ ਵਾਲੀ ਜ਼ਿੰਦਗੀ ਜਿਓਂ ਰਹੇ ਸਨ। ਅਖੀਰ ਨੂੰ 70ਵਿਆਂ ਦੇ ਅਖੀਰ ’ਚ ਲੋਕ ਵਿਦਰੋਹ ਨੇ ਸਾਹ ਦਾ ਤਖਤਾ ਪਲਟ ਦਿੱਤਾ। ਚੇਤੇ ਰੱਖਣਾ ਹੋਵੇਗਾ ਕਿ ਅਜਿਹੇ ਮੌਰਾਮੇਲ ’ਤੇ ਸੋਧਵਾਦੀ ਸੋਵੀਅਤ ਰੂਸ ਦੇ ਦਿਸਾ ਨਿਰਦੇਸਾਂ ਏਦਾਂ ਪਾਲਣ ਕਰਨ ਵਾਲੀ ਤੂਦੇਹ ਪਾਰਟੀ ਮਜਦੂਰ ਜਮਾਤ ਦਾ ਰਾਜ ਸਥਾਪਤ ਕਰਨ ’ਚ ਨਾਕਾਮ ਰਹੀ। ਅਜਿਹੇ ਖਲਾਅ ਵਾਲੇ ਮਾਹੌਲ ਨੂੰ ਪੂਰਨ ਲਈ ਪੈਰਿਸ ’ਚ ਬੈਠੇ ਸਾਮਰਾਜ ਦੇ ਮੋਹਰੇ ਆਇਤਉੱਲਾ ਖੋਮੈਨੀ ਨੂੰ ਅੱਗੇ ਲਿਆਂਦਾ ਗਿਆ। ਸਾਮਰਾਜ ਦੇ ਪਿੱਠਠੋਕੂ ਮੀਡੀਆ ਨੇ ਖੋਮੈਨੀ ਦੇ ਹੱਕ ’ਚ ਇਹ ਧੂੰਆਂਧਾਰ ਪ੍ਰਚਾਰ ਵਿੱਢਿਆ ਕਿ ਇਸਲਾਮ ਧਰਮ ਮਜਦੂਰਾ ਦਾ ਹਮਾਇਤੀ ਹੈ, ਮੁਹੰਮਦ ਸਾਹਬ ਦਾ ਮਜਦੂਰ ਦਾ ਪਸੀਨਾ ਸੁੱਕਣ ਤੋਂ ਪਹਿਲਾਂ ਹੀ ਮਜਦੂਰੀ ਭੁਗਤਾਨ ਕਰਨ ਦਾ ਕਥਨ ਵੀ ਖੂਬ ਧੁੰਮਾਇਆ ਗਿਆ। ਖੋਮੈਨੀ ਨੇ ਸਾਮਰਾਜੀ ਮੀਡੀਆ ਨੂੰ ਆਪਣੇ ਬਿਆਨਾਂ ਰਾਹੀਂ ਮਜਦੂਰਾਂ ਨੂੰ ਭਰਮਾਇਆ ਕਿ ਉਹਨਾਂ ਦੇ ਇਸਲਾਮੀ ਰਾਜ ’ਚ ਯੂਨੀਅਨ ਬਣਾਉਣ ਤੋਂ ਲੈ ਕੇ ਉਚਿਤ ਮਜਦੂਰੀ, ਸੁਰੱਖਿਆ ਅਤੇ ਤਮਾਮ ਕਲਿਆਣਕਾਰੀ ਯੋਜਨਾਵਾਂ ਰਾਹੀਂ ਕਿਰਤ ਕਾਨੂੰਨਾਂ ਰਾਹੀਂ ਦਿੱਤੇ ਅਧਿਕਾਰਾਂ ਦੀ ਗਾਰੰਟੀ ਪ੍ਰਦਾਨ ਕੀਤੀ ਜਾਵੇਗੀ। ਅੰਤ ’ਚ ਅਜਿਹੇ ਕੁਪ੍ਰਚਾਰ ਦੀ ਬਦੌਲਤ ਖੋਮੈਨੀ ਨੇ ਪੈਰਿਸ ਤੋਂ ਤਹਿਰਾਨ ਆਕੇ ਸੱਤ੍ਹਾ ਹਥਿਆਈ ਅਤੇ ਲੋਕਾਈ ’ਤੇ ਜੁਲਮ ਢਾਹੁਣ ਆਰੰਭ ਦਿੱਤੇ।

ਉਦੋਂ ਤੋਂ ਲੈ ਕੇ ਹੀ ਇਹਨਾਂ ਪਿਛਾਂਹ-ਖਿੱਚੂ ਅਨਸਰਾਂ ਨੇ ਔਰਤਾਂ ਦਾ ਨੱਕ ’ਚ ਦਮ ਕਰ ਰੱਖਿਆ ਹੈ। ਸੱਤ੍ਹਾ ’ਚ ਆਉਂਦਿਆਂ ਹੀ ਇਹਨਾਂ ਨੇ ਘਰ ਦੀ ਚਾਰ ਦੀਵਾਰੀ ਤੋਂ ਬਾਹਰ ਕਿਸੇ ਵੀ ਕਿਸਮ ਦੇ ਅੰਗ ਪ੍ਰਦਰਸਨ ’ਤੇ ਸਖਤ ਪਾਬੰਦੀਆਂ ਆਇਦ ਕੀਤੀਆਂ ਹੋਈਆਂ ਹਨ। ਸੜਕਾਂ ’ਤੇ ਚੱਲਦੇ-ਫਿਰਦਿਆਂ, ਸਕੂਲ ਦਫਤਰ ਆਉਂਦੇ-ਜਾਂਦਿਆਂ, ਦੁਕਾਨਾਂ , ਮਾਲਾਂ ’ਤੇ ਖਰੀਦਾਰੀ ਕਰਦਿਆਂ ਔਰਤਾਂ ਨੂੰ ਇਹਨਾਂ ਜਾਬਰ ਹੁਕਮਾਂ ਦੀ ਕਰੜਾਈ ਨਾਲ ਪਾਬੰਦ ਰਹਿਣਾ ਲਾਜਮੀ ਕੀਤਾ ਹੋਇਆ ਹੈ। ਅਜਿਹੇ ਹੁਕਮਾਂ ਦੀ ਹੁਕਮ-ਅਦੂਲੀ ਕਰਨਾ- ਖੁਦਾ ਖਿਲਾਫ ਗੁਨਾਹ (ਈਸਨਿੰਦਾ) ਕਰਾਰ ਦਿੱਤਾ ਹੋਇਆ ਹੈ। ਅਜਿਹੀ ਹੁਕਮ-ਅਦੂਲੀ ਦੀ ਸਜਾ ਸਰ੍ਹੇ ਬਾਜਾਰ ਕੋਰੜੇ ਮਾਰਨ ਤੋਂ ਲੈ ਕੇ ਫਾਂਸੀ ’ਤੇ ਲਟਕਾਏ ਜਾਣ ਦੀ ਵੀ ਹੋ ਸਕਦੀ ਹੈ। ਇਸ ਕਾਨੂੰਨ ਦੀ ਸਖਤੀ ਨਾਲ ਪਾਲਨਾ ਨੂੰ ਯਕੀਨੀ ਬਣਾਉਣ ਲਈ ਇੱਕ “ਅਖਲਾਕੀ ਪੁਲੀਸ” ਦਾ ਗਠਣ ਕੀਤਾ ਹੋਇਆ ਹੈ। ਇਹ ਪੁਲੀਸ ਅਜਿਹੀਆਂ ‘ਨਾਪਾਕ’ ਔਰਤਾਂ ਦੀ ਸਨਾਖਤ ਆਪ ਹੀ ਕਰਦੀਆਂ ਹਨ, ਉਹਨਾਂ ’ਤੇ ਮੁਕੱਦਮੇ ਵੀ ਆਪ ਹੀ ਚਲਾਉਂਦੀਆਂ ਹਨ ਅਤੇ ਫਿਰ ਸਜਾ ਵੀ ਆਪ ਹੀ ਮੁਕੱਰਰ ਕਰਦੀਆਂ ਹਨ, ਅਤੇ ਅਜਿਹੀ ਸਜਾ ਨੂੰ ਆਪ ਖੁਦ ਹੀ ਅੰਜਾਮ ਦਿੰਦੀਆਂ ਹਨ। ਹਕੂਮਤੀ ਸਹਿ ’ਤੇ ਸ਼ਿ?ਸਕਾਰੇ ਹਰਲ-ਹਰਲ ਕਰਦੇ ਫਿਰਦੇ ਅਜਿਹੇ ਟੋਲੇ ਕਿਸੇ ਵੀ ਰਾਹ ਜਾਂਦੀ ਔਰਤ ਦੇ ਕਿਸੇ ਵੀ ਅੰਗ ਦੇ ਭੋਰਾ ਭਰ ਵੀ ਦਿਖਾਈ ਦੇ ਜਾਣ ’ਤੇ ਉਹਨੂੰ ਸਜਾ ਦੇ ਅੰਜਾਮ ਤੱਕ ਪਹੁੰਚਾਉਣ ਦੀ ਤਾਕ ’ਚ ਰਹਿੰਦੀਆਂ ਹਨ। ਔਰਤਾਂ ਦੇ ਮਨੁੱਖੀ ਤੇ ਜਮਹੂਰੀ ਹੱਕਾਂ ਨੂੰ ਸਰ੍ਹੇਆਮ ਪੈਰਾਂ ਹੇਠ ਲਿਤਾੜਣ ਦੇ ਅਜਿਹੇ ਮਜਹਬੀ ਕਾਇਦਿਆਂ ਤਹਿਤ ਇਰਾਨ ਦੀਆਂ ਹਜਾਰਾਂ ਔਰਤਾਂ ਸਖਤ ਸਜਾਵਾਂ ਭੁਗਤ ਚੁੱਕੀਆਂ ਹਨ।

ਮਜਹਬੀ ਲਬਾਦੇ ਹੇਠ ਛੁਪੇ ਪਿੱਤਰਸੱਤ੍ਹਾ ਦੀ ਪਿੱਠ ਠੋਕਦੇ ਅਜਿਹੇ ਕਾਇਦੇ 21ਵੀਂ ਸਦੀ ਦੇ ਘਿਣਾਉਣੇ ਕਾਇਦਿਆਂ ’ਚੋਂ ਹਨ। ਸੰਯੁਕਤ ਰਾਸਟਰ ਵੱਲੋਂ ਜਾਰੀ ਮਨੁੱਖੀ ਅਧਿਕਾਰਾਂ ਦੇ ਆਲਮੀ ਐਲਾਨਨਾਮੇ (ਯੁਨਾਈਟਡ ਨੇਸਨਜ ਡੈਕਲਾਰੇਸਨ ਆਫ ਹਿਊਮਨ ਰਾਈਟਸ) ਦੀ ਵੀ ਸਰ੍ਹੇਆਮ ਉਲੰਘਣਾ ਹੈ।

ਇਰਾਨ ਘੁੰਮਣ ਗਏ ਕਾਫੀ ਵਿਅਕਤੀਆਂ ਦਾ ਕਹਿਣਾ ਹੈ ਕਿ ਇਰਾਨ ਦੀਆਂ ਪੜ੍ਹੀਆਂ-ਲਿਖੀਆਂ ਔਰਤਾਂ ਹਿਜਾਬ ਪਹਿਨਣ ਨੂੰ ਪਸੰਦ ਨਹੀਂ ਕਰਦੀਆਂ, ਪਰ ਮਜਬੂਰੀ ਵੱਸ ਅਤੇ ਅਖਲਾਕੀ ਪੁਲੀਸ ਦੇ ਹੱਥੇ ਚੜ੍ਹਣ ਦੇ ਡਰੋਂ ਉਹ ਅਜਿਹਾ ਕਰਦੀਆਂ ਹਨ। ਭਾਵੇਂ ਕਿ ਉਹਵਨਾਂ ’ਚੋਂ ਬਹੁਤੀਆਂ ਨੇ ਆਪੋ-ਆਪਣੇ ਢੰਗ-ਤਰੀਕਿਆਂ ਨਾਲ ਅਜਿਹੇ ਹੁਕਮਾਂ ਦੀ ਖ਼ਿ?ਲਾਫਤ ਕੀਤੀ ਹੈ। ਹੁੰਦਾ ਇਹ ਹੈ ਕਿ ਜਦੋਂ ਵੀ ਕਦੇ ਔਰਤਾਂ ‘ਅਖਲਾਕੀ ਪੁਲੀਸ’ ਦੇ ਘੇਰੇ ਤੋਂ ਬਾਹਰਨਿਕਲ ਕਿਸੇ ਸੁਰੱਖਿਅਤ ਮਾਹੌਲ ’ਚ ਪਹੁੰਚ ਗਈਆਂ ਹਨ ਤਾਂ ਉਹ ਆਪਣੇ ਬੁਰਕਿਆਂ ਨੂੰ ਪਰ੍ਹਾਂ ਵਗਾਹ ਮਾਰਦੀਆਂ ਹਨ ਅਤੇ ਕਈ ਮੌਕਿਆਂ ’ਤੇ ਤਾਂ ਇਹ ਕੋਈ ਤਾਅਜੁਬ ਵਾਲੀ ਗੱਲ ਨਹੀਂ ਹੈ ਕਿ ਬੁਰਕਿਆਂ ਤੋਂ ਬਾਹਰ ਨਿਕਲ ਉਹ ਸਿੱਧੀਆਂ ਹੀ ਬਿਕਨੀਆਂ ’ਚ ਆ ਜਾਂਦੀਆਂ ਹਨ।

ਇਹ ਗੱਲ ਵੀ ਯਾਦ ਰੱਖਣ ਵਾਲੀ ਹੈ ਕਿ ਇਸਲਾਮ ਦੇ ਮਜਹਬੀ ਅਕੀਦੇ ਕਿਸੇ ਵੀ ਤਰ੍ਹਾਂ ਨਾਲ ਬੁਰਕਾ ਪਹਿਨਣ ਨੂੰ ਲਾਜਮੀ ਕਰਾਰ ਨਹੀਂ ਦਿੰਦੇ। ਅੱਗੇ ਇਹ ਵੀ ਚਿਤਾਰਨਾ ਜਰੂਰੀ ਹੈ ਕਿ ਭਾਰਤ ਦੇ ਧਾਰਮਕ ਕੱਟੜਵਾਦੀ ਵੀ ਗਾਹੇ-ਬਗਾਹੇ ਔਰਤਾਂ ’ਤੇ ਅਜਿਹੀਆਂ ਪਾਬੰਦੀਆਂ ਆਇਦ ਕਰਨ ਦੇ ਹੁਕਮਨਾਮੇ ਜਾਰੀ ਕਰਨਤੋਂ ਬਾਜ ਨਹੀਂ ਆਉਂਦੇ। ਔਰਤਾਂ ਦੇ ਇੱਕ ਆਜਾਦ ਵਿਅਕਤੀ ਵਾਂਗਰਾ ਵਿੱਚਰਣਾ ਉਹਨਾਂ ਲੋਕਾਂ ਦੇ ਮਨਾਂ ’ਚ ਰਮੀਂ ਪਈ ਪਿੱਤਰਸੱਤ੍ਹਾ ਨੂੰ ਇੱਕ ਚੁਣੌਤੀ ਹੈ। ਉਹ ਹਰ ਹੀਲੇ ਆਪਣੀ ਪਿੱਤਰਸੱਤ੍ਹਾ ਵਾਲੀ ਪੁੱਗਤ ਬਣਾਈ ਰੱਖਣ ਲਈਇਲਟਾਪੀਂਘ ਹੋਏ ਰਹਿੰਦੇ ਹਨ। ਉਹ ਹਰ ਇੱਕ ਔਰਤ ਨੂੰ ਕਾਮ ਦੇ ਪ੍ਰਤਿਬਿੰਬ ਰਾਹੀਂ ਦੇਖਦੇ ਹਨ ਅਤੇ ਐਦੂੰ ਵੱਧਕੇ ਔਰਤਾਂ ਵੱਲੋਂ ਸਮਾਜ ਅੰਦਰ ਪਾਏ ਜਾਣ ਵਾਲੇ ਯੋਗਦਾਨ ਨੂੰ ਨਕਾਰਦੇ ਹਨ।

ਹਿਜਾਬ ਦੇ ਵਿਰੋਧ ’ਚ ਹੋ ਰਹੇ ਮੌਜੂਦਾ ਮੁਜਾਹਰੇ ਕੋਈ ਪਹਿਲੀ ਵਾਰ ਨਹੀਂ ਹੋਏ। 2019 ’ਚ ਪੈਟਰੋਲੀਅਮ ਪਦਾਰਥਾਂ ਦੀਆਂ ਕੀਮਤਾਂ ’ਚ ਹੋਏ ਵਾਧੇ ਖਿਲਾਫ ਵੀ ਮੁਜਾਹਰੇ ਹੋਏ ਸਨ। ਇਹਨਾਂ ’ਤੇ ਢਾਹੇ ਗਏ ਤਸੱਦਦ ਦੌਰਾਨ ਅਨੇਕਾਂ ਵਿਅਕਤੀ ਮਾਰੇ ਗਏ ਸਨ। ਮੌਜੂਦਾ ਮੁਜਾਹਰਿਆਂ ਦੀ ਖਾਸੀਅਤ ਦੇਖਣ ਵਾਲੀ ਹੈ। ਮਹਸਾ ਅਮੀਨੀ ਇੱਕ ਤਾਂ ਕੁਰਦ ਘੱਟ-ਗਿਣਤੀ ਤਬਕੇ ਨਾਲ ਸਬੰਧ ਰੱਖਦੀ ਹੈ ਅਤੇ ਨਾਲ ਹੀ ਉਹ ਮਿਹਨਤਕਸਾਂ ਦੀ ਬਹੁਗਿਣਤੀ ਵਾਲੇ ਸਹਿਰ ਸਾਜੇਗ ਦੀ ਰਹਿਣ ਵਾਲੀ ਹੈ। ਉਹਦੇ ਕਤਲ ਖਿਲਾਫ ਔਰਤਾਂ ਦੇ ਨਾਲ-ਨਾਲ ਬਹੁਤ ਸਾਰੀਆਂ ਇਰਾਨੀ ਮਜਦੂਰ ਜੱਥੇਬੰਦੀਆਂ ਵੀ ਉਹਦੇ ਕਤਲ ਖਿਲਾਫ ਮੈਦਾਨ ’ਚ ਆਣ ਡਟੀਆਂ। ਟਰੇਡ ਯੂਨੀਅਨਾਂ ਦੀ ਕੋਆਰਡੀਨੇਸਨ ਕੌਂਸਲ ਵੀ ਦੋ ਵਾਰੀ ਹੜਤਾਲ ਦੇ ਸੱਦੇ ਦੇ ਚੁੱਕੀ ਹੈ। ਆਪਣੀਆਂ ਤਨਖਾਹਾਂ ’ਚ ਵਾਧੇ ਦੀ ਮੰਗਨੂੰ ਲੈ ਕੇ ਪਿਛਲੇ ਸਾਲ ਦਸੰਬਰ 21 ’ਚ ਆਪਣੀ ਭਰਵੀਂ ਲੜਾਈ ਲੜਣ ਵਾਲੇ ਅਧਿਆਪਕ ਵੀ ਇਸ ਸੰਘਰਸ ਦੌਰਾਨ ਆਪਣੀਆਂ ਵਿਦਿਆਰਥਣਾਂ ਦੀਆਂ ਪ੍ਰੋਗਰੈਸਿਵ ਸਟੂਡੈਂਟ ਕੌਂਸਲ ਵਰਗੀਆਂ ਮੋਹਰੀ ਜੱਥੇਬੰਦੀਆਂ ਸੰਗ ਖੜ੍ਹੇ ਹਨ। ਕੈਸਪੀਅਨ ਸਾਗਰ ਦੇ ਕਿਨਾਰੇ ਸਥਿਤ ਪੈਟਰੋਲੀਅਮ ਪਦਾਰਥਾਂ ਦੀ ਆਇਲ ਕਾਂਨਟਰੈਕਟਰ ਵਰਕਰਜ ਯੂਨੀਅਨ ਵੀ ਹੜਤਾਲ ’ਤੇ ਜਾਣ ਦੀ ਗੱਲ ਕਰ ਰਹੀ ਹੈ। ਇਓਂ ਇਹ ਵਿਰੋਧ ਸਿਰਫ ਹਿਜਾਬ ਪਹਿਣਨ/ਨਾ ਪਹਿਣਨ ਦੇ ਹੱਕ ਤੱਕ ਮਹਿਦੂਦ ਨਾ ਰਹਿਕੇ ਬਹੁਗਿਣਤੀ ਮਿਹਨਤੀ ਲੋਕਾਂ ਦੀਆਂ ਰੋਜਮੱਰ੍ਹਾ ਦੀਆਂ ਤਕਲੀਫਾਂ ਖਿਲਾਫ ਆਜਾਦੀ ਜਮਹੂਰੀਅਤ ਤੇ ਮਜਦੂਰ ਜਮਾਤ ਦੇ ਅਧਿਕਾਰਾਂ ਨੂੰ ਹਾਸਲ ਕਰਨ ਦੀ ਲੜਾਈ ਬਣ ਗਿਆ ਹੈ। ਪਰ ਇਹ ਅੰਦੋਲਨ ਇਸਲਾਮ ਵਿਰੋਧੀ ਵੀ ਨਹੀਂ ਹੈ- ਇਹ ਸਿਰਫ ਧਰਮ ਦੀ ਆੜ ਹੇਠ ਹਿਜਾਬ ਪਹਿਣਨ ਨੂੰ ਲਾਜਮੀ ਬਣਾਉਣ ਅਤੇ ਨਾ ਪਹਿਣਨ ’ਤੇ ਸਖਤ ਸਜਾਵਾਂ ਦੇਣ ਦੇ ਖਿਲਾਫ ਹੈ। ਇਹੀ ਕਾਰਨ ਹੈ ਕਿ ਅੱਜ ਇਰਾਨ ਦੇ ਬਹੁਤ ਸਾਰੇ ਧਾਰਮਕ ਵਿਚਾਰਾਂ ਵਾਲੇ ਲੋਕ ਵੀ ਇਸ ਅੰਦੋਲਨ ਦਾ ਹਿੱਸਾ ਬਣੇ ਹੋਏ ਹਨ।

ਇਰਾਨ ਵਿਚਲੇ ਅਜਿਹੇ ਹਾਲਾਤ ਦੇ ਮੱਦੇਨਜਰ ਆਲਮੀ ਭਾਈਚਾਰੇ ਨੂੰ ਇਰਾਨ ਦੇ ਬਹਾਦਰ ਲੋਕਾਂ ਵੱਲੋਂ ਮੁਲਾਨਿਆਂ ਦੀ ਪਿਛਾਖੜੀ ਹਕੂਮਤ ਖਿਲਾਫ ਇਸ ਸੰਘਰਸ ਨਾਲ ਇੱਕਜੁੱਟਤਾ ਦਾ ਪ੍ਰਗਟਾਵਾ ਕਰਨਾ ਚਾਹੀਦਾ ਹੈ। ਅਤੇ ਨਾਲ ਹੀ ਇਸ ਸੰਘਰਸ ਦੀ ਹਮਾਇਤ ਵੀ ਕਰਨੀ ਚਾਹੀਦੀ ਹੈ।

ਅਜਿਹੀ ਹਮਾਇਤ ਕਰਨ ਲਈ ਸਾਨੂੰ ਭਾਰਤ ਅੰਦਰਲੀਆਂ ਧਾਰਮਕ ਕੱਟੜਪੰਥੀ ਸਕਤੀਆਂ ਦੀ ਸਨਾਖਤ ਕਰਨੀ ਚਾਹੀਦੀ ਹੈ। ਅਜਿਹੀਆਂ ਪਿਛਾਂਹਖਿੱਚੂ ਸਕਤੀਆਂ ਗਾਹੇ-ਬਗਾਹੇ ਆਪਣੀਆਂ ਸਿਰੀਆਂ ਚੁੱਕਦੀਆਂ ਰਹਿੰਦੀਆਂ ਹਨ- ਇਹ ਕਿਸੇ ਵੀ ਭੇਸ ’ਚ ਹੋ ਸਕਦੀਆਂ ਹਨ। ਕਿਸੇ ਵੀ ਰੰਗ ਦੇ ਧਰਮ ਦਾ ਲਬਾਦਾ ਪਹਿਣਕੇ ਅਜਿਹੇ ਅਨਸਰ ਅਕਸਰ ਹੀ ਆਮ ਲੋਕਾਂ ਦੇ ਜਿਓਣ ਤੋਂ ਵਿੱਚਰਨ ਦੇ ਮਨੁੱਖੀ ਅਧਿਕਾਰਾਂ ’ਤੇ ਹਮਲੇ ਕਰਦੀਆਂ ਰਹਿੰਦੀਆਂ ਹਨ। ਅਜਿਹੀਆਂ ਨਾਪਾਕ ਤਾਕਤਾਂ ਦੀ ਪਹਿਚਾਣ ਕਰਦਿਆਂ ਇਹਨਾਂ ਖਿਲਾਫ ਮਿਹਨਤਕਸ ਲੋਕਾਂ ਦਾ ਏਕਾ ਕਾਇਮ ਕਰਦਿਆਂ ਹੀ ਅਜਿਹੀਆਂ ਤਾਕਤਾਂ ਨੂੰ ਭਾਂਜ ਦਿੱਤੀ ਜਾ ਸਕਦੀ ਹੈ। ਇਸ ਦਿਸਾ ’ਚ ਆਪਣੇ ਸੰਘਰਸਾਂ ਦੀ ਰੂਪ-ਰੇਖਾ ਤਹਿ ਕਰਨਾ ਹੀ ਇਰਾਨੀ ਲੋਕਾਂ ਦੇ ਵਰਗੀ ਸੰਘਰਸ ਅਤੇ ਵਿਸੇਸ ਕਰ ਔਰਤਾਂ ਦੇ ਇਸ ਸਾਨਾਮੱਤੇ ਸੰਘਰਸ਼ ਨਾਲ ਯਕਜਹਿਤੀ ਦਾ ਹਕੀਕੀ ਅਮਲ ਹੈ।

## ਕੈਲਗਰੀ ਵੂਮੇਨ ਕਲਚਰਲ ਐਸੋਸੀਏਸ਼ਨ ਦਾ ਸਾਲਾਨਾ ਸਮਾਗਮ 20 ਨਵੰਬਰ ਨੂੰ

ਕੈਲਗਰੀ : ਕੈਲਗਰੀ ਵੂਮੇਨ ਕਲਚਰਲ ਐਸੋਸੀਏਸ਼ਨ ਵਲੋਂ ਆਪਣਾ ਸਾਲਾਨਾ ਸਮਾਗਮ- ‘ਲੋਕ ਕੀ ਕਹਿਣਗੇ?’ ਦੇ ਬੈਨਰ ਹੇਠ ਨਵੰਬਰ ਵਿਚ ਕੀਤਾ ਜਾ ਰਿਹਾ ਹੈ। ਇਹ ਸਮਾਗਮ 20 ਨਵੰਬਰ 2022 ਦਿਨ ਐਤਵਾਰ, ਬਾਅਦ ਦੁਪਹਿਰ 12:00 ਤੋਂ 3:30 pm ਤੱਕ “ਟੈਂਪਲ ਕਮਿਊਨਿਟੀ ਐਸੋਸੀਏਸ਼ਨ ਹਾਲ” ਕੈਲਗਰੀ ਵਿਚ ਆਯੋਜਿਤ ਕੀਤਾ ਜਾ ਰਿਹਾ ਹੈ। ਸਮਾਗਮ ਦੌਰਾਨ ਮਾਨਸਿਕ ਸਿਹਤ ਜਾਗਰੂਕਤਾ, ਨਸ਼ੇ ਅਤੇ ਜਿਨਸ਼ੀ ਸੋਸ਼ਣ ਦਾ ਮਾਨਸਿਕ ਸਿਹਤ ’ਤੇ ਅਸਰ-ਬਾਰੇ ਮਾਹਿਰਾਂ ਵੱਲੋਂ ਜਾਣਕਾਰੀ ਦਿੱਤੀ ਜਾਵੇਗੀ। ਇਸ ਉਪਰੰਤ ਹਾਜ਼ਰੀਨ ਨੂੰ ਮਾਹਿਰ ਬੁਲਾਰਿਆਂ ਨਾਲ ਪ੍ਰਸ਼ਨ ਉੱਤਰ ਦਾ ਸਮਾਂ ਵੀ ਦਿੱਤਾ ਜਾਵੇਗਾ। ਦਰਸ਼ਕਾਂ ਦੇ ਮਨੋਰੰਜਨ ਲਈ, ਸਭਾ ਦੇ ਮੈਂਬਰਾਂ ਵਲੋ ਸਕਿੱਟ ਅਤੇ ਗੀਤ ਸੰਗੀਤ ਵੀ ਪੇਸ਼ ਕੀਤੇ ਜਾਣਗੇ। ਚਾਹ ਪਾਣੀ ਅਤੇ ਸਨੈਕਸ ਦਾ ਵਿਸ਼ੇਸ਼ ਪ੍ਰਬੰਧ ਹੋਏਗਾ। ਸੰਸਥਾ ਵੱਲੋਂ ਆਪ ਸਭ ਨੂੰ ਇਸ ਸਮਾਗਮ ਦੀ ਸ਼ੋਭਾ ਵਧਾਉਣ ਲਈ ਹਾਰਦਿਕ ਸੱਦਾ ਦਿੱਤਾ ਜਾਂਦਾ ਹੈ। ਵਧੇਰੇ ਜਾਣਕਾਰੀ ਲਈ ਸਭਾ ਦੇ ਪ੍ਰਧਾਨ ਡਾ. ਬਲਵਿੰਦਰ ਕੌਰ ਬਰਾੜ 403 590 9629 ਜਾਂ ਕੋਆਰਡੀਨੇਟਰ ਗੁਰਚਰਨ ਥਿੰਦ ਨਾਲ 403 402 9635 ਨਾਲ ਸੰਪਰਕ ਕੀਤਾ ਜਾ ਸਕਦਾ ਹੈ।

*ਪੰਜਾਬ ਦੇ ਗਵਰਨਰ ਜਾਂ ਮੁੱਖ ਮੰਤਰੀ ਕਾਨੂੰਨ ਪੱਖੋਂ ਕੌਣ ਗਲਤ?*

# ਪੰਜਾਬ ਐਗਰੀਕਲਚਰ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਦੀ ਨਿਯੁਕਤੀ ਦਾ ਮਸਲਾ



ਡਾ. ਦਲਜੀਤ ਸਿੰਘ

'ਵਿੱਦਿਆ ਵਿਚਾਰੀ ਤਾਂ ਪਰਉਪਕਾਰੀ', ਪਰ ਅੱਜ ਕੱਲ੍ਹ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਦੇ ਵਾਇਸ ਚਾਂਸਲਰ ਦੀ ਨਿਯੁਕਤੀ ਬਾਰੇ ਜੋ ਵਿਵਾਦ ਪੈਦਾ ਹੋਇਆ ਹੈ, ਉਸ ਨਾਲ ਸਿੱਖਿਆ ਖੇਤਰ ਵਿੱਚ ਬਹੁਤ ਮੰਦਭਾਗੀ ਅਤੇ ਨਿਰਾਸ਼ਾਜਨਕ ਸਥਿਤੀ ਬਣੀ ਹੋਈ ਹੈ।ਇਸ ਵਿਵਾਦ ਲਈ ਪੰਜਾਬ ਦੇ ਗਵਰਨਰ ਅਤੇ ਮੁੱਖ ਮੰਤਰੀ ਦੋਵੇਂ ਬਰਾਬਰ ਦੇ ਭਾਗੀਦਾਰ ਕਹੇ ਜਾ ਸਕਦੇ ਹਨ। ਜਦੋਂ ਅਜਿਹੇ ਮਹੱਤਪੂਰਨ ਸੰਵਿਧਾਨਕ ਅਹੁਦਿਆਂ ਤੇ ਬਿਰਾਜਮਾਨ ਸ਼ਖਸੀਅਤਾਂ ਦੇ ਨਿਗੂਣੀ ਕਾਨੂੰਨੀ ਜਾਣਕਾਰੀ ਵਾਲੇ ਸਲਾਹਕਾਰ ਹੋਣ ਤਾਂ ਅਜਿਹਾ ਵਰਤਾਰਾ ਵਾਪਰਨਾ ਸੁਭਾਵਿਕ ਹੈ। ਅਸੀਂ ਇੱਥੇ ਪੰਜਾਬ ਐਗਰੀਕਲਚਰ ਯੂਨੀਵਰਸਿਟੀ, ਲੁਧਿਆਣਾ ਦੇ ਵਾਈਸ ਚਾਂਸਲਰ ਦੀ ਨਿਯੁਕਤੀ ਬਾਰੇ ਕਾਨੂੰਨੀ ਪੱਖ ਤੋਂ ਗਵਰਨਰ ਜਾਂ ਮੁੱਖ ਮੰਤਰੀ ਦੇ ਸਹੀ ਜਾਂ ਗਲਤ ਹੋਣ ਦੀ ਪੜਚੋਲ ਕਰਾਂਗੇ। ਅਸਲ ਵਿੱਚ ਇਸ ਵਿਵਾਦ ਦਾ ਮੁੱਖ ਕਾਰਣ, ਭਾਰਤ ਵਿੱਚ ਵੱਖ ਵੱਖ ਕਿਸਮ ਦੀਆਂ ਯੂਨੀਵਰਸਿਟੀਆਂ ਅਤੇ ਉਨ੍ਹਾਂ ਬਾਰੇ ਕਾਨੂੰਨੀ ਪ੍ਰਵਾਧਾਨਾਂ ਦੀ ਡੂੰਘੀ ਜਾ ਸਹੀ ਜਾਣਕਾਰੀ ਨਾ ਹੋਣਾ ਕਿਹਾ ਜਾ ਸਕਦਾ ਹੈ। ਭਾਰਤ ਵਿੱਚ ਯੂਨੀਵਰਸਿਟੀ ਬਨਾਉਣ ਦੀ ਪ੍ਰਕ੍ਰਿਆ ਤੇ ਅਧਾਰਤ, ਚਾਰ ਕਿਸਮ ਦੀਆਂ ਯੂਨੀਵਰਸਿਟੀਆਂ ਹਨ। ਪਹਿਲੀ 'ਕੇਂਦਰੀ ਯੂਨੀਵਰਸਿਟੀ', ਜੋ ਭਾਰਤ ਦੀ ਸੰਸਦ ਵੱਲੋਂ 'ਐਕਟ' ਪਾਸ ਕਰਕੇ ਬਣਾਈ ਜਾਂਦੀ ਹੈ। ਦੂਜੀ 'ਰਾਜ ਯੂਨੀਵਰਸਿਟੀ', ਜੋ ਕਿਸੇ ਰਾਜ ਦੀ ਵਿਧਾਨ ਸਭਾ ਵੱਲੋਂ 'ਐਕਟ' ਪਾਸ ਕਰਕੇ ਬਣਾਈ ਜਾਂਦੀ ਹੈ। ਤੀਸਰੀ 'ਡੀਮਡ ਜਾਂ ਮੰਨਣਯੋਗ ਯੂਨੀਵਰਸਿਟੀ', ਜੋ ਕੇਂਦਰ ਸਰਕਾਰ ਵੱਲੋਂ ਯੂਨੀਵਰਸਿਟੀ ਗ੍ਰਾਂਟ ਕਮਿਸ਼ਨ ਦੀ ਸਲਾਹ ਜਾਂ ਸਿਫਾਰਸ਼ ਤੇ ਮਾਨਤਾ ਦਿੱਤੀ ਜਾਂਦੀ ਹੈ। ਚੌਥੀ ਕਿਸਮ ਦੀ ਯੂਨੀਵਰਸਿਟੀ ਨੂੰ 'ਪ੍ਰਾਈਵੇਟ ਯੂਨੀਵਰਸਿਟੀ' ਕਿਹਾ ਜਾਂਦਾ ਹੈ, ਜੋ ਬਣਾਈ ਤਾਂ ਰਾਜ ਦੀ ਵਿਧਾਨ ਸਭਾ ਵੱਲੋਂ ਐਕਟ ਪਾਸ ਕਰਕੇ ਜਾਂਦੀ ਹੈ, ਪਰ ਇਹ ਕਿਸੇ ਟਰੱਸਟ, ਕੰਪਨੀ ਜਾਂ ਸੁਸਾਇਟੀ ਵੱਲੋਂ ਬਣਵਾਈ ਜਾਂਦੀ ਹੈ।

ਪੰਜਾਬ ਦੇ ਗਵਰਨਰ ਵੱਲੋਂ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਬਾਰੇ ਜੋ ਵਿਚਾਰਕ ਧਾਰਨਾ ਬਣਾਈ ਗਈ ਹੈ, ਉਸ ਦਾ ਮੁੱਢਲਾ ਕਾਰਣ ਇਹ ਹੈ ਕਿ ਉਹ ਇਸ ਯੂਨੀਵਰਸਿਟੀ ਨੂੰ 'ਰਾਜ ਯੂਨੀਵਰਸਿਟੀ' ਵਜੋਂ ਸਮਝ ਰਹੇ ਹਨ। ਇਸ ਦਾ ਸਬੂਤ ਇਹ ਹੈ ਕਿ ਉਨ੍ਹਾਂ ਨੇ ਜੋ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਦੀ ਨਿਯੁਕਤੀ ਬਾਰੇ ਰਾਜ ਭਵਨ ਵਿੱਚ ਪ੍ਰੈਸ ਕਾਨਫਰੰਸ ਕੀਤੀ ਅਤੇ ਜੋ ਪ੍ਰੈਸ ਨੋਟ ਜਾਰੀ ਕੀਤਾ ਗਿਆ, ਉਸ ਵਿੱਚ ਇਸ ਨੂੰ 'ਰਾਜ ਯੂਨੀਵਰਸਿਟੀ' ਵਜੋਂ ਉਭਾਰਿਆ ਗਿਆ, ਜੋ ਕਿ ਬਿਲਕੁਲ ਗਲਤ ਧਾਰਨਾ ਹੈ। ਇਹ ਠੀਕ ਹੈ ਕਿ 1961 ਵਿੱਚ ਜਦੋਂ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਬਣਾਈ ਗਈ ਸੀ, ਤਾਂ ਉਹ 'ਰਾਜ ਯੂਨੀਵਰਸਿਟੀ' ਸੀ, ਕਿਉਂਕਿ ਉਸ ਨੂੰ ਪੰਜਾਬ ਵਿਧਾਨ ਸਭਾ ਦੇ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਐਕਟ, 1961 (ਐਕਟ ਨੰ: 32, 1961) ਪਾਸ ਕਰਕੇ ਬਣਾਇਆ ਗਿਆ ਸੀ। ਇਥੇ ਇਹ ਜਾਣਨਾ ਬਹੁਤ ਹੀ ਮਹੱਤਵਪੂਰਨ ਹੈ ਕਿ ਜੋ ਅੱਜ ਕੱਲ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਹੈ, ਉਹ 1970 ਵਿੱਚ ਭਾਰਤ ਦੀ ਸੰਸਦ ਵੱਲੋਂ 'ਹਰਿਆਣਾ ਅਤੇ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਐਕਟ, 1970 (ਐਕਟ ਨੰ: 16, 1970)' ਪਾਸ ਕਰਕੇ ਬਣਾਈ ਗਈ ਹੈ। ਅਸਲੀਅਤ ਇਹ ਹੈ, ਕਿ ਹਰਿਆਣਾ ਬਣਨ ਤੋਂ ਬਾਅਦ, ਪੰਜਾਬ ਅਤੇ ਹਰਿਆਣਾ ਦੀਆਂ ਵਿਧਾਨ ਸਭਾਵਾਂ ਨੇ ਸੰਵਿਧਾਨ ਦੀ ਧਾਰਾ 252 (1) ਅਨੁਸਾਰ ਮਤੇ ਪਾਸ ਕਰਕੇ ਭਾਰਤ ਸਰਕਾਰ ਨੂੰ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਦੀ ਥਾਂ ਦੋ ਸੁਤੰਤਰ ਯੂਨੀਵਰਸਿਟੀਆਂ ਬਣਾਉਣ ਦੀ ਸਿਫਾਰਸ਼ ਕੀਤੀ ਸੀ, ਜਿਸ ਕਰਕੇ ਭਾਰਤ ਦੀ ਸੰਸਦ ਨੇ 1970 ਵਿੱਚ 'ਹਰਿਆਣਾ ਅਤੇ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਐਕਟ' ਪਾਸ ਕਰਕੇ, ਹਰਿਆਣਾ ਲਈ 'ਹਰਿਆਣਾ ਐਗਰੀਕਲਚਰ ਯੂਨੀਵਰਸਿਟੀ' ਅਤੇ ਪੰਜਾਬ ਲਈ 'ਪੰਜਾਬ ਐਗਰੀਕਲਚਰ ਯੂਨੀਵਰਸਿਟੀ' ਬਣਾਈ। ਇਥੇ ਇਹ ਵੀ ਜਾਣਨਾ ਜਰੂਰੀ ਹੈ ਕਿ ਇਸ 1970 ਦੇ ਐਕਟ ਦੀ ਧਾਰਾ 3 ਅਧੀਨ ਪਹਿਲਾ ਬਣੀ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਨੂੰ ਭੰਗ ਕਰ ਦਿੱਤਾ ਗਿਆ। ਇਸੇ 1970 ਦੇ ਐਕਟ ਦੀ ਧਾਰਾ 45 (1) ਅਨੁਸਾਰ 'ਪੰਜਾਬ ਐਗਰੀਕਲਚਰ ਯੂਨੀਵਰਸਿਟੀ ਐਕਟ, 1961' ਨੂੰ ਵੀ ਰਿਪੀਲ ਯਾਨੀ ਰੱਦ ਕਰ ਦਿੱਤਾ ਗਿਆ।

ਇਨ੍ਹਾਂ ਉਪਰੋਕਤ ਕਾਨੂੰਨੀ ਧਾਰਾਵਾਂ ਘੋਖਣ ਤੋਂ ਸਪੱਸ਼ਟ ਹੈ ਕਿ ਜੋ ਅੱਜ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਲੁਧਿਆਣਾ ਹੈ, ਉਹ 'ਰਾਜ ਯੂਨੀਵਰਸਿਟੀ' ਨਹੀਂ ਬਲਕਿ 'ਕੇਂਦਰੀ ਯੂਨੀਵਰਸਿਟੀ' ਹੈ ਅਤੇ ਇਸ ਨੂੰ 'ਰਾਜ ਯੂਨੀਵਰਸਿਟੀ' ਕਹਿਣਾ ਜਾਂ ਸਮਝਣਾ ਕਾਨੂੰਨ ਪੱਖੋਂ ਜਾਇਜ਼ ਨਹੀਂ ਹੈ। ਪੰਜਾਬ ਦੇ ਗਵਰਨਰ ਸਾਹਿਬ ਵੱਲੋਂ ਰਾਜ ਵਿਧਾਨ ਸਭਾ ਜਾਂ ਸਰਕਾਰ ਵੱਲੋਂ ਸਥਾਪਤ ਯੂਨੀਵਰਸਿਟੀਆਂ ਦੇ ਚਾਂਸਲਰ ਦੀਆਂ 'ਸ਼ਕਤੀਆਂ ਅਤੇ ਕਰਤਵਾਂ' ਬਾਰੇ ਜੋ ਕਿਹਾ ਗਿਆ ਹੈ, ਉਹ ਠੀਕ ਹੈ, ਕਿਉਂਕਿ ਪੰਜਾਬ ਵਿੱਚ ਵੱਖ ਵੱਖ ਰਾਜ ਯੂਨੀਵਰਸਿਟੀਆਂ ਦੇ 'ਐਕਟ' ਮੁਤਾਬਿਕ, ਚਾਂਸਲਰ ਦੀਆਂ ਸ਼ਕਤੀਆਂ ਅਤੇ ਕਰਤਵ ਉਹੀ ਹਨ, ਜੋ ਉਹ ਕਹਿ ਰਹੇ ਹਨ। ਪਰ ਪੰਜਾਬ ਐਗਰੀਕਲਚਰ ਯੂਨੀਵਰਸਿਟੀ, ਆਪਣੇ ਕੇਂਦਰੀ ਐਕਟ ਨਾਲ ਹੋਂਦ ਵਿੱਚ ਆਈ ਹੋਣ ਕਰਕੇ ਅਤੇ ਇਸ ਦੇ ਆਪਣੇ ਐਕਟ ਅਤੇ ਬਿਧੀ ਵਿਵਸਥਾ (Statutes) ਦੇ ਕਾਰਣ ਗਵਰਨਰ ਜਾਂ ਚਾਂਸਲਰ ਦੀ ਪੋਜੀਸ਼ਨ ਜਾਂ ਸਥਿਤੀ, ਸ਼ਕਤੀਆਂ ਅਤੇ ਕਰਤਵ ਬਿਲਕੁਲ ਵੱਖਰੇ ਹਨ। ਇਹ ਠੀਕ ਹੈ ਪੰਜਾਬ ਦੇ ਗਵਰਨਰ ਨੂੰ 1970 ਦੇ ਐਕਟ ਦੀ ਧਾਰਾ 12 (1) ਅਧੀਨ ਯੂਨੀਵਰਸਿਟੀ ਦਾ ਚਾਂਸਲਰ ਬਣਾਇਆ ਗਿਆ ਹੈ, ਪਰ ਇਸੇ ਧਾਰਾ 12(2) ਅਨੁਸਾਰ ਚਾਂਸਲਰ ਨੂੰ ਆਪਣੇ ਅਹੁੱਦੇ ਕਰਕੇ 'ਯੂਨੀਵਰਸਿਟੀ ਦਾ 'ਹੈਡ' (Head) ਕਿਹਾ ਗਿਆ ਹੈ ਅਤੇ ਜੇ ਉਹ ਹਾਜਰ ਹਨ ਤਾਂ ਉਹ ਕੰਨਵੋਕੇਸ਼ਨ ਦੀ ਪ੍ਰਧਾਨਗੀ (Preside) ਕਰਨਗੇ।' ਇੱਕ ਹੋਰ ਮਹੱਤਵਪੂਰਨ ਤੱਥ ਇਹ ਵੀ ਹੈ, ਕਿ ਇਸੇ ਧਾਰਾ 12(3) ਅਨੁਸਾਰ 'ਚਾਂਸਲਰ ਨੂੰ ਉਹੀ ਸ਼ਕਤੀਆਂ (Powers) ਹੋਣਗੀਆਂ ਜੋ ਉਨ੍ਹਾਂ ਨੂੰ, ਇਸ ਐਕਟ ਅਧੀਨ ਨਿਰਧਾਰਤ ਕੀਤੀਆਂ ਹਨ ਜਾਂ ਦਿੱਤੀਆਂ ਜਾ ਸਕਦੀਆਂ ਹਨ', ਕਹਿਣ ਦਾ ਭਾਵ ਉਨ੍ਹਾਂ ਨੂੰ ਐਕਟ ਅਨੁਸਾਰ ਨਿਰਧਾਰਤ ਸ਼ਕਤੀਆਂ ਤੋਂ ਬਿਨ੍ਹਾਂ ਆਪਣੇ ਆਪ ਕੋਈ ਹੋਰ ਸ਼ਕਤੀ (Power) ਨਹੀਂ ਹੋ ਸਕਦੀ।

ਜੇ ਅਸੀਂ ਪੰਜਾਬ ਵਿੱਚ ਬਣਾਈਆਂ 'ਰਾਜ ਯੂਨੀਵਰਸਿਟੀਆਂ' ਦੇ ਐਕਟਾਂ, ਉਦਾਹਰਣ ਵਜੋਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਐਕਟ, 1969 ਜਾਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਐਕਟ, 1961 ਤੋਂ ਸਪਸ਼ਟ ਹੋ ਜਾਂਦਾ ਹੈ, ਕਿ ਇੰਨ੍ਹਾਂ ਦੋਵੇਂ ਐਕਟਾਂ ਦੀ ਧਾਰਾ 9 ਵਿੱਚ ਸਿਰਫ ਇਨ੍ਹਾਂ ਲਿਖਿਆ ਹੈ ਕਿ, 'ਪੰਜਾਬ ਦੇ ਗਵਰਨਰ ਯੂਨੀਵਰਸਿਟੀ ਦੇ ਚਾਂਸਲਰ ਹੋਣਗੇ।' ਹਰਿਆਣਾ ਅਤੇ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਐਕਟ, 1970 ਵਾਂਗ ਉਨ੍ਹਾਂ ਤੇ ਕੋਈ ਨਿਰਧਾਰਤ ਸੀਮਾ ਨਹੀਂ ਲਗਾਈ ਗਈ।

ਜੇ ਹਰਿਆਣਾ ਅਤੇ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਐਕਟ, 1970 ਨੂੰ ਚੰਗੀ ਤਰ੍ਹਾਂ ਪੜ੍ਹਿਆ, ਘੋਖਿਆ ਅਤੇ ਸਮਝਿਆ ਜਾਵੇ ਤਾਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਦੇ ਸਾਰੇ ਕੰਮ ਕਾਜ ਦੀ ਜਿੰਮੇਵਾਰੀ 'ਯੂਨੀਵਰਸਿਟੀ ਬੋਰਡ' ਨੂੰ ਦਿੱਤੀ ਗਈ ਹੈ। ਬੋਰਡ ਦੀ ਬਣਤਰ ਐਕਟ ਦੀ ਧਾਰਾ 13 ਅਨੁਸਾਰ ਕੀਤੀ ਗਈ ਹੈ ਅਤੇ ਬੋਰਡ ਦੀ 'ਸ਼ਕਤੀਆਂ ਅਤੇ ਕਰਤਵ' ਐਕਟ ਦੀ ਧਾਰਾ 14 ਵਿੱਚ ਅੰਕਿਤ ਕੀਤੇ ਗਏ ਹਨ। ਇਸ ਧਾਰਾ 14 (ਜੇ) ਅਨੁਸਾਰ ਯੂਨੀਵਰਸਿਟੀ ਦੇ ਵਾਇਸ ਚਾਂਸਲਰ ਦੀ ਨਿਯੁਕਤੀ ਦੀ ਪ੍ਰਵਾਨਗੀ (Approval), ਬੋਰਡ ਕਰਦਾ ਹੈ। ਵਾਇਸ ਚਾਂਸਲਰ ਦੀ ਨਿਯੁਕਤੀ ਐਕਟ ਦੀ ਧਾਰਾ 15 ਨੂੰ Statutes 2 (2) ਨਾਲ ਪੜਦੇ ਹੋਏ, ਕੀਤੀ ਜਾਂਦੀ ਹੈ। ਧਾਰਾ 15 (1) ਵਿੱਚ ਸਪੱਸ਼ਟ ਲਿਖਿਆ ਗਿਆ ਹੈ ਕਿ 'ਵਾਇਸ ਚਾਂਸਲਰ ਯੂਨੀਵਰਸਿਟੀ ਦਾ ਪੂਰੇ ਸਮੇਂ ਆਫੀਸਰ ਹੋਵੇਗਾ ਅਤੇ ਇਸ ਦੀ ਨਿਯੁਕਤੀ ਬੋਰਡ ਵੱਲੋਂ ਕੀਤੀ ਜਾਵੇਗੀ।' ਇਥੇ ਇਕ ਹੋਰ ਵਿਵਸਥਾ ਕੀਤੀ ਗਈ ਹੈ ਕਿ ਜੇ ਬੋਰਡ ਦੇ ਮੈਂਬਰ ਵਾਇਸ ਚਾਂਸਲਰ ਦੀ ਨਿਯੁਕਤੀ ਬਾਰੇ 'ਇੱਕ ਮੱਤ' ਨਹੀਂ ਹਨ ਤਾਂ ਵਾਇਸ ਚਾਂਸਲਰ ਦੀ ਨਿਯੁਕਤੀ 'ਚਾਂਸਲਰ' ਵੱਲੋਂ ਕੀਤੀ ਜਾਵੇਗੀ। ਕਿਉਂਕਿ ਹੁਣ ਵਾਲੇ ਵਾਇਸ ਚਾਂਸਲਰ ਦੀ ਨਿਯੁਕਤੀ ਬਾਰੇ ਅਜਿਹੀ ਕੋਈ ਸਥਿਤੀ ਪੈਦਾ ਨਹੀਂ ਹੋਈ, ਇਸ ਕਰਕੇ ਗਵਰਨਰ ਸਾਹਿਬ ਦਾ ਇਸ ਵਿੱਚ ਦਖਲ ਦੇਣ ਦਾ ਕੋਈ ਕਾਨੂੰਨੀ ਅਧਾਰ ਨਹੀਂ ਹੈ।




ਆਖਰ ਵਿੱਚ ਜਦੋਂ ਗਵਰਨਰ ਸਾਹਿਬ ਵੱਲੋਂ ਜਾਰੀ ਕੀਤਾ ਪ੍ਰੈਸ ਨੋਟ ਘੋਖਦੇ ਹਾਂ ਤਾਂ ਬਹੁਤ ਮਾਯੂਸੀ ਹੁੰਦੀ ਹੈ, ਕਿ ਕਿਸ ਤਰ੍ਹਾਂ ਤੱਥਾਂ ਨੂੰ ਜਾਂ ਤਾਂ ਅਣਜਾਣੇ ਵਿੱਚ ਜਾਂ ਗਵਰਨਰ ਆਫਿਸ ਵੱਲੋਂ ਜਾਣ ਬੁੱਝ ਕਿ ਤੋੜਿਆ ਮਰੋੜਿਆ ਗਿਆ ਹੈ। ਜਦੋਂ ਪ੍ਰੈਸ ਨੋਟ ਵਿੱਚ ਖੁਦ ਲਿਖਿਆ ਗਿਆ ਹੈ ਕਿ 1970 ਦੇ ਐਕਟ ਦੀ ਧਾਰਾ 13(ਧ1) ਅਨੁਸਾਰ ਗਵਰਨਰ 'ਯੂਨੀਵਰਸਿਟੀ ਬੋਰਡ' ਦੇ 'ਆਨਰੇਰੀ ਚੇਅਰਮੈਨ' ਹਨ ਅਤੇ ਵਾਇਸ ਚਾਂਸਲਰ 'ਵਰਕਿੰਗ ਚੇਅਰਮੈਨ' ਤਾਂ ਉਨ੍ਹਾਂ ਵੱਲੋਂ ਐਕਟ ਦੀ ਕਿਸ ਧਾਰਾ ਅਧੀਨ ਇਹ ਕਿਹਾ ਜਾ ਰਿਹਾ ਹੈ ਕਿ ਉਨ੍ਹਾਂ ਨੂੰ 'ਚੇਅਰਮੈਨ' (ਅਸਲ ਵਿੱਚ ਆਨਰੇਰੀ ਚੇਅਰਮੈਨ ?) ਹੋਣ ਨਾਤੇ ਪੰਜਾਬ ਸਰਕਾਰ ਨੂੰ ਸਾਰੇ ਪ੍ਰੋਗਰਾਮ ਬਾਰੇ ਦੱਸਣਾ ਬਣਦਾ ਸੀ। ਉਹ ਤਾਂ ਬੋਰਡ ਦੇ ਮੈਂਬਰ ਵੀ ਨਹੀਂ ਹਨ। ਜਦਕਿ ਵਾਇਸ ਚਾਂਸਲਰ ਬੋਰਡ ਦੇ ਸੀਨੀਅਰ ਮੋਸਟ (Senior most) ਮੈਂਬਰ ਹੋਣ ਨਾਤੇ ਮੀਟਿੰਗ ਚੇਅਰ ਕਰਦੇ ਹਨ। ਉਨ੍ਹਾਂ ਤੋਂ ਬਾਅਦ ਪੰਜਾਬ ਦੇ ਚੀਫ਼ ਸੈਕ੍ਰੇਟਰੀ ਦਾ ਨੰਬਰ ਅੰਕਿਤ ਕੀਤਾ ਗਿਆ ਹੈ। ਜਿਸ ਕਰਕੇ ਉਹ ਵਾਇਸ ਚਾਸਲਰ ਦੀ ਗੈਰ ਮੌਜੂਦਗੀ ਵਿਚ ਮੀਟਿੰਗ ਚੇਅਰ ਕਰਦੇ ਹਨ।

ਪ੍ਰੈਸ ਨੋਟ ਵਿਚ ਜੋ ਯੂਨੀਵਰਸਿਟੀ ਗ੍ਰਾਂਟ ਕਮਿਸ਼ਨ ਰੈਗੂਲੇਸ਼ਨ, 2018 ਦਾ ਜਿਕਰ ਕੀਤਾ ਗਿਆ ਹੈ, ਉਸ ਵਿਚ ਯੂਨੀਵਰਸਿਟੀ ਦੇ ਵਾਇਸ ਚਾਸਲਰ ਦੀ ਹੀ ਨਹੀਂ, ਬਲਕਿ ਅਧਿਆਪਨ ਅਤੇ ਹੋਰ ਅਮਲੇ ਦੀ ਨਿਯੁਕਤੀ ਵਗੈਰਾ ਬਾਰੇ ਵੀ ਵਿਸਥਾਰ ਪੂਰਵਕ ਦਸਿਆ ਗਿਆ ਹੈ। ਇਸ ਕਰਕੇ ਇਹ ਸਾਰੀ ਕਿਸਮ ਦੀਆਂ ਯੂਨੀਵਰਸਿਟੀਆਂ ਤੇ ਲਾਗੂ ਹੋਣ ਬਾਰੇ ਲਿਖਿਆ ਗਿਆ ਹੈ। ਪਰ ਇਕ ਮਹੱਤਵਪੂਰਨ ਤੱਥ ਜੋ ਪ੍ਰੈਸ ਨੋਟ ਵਿਚ ਨੰਬਰ 3 ਤੇ ਲਿਖਿਆ ਹੈ, ਉਹ ਜ਼ਰੂਰੀ ਤੌਰ ਤੇ ਵਾਚਣਯੋਗ ਹੈ। ਇਥੇ ਲਿਖਿਆ ਗਿਆ ਹੈ ਕਿ ਰੈਗੂਲੇਸ਼ਨ ਅਨੁਸਾਰ ਵਾਈਸ ਚਾਂਸਲਰ ਦੀ ਨਿਯੁਕਤੀ ਲਈ ਇਕ 'ਸਰਚ ਕਮ ਸਲੈਕਸਨ ਕਮੇਟੀ ਹੋਵੇਗੀ: ਇਸ ਸਰਚ ਕਮੇਟੀ ਦਾ ਇਕ ਮੈਂਬਰ, ਚੇਅਰਮੈਨ ਯੂਨੀਵਰਸਿਟੀ ਗ੍ਰਾਂਟ ਕਮਿਸ਼ਨ ਵੱਲੋਂ ਨਿਯੁਕਤ ਕੀਤਾ ਜਾਵੇਗਾ।' ਇੱਥੇ ਸੱਚਾਈ ਨੂੰ ਤੱਥੋਂ ਓਹਲੇ ਕੀਤਾ ਗਿਆ ਹੈ। ਸੱਚਾਈ ਇਹ ਹੈ ਰੈਗੂਲੇਸ਼ਨ 7 (3) (ii) ਅਨੁਸਾਰ ਯੂ.ਜੀ.ਸੀ. ਦੇ ਚੇਅਰਮੈਨ ਵੱਲੋਂ ਸਿਰਫ ਰਾਜ, ਪ੍ਰਾਈਵੇਟ ਅਤੇ ਡੀਮਡ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਦੀ ਚੋਣ ਕਮੇਟੀ ਲਈ ਮੈਂਬਰ ਨਿਯੁਕਤ ਕੀਤਾ ਜਾਵੇਗਾ, ਨਾ ਕਿ ਕੇਂਦਰੀ ਯੂਨੀਵਰਸਿਟੀ ਬਾਰੇ, ਕਿਉਂਕਿ ਇੱਥੇ ਕੇਂਦਰੀ ਯੂਨੀਵਰਸਿਟੀ ਸ਼ਬਦ ਅੰਕਿਤ ਨਹੀਂ ਕੀਤਾ ਗਿਆ। ਪੰਜਾਬ ਐਗਰੀਕਲਚਰ ਯੂਨੀਵਰਸਿਟੀ ਕਿਉਂਕਿ 'ਕੇਂਦਰੀ ਯੂਨੀਵਰਸਿਟੀ ਹੈ, ਇਸ ਕਰਕੇ ਯੂ. ਜੀ. ਸੀ. ਚੇਅਰਮੈਨ ਦੇ ਨੁਮਾਇੰਦੇ ਦੀ ਜੋ ਗੱਲ ਕਹੀ ਗਈ ਹੈ, ਉਹ ਇਥੇ ਲਾਗੂ ਨਹੀਂ ਹੁੰਦੀ।

ਪ੍ਰੈਸ ਨੋਟ ਦੇ ਅਗਲੇ ਪੈਰੇ ਵਿੱਚ ਜੋ ਕਿਹਾ ਗਿਆ ਹੈ, ਉਸ ਤੋਂ ਪਤਾ ਲੱਗਦਾ ਹੈ ਪੰਜਾਬ ਗਵਰਨਰ ਆਫ਼ਿਸ ਵਿਚ ਕਾਨੂੰਨ ਦੀ ਜਾਣਕਾਰੀ ਰੱਖਣ ਵਾਲੇ ਕਿੰਨ੍ਹੇ ਕੁ ਸੁਹਿਰਦ ਹਨ। ਇਸ ਪੈਰੇ ਅਨੁਸਾਰ ਯੂ.ਜੀ.ਸੀ. ਰੈਗੂਲੇਸ਼ਨ 'ਅਧੀਨ ਕਾਨੂੰਨ (Subordinate Legislstion)' ਹਨ, ਭਾਰਤੀ ਸੰਵਿਧਾਨ ਦੇ ਆਰਟੀਕਲ 254 ਅਨੁਸਾਰ ਇਹ 'ਰਾਜ ਦੁਆਰਾ ਬਣਾਏ ਐਕਟ ਨੂੰ ਪ੍ਰਤਿਸਥਾਪਨ (Supersede) ਕਰਨਗੇ। ਆਪਣਾ ਪੱਖ ਪੂਰਨ ਲਈ ਉਨ੍ਹਾਂ ਨੇ Gambhisdan K. Gandhi vs. State of Gujrat ਅਤੇ ਸੁਪਰੀਮ ਕੋਰਟ ਦੇ 11 ਅਕਤੂਬਰ 2022 ਦੇ State of West Bengal vs. Anindya Sunder Das, ਜਿੰਨ੍ਹਾਂ ਅਨੁਸਾਰ ਜੇ ਕੇਂਦਰੀ ਕਾਨੂੰਨ ਅਤੇ ਰਾਜ ਕਾਨੂੰਨ ਵਿਚ, ਜੇ ਵਪਰੀਤ ਪ੍ਰਵਧਾਨ ਹਨ, ਤਾਂ ਸੰਵਿਧਾਨ ਦੇ ਆਰਟੀਕਲ 254 ਅਨੁਸਾਰ ਕੇਂਦਰੀ ਕਾਨੂੰਨ, ਰਿਪਗਨੈਂਸੀ ਅਸੂਲ (Principle/Rule of Repugnancy) ਕਰਕੇ ਰਾਜ ਕਾਨੂੰਨ ਤੇ ਪ੍ਰਬਲ (Prevail) ਹੋਣਗੇ। ਇਹ ਠੀਕ ਹੈ, ਕਿ ਜਦੋਂ ਕੇਂਦਰੀ ਅਤੇ ਰਾਜ ਕਾਨੂੰਨ ਵਿਚ ਤਕਰਾਰ ਹੈ ਤਾਂ ਕੇਂਦਰੀ ਕਾਨੂੰਨ ਹੀ ਪ੍ਰਬਲ ਹੋਵੇਗਾ। ਪਰ ਵੇਖਣ ਵਾਲੀ ਗੱਲ ਇਹ ਹੈ ਕਿ, ਕੀ ਇਹ Rule of Repugnancy ਜਾ ਅਦਾਲਤੀ ਫੈਸਲੇ, ਪੰਜਾਬ ਐਗਰੀਕਲਚਰ ਯੂਨੀਵਰਸਿਟੀ ਦੇ ਵਾਇਸ ਚਾਸਲਰ ਦੀ ਨਿਯੁਕਤੀ ਬਾਰੇ ਲਾਗੂ ਹੁੰਦੇ ਹਨ। ਜਿਵੇਂ ਕਿ ਮੈਂ ਪਹਿਲਾਂ ਹੀ ਦੱਸ ਚੁਕਿਆ ਹਾ ਕਿ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਰਾਜ ਕਾਨੂੰਨ ਦੁਆਰਾ ਸਥਾਪਿਤ ਕੀਤੀ ਯੂਨੀਵਰਸਿਟੀ ਨਹੀਂ ਹੈ, ਬਲਕਿ ਭਾਰਤੀ ਸੰਸਦ ਦੁਆਰਾ ਪਾਸ ਕੀਤੇ 'ਹਰਿਆਣਾ ਅਤੇ ਪੰਜਾਬ ਐਗਰੀਕਲਚਰ ਯੂਨੀਵਰਸਿਟੀਜ਼ ਐਕਟ, 1970' ਦੁਆਰਾ ਸਥਾਪਿਤ ਹੋਈ ਹੈ, ਇਸ ਲਈ ਗਵਰਨਰ ਆਫਿਸ ਵੱਲੋਂ ਉਪਰੋਕਤ ਫੈਸਲੇ ਜਾ ਰੂਲ ਦਾ ਅਧਾਰ ਬਣਾਉਣਾ ਬਿਲਕੁਲ ਬੇਬੁਨਿਆਦ ਅਤੇ ਕਾਨੂੰਨ ਤੌਰ ਤੇ ਗੈਰਵਾਜਬ ਹੈ। ਕਿਉਂਕਿ 1970 ਦਾ ਐਕਟ 'ਕੇਂਦਰੀ ਐਕਟ' ਹੈ, ਜਿਸ ਨੂੰ 'ਸਪੈਸ਼ਲ ਕਾਨੂੰਨ' ਕਿਹਾ ਜਾ ਸਕਦਾ ਹੈ ਅਤੇ ਯੂਨੀਵਰਸਿਟੀ ਗ੍ਰਾਂਟ ਕਮਿਸ਼ਨ ਐਕਟ ਜਾ ਰੈਗੂਲੇਸ਼ਨ ਵੀ 'ਕੇਂਦਰੀ ਐਕਟ' ਤੇ 'ਅਧੀਨ ਐਕਟ' ਹਨ ਜੋਕਿ 'ਜਨਰਲ ਕਾਨੂੰਨ' ਹਨ, ਇਸ ਕਰਕੇ ਇੱਥੇ ਕੇਂਦਰੀ ਅਤੇ ਰਾਜ ਕਾਨੂੰਨ ਦੇ ਤਕਰਾਰ ਦੀ ਕੋਈ ਗੱਲ ਹੀ ਨਹੀਂ। ਜਦਕਿ ਅਦਾਲਤੀ ਫੈਸਲਿਆ ਮੁਤਾਬਕ 'ਸਪੈਸ਼ਲ ਕਾਨੂੰਨ', 'ਜਨਰਲ ਕਾਨੂੰਨ' ਤੇ ਪ੍ਰਬਲ (Prevail) ਹੁੰਦੇ ਹਨ।

ਉਪਰੋਕਤ ਸਾਰੇ ਕਾਨੂੰਨੀ ਪੱਖ ਘੋਖਣ ਤੋਂ ਸਪੱਸ਼ਟ ਹੈ, ਕਿ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਦੇ ਵਾਇਸ ਚਾਂਸਲਰ ਦੀ ਨਿਯੁਕਤੀ, 'ਯੂਨੀਵਰਸਿਟੀ ਬੋਰਡ' ਵੱਲੋਂ, ਇਕ ਮਤ ਹੋ ਕੇ ਕੀਤੀ ਜਾਣੀ, ਕਾਨੂੰਨੀ ਤੌਰ ਤੇ ਜਾਇਜ਼ ਹੈ ਅਤੇ ਗਵਰਨਰ, ਚਾਂਸਲਰ ਜਾਂ ਮੁੱਖ ਮੰਤਰੀ ਦਾ ਇਸ ਵਿਚ ਕੋਈ ਰੋਲ ਨਹੀਂ ਹੈ।

ਸ਼ੁਰੂ ਵਿਚ ਮੈਂ ਇਹ ਕਿਹਾ ਸੀ, ਕਿ ਇਸ ਵਿਵਾਦ ਲਈ ਦੋਵੇਂ ਧਿਰਾ ਜਿੰਮੇਵਾਰ ਹਨ। ਹੁਣ ਸਪੱਸ਼ਟ ਤੌਰ ਤੇ ਕਿਹਾ ਜਾ ਸਕਦਾ ਹੈ ਕਿ ਨਾ ਤਾ ਗਵਰਨਰ ਸਾਹਿਬ ਨੂੰ ਇਸ ਯੂਨੀਵਰਸਿਟੀ ਦੇ ਕੇਂਦਰੀ ਯੂਨੀਵਰਸਿਟੀ ਹੋਣ ਬਾਰੇ ਸਪੱਸ਼ਟਤਾ ਸੀ ਅਤੇ ਨਾ ਹੀ ਮੁੱਖ ਮੰਤਰੀ ਸਾਹਿਬ ਵੱਲੋਂ ਦਿੱਤੇ ਆਪਣੇ ਜਵਾਬ ਵਿਚ ਇਸ ਯੂਨੀਵਰਸਿਟੀ ਦੇ ਐਕਟ ਦੀਆਂ ਉਪਰੋਕਤ ਵੱਖ ਵੱਖ ਧਰਾਵਾਂ ਨੂੰ ਦੱਸਦੇ ਹੋਏ ਸਪੱਸ਼ਟਤਾ ਪੇਸ਼ ਕੀਤੀ ਗਈ ਹੈ।


ਪੰਜਾਬ ਐਗਰੀਕਲਚਰ ਯੂਨੀਵਰਸਿਟੀ ਦੇ ਹਰਿਆਣਾ ਅਤੇ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਐਕਟ,1970 ਦੇ ਕਾਨੂੰਨ ਦਾ ਸਹੀ ਗਿਆਨ, ਸਮਝ ਅਤੇ ਵਿਆਖਣ ਕਰਨ 'ਤੇ ਹੀ ਇਸ ਵਿਵਾਦ ਨੂੰ ਠੱਲ੍ਹ ਪਾਈ ਜਾ ਸਕਦੀ ਹੈ। ਇਹੋ ਪੰਜਾਬ ਦੀ ਖੁਸ਼ਹਾਲੀ ਅਤੇ ਖੇਤੀਬਾੜੀ ਦੇ ਰੁਝਾਨ ਨੂੰ ਵਧਾਉਣ 'ਚ ਮਹੱਤਵਪੂਰਨ ਅਤੇ ਉਚਿੱਤ ਯੋਗਦਾਨ ਹੋਵੇਗਾ।

**(ਸਾਬਕਾ) ਪ੍ਰੋਫੈਸਰ ਅਤੇ ਮੁਖੀ**
**ਕਾਨੂੰਨ ਵਿਭਾਗ,**
**ਗੁਰੂ ਨਾਨਕ ਦੇਵ ਯੂਨੀਵਰਸਿਟੀ**
**ਰਿਜ਼ਨਲ ਕੈਂਪਸ, ਜਲੰਧਰ**
**ਅਤੇ ਵਾਇਸ ਚਾਂਸਲਰ, ਰਾਇਤ**
**ਬਾਹਰਾ ਯੂਨੀਵਰਸਿਟੀ, ਮੁਹਾਲੀ**
**001 818 661 0241,**
**+91 9814518877**



# ਕੈਲਗਰੀ ਵਿਖੇ ਤਿੰਨ ਕਿਤਾਬਾਂ 'The World in my hands by Amreet Gill', ਪੱਤਰਕਾਰ ਰਵੀਸ਼ ਕੁਮਾਰ ਦੀ 'ਬੋਲ ਬੰਦਿਆ' ਤੇ ਡਾ. ਸੁਰਿੰਦਰ ਧੰਜਲ ਵੱਲੋਂ ਸੰਪਾਦਤ ਪਾਸ਼ ਦੀਆਂ ਚੋਣਵੀਆਂ ਕਵਿਤਾਵਾਂ ਦੀ ਕਿਤਾਬ 'ਖੇਤਾਂ ਦਾ ਪੁੱਤ' ਰਿਲੀਜ਼ ਕੀਤੀਆਂ ਗਈਆਂ।





## ਨਾਟਕ ਸਮਾਗਮ ਵਿੱਚ ਸਹਿਯੋਗ ਲਈ ਮੀਡੀਆ ਦਾ ਵਿਸ਼ੇਸ਼ ਧੰਨਵਾਦ !

ਕੈਲਗਰੀ, (ਸਰੋਕਾਰਾਂ ਦੀ ਆਵਾਜ਼): ਪਿਛਲ਼ੇ ਦਿਨੀਂ ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ, ਅਦਾਰਾ ਸਿੱਖ ਵਿਰਸਾ ਇੰਟਰਨੈਸ਼ਨਲ, ਅਦਾਰਾ ਸਰੋਕਾਰਾਂ ਦੀ ਆਵਾਜ਼ ਵਲੋਂ ਸਾਂਝੇ ਤੌਰ 'ਤੇ ਡਾ. ਸਾਹਿਬ ਸਿੰਘ ਦੇ ਕਰਵਾਏ ਗਏ ਨਾਟਕ ਸਮਾਗਮ ਵਿੱਚ ਜਿੱਥੇ ਦਰਸ਼ਕਾਂ ਨੇ ਭਰਵਾਂ ਹੁੰਗਾਰਾ ਦਿੱਤਾ, ਉਥੇ ਪੰਜਾਬੀ ਮੀਡੀਆ ਵਲੋਂ ਵੀ ਭਰਪੂਰ ਸਹਿਯੋਗ ਮਿਲ਼ਿਆ। ਜਿਸ ਨਾਲ ਇਹ ਲੋਕ-ਪੱਖੀ ਸਮਾਗਮ ਯਾਦਗਾਰੀ ਹੋ ਨਿਬੜਿਆ। ਡਾ. ਸਾਹਿਬ ਸਿੰਘ ਪਿਛਲੇ 35 ਸਾਲ ਤੋਂ ਲਗਾਤਾਰ ਫੁੱਲ ਟਾਈਮ ਥੀਏਟਰ ਲਈ ਕੰਮ ਕਰ ਰਹੇ ਹਨ। ਉਨ੍ਹਾਂ ਦੀਆਂ ਇਨ੍ਹਾਂ ਸੇਵਾਵਾਂ ਨੂੰ ਮੁੱਖ ਰੱਖ ਕੇ ਜਿੱਥੇ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ, ਉਥੇ ਦਰਸ਼ਕਾਂ ਦੇ ਭਰਵੇਂ ਮਾਇਕ ਸਹਿਯੋਗ ਨਾਲ਼ ਉਨ੍ਹਾਂ ਨੂੰ $2500 ਵੀ ਭੇਟ ਕੀਤਾ ਗਿਆ। ਇਸ ਨਾਟਕ ਸਮਾਗਮ ਨੂੰ ਕਾਮਯਾਬ ਕਰਨ ਲਈ ਪ੍ਰਬੰਧਕਾਂ ਵਲੋਂ ਮੀਡੀਆ ਅਦਾਰਿਆਂ ਰੇਡੀਉ ਰੈਡ ਐਫ ਐਮ (ਰਿਸ਼ੀ ਨਾਗਰ), ਪ੍ਰਾਈਮ ਏਸ਼ੀਆ ਟੀ. ਵੀ. (ਅਵਨੀਤ ਤੇਜਾ ਤੇ ਹਰਬੰਸ ਬੁੱਟਰ), ਪੰਜਾਬੀ ਅਖ਼ਬਾਰ (ਹਰਬੰਸ ਬੁੱਟਰ), ਪੰਜਾਬੀ ਨੈਸ਼ਨਲ ਅਖ਼ਬਾਰ (ਸੁਖਵੀਰ ਗਰੇਵਾਲ਼), ਪੰਜਾਬੀ ਨੈਸ਼ਨਲ ਟੀ. ਵੀ. ਥੇ ਰੇਡੀਉ (ਗੁਰਚਰਨ ਕੌਰ ਥਿੰਦ ਤੇ ਚੰਦ ਸਿੰਘ ਸਦਿਓੜਾ), ਸਿੱਖ ਵਿਰਸਾ ਮੈਗਜ਼ੀਨ ਤੇ ਹਰਜੀ ਟੀ ਵੀ (ਹਰਚਰਨ ਪਰਹਾਰ ਤੇ ਗੁਰਦੀਪ ਪਰਹਾਰ), ਰੇਡੀਉ ਸਬਰੰਗ (ਰਜੇਸ਼ ਅੰਗਰਾਲ), ਪੰਜਾਬੀ ਰੇਡੀਉ (ਮਨਜੀਤ ਸਿੰਘ ਪਿਆਸਾ), ਰੇਡੀਉ ਕੁਨੈਕਟ 101.7 ਤੇ ਓਮਨੀ ਟੀ ਵੀ (ਜਰਨੈਲ ਬਸੋਤਾ), ਮੈਪਲ ਮੀਡੀਆ (ਬਲਜਿੰਦਰ ਸੰਘਾ), ਸਰੋਕਾਰਾਂ ਦੀ ਆਵਾਜ਼ ਅਖ਼ਬਾਰ (ਹਰਬੰਸ ਸਿੰਘ) ਦਾ ਧੰਨਵਾਦ ਕੀਤਾ।




SUPER VISA INSURANCE
ਸੁਪਰ ਵੀਜ਼ਾ ਇੰਸ਼ੋਰੈਂਸ
With all the BENEFITS & REQUIREMENTS
* LIFE INSURANCE * CRITICAL ILLNESS INSURANCE * TFSA
* RRSP * RESP * DISABILITY INSURANCE
For More Information Call:
HARCHARAN PARHAR
Cell: 403.681.8689 Email: parharinsurance@gmail.com www.parharinsurance.com



Harpreet Parmar CPA, CGA
Chartered Professional Accountant
• Accounting • Tax • Business Advisory
We also provide
FINTRAC Registration/Compliance Services for Money Exchange Business
FINTRAC AML MANUAL SERVICES for Money Exchange Business
Extensive experience with Revenue Canada audits, reviews etc.
New Location
• Accounting • Financial • Statements • Personal Tax • Corporate Tax
• Incorporation • Payroll • Business Advisory • New Business Startups
• Book-Keeping • Management • Consulting Services
ਤੁਹਾਡੇ ਕਿਸੇ ਵੀ ਤਰ੍ਹਾਂ ਦੇ ਬਿਜ਼ਨਸ ਵਧੀਆ ਤੇ ਪ੍ਰੋਫੈਸ਼ਨਲ ਅਕਾਊਂਟਸ ਸਰਵਿਸ ਲਈ ਸਾਡੇ ਨਾਲ ਸੰਪਰਕ ਕਰੋ।
In Business Since 1997
Suite 218, 7 Westwinds Cres NE, Calgary, AB T3J 5H2 Park Plaza (Besides Prairie Winds Park)
Ph: (403) 271-5100, Fax: (403) 271-5171
Email: hparmar@hppcorp.ca
Website: www.hppcorp.ca



Sandhu G Construction Ltd.
Preparation- Shower Base - Water Proof
We can install Ceramic Tiles & Marble, Back Splash Tiles, Tiles on Walls, Kitchen, Washroom or anywhere in Home.
You can upgrade your Kitchen or Washroom
ਵਰਕਰ ਦੀ ਤੁਰੰਤ ਲੋੜ
ਪੁਰਾਣੇ ਜਾਂ ਨਵੇਂ ਘਰਾਂ ਵਿਚ ਟਾਇਲਾਂ ਅਤੇ ਮਾਰਬਲ ਲਗਵਾਉਣ ਅਤੇ ਤਸੱਲੀਬਖਸ਼ ਕੰਮ ਕਰਵਾਉਣ ਲਈ ਸੰਪਰਕ ਕਰੋ







Harmanjot Dhudike
403-975-0006
Sharmanjot22@gmail.com

# ਸੰਗਰੂਰ, 21 ਦਿਨਾ ਕਿਸਾਨੀ ਪੱਕਾ ਮੋਰਚਾ, ਜੇਤੂ ਰੈਲੀ ਨਾਲ ਸਮਾਪਤ

## ਭਾਕਿਯੂ (ਏਕਤਾ-ਉਗਰਾਹਾਂ) ਵੱਲੋਂ ਕੇਂਦਰ ਨਾਲ ਸਬੰਧਿਤ ਮੰਗਾਂ ਦੀ ਪੂਰਤੀ ਲਈ ਸਖਤ ਜਾਨ ਘੋਲ ਦਾ ਸੱਦਾ





**ਬਲਜਿੰਦਰ ਸਿੰਘ ਪਟਿਆਲਾ**

ਸੰਗਰੂਰ : ਪੰਜਾਬ ਸਰਕਾਰ ਵੱਲੋਂ ਕਿਸਾਨਾਂ ਦੇ ਸਮੁੱਚੇ ਝੋਨੇ ਦਾ ਦਾਣਾ ਦਾਣਾ ਐਮ ਐਸ ਪੀ ਤੇ ਖਰੀਦਣਾ ਯਕੀਨੀ ਬਣਾਉਣ, ਐਮ ਐਸ ਪੀ ਤੋਂ ਘੱਟ ਰੇਟ 'ਤੇ ਖਰੀਦੀ ਮੂੰਗੀ ਦੀ ਫਸਲ ਦੀ ਰਹਿੰਦੀ ਅਦਾਇਗੀ 15 ਦਿਨਾਂ ਚ ਮੁਕੰਮਲ ਕਰਨ, ਕੁਦਰਤੀ ਆਫਤਾਂ ਤੇ ਬਿਮਾਰੀਆਂ ਨਾਲ ਤਬਾਹ ਹੋਈਆਂ ਸਭ ਫਸਲਾਂ ਦਾ ਸਮੁੱਚਾ ਮੁਆਵਜਾ 30 ਨਵੰਬਰ ਤੱਕ ਵੰਡਣ, ਮਜਬੂਰੀ ਵੱਸ ਪਰਾਲੀ ਸਾੜਨ ਵਾਲੇ ਕਿਸਾਨਾਂ 'ਤੇ ਕਿਸੇ ਕਿਸਮ ਦੀ ਸਖਤੀ ਨਾ ਕਰਨ ਅਤੇ ਪਿਛਲੇ ਸਾਲਾਂ ਦੌਰਾਨ ਦਰਜ ਕੇਸ ਵਾਪਿਸ ਲੈਣ ਸਮੇਤ ਕਿਸਾਨ ਮੋਰਚੇ ਦੀਆਂ ਕਈ ਹੋਰ ਅਹਿਮ ਮੰਗਾਂ ਸਮਾਂ-ਬੱਧ ਢੰਗ ਨਾਲ ਲਾਗੂ ਕਰਨ ਦਾ ਲਿਖਤੀ ਭਰੋਸਾ ਮਿਲਣ ਉਪਰੰਤ ਅੱਜ ਭਾਰਤੀ ਕਿਸਾਨ ਯੂਨੀਅਨ (ਏਕਤਾ-ਉਗਰਾਹਾਂ) ਵੱਲੋਂ ਮੁੱਖ ਮੰਤਰੀ ਸ੍ਰੀ ਭਗਵੰਤ ਮਾਨ ਦੀ ਸੰਗਰੂਰ ਕੋਠੀ ਦਾ ਚੱਲ ਰਿਹਾ ਘਿਰਾਓ ਅਤੇ ਪੱਕਾ ਮੋਰਚਾ ਅੱਜ 21ਵੇਂ ਦਿਨ ਜੇਤੂ ਰੈਲੀ ਕਰਕੇ ਉਠਾ ਦਿੱਤਾ ਗਿਆ। ਵਰਨਣਯੋਗ ਹੈ ਕਿ ਇਹਨਾਂ ਮੰਗਾਂ ਉੱਪਰ ਲਿਖਤੀ ਸਹਿਮਤੀ ਬੀਤੇ ਕੱਲ੍ਹ ਖੇਤੀਬਾੜੀ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਵਲੋਂ ਯੂਨੀਅਨ ਦੇ ਸੂਬਾ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਅਤੇ ਹੋਰ ਸੂਬਾਈ ਆਗੂਆਂ ਨਾਲ ਕੀਤੀ ਮੀਟਿੰਗ ਉਪਰੰਤ ਬਣੀ ਸੀ। ਜਿਸਦਾ ਲਿਖਤੀ ਰੂਪ ਅੱਜ ਵਿਸਾਲ ਇਕੱਠ ਚ ਸਟੇਜ ਦੇ ਉੱਪਰ ਲੈ ਕੇ ਐਸ ਡੀ ਐਮ ਸੰਗਰੂਰ ਪਹੁੰਚੇ। ਮੋਰਚੇ ਦੌਰਾਨ ਸਹੀਦ ਹੋਏ ਦੋ ਕਿਸਾਨਾਂ ਦੇ ਵਾਰਸਾਂ ਨੂੰ 10-10 ਲੱਖ ਰੁਪਏ ਦਾ ਮੁਆਵਜਾ,1-1 ਜੀ ਨੂੰ ਪੱਕੀ ਨੌਕਰੀ ਅਤੇ ਸਾਰਾ ਕਰਜਾ ਖਤਮ ਕਰਨ ਦੀ ਮੰਗ ਇੱਕ ਚੈੱਕ ਅੱਜ ਸਟੇਜ ਉੱਤੇ ਭੇਟ ਕਰਨ ਅਤੇ ਬਾਕੀ ਕਿਸਾਨਾਂ ਦੇ ਭੋਗ ਸਮਾਗਮਾਂ ਤੱਕ ਦੇਣ ਦਾ ਐਲਾਨ ਕਰਨ ਰਾਹੀਂ ਮੰਨੀ ਗਈ। ਇਸ ਮੌਕੇ ਜੁੜੇ ਇਕੱਠ ਨੂੰ ਸੰਬੋਧਨ ਕਰਦਿਆਂ ਯੂਨੀਅਨ ਦੇ ਸੂਬਾ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਭਾਵੇਂ ਇਹ ਮੰਗਾਂ 7 ਅਕਤੂਬਰ ਨੂੰ ਹੀ ਮੰਨ ਲਈਆਂ ਸੀ ਪਰ ਇਹਨਾਂ ਨੂੰ ਲਿਖਤੀ ਰੂਪ ਚ ਹਾਸਲ ਕਰਨ ਲਈ ਹੀ 21 ਦਿਨ ਮੋਰਚਾ ਲਾਉਣਾ ਸਾਬਤ ਕਰਦਾ ਹੈ ਕਿ ਆਪ ਦੀ ਸਰਕਾਰ ਵੀ ਸਾਮਰਾਜ ਪੱਖੀ ਨੀਤੀਆਂ 'ਤੇ ਚਲਦਿਆਂ ਪਹਿਲੀਆਂ ਰਵਾਇਤੀ ਪਾਰਟੀਆਂ ਵਾਂਗ ਹੀ ਲਾਰੇ ਲਾ ਕੇ ਕਿਸਾਨਾਂ ਨੂੰ ਵਰਚਾਉਣ ਦੀ ਨੀਤੀ 'ਤੇ ਚੱਲ ਰਹੀ ਹੈ ਜਿਸਨੂੰ ਮੋਰਚੇ 'ਚ ਡਟੇ ਕਿਸਾਨਾਂ ਮਜਦੂਰਾਂ ਤੇ ਔਰਤਾਂ ਦੇ ਸਿਰੜੀ ਇਰਾਦਿਆਂ ਦੇ ਜੋਰ ਭਵਾਟਣੀ ਦਿੱਤੀ ਗਈ ਹੈ। ਉਹਨਾਂ ਇਸ ਜਿੱਤ ਤੋਂ ਉਤਸਾਹ ਤੇ ਪ੍ਰੇਰਣਾ ਲੈਕੇ ਮੋਦੀ ਸਰਕਾਰ ਨਾਲ ਸਬੰਧਤ ਭਖਦੀਆਂ ਮੰਗਾਂ 'ਤੇ ਆਉਂਦੇ ਸਮੇਂ ਚ ਮੁਲਕ ਵਿਆਪੀ ਸਖਤ ਜਾਨ ਸੰਘਰਸ ਦੀਆਂ ਤਿਆਰੀਆਂ ਲਈ ਕਮਰਕੱਸੇ ਕਰਨ ਦਾ ਐਲਾਨ ਕੀਤਾ। ਉਹਨਾਂ ਸੰਯੁਕਤ ਕਿਸਾਨ ਮੋਰਚੇ ਵੱਲੋਂ ਪਹਿਲਾਂ ਹੀ ਕੀਤੇ ਗਏ ਐਲਾਨ ਮੁਤਾਬਕ 26 ਨਵੰਬਰ ਨੂੰ ਦਿੱਲੀ ਮੋਰਚੇ ਦੀ ਦੂਜੀ ਸਾਲਗਿਰਹਾ ਮੌਕੇ ਮੁਲਕ ਭਰ ਵਿੱਚ ਕੀਤੇ ਜਾਣ ਵਾਲੇ ਵਿਰੋਧ ਪ੍ਰਦਰਸਨਾਂ ਨੂੰ ਪੰਜਾਬ ਵਿੱਚ ਮਿਸਾਲੀ ਬਨਾਉਣ ਦਾ ਸੱਦਾ ਦਿੱਤਾ। ਯੂਨੀਅਨ ਦੇ ਸੂਬਾ ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀ ਕਲਾਂ ਨੇ ਆਪਣੇ ਸੰਬੋਧਨ ਦੌਰਾਨ ਮੰਗਾਂ ਲਾਗੂ ਕਰਨ ਦੇ ਲਿਖਤੀ ਵਾਅਦਿਆਂ ਨੂੰ ਅਮਲੀ ਰੂਪ ਚ ਲਾਗੂ ਕਰਾਉਣ ਅਤੇ ਮੋਦੀ ਹਕੂਮਤ ਦੀਆਂ ਸਾਮਰਾਜ ਪੱਖੀ ਕਿਸਾਨ ਮਜਦੂਰ ਤੇ ਲੋਕ ਵਿਰੋਧੀ ਨੀਤੀਆਂ ਨੂੰ ਭਾਂਜ ਦੇਣ ਲਈ ਹਰ ਕਿਸਮ ਦੀ ਫਿਰਕਾਪ੍ਰਸਤ , ਜਾਤਪਾਤੀ ਤੇ ਹੋਰਨਾਂ ਵੰਡੀਆਂ ਤੋਂ ਉੱਪਰ ਉੱਠ ਕੇ ਪਿੰਡ ਪਿੰਡ ਵਿਸਾਲ ਕਿਸਾਨ ਮਜਦੂਰ ਲਹਿਰ ਖੜ੍ਹੀ ਕਰਨ ਦਾ ਸੱਦਾ ਦਿੱਤਾ। ਯੂਨੀਅਨ ਦੇ ਸੀਨੀਅਰ ਮੀਤ ਪ੍ਰਧਾਨ ਝੰਡਾ ਸਿੰਘ ਜੇਠੂਕੇ ਨੇ ਸੰਬੋਧਨ ਦੌਰਾਨ ਕਿਹਾ ਕਿ ਮੌਜੂਦਾ ਮੰਗਾਂ ਲਾਗੂ ਕਰਾਉਣ ਦਾ ਸਿੱਧਾ ਸਬੰਧ ਧਰਤੀ ਹੇਠਲੇ ਅਤੇ ਦਰਿਆਈ ਪਾਣੀਆਂ ਦੀ ਮਾਲਕੀ ਸਾਮਰਾਜੀ ਕਾਰਪੋਰੇਟਾਂ ਹੱਥ ਜਾਣ ਤੋਂ ਰੋਕਣ ਨਾਲ ਬਣਦਾ ਹੈ। ਦਿਓ ਕੱਦ ਕੰਪਨੀਆਂ ਵੱਲੋਂ ਪਾਣੀ ਹਵਾ ਦਾ ਬੇਹਿਸਾਬਾ ਪ੍ਰਦੂਸਣ ਰੋਕਣ ਨਾਲ ਬਣਦਾ ਹੈ। ਔਰਤ ਕਿਸਾਨ ਆਗੂ ਹਰਿੰਦਰ ਬਿੰਦੂ ਨੇ ਸੰਗਰੂਰ ਮੋਰਚੇ 'ਚ ਦਿੱਲੀ ਮੋਰਚੇ ਵਾਂਗ ਔਰਤਾਂ ਦੀ ਵਿਸਾਲ ਸਮੂਲੀਅਤ 'ਤੇ ਤਸੱਲੀ ਜਾਹਰ ਕਰਦਿਆਂ ਖੇਤੀ ਕਿੱਤੇ ਨੂੰ ਬਚਾਉਣ ਲਈ ਸੰਘਰਸਾਂ ਚ ਔਰਤਾਂ ਦੀ ਹਰ ਪੱਧਰ 'ਤੇ ਸਮੂਲੀਅਤ ਯਕੀਨੀ ਬਣਾਉਣ ਦਾ ਸੱਦਾ ਦਿੱਤਾ। ਭਰਾਤਰੀ ਜਥੇਬੰਦੀ ਪੰਜਾਬ ਖੇਤ ਮਜਦੂਰ ਯੂਨੀਅਨ ਦੇ ਸੂਬਾ ਜਨਰਲ ਸਕੱਤਰ ਲਛਮਣ ਸਿੰਘ ਸੇਵੇਵਾਲਾ ਨੇ ਕਿਸਾਨਾਂ ਮਜਦੂਰਾਂ ਦੀ ਪੁੱਗਤ ਸਥਾਪਤੀ ਲਈ ਸਾਮਰਾਜ ਤੇ ਜਗੀਰੂ ਲੁੱਟ ਤੋਂ ਮੁਕਤੀ ਲਈ ਸਹੀਦ ਭਗਤ ਸਿੰਘ ਦੇ ਵਿਚਾਰਾਂ 'ਤੇ ਪਹਿਰਾ ਦੇਣ ਲਈ ਮਜਦੂਰਾਂ ਕਿਸਾਨਾਂ ਦੀ ਸਾਂਝੀ ਲਹਿਰ ਉਸਾਰਨ ਦਾ ਸੱਦਾ ਦਿੱਤਾ। ਸੂਬਾ ਸਕੱਤਰ ਸਿ?ਗਾਰਾ ਸਿੰਘ ਮਾਨ ਨੇ ਸੂਬਾ ਸਰਕਾਰ ਵੱਲੋਂ ਮੰਨੀਆਂ ਮੰਗਾਂ ਦਾ ਵਿਸਥਾਰ ਬਿਆਨਦਿਆਂ ਦੱਸਿਆ ਕਿ ਸਰਕਾਰ ਨੇ ਪ੍ਰਵਾਨ ਕੀਤਾ ਹੈ ਕਿ ਪੰਜਾਬ ਦਾ ਨਹਿਰੀ ਢਾਂਚਾ ਮਾੜੀ ਹਾਲਤ ਵਿੱਚ ਹੈ ਜਿਸਨੂੰ 31 ਜਨਵਰੀ ਤੱਕ ਨਵਿਆਉਣ ਦੀ ਲਿਖਤੀ ਸਹਿਮਤੀ ਦਿੱਤੀ ਗਈ ਹੈ, ਜੀਰਾ ਫੈਕਟਰੀ ਵੱਲੋਂ ਫੈਲਾਏ ਜਾ ਰਹੇ ਪ੍ਰਦੂਸਣ ਨੂੰ ਰੋਕਣ ਲਈ ਫੈਕਟਰੀ ਬੰਦ ਕਰਨ ਦੀ ਮੰਗ ਉਤੇ ਸਹਿਮਤੀ ਜਾਹਰ ਕਰਦਿਆਂ ਇਸਦੇ ਹੱਲ ਤੱਕ ਫੈਕਟਰੀ ਅੱਗੇ ਚੱਲ ਰਹੇ ਮੋਰਚੇ ਉਤੇ ਕਿਸੇ ਕਿਸਮ ਦੀ ਸਖਤੀ ਨਾ ਕਰਨ ਦਾ ਭਰੋਸਾ ਦਿੱਤਾ ਗਿਆ। ਭਾਰਤਮਾਲਾ ਪ੍ਰਜੈਕਟ ਤਹਿਤ ਐਕਵਾਇਰ ਕੀਤੀ ਜਾ ਰਹੀ ਜਮੀਨ ਸਬੰਧੀ ਫੈਸਲਾ ਕਿਸਾਨਾਂ ਦੀ ਤਸੱਲੀ ਮੁਤਾਬਕ ਕਰਨ ਤੇ ਉਦੋਂ ਤੱਕ ਕੋਈ ਵੀ ਕੰਮ ਸੁਰੂ ਨਾ ਕਰਨ ਦਾ ਭਰੋਸਾ ਦਿੱਤਾ ਗਿਆ। ਇਸ ਤੋਂ ਇਲਾਵਾ ਲੰਪੀ ਸਕਿਨ ਕਾਰਨ ਮਰੀਆਂ ਗਾਵਾਂ ਦਾ ਮੁਆਵਜਾ ਦੇਣ ਸਬੰਧੀ ਵੀ ਸਰਕਾਰ ਵੱਲੋਂ ਸਹਿਮਤੀ ਦਿੱਤੀ ਗਈ ਹੈ। ਸਟੇਜ ਵੱਲੋਂ ਪੰਜਾਬ ਸਰਕਾਰ ਦੁਆਰਾ ਜੀ ਐਮ ਸਰ੍ਹੋਂ ਨੂੰ ਪ੍ਰਵਾਨਗੀ ਦੇ ਕੇ ਕਾਰਪੋਰੇਟ ਸਾਮਰਾਜੀ ਘਰਾਣਿਆਂ ਦਾ ਕਬਜਾ ਸਰ੍ਹੋਂ ਦੀ ਖੇਤੀ ਉੱਤੇ ਕਰਵਾਉਣ ਦੀ ਨੀਤੀ ਦੀ ਸਖਤ ਨਿੰਦਾ ਕਰਨ ਅਤੇ ਇਹ ਫੈਸਲਾ ਰੱਦ ਦੀ ਮੰਗ ਕਰਦਾ ਮਤਾ ਪੇਸ ਕੀਤਾ ਗਿਆ ਜਿਸ ਨੂੰ ਪੂਰੇ ਪੰਡਾਲ ਵੱਲੋਂ ਹੱਥ ਖੜ੍ਹੇ ਕਰਕੇ ਪਾਸ ਕੀਤਾ ਗਿਆ। ਅੱਜ ਦੇ ਇਕੱਠ ਵਿੱਚ ਹਮਾਇਤੀ ਕਾਫਲਿਆਂ ਸਮੇਤ ਸਾਮਲ ਹੋਏ ਭਰਾਤਰੀ ਜਥੇਬੰਦੀਆਂ ਦੇ ਆਗੂਆਂ ਜਗਰੂਪ ਸਿੰਘ ਲਹਿਰਾ ਠੇਕਾ ਮੁਲਾਜਮ ਸੰਘਰਸ ਮੋਰਚਾ ਪੰਜਾਬ, ਕੈਪਟਨ ਪ੍ਰਗਟ ਸਿੰਘ ਜੀ ਓ ਜੀ ਅਤੇ ਗੁਰਤੇਜ ਸਿੰਘ ਰਾਣਾ ਜੇ ਸੀ ਬੀ ਯੂਨੀਅਨ ਨਾਭਾ ਦਾ ਸਟੇਜ ਵੱਲੋਂ ਧੰਨਵਾਦ ਕੀਤਾ ਗਿਆ।


Westwinds PHARMACY

ਤੁਹਾਡੀ ਆਪਣੀ ਦਵਾਈਆਂ ਦੀ ਦੁਕਾਨ

Open 7 Days A Week


New Hours Mon To Fri 9am to 9 pm and 10 am to 6 pm Weekends

10% Discount on OTC Products with this coupon
EXP : Dec 31, 2022 | LIMIT : 1 Coupon per Visit

Free Delivery In NE

• Blister Packaging • Service in English, Punjabi, Urdu and Hindi
• Servicing This Community Since 2004 • 50 Puls Years of Dispensing Experience
• ਬਲਿਸਟਰ ਪੈਕੇਜਿੰਗ • ਅੰਗਰੇਜ਼ੀ, ਪੰਜਾਬੀ, ਉਰਦੂ ਤੇ ਹਿਦੂ ਵਿਚ ਸੇਵਾ ਉਪਲਬਧ
• 2004 ਤੋਂ ਸੇਵਾ ਵਿਚ • 50 ਸਾਲ ਤੋਂ ਵੱਧ ਦਾ ਸ਼ਾਨਦਾਰ ਤਜਰਬਾ

Fast, Friendly, Hassle Free Service!



Apinder Aujla
BSc.Pharm



Satvachan Lal
B.Sc.Pharm

#1150, 4818 Westwindus Drive NE. Calgary

403-293-9360



Trust Your Memories to the Professionals

Dream Productions inc.

Wedding, Birthday, Engagement, Slide Show, Music Video, T.V. Program, Modeling Picture, Concert, Community Event Etc.



We can Also Arrange
Decoration
Party Rentals

Customer satisfaction is our pride!

VIDEO
Video film with single, double & multiple camera system (Broadcast Quality)

PHOTOGRAPHY
Digital Photography (Coloured, black and white) digital enhancement


MUSIC
DJ, Lighting, screen Projector live sound etc.

403-835-2762
or
29 DREAM
(37326)

Special Packages Available For All Occasions



Call Romi Sidhu For Insurance & Financial Needs



StateFarm IS NOW Desjardins Insurance

Monday - Friday 9am to 5:30pm
Weekends: All Other Times
Only Appointments




4851 Westwinds Drive NE,
Suite 217, Calgary, AB T3J 4L4
Bus: 403-568-4330
Email: romi.sidhu@desjardins.com

* HOME * DISABILTY * VEHICLE FINANCE
* AUTO * RRSV * CRITICAL ILLNESS
* LIFE * RESP * MUTUAL FUNDS

Romi Sidhu,
Agent
P02720CN

# ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਤੇ ਕੈਨੇਡੀਅਨ ਪੰਜਾਬੀ ਕੌਂਸਲ ਵਲੋਂ ਬਰਲਿੰਗਟਨ 'ਚ ਕਵੀ-ਦਰਬਾਰ

## *ਭਾਰਤ ਤੋਂ ਆਏ ਉੱਘੇ ਗ਼ਜ਼ਲਗੋ ਗੁਰਦਿਆਲ ਰੌਸ਼ਨ, ਅੰਜੁਮ ਲੁਧਿਆਣਵੀ ਤੇ ਵਰਿਆਮ ਮਸਤ ਨੇ ਕੀਤੀ ਸ਼ਿਰਕਤ*












ਬਰੈਂਪਟਨ, (ਸਰੋਕਾਰਾਂ ਦੀ ਆਵਾਜ਼ ਬਿਊਰੋ) : ਬਰੈਂਪਟਨ ਵਿਚ ਪਿਛਲੇ ਗਿਆਰਾਂ ਸਾਲ ਤੋਂ ਸਰਗਰਮ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਅਤੇ ਬਰਲਿੰਗਟਨ ਵਿਚ ਨਵ-ਗਠਿਤ ਕੈਨੇਡੀਅਨ ਪੰਜਾਬੀ ਕੌਂਸਲ ਵੱਲੋਂ ਮਿਲ ਕੇ ਲੰਘੇ ਸ਼ਨੀਵਾਰ 15 ਅਕਤੂਬਰ ਨੂੰ ਗੁਰੂ ਨਾਨਕ ਦੇਵ ਜੀ ਦੇ 553ਵੇਂ ਪ੍ਰਕਾਸ਼-ਪੁਰਬ ਨੂੰ ਸਮਰਪਿੱਤ ਦੂਸਰਾ ਕਵੀ-ਦਰਬਾਰ ਬਰਲਿੰਗਟਨ ਵਿਖੇ ਕਰਵਾਇਆ ਗਿਆ। ਇਸ ਤੋਂ ਪਹਿਲਾਂ ਜੁਲਾਈ 2019 ਵਿਚ ਓਕਵਿਲ ਵਿਚ ਅਜਿਹਾ ਕਵੀ-ਦਰਬਾਰ ਕਰਵਾਇਆ ਗਿਆ ਸੀ। ਗੁਰੂ ਨਾਨਕ ਦੇਵ ਜੀ ਦੇ 553'ਵੇਂ ਪ੍ਰਕਾਸ਼-ਪੁਰਬ ਨੂੰ ਸਮੱਰਿਪਤ ਇਹ ਕਵੀ-ਦਰਬਾਰ ਸਮਾਗ਼ਮ ਬਰਲਿੰਗਟਨ ਦੇ 1377 ਵੱਕਰ ਲਾਈਨ ਸਥਿਤ ਫ਼ੈਲੋਸ਼ਿਪ ਹਾਲ ਵਿਚ ਬਾਅਦ ਦੁਪਹਿਰ 2.30 ਵਜੇ ਆਰੰਭ ਹੋਇਆ ਅਤੇ ਸ਼ਾਮ ਦੇ ਛੇ ਵਜੇ ਤੱਕ ਚੱਲਦਾ ਰਿਹਾ। ਇਸ ਮੌਕੇ ਪ੍ਰਧਾਨਗੀ-ਮੰਡਲ ਵਿਚ ਭਾਰਤ ਤੋਂ ਆਏ ਉਸਤਾਦ ਗ਼ਜ਼ਲਗੋ ਗੁਰਦਿਆਲ ਰੌਸ਼ਨ, ਅੰਜੁਮ ਲੁਧਿਆਣਵੀ ਤੇ ਵਰਿਆਮ ਮਸਤ ਦੇ ਨਾਲ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਦੇ ਚੇਅਰਪਰਸਨ ਕਰਨ ਅਜਾਇਬ ਸਿੰਘ ਸੰਘਾ ਅਤੇ ਕੈਨੇਡੀਅਨ ਪੰਜਾਬੀ ਕੌਂਸਲ ਵੱਲੋਂ ਡਾ. ਪਰਗਟ ਸਿੰਘ ਬੱਗਾ ਸੁਸ਼ੋਭਿਤ ਸਨ।

ਸਮਾਗ਼ਮ ਵਿਚ ਆਏ ਮਹਿਮਾਨਾਂ ਦੇ ਰਸਮੀ ਸੁਆਗ਼ਤ ਤੋਂ ਬਾਅਦ ਸਮਾਗ਼ਮ ਦੀ ਸ਼ੁਰੂਆਤ ਮੰਚ ਸੰਚਾਲਕ ਤਲਵਿੰਦਰ ਮੰਡ ਵੱਲੋਂ ਬਰੈਂਪਟਨ ਦੇ ਸੁਰੀਲੇ ਗਾਇਕ ਇਕਬਾਲ ਬਰਾੜ ਵੱਲੋਂ ਗੁਰੂ ਨਾਨਕ ਦੇਵ ਜੀ ਦੀ ਸਾਰੇ ਬ੍ਰਹਿਮੰਡ ਨੂੰ ਕਲਾਵੇ ਵਿਚ ਲੈਂਦੀ ਮਹਾਨ ਆਰਤੀ 'ਗਗਨ ਮਹਿ ਥਾਲ ਰਵਿ ਚੰਦ ਦੀਪਕ ਬਨੇਂ' ਨਾਲ ਕਰਵਾਈ ਗਈ। ਉਪਰੰਤ, ਉੱਘੇ ਵਿਦਵਾਨ ਪੂਰਨ ਸਿੰਘ ਪਾਂਧੀ ਵੱਲੋਂ ਗੁਰੂ ਸਾਹਿਬ ਦੇ ਮਹਾਨ ਉਪਦੇਸਾਂ ਅਤੇ ਉਨ੍ਹਾਂ ਦੀਆਂ ਮਨੁੱਖਤਾ ਦੇ ਲਈ ਅਨਮੋਲ ਸਿੱਖਿਆਵਾਂ ਬਾਰੇ ਬੜੇ ਭਾਵਪੂਰਤ ਸ਼ਬਦਾਂ ਵਿਚ ਚਾਨਣਾ ਪਾਇਆ ਗਿਆ। ਇਸ ਦੇ ਨਾਲ ਮੰਚ-ਸੰਚਾਲਕ ਵੱਲੋਂ ਸਭ ਤੋਂ ਪਹਿਲਾਂ ਲਹਿੰਦੇ ਪੰਜਾਬ ਦੇ ਸ਼ਾਇਰ ਮਕਸੂਦ ਚੌਧਰੀ ਨੂੰ ਆਪਣਾ ਕਲਾਮ ਪੇਸ਼ ਕਰਨ ਲਈ ਕਿਹਾ ਗਿਆ ਅਤੇ ਫਿਰ ਵਾਰੋ-ਵਾਰੀ ਪੈਰਿਸ ਤੋਂ ਆਏ ਰਜਿੰਦਰ ਸਿੰਘ, ਲਹਿੰਦੇ ਪੰਜਾਬ ਦੇ ਮਸ਼ਹੂਰ ਵਕੀਲ ਸਮੀਉੱਲਾਹ ਖ਼ਾਨ, ਪੰਜਾਬ ਯੂਨੀਵਰਸਿਟੀ ਲਾਹੌਰ ਦੇ ਸਾਬਕਾ ਪ੍ਰੋਫ਼ੈਸਰ ਆਸ਼ਿਕ ਰਹੀਲ, ਲਾਹੌਰ ਤੋਂ ਸ਼ਬਨਮ ਜ਼ਫ਼ਰ, ਬਰੈਂਪਟਨ ਤੋਂ ਜਗਮੋਹਨ ਸੰਘਾ, ਸੁਖਦੇਵ ਝੰਡ, ਉੱਘੇ ਗ਼ਜ਼ਲਗੋ ਭੁਪਿੰਦਰ ਦੁਲੇ, ਹਰਦਿਆਲ ਝੀਤਾ, ਮਹਿੰਦਰਪਾਲ ਸਿੰਘ, ਪਰਮਜੀਤ ਢਿੱਲੋਂ, ਸੰਜੀਵ ਕਾਫ਼ਿਰ, ਹੀਰਾ ਸਿੰਘ ਹੰਸਪਾਲ, ਪ੍ਰਿੰ. ਗਿਆਨ ਸਿੰਘ ਘਈ, ਗਿਆਨ ਸਿੰਘ ਦਰਦੀ, ਪ੍ਰਿਤਪਾਲ ਸਿੰਘ ਚੱਗਰ, ਈਸ਼ਰ ਸਿੰਘ, ਮੇਜਰ ਸਿੰਘ ਨਾਗਰਾ, ਰੂਬੀ ਕਰਤਾਰਪੁਰੀ, ਸੁੰਦਰਪਾਲ ਰਾਜਾਸਾਂਸੀ ਅਤੇ ਇਨ੍ਹਾਂ ਦੇ ਵਿਚਾਲੇ ਬਰਲਿੰਗਟਨ ਤੇ ਹੋਰ ਸ਼ਹਿਰਾਂ ਤੋਂ ਆਏ ਕਵੀ-ਕਵਿੱਤਰੀਆਂ ਜਰਨੈਲ ਮੱਲ੍ਹੀ, ਬਰਿੰਦਰਪਾਲ, ਅਜੀਤ ਹਿਰਖ਼ੀ, ਰਣਜੀਤ ਕੌਰ ਅਰੋੜਾ, ਰਾਜ ਗੁਪਤਾ, ਜਸਪਾਲ ਸਿੰਘ ਦਸੂਵੀ, ਨਿਰਵੈਰ ਸਿੰਘ ਅਰੋੜਾ, ਕੇਵਲ ਸਿੰਘ ਜੰਡੂ, ਨਿਰਮਲ ਜਸਵਾਲ ਤੇ ਕਈ ਹੋਰਨਾਂ ਨੇ ਆਪਣੀਆਂ ਰਚਨਾਵਾਂ ਸਰੋਤਿਆਂ ਸਾਂਝੀਆਂ ਕੀਤੀਆਂ। ਇਨ੍ਹਾਂ ਤੋਂ ਇਲਾਵਾ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਦੇ ਸਰਪ੍ਰਸਤ ਬਲਰਾਜ ਚੀਮਾਂ ਵੱਲੋਂ ਇਸ ਕਵੀ-ਦਰਬਾਰ ਦੀ ਗਿਣਾਤਮਿਕ ਤੇ ਗੁਣਾਤਮਿਕ ਪੱਖੋਂ ਭਾਰੀ ਸਫ਼ਲਤਾ ਸਬੰਧੀ ਆਪਣੇ ਵਿਚਾਰ ਪੇਸ਼ ਕੀਤੇ ਗਏ।

# ਪੰਜਾਬੀ ਭਵਨ ਟੋਰਾਂਟੋ ਵੱਲੋਂ ਸੀਨੀਅਰ ਪੱਤਰਕਾਰ ਤੇ ਲੇਖਕ ਕੁਲਦੀਪ ਸਿੰਘ ਬੇਦੀ ਨਾਲ ਰੂ-ਬ-ਰੂ

## *• ਅਤੁਲ ਕੰਬੋਜ 'ਚੰਨ' ਦੀ ਕਾਵਿ-ਪੁਸਤਕ 'ਮਿਸ਼ਰੀ' ਲੋਕ-ਅਰਪਿਤ • ਸੁਰਜੀਤ ਕੌਰ ਤੇ ਡਾ. ਸੁਖਦੇਵ ਸਿੰਘ ਝੰਡ ਨੇ ਪੁਸਤਕ ਬਾਰੇ ਦਿੱਤੀ ਜਾਣਕਾਰੀ*





ਬਰੈਂਪਟਨ, (ਸਰੋਕਾਰਾਂ ਦੀ ਆਵਾਜ਼ ਬਿਊਰੋ) : ਲੰਘੇ ਸ਼ਨੀਵਾਰ 22 ਅਕਤੂਬਰ ਨੂੰ ਅਦਾਰਾ 'ਪੰਜਾਬੀ ਭਵਨ ਟੋਰਾਂਟੋ' ਵੱਲੋਂ ਜਲੰਧਰ ਦੇ ਪ੍ਰਸਿੱਧ ਅਖ਼ਬਾਰ 'ਜੱਗ ਬਾਣੀ' ਨਾਲ ਸਾਲਾਂ ਬੱਧੀ ਜੁੜੇ ਰਹੇ ਸੀਨੀਅਰ ਪੱਤਰਕਾਰ ਅਤੇ ਲੇਖਕ ਕੁਲਦੀਪ ਸਿੰਘ ਬੇਦੀ ਨਾਲ ਰੂ-ਬ-ਰੂ ਰਚਾਇਆ ਗਿਆ। ਇਸ ਮੌਕੇ ਪ੍ਰਧਾਨਗੀ-ਮੰਡਲ ਵਿਚ ਉਨ੍ਹਾਂ ਦੇ ਨਾਲ ਬਰੈਂਪਟਨ ਦੇ ਉੱਘੇ ਵਕੀਨ ਵਿਪਨਦੀਪ ਸਿੰਘ ਮਰੋਕ ਅਤੇ 'ਓਮਨੀ ਟੀ.ਵੀ.' ਵਰਗੇ ਅਹਿਮ ਅਦਾਰੇ ਨਾਲ ਜੁੜੇ ਰਹੇ ਸੀਨੀਅਰ ਪੱਤਰਕਾਰ ਸ਼ਮੀਲ ਜਸਵੀਰ ਸ਼ਾਮਲ ਸਨ। ਸ਼ਮੀਲ ਨੇ ਮੰਚ-ਸੰਚਾਲਨ ਦੀ ਜ਼ਿੰਮੇਵਾਰੀ ਵੀ ਸੰਭਾਲੀ। ਆਪਣੇ ਬਾਰੇ ਬੋਲਦਿਆਂ ਕੁਲਦੀਪ ਸਿੰਘ ਬੇਦੀ ਨੇ ਦੱਸਿਆ ਪੰਜਾਬ ਵਿਚ 1981-82 ਤੋਂ ਲੈ ਕੇ 1992 ਤੱਕ ਚੱਲੇ ਕਾਲ਼ੇ ਦੌਰ ਦੇ ਦੌਰਾਨ ਜਲੰਧਰ ਦੇ 'ਹਿੰਦ ਸਮਾਚਾਰ ਗਰੁੱਪ' ਦੇ ਅਖ਼ਬਾਰ 'ਜੱਗ ਬਾਣੀ' ਵਿਚ ਕੰਮ ਕਰਦਿਆਂ ਉਨ੍ਹਾਂ ਨੂੰ ਬੜੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਖ਼ਾੜਕੂਆਂ ਵੱਲੋਂ ਉਨ੍ਹਾਂ ਅਤੇ ਉਨ੍ਹਾਂ ਦੇ ਸਟਾਫ਼-ਮੈਂਬਰਾਂ ਨੂੰ ਹਰ ਵੇਲੇ ਜਾਨ 'ਤੇ ਖ਼ਤਰਾ ਬਣਿਆਂ ਰਹਿੰਦਾ ਸੀ ਪਰ ਫਿਰ ਵੀ ਉਨ੍ਹਾਂ ਨੇ ਇਸ ਸਮੇਂ ਬੜੀ ਦਲੇਰੀ ਅਤੇ ਦ੍ਰਿੜ੍ਹਤਾ ਨਾਲ ਆਪਣੀ ਡਿਊਟੀ ਨਿਭਾਈ। ਆਪਣੇ ਸੰਬੋਧਨ ਦੌਰਾਨ ਉਨ੍ਹਾਂ ਕਈ ਦਿਲਚਸਪ ਘਟਨਾਵਾਂ ਦਾ ਜ਼ਿਕਰ ਕੀਤਾ, ਜਿਵੇਂ ਕਿ ਕਈ ਖਾੜਕੂ ਉਨ੍ਹਾਂ ਦੀ ਅਖ਼ਬਾਰ ਵੱਲੋਂ ਜਰਨੈਲ ਸਿੰਘ ਭਿੰਡਰਾਂਵਾਲੇ ਦੇ ਨਾਂ ਨਾਲ ਸ਼ਬਦ 'ਸੰਤ' ਨਾ ਲਿਖਣ ਤੋਂ ਹੀ ਉਨ੍ਹਾਂ ਦੇ ਨਾਲ ਔਖੇ-ਭਾਰੇ ਰਹਿੰਦੇ ਸਨ ਅਤੇ ਉਨ੍ਹਾਂ ਨੂੰ ਅਕਸਰ ਹੀ ਕਈ ਤਰ੍ਹਾਂ ਦੀਆਂ ਧਮਕੀਆਂ ਮਿਲਦੀਆਂ ਰਹਿੰਦੀਆਂ ਸਨ।

ਉਨ੍ਹਾਂ ਦੱਸਿਆ ਕਿ ਪੱਤਰਕਾਰ ਵਜੋਂ ਉਨ੍ਹਾਂ ਨੇ ਆਪਣਾ ਕਰੀਅਰ 'ਕੌਮੀ ਦਰਦ' ਅਖ਼ਬਾਰ ਤੋਂ ਆਰੰਭ ਕੀਤਾ ਅਤੇ ਕੁਝ ਸਮਾਂ 'ਨਵਾਂ ਜ਼ਮਾਨਾ' ਅਖ਼ਬਾਰ ਨਾਲ ਵੀ ਜੁੜੇ ਰਹੇ। ਫਿਰ 'ਹਿੰਦ ਸਮਾਚਾਰ ਗਰੁੱਪ' ਦੇ ਮਾਲਕ ਰਮੇਸ਼ ਚੰਦਰ ਦੇ ਕਹਿਣ 'ਤੇ ਉਨ੍ਹਾਂ ਵੱਲੋਂ ਪੰਜਾਬੀ ਵਿਚ ਆਰੰਭ ਕੀਤੀ ਗਈ ਅਖ਼ਬਾਰ 'ਜੱਗ ਬਾਣੀ' ਵਿਚ ਆਏ ਅਤੇ ਇਸ ਵਿਚ ਪੰਜਾਬੀ ਦੇ ਨਾਮਵਰ ਸਾਹਿਤਕਾਰਾਂ ਅਜੀਤ ਕੌਰ, ਬਲਵੰਤ ਗਾਰਗੀ, ਸ਼ਿਵ ਕੁਮਾਰ ਬਟਾਲਵੀ ਆਦਿ ਦੇ ਨਾਲ ਨਾਲ ਕਈ ਨਵੇਂ ਲੇਖਕਾਂ ਸਬੰਧੀ ਕਾਲਮ ਦੇਣੇ ਸ਼ੁਰੂ ਕੀਤੇ। ਉਨ੍ਹਾਂ ਦੱਸਿਆ ਕਿ ਪੱਤਰਕਾਰੀ ਕਰਦਿਆਂ ਹੀ ਉਨ੍ਹਾਂ ਨੇ ਪ੍ਰਾਈਵੇਟ ਉਮੀਦਵਾਰ ਵਜੋਂ ਪੰਜਾਬੀ ਦੀ ਐੱਮ.ਏ. ਕੀਤੀ ਅਤੇ ਸਾਹਿਤ ਰਚਨਾ ਕਰਦਿਆਂ ਹੋਇਆਂ ਕਹਾਣੀਆਂ ਅਤੇ ਨਾਵਲਾਂ ਦੀਆਂ ਆਪਣੀਆਂ ਦਰਜਨ ਦੇ ਕਰੀਬ ਪੁਸਤਕਾਂ ਛਪਵਾਈਆਂ। ਸੁਆਲ-ਜਵਾਬ ਸੈਸ਼ਨ ਵਿਚ ਲਵੀਨ ਗਿੱਲ, ਡਾ. ਸੁਖਦੇਵ ਸਿੰਘ ਝੰਡ ਅਤੇ ਪ੍ਰੋ. ਜਗੀਰ ਸਿੰਘ ਕਾਹਲੋਂ ਵੱਲੋਂ ਕੁਝ ਨੁਕਤੇ ਉਠਾਏ ਗਏ ਜਿਨ੍ਹਾਂ ਦੇ ਜੁਆਬ ਕੁਲਦੀਪ ਬੇਦੀ ਜੀ ਵੱਲੋਂ ਬੜੇ ਤਸੱਲੀਪੂਰਵਕ ਦਿੱਤੇ ਗਏ।

DM TRANSPORT
ace ACI US&Canada Bonded
**Bob Dhaliwal**
President
Phone# 1-844-820-3434 EXT 112
Cell # 416-318-5032
Fax # 1-416-981-3515
365 healey Rd, Bolton, ON
Unit 19
Email : bob@dmtransport.ca
Web : www.dmtransport.ca

**Hiring AZ drivers and owner operator**







Description
We're currently hiring AZ drivers and O/O for Long haul to California and Midwest ( Flatbed) and Dryvan and reefer (Midwest)
What we are offering:
• Great Pay • Great work environment • Consistent work & and miles! • Scale bypass
Requirements for our AZ Truck Driver positions:
• Valid AZ license • Previous 2 Year min Experience moving a tractor trailer • Clean Abstract & Commercial Driving record • Clean Criminal Background.
For further details on hiring, please apply directly & we will be in touch. Feel free to e-mail your resume at BOB@DMTRANSPORT.CA or call me Bob 416-318-5032

HMP ਐਚ ਐਮ ਪੀ ਪ੍ਰੋਫ਼ੈਸ਼ਨਲ ਕੰਸਟ੍ਰਕਸ਼ਨ ਲਿਮਟਿਡ
PROFESSIONAL CONSTRUCTION LTD.
Specialist in: www. hmphome.com
- Built Garage
- Garage Door Opener & Install
- New Garage Door
- Repair Old Garage Door
- Roofing, Fence, Deck
- New Houses Framing
- Old House Extension & any other add on construction Work

ਨਵੀਂ ਗੈਰਾਜ ਬਣਾਉਣ ਲਈ ਗੈਰਾਜ ਡੋਰ ਓਪਨਰ, ਨਵੀਂ ਗੈਰਾਜ ਡੋਰ, ਪੁਰਾਣੀ ਗੈਰਾਜ ਡੋਰ ਰਿਪੇਅਰ, ਰੂਫਿੰਗ, ਫੈਂਸ, ਡੈੱਕ, ਨਵੇਂ ਘਰਾਂ ਦੀ ਫਰੇਮਿੰਗ, ਪੁਰਾਣੇ ਘਰ ਦੀ ਐਕਸਟੈਂਸ਼ਨ ਅਤੇ ਹੋਰ ਕੋਈ ਵੀ ਕੰਸਟਰਕਸ਼ਨ ਦਾ ਕੰਮ ਕਰਾਉਣ ਲਈ ਫੋਨ ਕਰੋ।

HMP CUSTOM CABINETS LTD.
Specialist in : Custom Kitchen, Bars, Washroom Vanity, Closet & All Commercial Mill Work



Paul Sekhon: 403-829-5000
Free Estimate Paul Sekhon: 403-701-4947
Bay 11 2316 27 Ave. NE, Calgary Ph. : 403-701-4947

# ਕਾਲੇ ਕਾਨੂੰਨ ਯੂ.ਏ.ਪੀ.ਏ. ਦਾ ਸੰਖੇਪ ਇਤਿਹਾਸ






ਡਾ. ਅਜੀਤਪਾਲ ਸਿੰਘ
ਬਠਿੰਡਾ
98156-29301

ਗੈਰਕਾਨੂੰਨੀ ਸਰਗਰਮੀਆਂ ਰੋਕੂ ਕਾਨੂੰਨ ( ਯੂਏਪੀਏ) ਸੰਨ 1967 ਵਿੱਚ ਪਾਸ ਕੀਤਾ ਗਿਆ, ਜਦੋਂ ਸ੍ਰੀਮਤੀ ਇੰਦਰਾ ਗਾਂਧੀ ਪ੍ਰਧਾਨ ਮੰਤਰੀ ਸਨ। ਇਸ ਦਾ ਮਕਸਦ “ਵਿਅਕਤੀਆਂ ਤੇ ਸਭਾਵਾਂ ਦੀਆਂ ਗੈਰਕਨੂੰਨੀ ਸਰਗਰਮੀਆਂ ਨੂੰ ਅਸਰਦਾਰ ਤਰੀਕੇ ਨਾਲ ਰੋਕਣਾ” ਸੀ।

ਉਦੋਂ ਤੋਂ ਲੈ ਕੇ ਹੁਣ ਤਕ ਯੂਏਪੀਏ ਵਿਚ ਕਈ ਸੋਧਾਂ ਸੰਨ 1968, 2004,2008 ਅਤੇ 2009 ਵਿਚ ਕੀਤੀਆਂ ਗਈਆਂ। ਹਰੇਕ ਸੋਧ ਵਿਚ ਸਰਕਾਰ ਨੇ ਸਖਤ ਵਿਵਸਥਾਵਾਂ ਕੀਤੀਆਂ ਹਨ ਜਿਹਨਾਂ ਕਰਕੇ ਸੰਵਿਧਾਨ ਵਿੱਚ ਦਰਜ ਲੋਕਾਂ ਦੇ ਬੁਨਿਆਦੀ ਅਧਿਕਾਰ9 ਹੋਰ ਵੱਧ ਕੰਮਜੋਰ ਹੋਏ। ਡਾ ਅਰੁਣ ਫਰੇਰਾ ਤੇ ਵਰਨੋਨ ਗੋਂਜਾਲਵੇਜ ਦੇ ਲਿਖਣ ਮੁਤਾਬਿਕ ਗੈਰ-ਕਾਨੂੰਨੀ ਸਰਗਰਮੀਆਂ ਰੋਕੂ ਐਕਟ (ਯੂਏਪੀਏ) ਦੀ ਕਾਢ ਪਿੱਛੇ ਅਸਲੀ ਮਕਸਦ ਭਾਰਤੀ ਸੰਵਿਧਾਨ ਦੇ ਆਰਟੀਕਲ 19 ਨੂੰ ਹੌਲੀ ਹੌਲੀ ਤੇ ਲਗਾਤਾਰ ਛਾਂਗਣਾ ਸੀ। ਇਹ ਆਰਟੀਕਲ 19 ਲੋਕਾਂ ਨੂੰ ਆਪਣੇ ਵਿਚਾਰ ਪ੍ਰਗਟ ਕਰਨ, ਇਕੱਠੇ ਹੋਣ ਤੇ ਸਭਾਵਾਂ ਬਣਾਉਣ ਦਾ ਅਧਿਕਾਰ ਦਿੰਦਾ ਹੈ। ਟਾਡਾ ਤੇ ਪੋਟਾ ਵਰਗੇ “ਅਤਿਵਾਦ ਵਿਰੋਧੀ” ਕਾਨੂੰਨਾਂ ਵਾਂਗੂੰ ਯੂਏਪੀਏ ਵਿਚ “ਸੰਨਸੈਟ ਕਲਾਜ” ਵੀ ਨਹੀਂ ਹੈ ਜਿਸ ਮੁਤਾਬਕ ਕੋਈ ਕਾਨੂੰਨ ਆਪਣਾ ਮਕਸਦ ਹੱਲ ਹੋ ਜਾਣ ਪਿਛੋਂ ਆਪਣੇ ਆਪ ਖ਼ਤਮ ਹੋ ਜਾਂਦਾ ਹੈ। ਜਦੋਂ ਪੁਰਾਣੇ ਖੂੰਖਾਰ ਕਨੂੰਨ ਵਿੱਚ “ਸਨਸੈੱਟ ਕਲਾਜ” ਮੁਤਾਬਕ ਉਨ੍ਹਾਂ ਨੂੰ ਖਤਮ ਕਰਨ ਲਈ ਵੱਡੀ ਪੱਧਰ ਤੇ ਨੁਕਤਾਚੀਨੀ ਹੁੰਦੀ ਤਾਂ ਸਰਕਾਰ ਨੇ ਸੋਚਿਆ ਕਿ ਯੂਏਪੀਏ ਲਿਆਉਣ ਵੇਲੇ ਕਿਉਂ ਨਾ ਇਹ ਕਲਾਜ ਚੁਪ ਚਪੀਤੇ ਖਤਮ ਕਰ ਦਿੱਤੀ ਜਾਵੇ। ਇਸ ਤਰੀਕੇ ਨਾਲ ਭਾਰਤ ਦੇ ਲੋਕਾਂ ਨਾਲ ਅੰਦਰ ਖਾਤੇ ਧੋਖਾ ਕੀਤਾ ਗਿਆ। ਜਦੋਂ ਅਤਿਵਾਦ ਵੱਲੋਂ ਬੇਹੱਦ ਚੁਣੌਤੀ ਦਾ ਸਾਹਮਣਾ ਕਰਨਾ ਪੈ ਰਿਹਾ ਹੋਵੇ ਤਾਂ “ਸਨਸੈੱਟ ਕਲਾਜ” ਤੇ ਕੁਝ ਦੇਰ ਲਈ ਪਾਬੰਦੀ ਲਾਉਣੀ ਭਾਵੇਂ ਠੀਕ ਹੋਵੇ ਪਰ ਯੂਏਪੀਏ ਵਿਚ ਤਾਂ ਇਹ ਗੱਲ ਵੀ ਲਾਗੂ ਨਹੀ ਹੁੰਦੀ। ਟਾਡਾ ਵਿੱਚ ਤਾਂ ਇਹ ਵੀ ਦਰਜ ਸੀ ਕਿ ਜਦੋਂ ਦਰਪੇਸ਼ ਚੁਣੌਤੀ ਖ਼ਤਮ ਹੋ ਜਾਵੇ ਤਾਂ “ਸਨਸੈੱਟ” ਕਲਾਜ ਆਪਣੇ ਆਪ ਕਾਨੂੰਨ ਨੂੰ ਖ਼ਤਮ ਕਰਦੀ ਹੈ।

ਯੂਏਪੀਏ ਇਕ ਅਜਿਹਾ ਐਕਟ ਹੈ ਜਿਸ ਨਾਲ ਸਰਕਾਰ ਨੂੰ ਇਹ ਪਾਵਰ ਮਿਲਦੀ ਹੈ ਕਿ ਉਹ ਕਦੋਂ ਨੂੰ ਕਿਸੇ ਜਥੇਬੰਦੀ ਨੂੰ “ਗੈਰਕਾਨੂੰਨੀ” ਕਹਿ ਕੇ ਉਸ ਤੇ ਪਬੰਦੀ ਲਾ ਦੇਵੇ। 1967 ਦੇ ਅਸਲੀ ਐਕਟ ਵੀ ਇਹ ਵਿਵਸਥਾ ਸੀ ਕਿ ਉਹ ਕਿਸੇ ਜਥੇਬੰਦੀ ਤੇ ਲੱਗੀ ਪਾਬੰਦੀ ਖ਼ਿਲਾਫ਼ ਇੱਕ ਟ੍ਰਿਬਿਊਨਲ ਸੁਣਵਾਈ ਕਰੇ ਪਰ ਇਹ ਵੀ ਇੱਕ ਅੱਖਾਂ ਪੂੰਝਣ ਵਾਲੀ ਗੱਲ ਹੀ ਸਬਤ ਹੋਈ ਜਿਵੇਂ ਕਿ ਸਿਮੀ ਦੇ ਕੇਸ ਵਿੱਚ। 1967 ਵਿਚ ਯੂਏਪੀਏ ਲਾਏ ਜਾਣ ਦਾ ਇਕ ਕਾਰਨ ਇਹ ਸੀ ਕਿ ਚੋਣਾਂ ਲੜ ਰਹੀ ਡੀ ਐਮ ਕੇ ਪਾਰਟੀ ਨੇ ਤਾਮਿਲਨਾਡੂ ਨੂੰ ਭਾਰਤ ਤੋਂ ਅਲਹਿਦਗੀ ਲੈਣ ਦੀ ਮੰਗ ਨੂੰ ਆਪਣੇ ਮੈਨੀਫੈਸਟੋ ਦਾ ਹਿੱਸਾ ਬਣਾਇਆ ਹੋਇਆ ਸੀ। ਯੂਏਪੀਏ ਵਿਚ ਸਭ ਤੋਂ ਪਹਿਲੀ ਸੋਧ 2004 ਵਿੱਚ ਆਈ ਜਦੋਂ 2002 ਵਿਚ ਪਾਰਲੀਮੈਂਟ ਤੇ ਹੋਏ ਹਮਲੇ ਵੇਲੇ ਲਾਏ ਪੋਟਾ ਕਨੂੰਨ ਨੂੰ ਇਸ ਦੀ ਦੁਰਵਰਤੋਂ ਵਿਰੁੱਧ ਲੋਕਾਂ ਦੇ ਸਖਤ ਰੋਹ ਪਿੱਛੋ ਦੋ ਸਾਲਾਂ ਬਾਅਦ ਹੀ ਵਾਪਸ ਕਰਨਾ ਪਿਆ ਸੀ। ਪੋਟਾ ਨੂੰ ਵਾਪਸ ਲੈਣ ਦਾ ਨਵੀਂ ਚੁਣੀ ਕਾਂਗਰਸ ਸਰਕਾਰ ਦਾ ਚੋਣ ਵਾਅਦਾ ਵੀ ਸੀ। ਪੋਟਾ ਨੂੰ ਹਟਾਉਣ ਪਿਛੋਂ ਸੋਧੇ ਗਏ ਯੂ ਏ ਪੀ ਏ ’ਚ “ਗੈਰਕਾਨੂੰਨੀ ਸਰਗਰਮੀ”, “ਅਤਿਵਾਦੀ ਐਕਸ਼ਨ” ਅਤੇ “ਅਤਿਵਾਦੀ ਜਥੇਬੰਦੀ” ਦੀ ਪਰਿਭਾਸ਼ਾ ਵਿੱਚ ਮਹੱਤਵਪੂਰਨ ਤਬਦੀਲੀਆਂ ਕੀਤੀਆਂ ਗਈਆਂ। ਕਾਨੂੰਨ ਦੇ ਮਾਹਰਾਂ ਦੀਆਂ ਨਜ਼ਰਾਂ ਵਿਚ ਯੂਏਪੀਏ ਵਿਚ ਜੋ ਨਵੀਆਂ ਵਿਵਸਥਾਵਾਂ ਕੀਤੀਆਂ ਗਈਆਂ ਉਹ ਖ਼ਤਮ ਕੀਤੇ ਪੋਟਾ ਵਿੱਚੋਂ ਹੀ ਲਈਆਂ ਗਈਆਂ ਸਨ, ਮਿਸਾਲ ਵਜੋਂ ਅਤਿਵਾਦ ਤੇ ਅਤਿਵਾਦੀ ਜਥੇਬੰਦੀਆਂ ਤੇ ਅਤਿਵਾਦੀ ਸਰਗਰਮੀਆਂ ਲਈ ਸਜਾ ਦੇਣ ਬਾਰੇ। 2004 ਵਿੱਚ ਕੀਤੀਆਂ ਸੋਧਾਂ ਨੇ ਗ੍ਰਿਫਤਾਰ ਕੀਤੇ ਵਿਅਕਤੀ ਦੀ ਜਮਾਨਤ ਨੂੰ ਬਹੁਤ ਔਖਾ ਕਰ ਦਿੱਤਾ ਕਿਉਂਕਿ ਪਹਿਲਾਂ ਗ੍ਰਿਫਤਾਰ ਕੀਤੇ ਵਿਅਕਤੀ ਨੂੰ ਆਪਣੇ ਆਪ ਨੂੰ ਨਿਰਦੋਸ਼ ਸਾਬਤ ਕਰਨ ਲਈ ਅਦਾਲਤ ਨੂੰ ਸਹਿਮਤ ਕਰਨਾ।

ਯੂਏਪੀਏ ਵਿਚ ਅਗਲੀ ਸੋਧ ਸੰਨ 2008 ਵਿੱਚ ਹਥਿਆਰਬੰਦ ਵਿਅਕਤੀਆਂ ਵੱਲੋਂ ਮੁੰਬਈ ਵਿੱਚ ਕੀਤੇ ਹਮਲੇ ਪਿਛੋਂ ਆਈ। ਇਸ ਸੋਧ ਨਾਲ ਨਵੀਂਆਂ ਵਿਵਸਥਾਵਾਂ ਕੀਤੀਆਂ ਗਈਆਂ ਜਿਸ ਚ ਪੁਲੀਸ ਹਿਰਾਸਤ ਦਾ ਅਰਸਾ, ਚਾਰਜ ਸ਼ੀਟ ਤੋਂ ਬਿਨਾਂ ਹੀ ਤਸ਼ਦਦ ਅਤੇ ਜਮਾਨਤ ਦੇਣ ਤੇ ਪਾਬੰਦੀਆਂ ਸ਼ਾਮਲ ਹੋਈਆਂ। ਯੂ ਏ ਪੀ ਏ ਦੀਆਂ ਨਵੀਂਆਂ ਵਿਵਸਥਾਵਾਂ ਪੋਟਾ ਅਤੇ ਟਾਡਾ ਦੀਆਂ ਵਿਵਸਥਾਵਾਂ ਨਾਲ ਲਗਪਗ ਮਿਲਦੀਆਂ ਜੁਲਦੀਆਂ ਸਨ। ਇਸ ਨਵੀਂ ਸੋਧ ਆਸਰੇ ਤਫਸ਼ੀਸ਼ ਕਰ ਰਹੀਆਂ ਏਜੰਸੀਆਂ ਨੂੰ ਕਿਸੇ ਵਿਅਕਤੀ ਨੂੰ ਛੇ ਮਹੀਨੇ ਤਕ ਆਪਣੀ ਹਿਰਾਸਤ ਵਿੱਚ ਰੱਖਣ ਦੀ ਪਾਵਰ ਮਿਲ ਗਈ। ਸੈਕਸ਼ਨ 43 ਤਹਿਤ ਨਵੇਂ ਲਿਆਂਦੇ ਪਹਿਰੇ ਅਨੁਸਾਰ ਜੇ ਤਫਤੀਸ਼ੀ ਅਫਸਰ ਆਪਣੀ ਜਾਂਚ ਪੜਤਾਲ 90 ਦਿਨਾਂ ਚ ਪੂਰੀ ਨਹੀਂ ਕਰ ਪਾਉਂਦੇ ਤਾਂ ਅਦਾਲਤ ਦੋਸ਼ੀ ਦੀ ਹਿਰਾਸਤ 180 ਦਿਨ ਤੱਕ ਵਧਾ ਸਕਦੀ ਹੈ। ਇਸੇ ਸੈਕਸ਼ਨ ਵਿੱਚ 43(5) ਤਹਿਤ ਗ੍ਰਿਫਤਾਰ ਵਿਅਕਤੀ ਵੱਲੋਂ ਜਮਾਨਤੀ ਦੀ ਦਿੱਤੀ ਅਰਜੀ ਤੇ ਸਰਕਾਰੀ ਵਕੀਲ ਦੀ ਹਾਜ਼ਰੀ ਬਿਨਾਂ ਬਹਿਸ ਨਹੀਂ ਹੋ ਸਕਦੀ। ਇਸ ਤੋਂ ਅੱਗੇ ਸੋਧ ਇਹ ਕਹਿੰਦੀ ਹੈ ਕਿ ਦੋਸ਼ੀ ਵਿਅਕਤੀ ਨੂੰ ਉਨੀ ਦੇਰ ਤੱਕ ਜਮਾਨਤ ਤੇ ਨਹੀਂ ਛੱਡਿਆ ਜਾਣਾ ਚਾਹੀਦਾ ਹੈ ਜਦੋਂ ਤੱਕ ਅਦਾਲਤ ਕੇਸ ਡਾਇਰੀ ਅਤੇ ਜਮਾਂ ਹੋਈ ਸਬੰਧਤ ਰਿਪੋਰਟ ਪੜ੍ਹ ਕੇ ਇਹ ਰਾਇ ਬਣਾਉਂਦੀ ਹੋਵੇ ਕਿ ਦੋਸ਼ੀ ਵਿਰੁੱਧ ਲੱਗੇ ਦੋਸ਼ਾਂ ਦੇ ਘੱਟੋ ਘੱਟ ਵਾਜਿਬ ਆਧਾਰ ਵਿੱਚ ਸਚਾਈ ਪਈ ਹੈ। ਕਈ ਕਾਨੂੰਨੀ ਮਾਹਰਾਂ ਦਾ ਕਹਿਣਾ ਹੈ ਕਿ ਇਹ ਵਿਵਸਥਾਵਾਂ ਬਹੁਤ ਗੰਭੀਰ ਹਨ ਕਿਉਂਕਿ ਇਨ੍ਹਾਂ ਨਾਲ ਦੋਸ਼ੀ ਦੀ ਬੁਨਿਆਦੀ ਅਧਿਕਾਰਾਂ ਅਤੇ ਕੇਸ ਦੇ ਵਾਜਿਬ ਟਰਾਇਲ ਦੇ ਕੰਸੈਪਟ ਦੀ ਉਲੰਘਣਾ ਹੁੰਦੀ ਹੈ। ਇਨ੍ਹਾਂ ਵਿਵਸਥਾਵਾਂ ਤਹਿਤ ਕਿਸੇ ਵੀ ਵਿਅਕਤੀ ਨੂੰ ਬਿਨਾਂ ਕੋਈ ਜੁਰਮ ਕੀਤਿਆਂ ਅਣਮਿੱਥੇ ਸਮੇਂ ਲਈ ਜੇਲ੍ਹ ਵਿੱਚੋਂ ਰੱਖਿਆ ਜਾ ਸਕਦਾ ਹੈ ਜਿਵੇਂ ਕਿ ਅਸੀਂ ਯੂਏਪੀਏ ਦੇ ਕਈ ਤਾਜਾ ਕੇਸਾਂ ਵਿੱਚ ਅਜੇਹਾ ਕੁੱਝ ਦੇਖ ਹੀ ਰਹੇ ਹਾਂ। 2012 ਅਤੇ 2019 ਵਿੱਚ ਇਹ ਕਾਨੂੰਨ ਦੋ ਵਾਰ ਫਿਰ ਸੋਧਿਆ ਗਿਆ। ਯੂਏਪੀਏ ਵਿੱਚ ਸੋਧਾਂ ਦੇ ਕਾਰਨ ਕੌਮਾਂਤਰੀ ਵੀ ਹਨ। ਮਿਸਾਲ ਵਜੋਂ 2012 ਵਿਚ ਕੀਤੀ ਗਈ ਸੋਧ ਫੈਨਾਂਸ਼ੀਅਲ ਐਕਸ਼ਨ ਟਾਸਕ ਫੋਰਸ ਦੇ ਇਸ਼ਾਰੇ ਤੇ ਕੀਤੀ ਗਈ ਜੋ ਕਿ ਮਨੀ ਲਾਂਡਰਿੰਗ ਤੇ ਟੈਰਰ ਫਾਇਨਾਂਸਿੰਗ ਰੋਕਣ ਲਈ ਸਰਕਾਰਾਂ ਦਰਮਿਆਨ ਕੰਮ ਕਰਦੀ ਇਕ ਸੰਸਥਾ ਹੈ। ਅਤੇ ਯੂਏਪੀਏ ਵਿਚ ਕੀਤੀਆਂ 2012 ਦੀਆਂ ਸੋਧਾਂ ਨੂੰ ਅੱਗੇ ਵਧਾਉਂਦਿਆਂ ਹੋਇਆਂ ਪਹਿਲਾਂ ਤੋਂ ਅਤਿਵਾਦੀ ਕਾਰਵਾਈ ਦੀ ਐਸਪਸ਼ਟ ਪਰਿਭਾਸ਼ਾ ਵਿੱਚ ਉਹ ਜੁਰਮ ਜਮਾਂ ਕਰ ਦਿੱਤੇ ਗਏ ਜੋ ਕਿ ਦੇਸ਼ ਦੀ ਆਰਥਕ ਸੁਰੱਖਿਆ ਲਈ ਖਤਰਾ ਬਣਦੇ ਹੋਣ। 2019 ਚ ਇਸ ਐਕਟ ਚ ਇੱਕ ਹੋਰ ਸੋਧ ਕਰਕੇ ਇਸ ਨੂੰ ਹੋਰ ਵੱਧ ਮਜ਼ਬੂਤ ਕਰ ਦਿੱਤਾ ਗਿਆ। ਇਸ ਵਿੱਚ ਅਜਿਹੀਆਂ ਹੋਰ ਵਿਵਸਥਾਵਾਂ ਸ਼ਾਮਲ ਕਰ ਦਿੱਤੀਆਂ ਗਈਆਂ ਹਨ ਜੋ ਦੋਸ਼ੀ ਦੇ ਬੁਨਿਆਦੀ ਹੱਕਾਂ ਨੂੰ ਹੋਰ ਪਾਬੰਦੀਆਂ ਲਾ ਕੇ ਸੀਮਤ ਕਰਦਿਆਂ ਹੋਣ। ਹੁਣ ਮੁਜਰਮਾਂ ਅਤੇ ਅਤਿਵਾਦੀਆਂ ਤੋਂ ਇਲਾਵਾ ਸਰਕਾਰ ਦੇ ਆਲੋਚਕਾਂ ਨੂੰ ਵੀ ਇਸ ਵਿੱਚ ਸ਼ਾਮਲ ਕਰ ਦਿੱਤਾ ਗਿਆ।

2019 ਦੀ ਸੋਧ ਵਿਚ ਇਕ ਅਜਿਹੀ ਵਿਵਸਥਾ ਜਮਾਂ ਕੀਤੀ ਗਈ ਜੋ ਕਿਸੇ ਵਿਅਕਤੀ ਨੂੰ ‘ਅਤਿਵਾਦੀ’ ਸਾਬਤ ਕਰਨ ਲਈ ਕਾਫੀ ਹੈ। ਇਸ ਐਕਟ ਵਿਚ ਕੀਤੇ ਗਏ ਹੋਰ ਵਾਧਿਆਂ (ਜੋ ਜਮਹੂਰੀ ਹੱਕਾਂ ਦੀ ਇਜੱਤ ਨਹੀਂ ਕਰਦੇ) ਦੀ ਤਰ੍ਹਾਂ ਇਸ ਸੋਧ ਦੀ ਵੀ ਵੱਡੀ ਪੱਧਰ ਤੇ ਅਲੋਚਨਾ ਹੋਈ। ਦ ਵਾਇਰ ਦੇ ਸੰਪਾਦਕ ਤੇ ਸੀਨੀਅਰ ਪੱਤਰਕਾਰ ਸਿਧਾਰਥ ਵਾਰਾਦਾਰੰਜਨ ਨੇ ਕਿਹਾ ਕਿ ਇਸ ਸੋਧ ਨੇ ਯੂਏਪੀਏ ਨੂੰ ਭਾਰਤ












ਵਿੱਚ ਸਭ ਤੋਂ ਖਤਰਨਾਕ ਕਾਨੂੰਨ ਬਣਾ ਦਿੱਤਾ ਹੈ, ਜੋ ਕਿਸੇ ਵਿਅਕਤੀ ਨੂੰ ਬਿਨਾਂ ਮੁਕੱਦਮਾ ਚਲਾਏ 'ਅਤਿਵਾਦੀ' ਐਲਾਨਣ ਦੀ ਤਾਕਤ ਬਖ਼ਸ਼ਦੀ ਹੈ। ਇਹ ਸੋਧ ਸਾਡੇ ਦੇਸ਼ ਦੇ ਸੰਘੀ ਢਾਂਚੇ ਨੂੰ ਵੀ ਬੇਹੱਦ ਕਮਜ਼ੋਰ ਕਰਦੀ ਹੈ ਕਿਉਂਕਿ ਐੱਨ ਆਈ ਏ ਤਹਿਤ ਕੇਂਦਰੀ ਸਰਕਾਰ ਸੂਬਾ ਪੁਲੀਸ ਫੋਰਸਾਂ ਨੂੰ ਉਲੰਘ ਕੇ ਸਿੱਧੀ ਤਫਸ਼ੀਸ਼ ਕਰ ਸਕਦੀ ਹੈ। ਇਹ ਗੱਲ ਨੋਟ ਕਰਨ ਵਾਲੀ ਹੈ ਕਿ ਕਾਂਗਰਸ ਦੇ ਬੀਐਸਪੀ ਵਰਗੀਆਂ ਵਿਰੋਧੀ ਪਾਰਟੀਆਂ ਨੇ ਵੀਰ ਯੂਏਪੀਏ ਨੂੰ ਹੋਰ ਖ਼ਤਰਨਾਕ ਬਨਾਉਣ ਲਈ ਇਸ ਵਿਚ ਸੋਧ ਕਰਨ ਦੀ ਉਦੋਂ ਹਮਾਇਤ ਕੀਤੀ ਸੀ, ਜਦੋਂ ਇਹ ਸੋਧ ਪਾਰਲੀਮੈਂਟ ਵਿੱਚ ਪੇਸ਼ ਕੀਤੀ ਗਈ ਸੀ। ਫਰੇਰਾ ਤੇ ਗੋਨਸਾਲਵੇਜ ਵਰਗੇ ਸਰਗਰਮ ਕਾਰਕੁਨਾਂ ਨੇ ਉਦੋਂ ਹੀ ਇਸ਼ਾਰਾ ਕੀਤਾ ਸੀ ਕਿ ਯੂਏਪੀਏ ਕਿਵੇਂ ਰੈਡੀਕਲ ਵਿਚਾਰਧਾਰਾ ਨੂੰ ਮੁਜਰਮਾਂ ਦੇ ਖਾਤੇ ਚ ਪਾਉਂਦਾ ਹੈ।

"ਕਿਸੇ ਸੰਸਥਾ ਨੂੰ ਅਤਿਵਾਦੀ ਜਾਂ ਗੈਰਕਾਨੂੰਨੀ ਐਲਾਨ ਕੇ ਉਸ ਤੇ ਪਾਬੰਦੀ ਲਾਉਣ ਦੇ ਅਮਲ ਰਾਹੀਂ ਹੀ ਇਨ੍ਹਾਂ ਕਾਨੂੰਨਾਂ ਨੇ ਅਸਲ ਵਿਚ ਉਨ੍ਹਾਂ ਦੀਆਂ ਵਿਚਾਰਧਾਰਾਵਾਂ ਨੂੰ ਮੁਜਰਮਾਨਾ ਬਣਾਇਆ। ਇਸੇ ਕਰਕੇ ਕਿਸੇ ਪਾਬੰਦੀਸ਼ੁਦਾ ਜਥੇਬੰਦੀ ਦਾ ਸਾਹਿਤ ਆਪਣੇ ਕੋਲ ਰੱਖਣ ਜਾਂ ਬਿਨਾਂ ਕਿਸੇ ਹਿੰਸਾਤਮਕ ਕਾਰਵਾਈ ਦੇ ਉਸ ਦੀ ਵਿਚਾਰਧਾਰਾ ਨੂੰ ਜਾਇਜ ਸਮਝਣ ਨੂੰ ਹੀ ਜੁਰਮ ਦੇ ਦਾਇਰੇ ਵਿੱਚ ਲਿਆਂਦਾ। ਇਸੇ ਤਰ੍ਹਾਂ ਦੂਜੇ ਪਾਸੇ ਕਿਸੇ ਜਥੇਬੰਦੀ ਦਾ ਮੈਂਬਰ ਬਣਨ ਜਾਂ ਉਸ ਨਾਲ ਸੰਬੰਧ ਰੱਖਣ ਨੂੰ ਵੀ ਜੁਰਮ ਕਰਾਰ ਦਿੱਤਾ ਗਿਆ। ਇਸ ਦਲੀਲ ਰਾਹੀਂ ਹੀ ਅਕਸਰ ਉਨ੍ਹਾਂ ਜਥੇਬੰਦੀਆਂ ਜੋ ਦੱਬੇ ਰਤੋਂ ਵਧ ਰਹੀ ਹੈ। ਦੂਜਾ, ਇਸ ਕਨੂੰਨ ਵਿੱਚ ਜਲਦੀ ਜ਼ਮਾਨਤ ਨਹੀਂ ਹੁੰਦੀ। ਤੀਜਾ, ਇਸ ਤਹਿਤ ਸਜਾ ਹੋਣ ਦੀ ਦਰ ਬਹੁਤ ਘੱਟ ਹੈ। ਯੂਏਪੀਏ ਤਹਿਤ ਨਜ਼ਰਬੰਦ ਕੀਤੇ ਗਏ ਲੋਕਾਂ ਵਿੱਚੋਂ 97 ਫੀਸਦੀ ਨਿਰਦੇਸ ਹੁੰਦੇ ਹਨ ਤੇ ਉਹ ਕਦੇ ਵੀ ਦੋਸ਼ੀ ਸਾਬਤ ਨਹੀਂ ਹੁੰਦੇ। 10 ਫਰਵਰੀ, 2021 ਕੇਂਦਰ ਸਰਕਾਰ ਨੇ ਸੰਸਦ ਨੂੰ ਦੱਸਿਆ ਕਿ 1948 ਲੋਕ ਕੇਸ 2019 ਵਿਚ ਇਕੱਲੇ ਯੂਏਪੀਏ ਤਹਿਤ ਗ੍ਰਿਫਤਾਰ ਕੀਤੇ ਗਏ। ਇਹ ਗਿਣਤੀ 2015 ਵਿੱਚ ਗ੍ਰਿਫਤਾਰ ਕੀਤੇ ਗਏ ਲੋਕਾਂ ਤੋਂ ਸਿੱਧੀ 72 ਫੀਸਦੀ ਜ਼ਿਆਦਾ ਹੈ। 2014 ਤੋਂ 2019 ਤੱਕ ਦੇ ਚਾਰ ਸਾਲਾਂ ਵਿੱਚ ਕੁੱਲ 5922 ਲੋਕ ਯੂਏਪੀਏ ਤਹਿਤ ਗ੍ਰਿਫਤਾਰ ਕੀਤੇ ਗਏ ਪਰ ਉਹਨਾਂ 'ਚੋਂ ਸਿਰਫ 132 ਲੋਕਾਂ (ਸਿਰਫ 2.22 ਫੀ ਸਦੀ) ਨੂੰ ਹੀ ਸਜਾ ਹੋਈ। ਦੇਸ਼ ਅੰਦਰ ਇਕੱਲੇ 2019 ਵਿੱਚ ਯੂਏਪੀਏ ਅਧੀਨ 1,226 ਕੇਸ ਰਜਿਸਟਰ ਹੋਏ ਜੋ 2015 'ਚ 897,2016 'ਚ 922, 2017 'ਚ 901, 2018 'ਚ 1,182 ਸਨ। ਸਾਫ ਹੈ ਕਿ ਬੀਤੇ ਪੰਜ ਸਾਲਾਂ ਅੰਦਰ ਯੂਏਪੀਏ ਅਧੀਨ ਕੇਸਾਂ ਦੀ ਗਿਣਤੀ ਲਗਾਤਾਰ ਵਧਦੀ ਹੀ ਗਈ। ਸੰਸਦ 'ਚ ਸਰਕਾਰ ਵਲੋਂ ਦਿੱਤੇ ਵੇਰਵੇ ਮੁਤਾਬਕ ਬੀਤੇ ਪੰਜ ਸਾਲਾਂ ਵਿੱਚ ਅਸਾਮ, ਬਿਹਾਰ, ਜੰਮੂ ਕਸ਼ਮੀਰ, ਝਾਰਖੰਡ, ਕੇਰਲਾ, ਮਨੀਪੁਰ ਤੇ ਉੱਤਰ ਪ੍ਰਦੇਸ਼ ਵਿਚ ਯੂਏਪੀਏ ਅਧੀਨ ਚੋਖੀ ਗਿਣਤੀ ਵਿੱਚ ਕੇਸ ਦਰਜ ਹੋਏ। ਅਰੁਣਾਂਚਲ ਪ੍ਰਦੇਸ਼ ਤੇ ਤਾਮਿਲਨਾਡੂ ਵਿਚ ਵੀ 2019 ਵਿਚ ਕਾਫੀ ਗਿਣਤੀ ਚ ਕੇਸ ਦਰਜ ਹੋਏ। 2019 ਦੌਰਾਨ ਦਰਜ ਹੋਈਆਂ 1948 ਗ੍ਰਿਫਤਾਰੀਆਂ ਵਿੱਚੋਂ 498 ਇਕੱਲੇ ਉਤਰਪ੍ਰਦੇਸ਼ ਵਿੱਚੋਂ ਹੋਈਆਂ। ਤਾਮਿਲਨਾਡੂ ਵਿੱਚੋਂ 308 ਮਨੀਪੁਰ ਚੋਂ 386 ਤੇ ਜੰਮੂ-ਕਸ਼ਮੀਰ ਚੋਂ 227 ਗ੍ਰਿਫਤਾਰੀਆਂ ਕੀਤੀਆਂ ਗਈਆਂ। ਭਾਰਤ ਦੇ ਸਭ ਤੋਂ ਵੱਡੇ ਕਾਲੇ ਕਾਨੂੰਨ ਯੂਏਪੀਏ ਤਹਿਤ ਸਭ ਤੋਂ ਵੱਧ ਗ੍ਰਿਫ਼ਤਾਰੀਆਂ ਸਰਕਾਰ ਦੇ ਆਲੋਚਕਾਂ ਅਤੇ ਸ਼ਹਿਰੀ ਆਜ਼ਾਦੀਆਂ ਦੀ ਰਖਵਾਲਿਆਂ ਨਹੀਂ ਕੀਤੀਆਂ ਗਈਆਂ ਹਨ। ਇਸ ਕਾਨੂੰਨ ਦੀ ਸਭ ਤੋਂ ਵੱਧ ਦੁਰਵਰਤੋਂ ਕਰ ਕੇ ਵਿਰੋਧ ਦੀ ਆਵਾਜ/ਡਾਇਸੈਂਟ ਰੱਖਣ ਵਾਲੇ ਲੋਕਾਂ ਨੂੰ ਮੁਲਜਮਾਂ ਤੇ ਦਾਗੀ ਵਜੋਂ ਪੇਸ਼ ਕੀਤਾ ਗਿਆ ਹੈ। ਮਿਸਾਲ ਵਜੋਂ ਪਿਛਲੇ ਸਮੇਂ ਦੌਰਾਨ ਵਿਵਾਦਿਤ ਸਰਕਾਰੀ ਨੀਤੀਆਂ ਵਿਰੁੱਧ ਹੋਏ ਜਨਤਕ ਮੁਜ਼ਾਹਰਿਆਂ ਨੂੰ ਅਤਿਵਾਦੀ ਸਰਗਰਮੀਆਂ ਵਜੋਂ ਪ੍ਰਚਾਰਿਆ ਗਿਆ। ਇਥੋਂ ਤਕ ਕਿ ਕਸਮੀਰ ਵਿੱਚ ਇੰਟਰਨੈੱਟ ਤੇ ਲੱਗੀ ਪਾਬੰਦੀ ਦੌਰਾਨ ਸੋਸ਼ਲ ਮੀਡੀਆ ਤਕ ਪਹੁੰਚ ਕਰਨ ਵਾਲੇ ਆਮ ਨਾਗਰਿਕਾਂ ਵਿਰੁੱਧ ਵੀ ਇਸ "ਅਤਿਵਾਦ ਵਿਰੋਧੀ ਕਾਨੂੰਨ" ਯੂਏਪੀਏ ਦੀ ਵਰਤੋਂ ਕੀਤੀ ਗਈ। ਸਾਬਕਾ ਕੇਂਦਰੀ ਮੰਤਰੀ ਅਤੇ ਸੁਪਰੀਮ ਕੋਰਟ ਦੇ ਸੀਨੀਅਰ ਵਕੀਲ ਕਪਿਲ ਸਿੱਬਲ ਦੇ ਕਹਿਣ ਮੁਤਾਬਿਕ "ਯੂਏਪੀਏ ਦੀਆਂ ਵਿਵਸਥਾਵਾਂ ਦੀ ਖਾਸ ਕਰ ਕੇ ਬੀਤੇ ਸਮੇਂ ਦੌਰਾਨ ਉਨ੍ਹਾਂ ਵਿਰੁੱਧ ਵਰਤੋਂ ਕੀਤੀ ਗਈ ਜੋ ਦੱਬੇ ਕੁਚਲਿਆਂ ਲਈ ਆਵਾਜ਼ ਬੁਲੰਦ ਕਰਦੇ ਹਨ, ਸ਼ਹਿਰੀ ਆਜਾਦੀਆਂ ਦੀ ਰਾਖੀ ਲਈ ਲੜਦੇ ਸਨ ਅਤੇ ਸਰਕਾਰ ਤੇ ਉਸ ਦੀਆਂ ਦੀਆਂ ਨੀਤੀਆਂ ਦੀ ਵਿਰੋਧਤਾ ਕਰਦੇ ਸਨ।" ਜਿਹਨਾਂ ਵੀ ਪੱਤਰਕਾਰਾਂ, ਬੁੱਧੀਜੀਵੀਆਂ, ਵਿਦਿਆਰਥੀਆਂ, ਸ਼ਹਿਰੀ ਆਜ਼ਾਦੀਆਂ ਦੀ ਰਾਖੀ ਦੇ ਕਾਰਕੁਨਾਂ ਅਤੇ ਅੰਦੋਲਨਕਾਰੀਆਂ ਨੇ ਨਾਗਰਿਕਤਾ ਸੋਧ ਕਾਨੂੰਨ ਅਤੇ ਖੇਤੀ ਖੇਤਰ ਦੇ ਤਿੰਨ ਕਾਲੇ ਕਾਨੂੰਨਾਂ ਵਿਰੁੱਧ ਆਵਾਜ਼ ਬੁਲੰਦ ਕੀਤੀ ਉਨ੍ਹਾਂ ਵਿਰੁੱਧ ਵੱਡੀ ਪੱਧਰ ਤੇ ਯੂਏਪੀਏ ਕਨੂੰਨ ਦੀ ਵਰਤੋਂ ਕੀਤੀ ਗਈ। ਧਾਰਮਕ ਘੱਟਗਿਣਤੀਆਂ ਮੁਸਲਿਮਾਂ ਆਦਿ ਨੂੰ ਵਿਸ਼ੇਸ਼ ਨਿਸ਼ਾਨਾ ਬਣਾਇਆ ਗਿਆ ਅਤੇ ਕੁਝ ਸੂਬਿਆਂ ਵਿਚ ਇਸ ਕਾਨੂੰਨ ਦੀ ਖੁੱਲ੍ਹੀ ਦੁਰਵਰਤੋਂ ਕੀਤੀ ਗਈ। ਇਕੱਲੇ 2019 ਦੌਰਾਨ ਦੇਸ਼ ਭਰ 'ਚ ਯੂਏਪੀਏ ਤਹਿਤ 1,226 ਕੇਸ ਦਰਜ ਕੀਤੇ ਗਏ। ਇਹ ਗਿਣਤੀ 2016 ਦੌਰਾਨ ਦਰਜ ਕੀਤੇ ਕੇਸਾਂ ਤੋਂ 33 ਫੀਸਦੀ ਵੱਧ ਬਣਦੀ ਹੈ। ਯੂ ਪੀ ਏ ਅਧੀਨ ਦਰਜ ਕੀਤੇ ਕੇਸਾਂ ਦੀ ਗਿਣਤੀ ਵਧਦੀ ਗਈ ਬਾਵਜੂਦ ਇਸ ਤੱਥ ਦੇ ਕਿ ਸਜਾ ਸਿਰਫ 2.22 ਫੀਸਦੀ ਲੋਕਾਂ ਨੂੰ ਹੀ ਕੀਤੀ ਜਾ ਸਕੀ। ਆਓ ਹੁਣ ਉਹਨੂੰ ਕੇਸਾਂ ਨੂੰ ਦੇਖੀਏ ਜਿਨ੍ਹਾਂ ਵਿਚ ਸਰਗਰਮ ਕਾਰਕੁੰਨਾਂ, ਅਧਿਆਪਕਾਂ ਤੇ ਵਿਦਿਆਰਥੀਆਂ ਵਿਰੁੱਧ ਕੇਸ ਦਰਜ ਕੀਤੇ ਗਏ ਨਾ ਕਿ 'ਅਤਿਵਾਦੀਆਂ' ਤੇ 'ਅੱਤਵਾਦੀ ਜਥੇਬੰਦੀਆਂ' ਵਿਰੁੱਧ। ਸਰਗਰਮ ਕਾਰਕੁੰਨਾਂ ਅਤੇ ਬੁੱਧੀਜੀਵੀਆਂ ਵਿਰੁੱਧ ਦਰਜ ਕੀਤੇ ਕੇਸਾਂ ਨੂੰ ਵੇਖੀਏ ਤਾਂ 'ਅਤਿਵਾਦ ਵਿਰੋਧੀ' ਭਾਰਤ ਦੀ ਸਭ ਤੋਂ ਵੱਡੀ ਏਜੰਸੀ ਐੱਨਆਈਏ ਵਲੋਂ ਅਲਗਾਦ ਪ੍ਰੀਸ਼ਦ ਦੀ ਜਾਂਚ ਕੀਤੀ ਗਈ। ਪੂਣੇ ਦੇ ਨੇੜੇ ਮਹਾਰਾਸ਼ਟਰ ਦੇ ਪਿੰਡ ਕੋਰੇਗਾਓਂ--ਭੀਮਾ ਵਿੱਚ 31 ਦਸੰਬਰ 2017 ਨੂੰ ਦੋ ਸਾਬਕਾ ਜੱਜਾਂ ਵੱਲੋਂ ਇਹ ਦਲਿਤ ਪੱਖੀ ਸਮਾਗਮ ਆਯੋਜਿਤ ਕੀਤਾ ਗਿਆ ਸੀ ਜਿਸ ਪਿੱਛੋਂ ਹੋਈ ਹਿੰਸਾ ਦੌਰਾਨ ਭੜਕੀ ਹੋਈ ਭੀੜ ਵਲੋਂ ਦਲਿਤ ਭਾਈਚਾਰੇ ਦੇ ਮੈਂਬਰਾਂ ਤੇ ਹਮਲਾ ਕੀਤਾ ਗਿਆ ਸੀ। ਅਲਗਾਰ ਪ੍ਰੀਸ਼ਦ ਸਮਾਗਮ ਦਲਿਤਾਂ ਦੀ ਉੱਚ ਜਾਤੀ ਪੇਸ਼ਵਾ ਲੋਕਾਂ ਤੇ ਦੋ ਸੌ ਸਾਲ ਪਹਿਲਾਂ ਹੋਈ ਜਿੱਤ ਦੇ ਜਸ਼ਨ ਨੂੰ ਮਨਾਉਣ ਲਈ ਜਥੇਬੰਦ ਕੀਤਾ ਗਿਆ ਸੀ। ਜਨਵਰੀ 2020 ਵਿੱਚ ਐੱਨ ਆਈ ਏ ਏਜੰਸੀ ਵੱਲੋਂ ਸ਼ੁਰੂ ਕੀਤੀ ਜਾਂਚ ਦੌਰਾਨ ਉੱਘੇ ਕਾਰਕੁਨਾਂ ਅਤੇ ਬੁੱਧੀਜੀਵੀਆਂ ਖ਼ਿ?ਲਾਫ ਯੂਏਪੀਏ ਦੀਆਂ ਧਾਰਾਵਾਂ ਦੀ ਵਰਤੋਂ ਕੀਤੀ ਗਈ। ਇਨ੍ਹਾਂ ਵਿਚ ਟਰੇਡ ਯੂਨੀਅਨਿਸਟ ਤੇ ਵਕੀਲ ਸੁਧਾ ਭਾਰਦਵਾਜ, ਸੀਨੀਅਰ ਮਨੁੱਖੀ ਅਧਿਕਾਰ ਕਾਰਕੁਨ ਗੌਤਮ ਨਵਲੱਖਾ ਤੇ ਸਟੈਨ ਸਵਾਮੀ ਅਤੇ ਪ੍ਰੋਫੈਸਰ ਆਨੰਦ ਤੇਲਤੁੰਬੜੇ ਤੇ ਹਨੀ ਬਾਬੂ ਸ਼ਾਮਲ ਕੀਤੇ ਗਏ। ਮਹਾਰਾਸ਼ਟਰ ਦੀ ਪੁਲੀਸ ਅਤੇ ਐਨਆਈਏ ਵੱਲੋਂ ਕੀਤੀ ਜਾਂਚ ਦੀ ਪਹਿਲਾਂ ਵੀ ਵੱਡੀ ਪੱਧਰ ਤੇ ਨੁਕਤਾਚੀਨੀ ਹੋਈ ਤੇ ਇਸ ਨੂੰ ਸਰਗਰਮ ਕਾਰਕੁਨਾਂ ਵਿਰੁੱਧ ਇਕ ਵੱਡੀ ਸਾਜ਼ਿਸ਼ ਐਲਾਨਿਆ ਗਿਆ। ਕਾਰਵਾਂ ਮੈਗਜੀਨ ਦੇ ਵਿਸ਼ਲੇਸ਼ਣ ਮੁਤਾਬਕ ਇਸ ਕੇਸ ਵਿੱਚ ਗ੍ਰਿਫ਼ਤਾਰ ਰੋਨਾ ਵਿਲਸਨ, (ਜੋ ਕੈਦੀਆਂ ਦੇ ਹੱਕਾਂ ਸਬੰਧੀ ਸਰਗਰਮ ਤੇ ਮਸ਼ਹੂਰ ਕਾਰਕੁਨ ਹੈ) ਦੇ ਲੈਪਟਾਪ ਵਿੱਚ ਇਕ ਮਾਲਵੇਅਰ ਮਿਲਿਆ ਜੋ ਕਿ ਦੂਰ ਤੱਕ ਕੰਪਿਊਟਰ ਤੇ ਹੋਰ ਫਾਇਲਾਂ ਦੇਖ ਸਕਦਾ ਹੈ। ਰੋਨਾ ਵਿਲਸਨ ਦੇ ਲੈਪਟਾਪ ਵਿੱਚ ਮਿਲੇ ਇਕ ਪੱਤਰ ਨੂੰ ਤੱਥ ਖੋਜ ਏਜੰਸੀ ਨੇ ਸਬੂਤ ਵਜੋਂ ਦਰਸਾਇਆ। ਫਰਵਰੀ 2021 ਨੂੰ ਅਮਰੀਕਾ ਦੀ ਇਕ ਏਜੰਸੀ ਨੇ ਇਹ ਪਾਇਆ ਕਿ ਰੋਨਾਂ ਵਿਲਸਨ ਦੇ ਲੈਪਟੌਪ ਵਿਚ ਕਿਸੇ ਸਾਇਬਰ ਅਟੈਕਰ ਨੇ ਇਸ ਨੂੰ ਹਾਈਜੈਕ ਕਰਕੇ ਪਹਿਲਾਂ ਇਸ ਵਿੱਚ 10 ਫਾਇਲਾਂ ਪਲਾਟ ਦਿੱਤੀਆਂ। ਹੁਸ਼ਿਆਰਪੁਰ ਦੱਸ ਫਾਈਲਾਂ ਇਸ ਵਿਚ ਪਲਾਂਟ ਕਰ ਦਿੱਤੀਆਂ। ਇਸ ਕੇਸ ਵਿੱਚ ਹੁਣ ਤੱਕ ਸਿਰਫ ਇਕ ਕਾਰਕੁੰਨ ਨੂੰ ਹੀ ਰਿਹਾਅ ਕੀਤਾ ਗਿਆ ਹੈ ਉਹ ਹੈ 80 ਸਾਲਾ ਕਵੀ ਐਕਟੀਵਿਸਟ ਵਰਵਰਾ ਰਾਓ।

**ਵਿਦਿਆਰਥੀਆਂ ਵਿਰੁੱਧ ਕਿਵੇਂ ਵਰਤਿਆ ਗਿਆ ਯੂਏਪੀਏ ਕਨੂੰਨ** - ਅਨੇਕਾਂ ਹੀ ਵਿਦਿਆਰਥੀਆਂ ਖਾਸ ਕਰ ਕੇ ਯੂਨੀਵਰਸਿਟੀ ਚ ਪੜ੍ਹਦੇ ਵਿਦਿਆਰਥੀਆਂ ਨੂੰ ਇਸ ਕਾਲੇ ਕਾਨੂੰਨ ਤਹਿਤ ਦੋਸ਼ੀ ਠਹਿਰਾ ਕੇ ਉਨ੍ਹਾਂ ਨੂੰ ਗ੍ਰਿਫਤਾਰ ਕੀਤਾ ਗਿਆ ਜੇਲ੍ਹ ਅੰਦਰ ਸੁੱਟਿਆ ਗਿਆ ਅਤੇ ਉਨ੍ਹਾਂ ਦੀ ਜਮਾਨਤ ਵੀ ਨਹੀਂ ਲਈ ਗਈ। ਅਜੇ ਵੀ ਕਾਫੀ ਵਿਦਿਆਰਥੀ ਜੇਲ੍ਹਾਂ ਵਿਚ ਨਜਰਬੰਦ ਹਨ। ਨਾਗਰਿਕਤਾ ਸੋਧ ਕਾਨੂੰਨ-ਸੀਏਏ ਵਿਰੁੱਧ ਚੱਲੇ ਸੰਘਰਸ਼ ਵਿੱਚ ਸ਼ਮੂਲੀਅਤ ਕਰਨ ਵਾਲੀ ਕਿੰਨੇ ਹੀ ਵਿਦਿਆਰਥੀਆਂ ਨੂੰ ਜੇਲ੍ਹਾਂ ਵਿੱਚ ਬੰਦ ਕੀਤਾ ਗਿਆ।ਇਸ ਤੋਂ ਸੰਨ 2020 ਚ ਦਿੱਲੀ ਵਿੱਚ ਹੋਏ ਮੁਸਲਿਮ ਵਿਰੋਧੀ ਦੰਗਿਆਂ ਦੇ ਝੂਠੇ ਦੋਸ਼ ਲਾ ਕੇ ਵੀ ਵਿਦਿਆਰਥੀਆਂ ਨਜਰਬੰਦ ਕੀਤਾ ਗਿਆ। ਮਿਸਾਲ ਵਜੋਂ ਉਮਰ ਖਾਲਿਦ ਤੇ ਸ਼ਰਜੀਲ ਇਮਾਮ। ਇਹ ਦੋਨੋਂ ਹੋਣਹਾਰ ਵਿਦਿਆਰਥੀ ਜਵਾਹਰਲਾਲ ਨਹਿਰੂ ਯੂਨੀਵਰਸਿਟੀ ਦੇ ਹਨ ਅਤੇ ਉਨ੍ਹਾਂ ਤੇ ਯੂਏਪੀਏ ਲਾਇਅ ਗਿਆ ਹੈ ਕਿ 'ਉਹ ਦਿੱਲੀ ਵਿਖੇ ਹੋਈ ਹਿੰਸਾ ਚ ਸਾਜ਼ਿਸ਼ ਦੇ ਦੋਸ਼ੀ ਹਨ' ਅਤੇ ਅਜੇ ਵੀ ਦੋਨੋਂ ਨੌਜਵਾਨਾਂ ਨੂੰ ਜੇਲ੍ਹ ਵਿੱਚ ਬੰਦ ਰੱਖਿਆ ਹੋਇਆ ਹੈ। ਸਾਫੂਰਾ ਜਰਗਰ,ਗੁਲ਼ਫਿਸ਼ਾ ਫਾਤਿਮਾ, ਨਤਾਸ਼ਾ ਨਰਵਾਲ, ਆਸਿਫ ਇਕਬਾਲ ਤੰਨਹਾ ਅਤੇ ਮੀਰਾਂ ਹੈਦਰ ਕੁੱਝ ਅਜਿਹੇ ਵਿਦਿਆਰਥੀ ਕਾਰਕੁੰਨ ਹਨ ਜਿਹਨਾਂ ਤੇ ਯੂਏਪੀਏ ਤਹਿਤ ਦੋਸ਼ ਲਾਏ ਗਏ ਹਨ। ਇੱਥੇ ਇਹ ਗੱਲ ਨੋਟ ਕਰਨ ਵਾਲੀ ਹੈ ਕਿ ਦਿੱਲੀ ਵਿਖੇ ਹੋਈ ਮੁਸਲਿਮ ਵਿਰੋਧੀ ਹਿੰਸਾ ਸੰਬੰਧੀ ਵੀ ਵਾਦ ਵਿਵਾਦ ਹੈ ਅਤੇ ਇਸ ਦੀ ਅਨੇਕਾਂ ਸਰਗਰਮ ਕਾਰਕੁਨਾਂ, ਅਲੋਚਕਾਂ, ਅਦਾਲਤਾਂ ਤੇ ਸੇਵਾਮੁਕਤ ਪੁਲੀਸ ਅਧਿਕਾਰੀਆਂ ਨੇ ਵੀ ਨਿੰਦਾ ਕੀਤੀ ਹੈ। ਡਿਲੋਮੈਟ ਐਸ ਐਨ ਸ਼੍ਰੀ ਵਾਸਤਿਵ ਤੇ ਪੁਲਿਸ ਅਫਸਰ ਰਹੇ ਜੂਲੀਅਸ ਰਿਬੇਰੋ

ਵੱਲੋਂ ਦਿੱਲੀ ਪੁਲੀਸ ਕਮਿਸ਼ਨਰ ਨੂੰ ਲਿਖੇ ਇਕ ਪੱਤਰ ਵਿਚ ਉਨ੍ਹਾਂ ਕਿਹਾ ਕਿ "ਦਿੱਲੀ ਪੁਲੀਸ ਜਦੋਂ ਸ਼ਾਂਤਮਈ ਮੁਜ਼ਾਹਰਾਕਾਰੀਆਂ ਵਿਰੁੱਧ ਐਕਸ਼ਨ ਲੈ ਰਹੀ ਸੀ ਤਾਂ ਇਨ੍ਹਾਂ ਨੇ ਜਾਣ ਬੁੱਝ ਕੇ ਉਨ੍ਹਾਂ ਵਿਅਕਤੀਆਂ ਵਿਰੁੱਧ ਕੋਈ ਧਾਰਾ ਲਾਗੂ ਨਹੀਂ ਕੀਤੀ ਜਿਨ੍ਹਾਂ ਹਿੰਸਾ ਭੜਕਾਉਣ ਲਈ ਪੂਰਬੀ ਦਿੱਲੀ ਵਿੱਚ ਭੜਕਾਊ ਭਾਸ਼ਣ ਦਿੱਤੇ।"

**ਪੱਤਰਕਾਰਾਂ ਵਿਰੁੱਧ ਯੂਏਪੀਏ ਦੀ ਵਰਤੋਂ**: ਇੱਕ ਬਹੁਤ ਹੀ ਦੁਖਦਾਈ ਪੱਖ ਹੈ, ਮੀਡੀਆ ਸੰਸਥਾਵਾਂ ਅਤੇ ਪੱਤਰਕਾਰਾਂ ਵਿਰੁੱਧ ਸਾਰੇ ਦੇਸ਼ ਵਿੱਚ ਵੱਡੀ ਪੱਧਰ ਤੇ ਹੋ ਰਹੇ ਹਮਲੇ।

ਇਹ ਹਮਲੇ ਕਈ ਤਰ੍ਹਾਂ ਦੇ ਹਨ ਕਿਵੇਂ ਸੋਸ਼ਲ ਮੀਡੀਆ ਤੇ ਗਾਲ੍ਹਾਂ ਕੱਢਣੀਆਂ, ਜਿਸਮਾਨੀ ਤੇ ਜਿਣਸੀ ਪ੍ਰੇਸ਼ਾਨੀ ਅਤੇ ਕਾਨੂੰਨੀ ਕੇਸਾਂ ਵਿੱਚ ਉਲਝਾਉਣਾ। ਪਿੱਛੇ ਜਿਹੇ ਹੀ ਨੇਹਾ ਦੀਕਸ਼ਿਤ ਅਤੇ ਰਾਣਾ ਆਯੂਬ ਸਮੇਤ ਚਾਰ ਔਰਤ ਪੱਤਰਕਾਰਾਂ ਨੂੰ ਸੋਸ਼ਲ ਮੀਡੀਆ ਤੇ ਭੱਦੀਆਂ ਗਾਲਾਂ ਦਿੱਤੀਆਂ ਗਈਆਂ। ਦਿੱਲੀ ਹਿੰਸਾ ਤੋਂ ਪਿੱਛੇ ਦੇ ਹਾਲਾਤ ਦੀ ਕਵਰੇਜ ਕਰਨ ਬਦਲੇ ਇਕ ਔਰਤ ਸਮੇਤ ਕਾਰਵਾਂ ਮੈਗਜੀਨ ਤੇ ਤਿੰਨ ਪੱਤਰਕਾਰਾਂ ਦੀ ਕੁੱਟਮਾਰ ਕੀਤੀ ਗਈ, ਉਨ੍ਹਾਂ ਤੇ ਫਿਰਕੂ ਚਿੱਕੜ ਸੁੱਟਿਆ ਗਿਆ, ਕਤਲ ਕਰਨ ਦੀਆਂ ਧਮਕੀਆਂ ਦਿੱਤੀਆਂ ਗਈਆਂ ਅਤੇ ਜਿਣਸੀ ਤੌਰ ਤੇ ਪ੍ਰੇਸ਼ਾਨ ਕੀਤਾ ਗਿਆ। 2021 ਦੇ ਗਣਤੰਤਰ ਦਿਵਸ ਵਾਲੇ ਦਿਨ ਕਿਸਾਨਾਂ ਦੀ ਟਰੈਕਟਰ ਰੈਲੀ ਦੌਰਾਨ ਮਾਰੇ ਗਏ ਇੱਕ ਕਿਸਾਨ ਅੰਦੋਲਨਕਾਰੀ ਦੇ ਪਰਿਵਾਰ ਵੱਲੋਂ ਕੀਤੇ ਕਲੇਮ ਦੀ ਖਬਰ ਆਪਣੀ ਵੈਬਸਾਈਟ ਤੇ ਪ੍ਰਕਾਸ਼ਿਤ ਕਰਨ ਬਦਲੇ ਯੂ ਪੀ ਪੁਲਸ ਨੇ ਵਾਇਰ ਤੇ ਐਡੀਟਰ ਸਿਧਾਰਥ ਵਾਰਦਾਰੰਜਨ ਅਤੇ ਪੱਤਰਕਾਰ ਇਸਮਤ ਅਰਾ ਤੇ.ਪੁਲਸ ਕੇਸ ਦਰਜ ਕਰ ਲਿਆ। ਪਿਛਲੇ ਸਾਲ ਵੀ ਬੋਲਣ ਦੀ ਆਜਾਦੀ ਅਤੇ ਕੋਵਿਡ-19 ਦੀ ਰਿਪੋਰਟਿੰਗ ਕਰਨ ਬਦਲੇ 55 ਦੇ ਕਰੀਬ ਪੱਤਰਕਾਰਾਂ ਨੂੰ ਗ੍ਰਿਫ਼ਤਾਰੀਆਂ,ਉਨ੍ਹਾਂ ਵਿਰੁੱਧ ਕੇਸ ਦਰਜ ਕਰਨ, ਕਾਰਨ ਦੱਸੋ ਨੋਟਿਸ ਜਾਰੀ ਕਰਨਾ, ਸਰੀਰਕ ਹਮਲਿਆਂ ਦਾ ਸ਼ਿਕਾਰ ਬਣਾਉਣ, ਉਨ੍ਹਾਂ ਦੀ ਜਾਇਦਾਦ ਦਾ ਨੁਕਸਾਨ ਕਰਨ ਅਤੇ ਧਮਕੀਆਂ ਦੇਣ ਦਾ ਸ਼ਿਕਾਰ ਹੋਣਾ ਪਿਆ। ਅਜਿਹੀਆਂ ਵੀ ਰਿਪੋਰਟਾਂ ਮਿਲੀਆਂ ਹਨ ਕਿ ਕਿਵੇਂ ਪੱਤਰਕਾਰਾਂ ਦੀ ਜ਼ੁਬਾਨਬੰਦੀ ਕੀਤੀ ਗਈ, ਉਨ੍ਹਾਂ ਨੂੰ ਜੇਲਾਂ ਚ ਬੰਦ ਕੀਤਾ ਗਿਆ ਅਤੇ ਉਨ੍ਹਾਂ ਤੇ ਝੂਠੇ ਕੇਸ ਵੀ ਦਰਜ ਕੀਤੇ ਗਏ। ਸਰਕਾਰ ਦੇ ਅਲੋਚਕਾਂ ਲਈ ਆਮ ਤੌਰ ਤੇ ਵਰਤੇ ਦੋ ਬੇਹੱਦ ਖਤਰਨਾਕ ਕਾਨੂੰਨ ਯੂਏਪੀਏ ਅਤੇ ਦੇਸ਼ ਧ੍ਰੋਹ ਦੇ ਮਾਮਲੇ ਵੀ ਪੱਤਰਕਾਰਾਂ ਵਿਰੁੱਧ ਦਰਜ ਕੀਤੇ ਗਏ। ਜਨਵਰੀ 26,2021 ਦੀ ਕਿਸਾਨ ਟਰੈਕਟਰ ਰੈਲੀ ਦੌਰਾਨ ਇਕ ਪ੍ਰੋਫੈਸਰ ਦੀ ਮੌਤ ਤੇ ਰਿਪੋਰਟਿੰਗ ਕਰਨ ਵਾਲੇ ਵਿਨੋਦ ਕੇ ਜੋਸ ਤੇ ਰਾਜਦੀਪ ਸਰਦਈ ਸਮੇਤ ਕਈ ਸੀਨੀਅਰ ਪੱਤਰਕਾਰਾਂ ਤੇ ਦੇਸ਼ਧ੍ਰੋਹ ਦਾ ਕੇਸ ਦਰਜ ਕੀਤੇ ਗਏ। ਦੂਜੇ ਪਾਸੇ ਅਪ੍ਰੈਲ 2020 ਵਿੱਚ ਜੰਮੂ ਕਸ਼ਮੀਰ ਦੀ ਪੁਲਿਸ ਨੇ ਤਿੰਨਾਂ ਜਾਣੇ ਪਹਿਚਾਣੇ ਕਸ਼ਮੀਰ ਦੇ ਪੱਤਰਕਾਰਾਂ ਵਿਰੁੱਧ ਐੱਫਆਈਆਰ ਦਰਜ ਕੀਤੀ। ਇਨ੍ਹਾਂ ਤਿੰਨਾਂ ਪੱਤਰਕਰਾਂ ਗੋਵਹਾਰ ਗਿਲਾਨੀ, ਮਸੱਰਤ ਜ਼ਾਰਾ ਅਤੇ ਪੀਰਜ਼ਾਦਾ ਅਸ਼ਿਕ ਤੇ ਯੂਏਪੀਏ ਲੈ ਗਿਆ। ਯੂਪੀ ਪੁਲੀਸ ਵੱਲੋਂ ਕੇਰਲਾ ਦੇ ਇਕ ਪੱਤਰਕਾਰ ਸਦੀਕ ਕੰਪਨ ਕੇਸ ਵੀ ਧਿਆਨ ਦੀ ਮੰਗ ਕਰਦਾ ਹੈ ਜਿਸ ਨੂੰ ਕਿ ਯੂਏਪੀਏ ਅਤੇ ਦੇਸ਼ ਧਰੋਹ ਦੇ ਦੋਸ਼ ਅਧੀਨ ਜੇਲ੍ਹ ਵਿੱਚ ਬੰਦ ਕੀਤਾ ਹੋਇਆ ਹੈ।

**ਧਰਮ ਘਟ ਗਿਣਤੀਆਂ ਵਿਰੁੱਧ ਯੂਏਪੀਏ ਦੀ ਵਰਤੋਂ**: ਸਿੱਖਾਂ ਤੇ ਮੁਸਲਿਮਾਂ ਸਮੇਤ ਧਾਰਮਕ ਘੱਟ ਗਿਣਤੀਆਂ ਦੇ ਮੈਂਬਰਾਂ ਨੂੰ ਗ੍ਰਿਫਤਾਰ ਕਰਨ ਅਤੇ ਯੂ ਏ ਪੀ ਏ ਦੇ ਨਾਂ ਤੇ ਉਨ੍ਹਾਂ ਨੂੰ ਪ੍ਰੇਸ਼ਾਨ ਕੀਤਾ ਗਿਆ ਹੈ। ਇਕ ਪਾਸੇ ਭਾਵੇਂ ਮੋਦੀ ਸਰਕਾਰ ਹਿੰਦੂਤਵ ਅਤਿਵਾਦ ਦੀ ਹੋਂਦ ਨੂੰ ਨਹੀਂ ਬਣਦੀ ਪਰ ਦੂਜੇ ਪਾਸੇ ਇਹ ਇਸਲਾਮਿਕ ਤੇ ਸਿੱਖ ਅੱਤਵਾਦ ਦੀ ਜਾਂਚ ਕਰਦੀ ਹੈ, ਜਿਸ ਕਰਕੇ ਨਿਰਦੋਸ਼ਾਂ ਨਾਲ ਧੱਕੇਸ਼ਾਹੀ ਹੁੰਦੀ ਹੈ। 6 ਮਾਰਚ,2021 ਨੂੰ ਗੁਜਰਾਤ ਦੇ ਸੂਰਤ ਨਗਰ ਦੀ ਇਕ ਅਦਾਲਤ ਨੇ 122 ਮੁਸਲਿਮਾਂ ਨੂੰ ਬਰੀ ਕਰ ਦਿੱਤਾ ਜੋ ਦਸੰਬਰ 2001ਵਿਚ ਗ੍ਰਿਫਤਾਰ ਕੀਤੇ ਗਏ ਸਨ। ਇਨ੍ਹਾਂ ਨੂੰ ਉਦੋਂ ਹਿਰਾਸਤ ਵਿੱਚ ਲਿਆ ਗਿਆ ਜਦੋਂ ਉਹ ਇਕ ਪ੍ਰੋਗਰਾਮ ਵਿਚ ਸ਼ਮੂਲੀਅਤ ਕਰ ਰਹੇ ਸਨ ਅਤੇ ਪਿੱਛੋਂ ਉਨ੍ਹਾਂ ਤੇ ਯੂਏਪੀਏ ਲਾ ਦਿੱਤਾ ਗਿਆ। ਉਨ੍ਹਾਂ ਤੇ ਦੋਸ਼ ਲਾਇਆ ਗਿਆ ਕਿ ਉਹ ਸਿਮੀ (ਸਟੂਡੈਂਟਸ ਇਸਲਾਮਿਕ ਮੂਵਮੈਂਟ ਆਫ ਇੰਡੀਆ ਸੰਸਥਾ) ਦੇ ਮੈਂਬਰ ਸਨ। ਇਹੋ ਜਿਹੀਆਂ ਹੋਰ ਵੀ ਅਨੇਕਾਂ ਮਿਸਾਲਾਂ ਹਨ ਜਦੋਂ ਕਾਫ਼ੀ ਗਿਣਤੀ ਵਿੱਚ ਨੌਜਵਾਨਾਂ ਤੇ ਯੂਏਪੀਏ ਲਾਕੇ ਜੇਲ੍ਹਾਂ ਵਿਚ ਕਈ ਸਾਲ ਬੰਦ ਰੱਖਿਆ ਗਿਆ ਤੇ ਪਿੱਛੋਂ ਉਹ ਨਿਰਦੋਸ਼ ਸਾਬਤ ਹੋਏ। ਉਦਾਹਰਣ ਵਜੋਂ ਮੁਹੰਮਦ ਅਮੀਰ ਖਾਂ ਇਕ ਉਹ ਨੌਜਵਾਨ ਮੁਸਲਿਮ ਸੀ ਜਿਸ ਨੂੰ ਅਤਿਵਾਦੀ ਕਹਿ ਕੇ ਚੌਦਾਂ ਸਾਲ ਜੇਲ੍ਹ ਵਿੱਚ ਰੱਖਿਆ ਗਿਆ ਤੇ ਅਖੀਰ ਨੂੰ ਨਿਰਦੋਸ਼ ਸਾਬਤ ਹੋਣ ਤੇ ਰਿਹਾਅ ਕਰਨਾ ਪਿਆ। ਸੰਨ 2020 ਵਿੱਚ ਸ਼ਹਿਰ ਅੰਦਰ ਹੋਈ ਮੁਸਲਿਮ ਵਿਰੋਧੀ ਹਿੰਸਾ ਬਦਲੇ ਦਿੱਲੀ ਪੁਲੀਸ ਨੇ ਬਹੁਤੇ ਲੋਕਾਂ ਨੂੰ ਯੂਏਪੀਏ ਤਹਿਤ ਗ੍ਰਿਫਤਾਰ ਕੀਤਾ, ਜਿਹਨਾਂ ਵਿੱਚ ਜ਼ਿਆਦਾਤਰ ਨੌਜਵਾਨ ਕਾਰਕੁੰਨਾਂ ਤੇ ਵਿਦਿਆਰਥੀਆਂ ਸਮੇਤ ਮੁਸਲਿਮ ਲੋਕ ਸ਼ਾਮਲ ਸਨ। ਭਾਰਤ ਦੇ 'ਦਹਿਸ਼ਤਗਰਦੀ ਕਾਨੂੰਨਾਂ' ਬਾਰੇ ਫਰੰਟ ਲਾਈਨ ਮੈਗਜ਼ੀਨ ਨੇ ਇਕ ਤਾਜ਼ਾ ਕਵਰੇਜ ਕਰਦਿਆਂ ਕਈ ਕਹਾਣੀਆਂ ਬਿਆਨ ਕੀਤੀਆਂ ਗਈਆਂ ਹਨ ਜਿਨ੍ਹਾਂ ਵਿੱਚ ਨਿਰਦੋਸ਼ ਮੁਸਲਿਮਾਂ ਨੂੰ ਯੂਏਪੀਏ ਤੇ ਹੋਰ ਭਿਆਨਕ ਕਾਲੇ ਕਾਨੂੰਨਾਂ ਤਹਿਤ ਲੰਮਾ ਸਮਾਂ ਜੇਲਾਂ ਚ ਬੰਦ ਕਰਨ ਰੱਖਣ ਕਰ ਕੇ ਉਨ੍ਹਾਂ ਦੀ ਜ਼ਿੰਦਗੀ ਲੱਗਭੱਗ ਤਬਾਹ ਹੋ ਗਈ ਹੈ। ਬੰਗਲੌਰ ਸ਼ਹਿਰ ਵਿਚ ਭੜਕੀ ਹਿੰਸਾ ਬਦਲੇ ਪਿੱਛੇ ਜਿਹੇ ਹੀ ਕਰਨਾਟਕ ਸਰਕਾਰ ਨੇ ਕਈ ਮੁਸਲਿਮਾਂ ਤੇ ਯੂਏਪੀਏ ਠੋਸਿਆ ਹੈ। ਵੱਡੀ ਪੱਧਰ ਤੇ ਬੇਗੁਨਾਹਾਂ ਦੀਆਂ ਹੋਈਆਂ ਗ੍ਰਿਫਤਾਰੀਆਂ ਕਰ ਕੇ ਮੁਸਲਿਮ ਆਗੂਆਂ ਨੇ ਮੁੱਖ ਮੰਤਰੀ ਨੂੰ ਮਿਲ ਕੇ ਗਲਤ ਗ੍ਰਿਫ਼ਤਾਰ ਕੀਤੇ ਗਏ ਲੋਕਾਂ ਨੂੰ ਰਿਹਾਅ ਕਰਨ ਦੀ ਮੰਗ ਕੀਤੀ। ਇਹ ਵੀ ਇੱਕ ਹਕੀਕਤ ਹੈ ਕਿ ਯੂਏਪੀਏ ਵਿਚ ਤਾਜ਼ਾ ਸੋਧ ਜਦੋਂ ਪਾਰਲੀਮੈਂਟ ਚ ਪੇਸ਼ ਕੀਤੀ ਗਈ ਕਿ ਸਿਰਫ ਮੁਸਲਿਮ ਮੈਂਬਰਾਂ ਨੇ ਕੀ ਇਸ ਦੀ ਵਿਰੋਧਤਾ ਕੀਤੀ। ਵਿਰੋਧੀ ਧਿਰ ਦੇ ਅਨੇਕਾ ਲੋਕ ਸਭਾ ਮੈਂਬਰਾਂ ਨੇ ਫਿਕਰ ਨਹੀਂ ਦਿਖਾਇਆ ਕਿਉਂਕਿ ਯੂਏਪੀਏ ਦਾ ਵੱਡਾ ਨਿਸ਼ਾਨਾਂ ਮੁਸਲਿਮ ਭਾਈਚਾਰਾ ਹੀ ਬਣਦਾ ਆ ਰਿਹਾ ਹੈ। ਇਸ ਕਨੂੰਨ ਤਹਿਤ ਮੁਸਲਮਾਨਾਂ ਨੂੰ ਵਿਅਕਤੀਗਤ ਤੌਰ ਤੇ ਹੀ ਨਹੀਂ ਬਲਕਿ ਉਨ੍ਹਾਂ ਦੀਆਂ ਸੰਸਥਾਵਾਂ ਨੂੰ ਵੀ ਨਿਸ਼ਾਨਾ ਬਣਾਇਆ ਜਾਂਦਾ ਰਿਹਾ ਹੈ। ਮਿਸਾਲ ਵਜੋਂ ਪਾਪੂਲਰ ਫਰੰਟ ਆਫ ਇੰਡੀਆ (ਪੀਐਫਆਈ) ਨਾਂ ਦੀ ਇਕ ਰਜਿਸਟਰਡ ਸਮਾਜਕ ਸੰਸਥਾ ਹੈ ਜੋ ਕਿ ਭਾਈਚਾਰੇ ਦੇ ਹੱਕਾਂ ਦੀ ਰਾਖੀ ਅਤੇ ਉਨ੍ਹਾਂ ਦੀ ਭਲਾਈ ਲਈ ਕੰਮ ਕਰਦੀ ਹੈ ਉਨ੍ਹਾਂ ਵਿੱਚ ਸਮਾਜਿਕ ਸਿਆਸੀ ਮਸਲਿਆਂ ਸਬੰਧੀ ਸੋਝੀ ਦਾ ਪਸਾਰਾ ਕਰਦੀ ਹੈ, ਉਹ ਵੀ ਇਸ ਕਨੂੰਨ ਤਹਿਤ ਲਗਾਤਾਰ ਨਿਸ਼ਾਨੇ ਤੇ ਰਹੀ ਹੈ। ਇਸ ਦੀ ਤਾਜ਼ਾ ਮਿਸਾਲ ਉੱਤਰ ਪ੍ਰਦੇਸ਼ ਵਿਚ ਹਾਥਰਸ ਵਿਖੇ ਇਕ ਦਲਿਤ ਔਰਤ ਦੇ ਬਲਾਤਕਾਰ ਤੇ ਕਤਲ ਕਾਂਡ ਵਿਚ ਇਸ ਦੇ ਅਨੇਕਾਂ ਮੈਂਬਰਾਂ ਨੂੰ ਵਸਾਇਆ ਗਿਆ। ਪਿੱਛੇ ਜਿਹੇ ਹੀ ਉੱਤਰ ਪ੍ਰਦੇਸ਼ ਦੀ ਪੁਲੀਸ ਵਲੋਂ ਪੀਐਫਆਈ ਦੇ ਦੋ ਸਰਗਰਮ ਕਾਰਕੁੰਨਾਂ ਨੂੰ ਇਸ ਲਈ ਨਿਸ਼ਾਨਾ ਬਣਾਇਆ ਗਿਆ ਕਿ ਉਹ "ਅਤਿਵਾਦੀ" ਹਮਲਾ ਕਰਨ ਦੀ ਵਿਉਂਤ ਕਰ ਰਹੇ ਸਨ। ਪੀ ਐੱਫ ਆਈ ਨੇ ਇਸ ਨੂੰ ਮੁੱਢੋਂ ਰੱਦ ਕਰਦਿਆਂ ਕਿਹਾ ਕਿ ਯੂ ਪੀ ਦੀ ਪੁਲੀਸ ਇਸ ਸੰਸਥਾ ਨੂੰ ਇਸ ਕਰਕੇ ਨਿਸ਼ਾਨਾ ਬਣਾ ਰਹੀ ਹੈ ਕਿਉਂਕਿ ਉਨ੍ਹਾਂ ਨੇ ਪੁਲਸ ਦੇ ਖਿਲਾਫ ਕਾਨੂੰਨੀ ਲੜਾਈ ਸ਼ੁਰੂ ਕਰਨ ਦੀ ਪਹਿਲ ਕੀਤੀ ਸੀ। ਪੰਜਾਬ ਵਿੱਚ ਵੀ ਸਿੱਖਾਂ ਵਿਰੁੱਧ ਵੱਡੀ ਪੱਧਰ ਤੇ ਯੂਏਪੀਏ ਵਰਤਣ ਦੀਆਂ ਰਿਪੋਰਟਾਂ ਹਨ। ਪਿੱਛੇ ਜਿਹੇ ਹੀ ਕਈ ਸਿੱਖਾਂ ਤੇ ਇਹ ਦੋਸ਼ ਲਾਇਆ ਗਿਆ ਕਿ ਉਹ ਖਾਲਿਸਤਾਨੀ ਅਤਿਵਾਦ ਵਿੱਚ ਸਾਮਲ ਹਨ ਅਤੇ ਉਹਨਾਂ ਨੂੰ ਯੂਏਪੀਏ ਤਹਿਤ ਗ੍ਰਿਫਤਾਰ ਕੀਤਾ ਗਿਆ। ਨੋਟ ਕਰਨ ਵਾਲੀ ਗੱਲ ਇਹ ਕਿ ਕਈਆਂ ਨੂੰ ਤਾਂ ਇਹ ਵੀ ਨਹੀਂ ਦੱਸਿਆ ਗਿਆ ਕਿ ਉਨ੍ਹਾਂ ਖ਼ਿਲਾਫ਼ ਕੋਈ ਐੱਫਆਈਆਰ ਦਰਜ ਹੈ ਅਤੇ ਉਨ੍ਹਾਂ ਤੇ ਖਾਲਿਸਤਾਨ ਦੇ ਹਮਾਇਤੀ ਹੋਣ ਦਾ ਦੋਸ਼ ਲੱਗਿਆ ਹੈ। ਸੰਨ 2020 ਵਿੱਚ ਦਸ ਸਿੱਖਾਂ ਤੇ ਖਾਲਿਸਤਾਨੀ ਵੱਖਵਾਦੀਆਂ ਨਾਲ ਸੰਬੰਧ ਦਾ ਦੋਸ਼ ਲਾ ਕੇ ਉਨ੍ਹਾਂ ਤੇ ਯੂਏਪੀਏ ਲੈ ਗਿਆ। ਸਤਾਧਾਰੀਆਂ ਨੂੰ ਇਹ ਪਤਾ ਹੋਣ ਦੇ ਬਾਵਜੂਦ ਕਿ ਪੰਜਾਬ ਵਿੱਚ ਯੂਏਪੀਏ ਅਧੀਨ ਸਜ਼ਾ ਹੋਣ ਦੀ ਦਰ ਬਹੁਤ ਘੱਟ ਹੈ ਫਿਰ ਵੀ ਉਹ ਇਥੇ ਯੂਏਪੀਏ ਲਾਉਣ ਬਾਰੇ ਸੋਚਦੀ ਰਹਿੰਦੀ ਹੈ। ਇਸ ਕਾਨੂੰਨ ਅਧੀਨ ਜਦੋਂ ਤੱਕ ਕੋਈ ਵਿਅਕਤੀ ਨਿਰਦੋਸ਼ ਸਾਬਤ ਹੁੰਦਾ ਹੈ ਉਹ ਤੋਂ ਪਹਿਲਾਂ ਉਹ ਕਈ ਸਾਲ ਜੇਲ੍ਹ ਵਿਚ ਕੱਟ ਚੁੱਕਿਆ ਹੁੰਦਾ ਹੈ।

ਯੂਏਪੀਏ ਇਕ ਅਜਿਹਾ ਕਾਨੂੰਨ ਹੈ ਜੋ ਭਾਰਤੀ ਸੰਵਿਧਾਨ ਦੇ ਵੀ ਵਿਰੁੱਧ ਭੁਗਤਦਾ ਹੈ।

ਭਾਵੇਂ ਇੱਕ ਪਾਸੇ ਪੁਲੀਸ, ਐਨਆਈਏ ਤੇ ਹੋਰ ਏਜੰਸੀਆਂ ਯੂਏਪੀਏ ਦੀ ਵਰਤੋਂ ਵਿੱਚ ਲੱਗੀਆਂ ਹੋਈਆਂ ਹਨ ਪਰ ਇਸ ਕਨੂੰਨ ਦੀ ਆਲੋਚਨਾ ਦਾ ਦਾਇਰਾ ਵੀ ਵਧ ਰਿਹਾ ਹੈ। ਅਨੇਕਾਂ ਚਿੰਤਕਾਂ ਅਤੇ ਵਿਰੋਧੀ ਪਾਰਟੀਆਂ ਦੇ ਆਗੂਆਂ ਨੇ ਇੱਥੋਂ ਤੱਕ ਕਿ ਸੁਪਰੀਮ ਕੋਰਟ ਵਿੱਚ ਵੀ ਪਟੀਸ਼ਨ ਪਾ ਕੇ ਕਈ ਲੋਕਾਂ ਨੇ ਇਹ ਜ਼ਾਹਿਰ ਕੀਤਾ ਹੈ ਕਿ ਕਿਵੇਂ ਯੂਏਪੀਏ ਸੰਵਿਧਾਨ ਦੀਆਂ ਬੁਨਿਆਦੀ ਵਿਵਸਥਾਵਾਂ ਨਾਲ ਹੀ ਨਹੀਂ ਟਕਰਾਉਂਦਾ ਬਲਕਿ ਜਮਹੂਰੀ ਹੱਕਾਂ ਦੀ ਵਿਸ਼ਵ ਪੱਧਰੀ ਸਮਝ ਦੇ ਵੀ ਵਿਰੁੱਧ ਭੁਗਤਦਾ ਹੈ। ਯੂਏਪੀਏ ਇਕ ਅਜਿਹਾ ਅਜੀਬ ਕਾਨੂੰਨ ਹੈ ਜੋ ਇਸ ਸਥਾਪਤ ਧਾਰਨਾ ਦੀ ਵੀ ਉਲੰਘਣਾ ਕਰਦਾ ਹੈ "ਜ਼ਮਾਨਤ ਹੋਣੀ ਇੱਕ ਆਮ ਰੂਲ ਹੈ, ਜਦ ਕਿ ਜੇਲ੍ਹ ਹੋਣੀ ਦੁਰਲੱਭ ਗੱਲ ਹੈ"

ਯੂਏਪੀਏ ਵਿਚ ਅਤਿਵਾਦ ਦੀ ਪ੍ਰੀਭਾਸ਼ਾ ਬੜੀ ਅਸਪੱਸ਼ਟ ਹੈ ਅਤੇ ਅਨੇਕਾਂ ਜਾਂਚ ਅਧਿਕਾਰੀ ਆਪਣੀਆਂ ਆਪਣੀਆਂ ਪ੍ਰੀਭਾਸ਼ਾਵਾਂ ਰੱਖਦੇ ਹਨ ਕਿ ਕਿਹੜੀ ਗੱਲ ਅੱਤਵਾਦੀ ਸਰਗਰਮੀ ਹੈ ਤੇ ਕਿਹੜੀ ਨਹੀਂ। ਇਹ ਕਾਨੂੰਨ ਕਹਿੰਦਾ ਹੈ ਕਿ ਲੋਕਾਂ ਨੂੰ ਬਿਨਾਂ ਕੋਈ ਮੁਕੱਦਮੇ ਚਲਾਏ ਅਤੇ ਬਿਨਾਂ ਉਹਨਾਂ ਦਾ ਪੱਖ ਸੁਣੇ ਅਤਿਵਾਦੀ ਐਲਾਨਿਆ ਜਾ ਸਕਦਾ ਹੈ। ਇਹ ਕਨੂੰਨ ਸਰਕਾਰ ਨੂੰ ਇਹ ਤਾਕਤ ਵੀ ਬਖਸ਼ਦਾ ਹੈ ਕਿ ਉਹ ਕਿਸੇ ਵੀ ਸੰਸਥਾ ਤੇ ਪਾਬੰਦੀ ਲਾ ਸਕਦੀ ਹੈ ਤਾਂ ਕਿ ਸਰਕਾਰ ਦੀ ਆਲੋਚਨਾ ਕਰਨ ਵਾਲਿਆਂ ਅਤੇ ਸ਼ਹਿਰੀ ਆਜਾਦੀਆਂ ਦੇ ਰਖਵਾਲਿਆਂ ਦੀ ਜੁਬਾਨਬੰਦੀ ਕੀਤੀ ਜਾ ਸਕੇ।

# ਬੱਬਰਾਂ ਦਾ ਵਿਧੀ ਵਿਧਾਨ, ਕੰਮ ਢੰਗ ਤੇ ਬਬੇਲੀ ਦਾ ਸ਼ਹੀਦੀ ਸਾਕਾ



ਪਰਮਿੰਦਰ ਕੌਰ ਸਵੈਚ
604 760 4794

ਭਾਰਤ ਦਾ ਇਤਿਹਾਸ ਕੁਰਬਾਨੀਆਂ ਨਾਲ ਭਰਿਆ ਪਿਆ ਹੈ। ਸਮੇਂ ਸਮੇਂ ਤੇ ਦੇਸ਼ ਭਗਤਾਂ ਨੇ ਭਾਵੇਂ 1857 ਦਾ ਗ਼ਦਰ ਹੋਵੇ, ਨਾਮਧਾਰੀ ਕੂਕਾ ਲਹਿਰ, ਗ਼ਦਰ ਲਹਿਰ, ਬੱਬਰ ਅਕਾਲੀ ਲਹਿਰ. ਕਿਰਤੀ ਲਹਿਰ ਜਾਂ ਨਕਸਲਬਾੜੀ ਆਦਿ ਨੇ ਹਮੇਸ਼ਾਂ ਸਰਕਾਰਾਂ ਨੂੰ ਚਣੌਤੀਆਂ ਦਿੱਤੀਆਂ ਹਨ। ਸਰਕਾਰਾਂ ਵੀ ਇਹਨਾਂ ਲਹਿਰਾਂ ਨੂੰ ਦਬਾਉਣ ਲਈ ਲੋਕਾਂ ਵਿੱਚ ਗ਼ਦਾਰ ਪੈਦਾ ਕਰਕੇ, ਉਹਨਾਂ ਨੂੰ ਨਕਦ ਇਨਾਮਾਂ, ਮੁਰੱਬਿਆਂ ਦਾ ਲਾਲਚ ਦੇ ਕੇ ਆਪਣੇ ਹੱਥ ਕੰਡੇ ਵਰਤਦੀਆਂ ਰਹੀਆਂ ਹਨ। ਜਿਸ ਨਾਲ ਲੋਕਾਂ ਵਿੱਚ ਉੱਠੇ ਅਜ਼ਾਦੀ ਦੇ ਲਾਵੇ ਨੂੰ ਇਹ ਘਰ ਦੇ ਭੇਤੀ ਹੀ ਪਾਣੀ ਪਾ ਕੇ ਬੁਝਾਉਂਦੇ ਰਹੇ ਹਨ। ਅਸੀਂ ਅੱਜ ਗੱਲ ਕਰ ਰਹੇ ਹਾਂ ਬੱਬਰ ਅਕਾਲੀ ਲਹਿਰ ਦੀ ਜੋ 1920 ਦੇ ਵਿੱਚ ਪੈਦਾ ਹੋ ਕੇ 1923 ਤੱਕ ਆਪਣੇ ਜਾਹੋ ਜਲਾਲ ਦਿਖਾ ਕੇ ਮੁਖ਼ਬਰਾਂ ਦੀ ਭੇਂਟ ਚੜ੍ਹ ਗਈ ਸੀ। ਚੱਕਰਵਰਤੀ ਜਥੇ ਦੇ ਮੋਢੀ ਬੱਬਰ ਕਿਸ਼ਨ ਸਿੰਘ ਗੜਗੱਜ ਨੇ ਲੋਕਾਂ ਵਿੱਚ ਨਿਧੜਕ ਹੋ ਕੇ ਪਿੰਡ ਪਿੰਡ ਜਾ ਕੇ ਸਟੇਜਾਂ ਤੋਂ ਪ੍ਰਚਾਰ ਕਰਕੇ ਜਿੱਥੇ ਜਾਗ੍ਰਿਤੀ ਫੈਲਾਉਣ ਦੇ ਯਤਨ ਕੀਤੇ ਉੱਥੇ ਸਰਕਾਰ ਨੂੰ ਵੀ ਕੰਬਣ ਲਾ ਦਿੱਤਾ ਸੀ। ਦੂਸਰੇ ਪਾਸੇ ਬੱਬਰ ਕਰਮ ਸਿੰਘ ਦੌਲਤਪੁਰ ਜੋ ਕੈਨੇਡਾ ਤੋਂ ਦੇਸ਼ ਨੂੰ ਅਜ਼ਾਦ ਕਰਾਉਣ ਗਏ ਸਨ, ਨੇ ਗ਼ਦਰ ਅਖ਼ਬਾਰ ਤੋਂ ਸੇਧ ਲੈ ਕੇ 1918 ਵਿੱਚ ਜੂਹਬੰਦ ਦੀ ਸਜ਼ਾ ਭੁਗਤਣ ਤੋਂ ਬਾਅਦ ਬੱਬਰ ਅਕਾਲੀ ਨਾਂ ਦਾ ਅਖ਼ਬਾਰ ਕੱਢਿਆ, ਜਿਸ ਵਿੱਚ ਛਪੇ ਜੋਸ਼ੀਲੇ ਲੇਖ, ਕਵਿਤਾਵਾਂ ਤੇ ਅੰਗਰੇਜ਼ ਸਰਕਾਰ ਦੀਆਂ ਵਧੀਕੀਆਂ ਦਾ ਪਰਦਾ ਫਾਸ਼ ਗੱਲਾਂ ਦਾ ਲੋਕਾਂ ਤੇ ਬਹੁਤ ਪ੍ਰਭਾਵ ਪਿਆ। ਜਦੋਂ ਕਿਸ਼ਨ ਸਿੰਘ ਗੜਗੱਜ ਨੇ ਇਹ ਅਖ਼ਬਾਰ ਪੜ੍ਹਿਆ ਤਾਂ ਉਹ ਬਹੁਤ ਪ੍ਰਭਾਵਤ ਹੋਏ ਤੇ ਕਰਮ ਸਿੰਘ ਝਿੰਗੜ ਦੇ ਰਾਹੀਂ ਉਨ੍ਹਾਂ ਸਾਂਝੀ ਮੀਟਿੰਗ ਕੀਤੀ ਅਤੇ ਅਖ਼ਬਾਰ ਦੇ ਨਾਂ ਤੋਂ ਹੀ ਦੋਹਾਂ ਜਥਿਆਂ ਦੀ ਸਾਂਝੀ ਜਥੇਬੰਦੀ ਦਾ ਨਾਂ 'ਬੱਬਰ ਅਕਾਲੀ ਜਥਾ' ਰੱਖਿਆ ਗਿਆ। ਉਹਨਾਂ ਨੇ ਅਖ਼ਬਾਰ ਰਾਹੀਂ ਜਾਂ ਸੁਨੇਹਿਆਂ ਰਾਹੀਂ ਸਰਕਾਰ ਦੇ ਟਾਊਟਾਂ ਨੂੰ ਸੁਧਰਨ ਲਈ ਸੁਨੇਹੇ ਭੇਜੇ ਕਿ ਉਹ ਸਰਕਾਰ ਦਾ ਸਾਥ ਨਾ ਦੇਣ ਸਗੋਂ ਲੋਕਾਂ ਦਾ ਸਾਥ ਦੇਣ। ਪਰ ਝੋਲੀਚੁੱਕਾਂ ਦੇ ਜੇ ਬੱਬਰ ਹੱਥ ਨਹੀਂ ਸੀ ਆਉਂਦੇ ਤਾਂ ਉਹ ਬੇਕਸੂਰ ਲੋਕਾਂ ਨੂੰ ਫੜਾ ਦਿੰਦੇ ਸਨ, ਫਿਰ ਸਰਕਾਰ ਉਹਨਾਂ ਦਾ ਕੁਟਾਪਾ ਕਰ ਦਿੰਦੀ ਸੀ। ਸਾਰੇ ਲੋਕ ਬਹੁਤ ਦੁਖੀ ਸਨ। ਸਰਕਾਰ ਵਲੋਂ ਬੱਬਰਾਂ ਨੂੰ ਫੜਾਉਣ ਲਈ ਨਕਦ ਇਨਾਮ ਰੱਖੇ ਗਏ ਤਾਂ ਕਿ ਲਾਲਚ ਵਸ ਲੋਕਾਂ ਦਾ ਇਮਾਨ ਡੋਲ ਜਾਏ। ਮੁਖ਼ਬਰਾਂ ਨੇ ਲਾਲਚ ਵਿੱਚ ਆ ਕੇ ਸਰਕਾਰ ਦੇ ਕੰਮ ਨੂੰ ਤੂਲ ਦਿੱਤੀ ਤੇ ਲੋਕਾਂ ਵਿੱਚ ਬੇਚੈਨੀ ਦੇ ਹਾਲਾਤ ਪੈਦਾ ਹੋ ਗਏ ਜਿਸ ਕਰਕੇ ਬੱਬਰਾਂ ਨੇ ਜਨਰਲ ਮੀਟਿੰਗ ਵਿੱਚ ਫੈਸਲਾ ਕੀਤਾ ਕਿ ਸਾਨੂੰ ਆਪਣੇ ਕੰਮ-ਢੰਗ ਵਿਧੀ ਵਿਧਾਨ ਤਹਿਤ ਕਰਨੇ ਚਾਹੀਦੇ ਹਨ ਅਤੇ ਉਹਨਾਂ ਇੱਕ ਸੰਵਿਧਾਨ ਬਣਾਇਆ ਜਿਸਦੀ ਰੂਪ ਰੇਖਾ ਇਸ ਤਰ੍ਹਾਂ ਸੀ।

ਝੋਲ਼ੀਚੁੱਕਾਂ ਨੂੰ ਕਦੋਂ ਤੇ ਕਿਸਨੇ ਖ਼ਤਮ ਕਰਨਾ ਹੈ, ਇਸਦਾ ਫੈਸਲਾ ਵਰਕਿੰਗ ਕਮੇਟੀ ਕਰੇਗੀ। ਕੋਈ ਆਪਹੁਦਰਾ ਐਕਸ਼ਨ ਨਾ ਕਰੇ।

ਕੋਈ ਝੋਲੀਚੁੱਕ ਉਹਨਾਂ ਨੂੰ ਅਚਾਨਕ ਮਿਲ ਪਵੇ ਤਾਂ ਉਸਨੂੰ ਵਕਤ ਵਿਚਾਰ ਕੇ ਖ਼ਤਮ ਕਰ ਦੇਣ ਦਾ ਹੱਕ ਹੈ ਅਤੇ ਜ਼ਰੂਰੀ ਹੈ।

ਵਰਕਿੰਗ ਕਮੇਟੀ ਦੀ ਹਦਾਇਤ ਤੋਂ ਬਗੈਰ ਕਿਸੇ ਝੋਲ਼ੀਚੁੱਕ ਦੀ ਕੋਈ ਚੀਜ਼ ਨਾ ਉਠਾਈ ਜਾਵੇ। ਜਿੱਥੋਂ ਕੁੱਝ ਫੰਡ ਆਵੇ, ਉਹ ਫੈਸਲੇ ਅਨੁਸਾਰ ਬਗੈਰ ਭੋਰਿਉਂ ਵਰਕਿੰਗ ਕਮੇਟੀ ਪਾਸ ਪਹੁੰਚਾਇਆ ਜਾਵੇ ਤਾਂ ਜੁ ਇਸ ਫੰਡ ਨਾਲ ਹਥਿਆਰ ਖਰੀਦੇ ਜਾ ਸਕਣ। ਇਸ ਫੰਡ ਨਾਲ ਬੱਬਰ ਜਥੇ ਦੇ ਮੈਂਬਰਾਂ ਦੇ ਸਧਾਰਨ ਲੋੜੀਂਦੇ ਅਤੇ 'ਬੱਬਰ ਅਕਾਲੀ ਦੁਆਬਾ' ਅਖ਼ਬਾਰ ਦੇ ਖਰਚੇ ਪੂਰੇ ਕੀਤੇ ਜਾਣਗੇ।

ਐਕਸ਼ਨਾਂ ਦੇ ਦੁਰਾਨ ਝੋਲ਼ੀ ਚੁੱਕਾਂ ਦੇ ਬੱਚਿਆਂ ਨੂੰ ਹੱਥ ਨਾ ਲਾਇਆ ਜਾਵੇ ਅਤੇ ਨਾ ਹੀ ਕਿਸੇ ਔਰਤ ਦਾ ਅਪਮਾਨ ਕੀਤਾ ਜਾਵੇ।

ਬੱਬਰ ਜਥੇ ਦਾ ਮੈਂਬਰ ਉਹੀ ਰਹਿ ਸਕਦਾ ਹੈ ਜੋ ਹੁਕਮ ਹੋਣ ਪਰ ਸਾਰੇ ਕੰਮ ਛੱਡ ਕੇ ਲੱਗੀ ਹੋਈ ਡਿਊਟੀ ਪੂਰੀ ਕਰੇ।

ਝੋਲ਼ੀਚੁੱਕਾਂ ਦੇ ਨੱਕ ਕੰਨ ਵੱਢਣ ਦਾ ਫੈਸਲਾ ਰੱਦ ਕੀਤਾ ਜਾਂਦਾ ਹੈ, ਕਿਉਂਕਿ ਅਜਿਹਾ ਕਰਨ ਲਈ ਇੱਕ ਤਾਂ ਵਕਤ ਵਧੇਰੇ ਲੱਗਦਾ ਹੈ, ਦੂਜੇ ਝੋਲ਼ੀਚੁੱਕ ਦੇ ਜਿਊਂਦਾ ਰਹਿ ਜਾਣ ਕਰ ਕੇ ਐਕਸ਼ਨ ਕਰਨ ਵਾਲਿਆਂ ਦਾ ਪਤਾ ਲੱਗ ਸਕਦਾ ਹੈ, ਤੀਜੇ ਇਸ ਨਾਲ ਕਈ ਹਲਕਿਆਂ ਵਿੱਚ ਬੱਬਰਾਂ ਵਿਰੁੱਧ ਨਫ਼ਰਤ ਭੀ ਪੈਦਾ ਹੋ ਸਕਦੀ ਹੈ। ਅੱਗੋਂ ਤੋਂ ਝੋਲ਼ੀਚੁੱਕ ਨੂੰ ਖ਼ਤਮ ਕਰ ਦੇਣਾ ਹੋਵੇਗਾ।

ਹਰ ਕਤਲ ਦਾ ਐਲਾਨ ਦੋ ਤਿੰਨ ਬੱਬਰਾਂ ਦੇ ਨਾਂ ਪੁਰ ਬੱਬਰਾਂ ਦੇ ਅਖ਼ਬਾਰ ਵਿੱਚ ਕੀਤਾ ਜਾਇਆ ਕਰੇਗਾ।

ਬਦਨਾਮ ਸ਼ਾਹੂਕਾਰਾਂ, ਝੋਲ਼ੀਚੁੱਕਾਂ ਅਤੇ ਹਕੂਮਤ ਦੀ ਜਾਇਦਾਦ ਨੂੰ ਲੁੱਟ ਲੈਣਾ ਜਾਇਜ਼ ਹੈ ਪਰ ਇਸਤੋਂ ਬਿਨਾਂ ਹੋਰ ਕਿਸੇ ਦੇ ਮਾਲ ਜਾਂ ਧੰਨ ਨੂੰ ਹੱਥ ਲਾਉਣਾ ਜੁਰਮ ਸਮਝਿਆ ਜਾਏਗਾ ਅਤੇ ਜੋ ਧੰਨ ਇਸ ਤਰ੍ਹਾਂ ਪ੍ਰਾਪਤ ਹੋਵੇ, ਉਸਨੂੰ ਜੱਥੇ ਦੇ ਸਾਂਝੇ ਫੰਡ ਵਿੱਚ ਪਾਇਆ ਜਾਵੇ, ਕੋਈ ਆਦਮੀ ਆਪਣੇ ਨਿੱਜੀ ਖ਼ਰਚ ਲਈ ਨਾ ਵਰਤੇ।

ਇਹ ਪ੍ਰੋਗਰਾਮ ਦੇਣ ਤੋਂ ਬਾਅਦ ਬੱਬਰਾਂ ਨੇ ਬਹੁਤ ਹੀ ਇਮਾਨਦਾਰੀ ਨਾਲ ਕੰਮ ਕੀਤਾ ਜਿਸ ਨੇ ਇਸਦੀ ਉਲੰਘਣਾ ਕੀਤੀ ਤਾਂ ਪਾਰਟੀ ਵਿੱਚੋਂ ਬਾਹਰ ਕਰ ਦਿੱਤਾ ਗਿਆ। ਆਪਣੇ ਪ੍ਰੋਗਰਾਮ ਦਾ ਮੁੱਖ ਮੁੱਦਾ ਜਿਵੇਂ ਉਹਨਾਂ ਝੋਲ਼ੀਚੁੱਕਾਂ ਨੂੰ ਸਬਕ ਸਿਖਾਉਣ ਦਾ ਦਿੱਤਾ ਸੀ, ਉਸ ਮੁਤਾਬਕ ਹੀ ਉਹਨਾਂ ਹੇਠ ਲਿਖੇ ਐਕਸ਼ਨਾਂ ਨੂੰ ਨੇਪਰੇ ਚਾੜ੍ਹਿਆ।

3 ਜੁਲਾਈ, 1922 ਨੂੰ ਬਿਛੌੜੀ ਦੇ ਲੰਬੜਦਾਰ ਕਾਕਾ ਤੋਂ ਸਰਕਾਰੀ ਅਮਲੇ ਦੀ 570 ਰੁਪਏ 2 ਆਨੇ ਰਕਮ ਲੁੱਟੀ।

16 ਤੇ 23 ਜਨਵਰੀ, 1923 ਨੂੰ ਜਲੰਧਰ, ਜੰਡੂ ਸਿੰਘਾ ਤੇ ਆਦਮਪੁਰ ਵਿਖੇ ਅਰਜਣ ਸਿੰਘ ਪਟਵਾਰੀ ਨੂੰ ਕਤਲ ਕਰਨ ਦੀ ਕੋਸ਼ਿਸ਼।

ਫਰਵਰੀ 3, 1923 ਨੂੰ ਜਾਡਲਾ ਦੇ ਸ਼ਾਹੂਕਾਰ ਮੁਣਸ਼ੀ ਰਾਮ ਦੇ ਘਰ ਡਾਕਾ।

ਫਰਵਰੀ 10, 1923 ਨੂੰ ਜ਼ੈਲਦਾਰ ਬਿਸ਼ਨ ਸਿੰਘ ਰਾਣੀ ਥੂਹਾ ਦਾ ਕਤਲ।

ਫਰਵਰੀ 13-14, 1923 ਦੀ ਰਾਤ ਨੂੰ ਦੀਵਾਨ ਪੁੱਤਰ ਇੱਛਰੂ ਪਿੰਡ ਹਿਆਤਪੁਰ ਰੁੜਕੀ ਦਾ ਕਤਲ।

3-4 ਮਾਰਚ, 1923 ਦੀ ਰਾਤ ਨੂੰ ਜਮਸ਼ੇਰ ਰੇਲਵੇ ਸਟੇਸ਼ਨ, ਸਟੇਸ਼ਨ ਮਾਸਟਰ ਚੰਨਣ ਰਾਮ ਦੇ ਘਰ ਤੇ ਸੰਪੂਰਨ ਸਿੰਘ ਗੈਂਗਮੈਨ ਜਮਾਂਦਾਰ ਦੇ ਘਰ ਡਾਕਾ

12 ਮਾਰਚ, 1923 ਨੂੰ ਬੂਟਾ ਸਿੰਘ ਨੰਬਰਦਾਰ ਤੇ ਉਸਦੇ ਪੋਤਰੇ ਸੁਰਜਣ ਸਿੰਘ ਨੰਗਲਸ਼ਾਮਾ ਦੇ ਘਰ ਡਾਕਾ ਤੇ ਦੋਨਾਂ ਦੇ ਕਤਲ ਤੇ ਦੂਸਰੇ ਪੋਤਰੇ ਰਾਮ ਸਿੰਘ ਨੂੰ ਜ਼ਖਮੀ ਕਰਨਾ।

1, 14, 17 ਅਤੇ 23 ਮਾਰਚ 1923 ਨੂੰ ਲਾਭ ਸਿੰਘ ਢੱਡੇ ਫਤਹਿ ਸਿੰਘ ਨੂੰ ਮਾਰਨ ਦੀਆਂ ਕੋਸ਼ਿਸ਼ਾਂ।

19 ਮਾਰਚ, 1923 ਨੂੰ ਪੁਲੀਸ ਮੁਖ਼ਬਰ ਲਾਭ ਸਿੰਘ ਮਿਸਤਰੀ ਪਿੰਡ ਡਡਿਆਲ ਦਾ ਕਤਲ।

27 ਮਾਰਚ, 1923 ਨੂੰ ਹਜ਼ਾਰਾ ਸਿੰਘ ਨੰਬਰਦਾਰ ਬਹਿਬਲਪੁਰ ਦਾ ਕਤਲ।

17 ਅਪਰੈਲ 1923 ਨੂੰ ਸੂਬੇਦਾਰ ਗੇਂਦਾ ਸਿੰਘ ਪੁਆਰ ਪਿੰਡ ਘੁੜਿਆਲ ਦਾ ਕਤਲ।

20-21 ਮਈ, 1923 ਨੂੰ ਸਫੈਦਪੋਸ਼ ਰਲ਼ਾ ਸਿੰਘ ਤੇ ਉਸਦਾ ਭਰਾ ਦਿੱਤੂ ਪਿੰਡ ਕੌਲਗੜ੍ਹ ਦਾ ਕਤਲ ਤੇ ਡਾਕਾ, ਇਸੇ ਰਾਤ ਜਵਾਲਾ ਸਿੰਘ ਪਿੰਡ ਕੋਟਲੀ ਬਾਵਾ ਦਾਸ ਦਾ ਕਤਲ ਤੇ ਹਰਨਾਮ ਸਿੰਘ ਮਹੱਦੀਪੁਰ ਨੂੰ ਸਖ਼ਤ ਜ਼ਖ਼ਮੀ।

ਮਈ, 1923 ਵਿੱਚ ਪਿੰਡ ਰੰਧਾਵਾ ਬਰੋਡਾ ਦੇ ਸੂਬੇਦਾਰ ਸੁੰਦਰ ਸਿੰਘ ਨੂੰ ਕਤਲ ਕਰਨ ਦੀ ਕੋਸ਼ਿਸ਼।

6 ਜੂਨ, 1923 ਨੂੰ ਪਿੰਡ ਨੰਦਚੌਰ ਦੇ ਪਟਵਾਰੀ ਸੱਯਦ ਅਤਾ ਮੁਹੰਮਦ ਦਾ ਕਤਲ।

15-16 ਜੁਲਾਈ ਦੀ ਰਾਤ ਨੂੰ ਬਿਸ਼ਨ ਸਿੰਘ ਪਿੰਡ ਸਾਂਧਰਾ ਨੂੰ ਸਖ਼ਤ ਜ਼ਖਮੀ।

1922-23 ਦੀਆਂ ਗਰਮੀਆਂ ਵਿੱਚ ਬੱਬਰਾਂ ਨੇ ਹੁਸ਼ਿਆਰਪੁਰ ਤੇ ਜਲੰਧਰ ਜ਼ਿਲ੍ਹੇ ਦੀਆਂ ਸੜਕਾਂ ਤੇ ਲੱਗੇ ਅੰਬਾਂ ਦੇ ਰੁੱਖਾਂ ਦੇ ਫਲਾਂ ਦੀ ਬੋਲੀ ਨਾ ਹੋਣ ਦਿੱਤੀ। ਇਸ ਸਾਲ ਲੋਕਾਂ ਨੇ ਰੱਜ ਕੇ ਅੰਬ ਚੂਪੇ ਤੇ ਬੱਬਰਾਂ ਦੀ ਸ਼ਲਾਘਾ ਕੀਤੀ।

ਪੰਜਾਬ ਦੇ ਦੁਆਬਾ ਏਰੀਏ 'ਤੇ ਬੱਬਰ ਅਕਾਲੀਆਂ ਦਾ ਰਾਜ ਹੋਣ ਕਰਕੇ ਅੰਗਰੇਜ਼ ਸਰਕਾਰ ਬਹੁਤ ਚਿੰਤਤ ਸੀ। ਬੇਸ਼ੱਕ ਬਹੁਤ ਸਾਰੀਆਂ ਘਟਨਾਵਾਂ ਸਫੈਦਪੋਸ਼ਾਂ, ਜ਼ੈਲ਼ਦਾਰਾਂ, ਮੁਖ਼ਬਰਾਂ ਦੀਆਂ ਬੱਬਰਾਂ ਨਾਲ ਮੁਕਾਬਲੇ ਲਈ ਹੋਈਆਂ ਸਨ ਪਰ ਬੰਬੇਲੀ ਦਾ ਸਾਕਾ ਇਹਨਾਂ ਵਿੱਚੋਂ ਬਹੁਤ ਦਰਦਨਾਕ ਸਾਕਾ ਸੀ ਜਿਸ ਵਿੱਚ ਘਰ ਦਾ ਭੇਤੀ ਲੰਕਾ ਢਾਏ ਦੇ ਅਖਾਣ ਅਨੁਸਾਰ ਬੱਬਰਾਂ ਦੇ ਸਾਥੀ ਨੇ ਹੀ ਚਾਰ ਬੱਬਰ ਜੋ ਜਥੇਬੰਦੀ ਦੀ ਰੀੜ੍ਹ ਦੀ ਹੱਡੀ ਸਨ, ਨੂੰ ਸਰਕਾਰ ਦੇ ਹਵਾਲੇ ਕਰਨ ਲਈ ਇਹ ਘਟਨਾ ਨੂੰ ਅੰਜ਼ਾਮ ਦਿੱਤਾ ਸੀ। ਪੰਜਾਬ ਦੇ ਗਵਰਨਰ ਨੇ ਮਿਸਟਰ ਸੀ. ਡਬਲਿਊ. ਜੈਕਬ ਡਿਪਟੀ ਕਮਿਸ਼ਨਰ ਜਲੰਧਰ ਨੂੰ ਤਾੜਨਾ ਕੀਤੀ ਕਿ ਬੱਬਰਾਂ ਦੇ ਭਗੌੜੇ ਆਗੂ ਫੜੇ ਕਿਉਂ ਨਹੀਂ ਜਾ ਰਹੇ। ਇਨ੍ਹਾਂ ਦਿਨਾਂ ਵਿੱਚ ਹੀ ਅਨੂਪ ਸਿੰਘ ਮਾਣਕੋ ਦਾ ਚਾਚਾ ਬੋਘ ਸਿੰਘ ਸੀ. ਆਈ. ਡੀ. ਵਿੱਚ ਭਰਤੀ ਹੋਇਆ ਸੀ। ਉਸਨੂੰ ਪਤਾ ਸੀ ਕਿ ਅਨੂਪ ਸਿੰਘ ਮਾਣਕੋ ਬੱਬਰਾਂ ਦਾ ਸਾਥੀ ਹੈ। ਉਸਨੇ ਵੀ ਕਈ ਵਾਰਦਾਤਾਂ ਜਿਵੇਂ ਸੂਬੇਦਾਰ ਗੇਂਦਾ ਸਿੰਘ ਦਾ ਕਤਲ, ਸਫੈਦਪੋਸ਼ ਰਲ਼ਾ ਸਿੰਘ ਤੇ ਦਿੱਤੂ ਦਾ ਕਤਲ, ਸੂਬੇਦਾਰ ਸੁੰਦਰ ਸਿੰਘ ਨੂੰ ਮਾਰਨ ਦੀ ਕੋਸ਼ਿਸ਼, ਪੰਡੋਰੀ ਨਿੱਝਰਾਂ ਦੇ ਲੰਬੜਦਾਰਾਂ ਤੇ ਚੌਕੀਦਾਰਾਂ ਨੂੰ ਮਾਰਨ ਦੀ ਕੋਸ਼ਿਸ਼ ਆਦਿ ਵਿੱਚ ਹਿੱਸਾ ਲੈਣ ਕਰਕੇ ਉਸਦਾ ਨਾਂ ਅਖ਼ਬਾਰਾਂ ਵਿੱਚ ਆ ਗਿਆ ਸੀ।

ਡਿਪਟੀ ਕਮਿਸ਼ਨਰ ਨੇ ਬੋਘ ਸਿੰਘ ਨੂੰ ਆਉਣ ਵਾਲੇ ਗੰਭੀਰ ਸਿੱਟਿਆਂ ਬਾਰੇ ਦੱਸਿਆ ਅਤੇ ਉਸਨੂੰ ਵੱਡੇ ਵੱਡੇ ਇਨਾਮਾਂ ਦੇ ਲਾਲਚ ਦਿੱਤੇ ਕਿ ਕਿਸੇ ਤਰੀਕੇ ਵੀ ਅਨੂਪ ਸਿੰਘ ਨੂੰ ਆਪਣੇ ਭਰੋਸੇ ਵਿੱਚ ਲੈ ਕੇ ਬੱਬਰਾਂ ਨੂੰ ਗ੍ਰਿਫਤਾਰ ਕਰਵਾਵੇ। ਪਹਿਲਾਂ ਬੋਘ ਸਿੰਘ ਨੇ ਅਨੂਪ ਸਿੰਘ ਨੂੰ ਮੁਰੱਬਿਆਂ ਦੇ ਲਾਲਚ ਦੇ ਕੇ ਕਾਫ਼ੀ ਕੋਸ਼ਿਸ਼ ਕੀਤੀ ਤੇ ਬਾਅਦ ਵਿੱਚ ਉਸਦੀ ਘਰਵਾਲੀ ਸੁਰਜੀਤ ਕੌਰ ਨੂੰ ਹੱਥ ਵਿੱਚ ਲੈ ਕੇ ਲਾਲਚ ਦਿੱਤੇ ਕਿ ਅਗਰ ਮੁਰੱਬੇ ਮਿਲ ਗਏ ਤਾਂ ਅਰਾਮ ਦੀ ਜ਼ਿੰਦਗੀ ਕਟੇਗੀ ਅਤੇ ਉਸਦੇ ਸਾਰੇ ਕਸੂਰ ਮਾਫ਼ ਕਰ ਦਿੱਤੇ ਜਾਣਗੇ, ਨਹੀਂ ਤਾਂ ਅਨੂਪ ਸਿੰਘ ਜਾਂ ਤਾਂ ਮਾਰਿਆ ਜਾਵੇਗਾ ਜਾਂ ਉਮਰ ਭਰ ਜੇਲ੍ਹਾਂ ਵਿੱਚ ਸੜੇਗਾ। ਉਹ ਮੰਨ ਗਈ। ਬੱਬਰ ਦਲੀਪ ਸਿੰਘ ਧਾਮੀਆਂ ਕਲਾਂ ਤੇ ਅਨੂਪ ਸਿੰਘ ਮਾਣਕੋ ਕਪੂਰਥਲਾ ਚਲੇ ਗਏ ਤੇ ਉੱਥੋਂ ਕੰਮ ਕਰਨ ਤੋਂ ਬਾਅਦ ਦਲੀਪ ਸਿੰਘ ਆਪਣੇ ਪਿੰਡ ਚਲਾ ਗਿਆ ਤੇ ਅਨੂਪ ਸਿੰਘ ਮਾਣਕੋ ਆਪਣੇ ਸਹੁਰੇ ਘਰ ਪਿੰਡ ਕੰਧਾਲਾਂ ਜੱਟਾਂ ਜ਼ਿਲ੍ਹਾ ਹੁਸ਼ਿਆਰਪੁਰ ਚਲਾ ਗਿਆ। ਬਹਾਨੇ ਨਾਲ ਹੀ ਬੋਘ ਸਿੰਘ ਨੇ ਉਸਨੂੰ ਉਸਦੇ ਸਹੁਰੀਂ ਭੇਜਿਆ ਸੀ ਕਿਉਂਕਿ ਉਸਦੀ ਘਰਵਾਲੀ ਪੇਕੇ ਗਈ ਹੋਈ ਸੀ। ਘਰਵਾਲੀ ਸੁਰਜੀਤ ਕੌਰ ਨੇ ਉਸਨੂੰ ਦੱਸਿਆ ਕਿ ਬੱਬਰ ਬਾਵਾ ਸੰਤ ਸਿੰਘ ਹਰਿਓਂ ਗ੍ਰਿਫਤਾਰ ਹੋ ਗਏ ਹਨ ਤੇ ਉਹਨਾਂ ਸਭ ਦੇ ਵੀ ਵਾਰੰਟ ਨਿਕਲ ਚੁੱਕੇ ਹਨ। ਹੁਣ ਜੇ ਉਹ ਚਾਚਾ ਬੋਘ ਸਿੰਘ ਦਾ ਕਿਹਾ ਮੰਨ ਲਵੇ ਤਾਂ ਹੀ ਬਚ ਸਕਦਾ ਹੈ। ਉਸਨੇ ਮਿੰਨਤਾਂ, ਤਰਲੇ ਤੇ ਪਿਆਰ ਦੀਆਂ ਭਾਵਨਾਵਾਂ ਵਿੱਚ ਉਲਝਾ ਕੇ ਆਪਣੀ ਚੰਗੀ ਜ਼ਿੰਦਗੀ ਦੇ ਵਾਸਤੇ ਦੇ ਕੇ ਉਸਨੂੰ ਚੋਟੀ ਦੇ ਬੱਬਰਾਂ ਕਰਮ ਸਿੰਘ ਦੌਲਤਪੁਰ, ਉਦੈ ਸਿੰਘ ਰਾਮ ਸਿੰਘ ਝੁੰਗੀਆਂ, ਬਿਸ਼ਨ ਸਿੰਘ ਮਾਂਗਟ, ਮਹਿੰਦਰ ਸਿੰਘ, ਧੰਨਾ ਸਿੰਘ ਬਹਿਬਲਪੁਰ ਤੇ ਦਲੀਪ ਸਿੰਘ ਧਾਮੀਆਂ ਨੂੰ ਗ੍ਰਿਫਤਾਰ ਕਰਵਾਉਣ ਲਈ ਮਨਾ ਲਿਆ। ਉਹ ਮਾਣਕੋ ਜਾ ਕੇ ਚਾਚਾ ਬੋਘ ਸਿੰਘ ਨੂੰ ਮਿਲਿਆ ਤਾਂ ਉਹਨਾਂ ਵਿੱਚ ਫੈਸਲਾ ਹੋਇਆ ਕਿ ਇਸ਼ਤਿਹਾਰੀ ਤੇ ਇਨਾਮੀ ਬੱਬਰਾਂ ਨੂੰ ਫੜਾਏਗਾ ਤੇ ਉਸਨੂੰ ਮੁਰੱਬੇ ਦਿੱਤੇ ਜਾਣਗੇ।

ਉਹਨਾਂ ਦਿਨਾਂ ਵਿੱਚ ਬੱਬਰਾਂ ਦੀਆਂ ਠਾਹਰਾਂ ਫਗਵਾੜੇ ਜਿਲ੍ਹੇ ਦੇ ਪਿੰਡਾਂ ਡੁਮੇਲੀ, ਸਾਹਨੀ, ਨਰੂੜ, ਭਬਿਆਣਾ ਵਿੱਚ ਹੁੰਦੀਆਂ ਸਨ। ਅਸਲ ਅੱਡੇ ਗੁਰਦਵਾਰਾ ਚੌਂਤਾ ਸਾਹਿਬ, ਬੰਬੇਲੀ ਤੇ ਡੁਮੇਲੀ ਵਿੱਚ ਹੁੰਦੇ ਸੀ। ਅਨੂਪ ਸਿੰਘ ਦੀ ਇੱਕ ਭੈਣ ਤੇ ਭੂਆ ਪ੍ਰਤਾਪੀ ਡੁਮੇਲੀ ਵਿਆਹੀ ਹੋਈ ਸੀ। ਬੋਘ ਸਿੰਘ ਨੇ ਡਿਪਟੀ ਕਮਿਸ਼ਨਰ ਦੇ ਕਹਿਣ ਤੇ ਆਪਣਾ ਮੁੰਡਾ ਕੇਵਲ ਸਿੰਘ ਆਪਣੀ ਭੈਣ ਕੋਲ ਰਹਿਣ ਲਈ ਭੇਜ ਦਿੱਤਾ ਕਿਉਂਕਿ ਜਦੋਂ ਅਨੂਪ ਸਿੰਘ ਕੋਈ ਬੱਬਰਾਂ ਦੀ ਖ਼ਬਰ ਦੇਵੇ ਉਹ ਤੁਰੰਤ ਲੈ ਕੇ ਮਾਣਕੋ ਆਪਣੇ ਬਾਪ ਨੂੰ ਦੱਸੇ ਤੇ ਉਹ ਘੋੜੀ ਤੇ ਜਾ ਕੇ ਡਿਪਟੀ ਕਮਿਸ਼ਨਰ ਨੂੰ ਦੱਸੇ, ਇਹ ਗਿਣੀ ਮਿੱਥੀ ਯੋਜਨਾ ਸੀ ਜੋ ਬਾਅਦ ਵਿੱਚ ਜਾ ਕੇ ਇਵੇਂ ਹੀ ਵਾਪਰੀ। ਬੋਘ ਸਿੰਘ ਮਾਣਕੋ ਨੇ ਗਵਾਹੀ ਦੇਣ ਸਮੇਂ ਇਹ ਬਿਆਨ ਦਿੱਤਾ ਸੀ। ਉਸਨੇ ਕਿਹਾ, "ਮੈਨੂੰ ਪਤਾ ਸੀ ਕਿ ਅਨੂਪ ਸਿੰਘ ਤੇ ਚਾਰੇ ਬੱਬਰ ਪਿੰਡ ਬਬੇਲੀ ਵਿੱਚ ਸਨ। ਮੇਰੀ ਡੀ. ਸੀ. ਜਲੰਧਰ ਨੂੰ ਖ਼ਬਰ ਦੇਣ ਤੋਂ ਪਹਿਲਾਂ ਮੇਰਾ ਪੁੱਤਰ ਕੇਵਲ ਸਿੰਘ ਜੋ ਉਨ੍ਹੀਂ ਦਿਨੀਂ ਪਿੰਡ ਡੁਮੇਲੀ ਵਿੱਚ ਰਹਿੰਦਾ ਹੈ, ਨੇ ਮੈਨੂੰ ਪਤਾ ਦਿੱਤਾ ਸੀ ਤੇ ਫਿਰ ਮੈਂ ਖ਼ਬਰ ਦਿੱਤੀ ਕਿ ਸਵੇਰ ਦੇ ਦਸ ਵਜੇ ਤੱਕ ਬੱਬਰ ਬਬੇਲੀ ਹੋਣਗੇ।"

ਇੱਕ ਦਿਨ ਅਨੂਪ ਸਿੰਘ ਕੁੱਝ ਪੈਸੇ ਲੈਣ ਦੇ ਬਹਾਨੇ ਨਾਲ ਜਥੇਦਾਰ ਕਰਮ ਸਿੰਘ ਦੌਲਤਪੁਰ ਨੂੰ ਮਿਲਿਆ। 4-5 ਦਿਨ ਠਹਿਰ ਕੇ ਉਹ ਭਬਿਆਣੇ ਜਾ ਕੇ ਬੱਬਰ ਦਲੀਪਾ ਸਿੰਘ ਭਾਮੀਆਂ ਨੂੰ ਮਿਲਿਆ। ਉਹ ਲਗਾਤਾਰ ਸਾਰੇ ਬੱਬਰਾਂ ਦੀ ਭਾਲ ਵਿੱਚ ਫਿਰ ਰਿਹਾ ਸੀ ਕਿ ਉਹ ਕਦੋਂ ਤੇ ਕਿਵੇਂ ਇਕੱਠੇ ਹੋ ਸਕਦੇ ਹਨ। ਉੱਥੋਂ ਹੀ ਉਹ ਮਾਂਗਟਾਂ ਚਲਾ ਗਿਆ ਤੇ ਬੱਬਰ ਬਿਸ਼ਨ ਸਿੰਘ ਦੇ ਭਰਾ ਗੁਰਬਖ਼ਸ਼ ਸਿੰਘ ਨੂੰ ਨਾਲ ਲੈ ਕੇ ਕੰਢੀ ਵੱਲ ਨੂੰ ਜੰਗਲਾਂ ਵਿੱਚ, ਜਿੱਥੇ ਜਥੇਦਾਰ ਕਰਮ ਸਿੰਘ ਦੌਲਤਪੁਰ, ਉਦੈ ਸਿੰਘ, ਬਿਸ਼ਨ ਸਿੰਘ ਤੇ ਮਹਿੰਦਰ ਸਿੰਘ ਰਹਿ ਰਹੇ ਸਨ, ਚਲਾ ਗਿਆ ਸੀ। ਜਥੇਦਾਰ ਦਾ ਹੁਕਮ ਸੀ ਕਿ ਉਹਨਾਂ ਨੂੰ ਲੁਕ ਛਿਪ ਕੇ ਰਹਿਣਾ ਚਾਹੀਦਾ ਹੈ ਕਿਉਂਕਿ ਸਰਕਾਰ ਨੇ ਉਹਨਾਂ ਨੂੰ ਇਨਾਮੀ ਇਸ਼ਤਿਹਾਰੀ ਮੁਜ਼ਰਮ ਕਰਾਰ ਦਿੱਤਾ ਹੋਇਆ ਸੀ। ਅਨੂਪ ਸਿੰਘ ਸਾਰੇ ਬੱਬਰਾਂ ਦਾ ਭੇਤ ਲੈ ਆਇਆ ਤੇ ਉਹਨਾਂ ਨੂੰ ਮਾਣਕੋ ਆਉਣ ਦਾ ਸੱਦਾ ਦੇ ਆਇਆ। ਜਥੇਦਾਰ ਕਰਮ ਸਿੰਘ ਨੇ ਬੱਬਰਾਂ ਲਈ ਕੁੱਝ ਕੱਪੜੇ ਸਿਲਵਾਉਣੇ ਸਨ ਇਸ ਕਰਕੇ ਉਹ ਸਾਰੇ ਸਾਹਨੀ ਨੂੰ ਚਲੇ ਗਏ ਤੇ ਬਾਅਦ ਵਿੱਚ ਭਬਿਆਣੇ ਨੂੰ ਆ ਗਏ। ਅਨੂਪ ਸਿੰਘ ਆਪਣੇ ਭਰਾ ਦੀ ਬਿਮਾਰੀ ਦਾ ਬਹਾਨਾ ਕਰਕੇ ਦੁਆਰਾ ਮਾਣਕੋ ਪਹੁੰਚ ਗਿਆ ਤੇ ਆਪਣੇ ਚਾਚੇ ਨੂੰ ਸਾਰੀ ਸੂਹ ਦੇ ਦਿੱਤੀ। ਬਾਕੀ ਜਥਾ ਵੀ ਮਾਣਕੋ ਪਹੁੰਚ ਗਿਆ। ਦੂਜੇ ਦਿਨ ਉੱਥੋਂ ਤੁਰਨ ਲੱਗਿਆਂ ਫੈਸਲਾ ਕੀਤਾ ਗਿਆ ਕਿ ਬੱਬਰ ਸੁਰਜਨ ਸਿੰਘ ਕੋਲ ਠੇਕੇਦਾਰ ਖੇਮ ਸਿੰਘ ਭੋਗਲ ਦੀ ਕੋਠੀ ਵਿੱਚ ਡੁਮੇਲੀ ਰਹਿਣਗੇ।

ਸਾਰੇ ਬੱਬਰ ਤੇ ਅਨੂਪ ਸਿੰਘ ਕੋਠੀ ਦੇ ਅੰਦਰ ਹੀ ਸਨ ਕਿ ਬੱਬਰ ਉਦੈ ਸਿੰਘ ਰਾਮਗੜ੍ਹ ਝੁੰਗੀਆਂ ਦੀ ਬੰਦੂਕ ਅਚਾਨਕ ਚੱਲ ਗਈ। ਇਸ ਖੜਕੇ ਦਾ ਖ਼ਤਰਾ ਸਮਝਦਿਆਂ ਕਿ ਉਹਨਾਂ ਦੇ ਠਿਕਾਣੇ ਦਾ ਮੁਖ਼ਬਰਾਂ ਨੂੰ ਪਤਾ ਨਾ ਲੱਗ ਜਾਏ, ਉਹ ਉੱਥੋਂ ਬਬੇਲੀ ਨੂੰ ਜਾਣ ਲੱਗੇ ਤਾਂ ਅਨੂਪ ਸਿੰਘ ਨੇ ਕਿਹਾ ਕਿ, "ਤੁਸੀਂ ਚੱਲੋ ਮੈਨੂੰ ਮਰੋੜ ਲੱਗੇ ਹਨ, ਮੈਂ ਆਪਣੀ ਭੂਆ ਕੋਲ ਅੱਜ ਰਹਿ ਕੇ ਕੱਲ੍ਹ ਮਿਲਦਾ ਹਾਂ" ਇਸ ਤਰ੍ਹਾਂ ਵਾਰ ਵਾਰ ਅਨੂਪ ਸਿੰਘ ਦੇ ਅਲੱਗ ਹੋਣ ਨੇ ਧੰਨਾ ਸਿੰਘ ਬਹਿਬਲਪੁਰ ਦੇ ਮਨ ਵਿੱਚ ਸ਼ੰਕਾ ਪੈਦਾ ਕਰ ਦਿੱਤੀ ਕਿ ਕਿ ਇਹਦੀ ਨੀਅਤ ਵਿੱਚ ਖੋਟ ਆ ਗਿਆ ਹੈ, ਸਾਨੂੰ ਚੁਕੰਨੇ ਹੋਣਾ ਚਾਹੀਦਾ ਹੈ ਤੇ ਉਸਨੂੰ ਦੱਸੀ ਜਗ੍ਹਾ ਤੇ ਨਹੀਂ ਰਹਿਣਾ ਚਾਹੀਦਾ ਪਰ ਕਰਮ ਸਿੰਘ ਦੌਲਤਪੁਰ ਨੇ ਉਸਨੂੰ ਆਪਣਾ ਧਰਮ ਪੁੱਤਰ ਬਣਾਇਆ ਸੀ, ਉਸਨੇ ਕਿਹਾ ਕਿ ਤੂੰ ਉਸਤੇ ਐਂਵੇ ਸ਼ੱਕ ਕਰਦਾ ਏਂ, ਉਹਨੂੰ ਮਰੋੜ ਲੱਗੇ ਹਨ ਤਾਂ ਉਹ ਘੜੀ ਮੁੜੀ ਇਧਰ ਉੱਧਰ ਜਾਂਦਾ ਹੈ। ਪਰ ਫਿਰ ਵੀ ਧੰਨਾ ਸਿੰਘ ਨੇ ਉਸਤੇ ਯਕੀਨ ਨਾ ਕੀਤਾ ਤੇ ਉਹ ਦਲੀਪ ਸਿੰਘ ਧਾਮੀਆਂ ਨੂੰ ਲੈ ਕੇ ਪਾਂਛਟੇ ਚਲਾ ਗਿਆ ਤੇ ਕਰਮ ਸਿੰਘ ਦੌਲਤਪੁਰ, ਉਦੈ ਸਿੰਘ ਰਾਮਗੜ੍ਹ ਝੁੰਗੀਆਂ, ਬਿਸ਼ਨ ਸਿੰਘ ਮਾਂਗਟ ਤੇ ਮਹਿੰਦਰ ਸਿੰਘ ਪੰਡੋਰੀ ਗੰਗਾ ਸਿੰਘ ਸ਼ਿਵ ਸਿੰਘ ਦੇ ਘਰ ਬਬੇਲੀ ਚਲੇ ਗਏ, ਉੱਥੇ ਹੀ ਬਾਅਦ ਵਿੱਚ ਅਨੂਪ ਸਿੰਘ ਨੇ ਆਉਣਾ ਸੀ। ਇਹ 31 ਅਗਸਤ ਦਾ ਦਿਨ ਸੀ।

ਅਨੂਪ ਸਿੰਘ ਆਪਣੇ ਚਾਚੇ ਦੇ ਮੁੰਡੇ ਨੂੰ ਦੱਸ ਆਇਆ ਸੀ ਕਿ 1 ਸਤੰਬਰ, 1923 ਨੂੰ ਬੱਬਰ ਸਵੇਰ ਦੇ ਦਸ ਕੁ ਵਜੇ ਤੱਕ ਸ਼ਿਵ ਸਿੰਘ ਦੇ ਘਰ ਹੋਣਗੇ। ਉਹ ਆਪ ਸ਼ਿਵ ਸਿੰਘ ਦੇ ਘਰ ਜਾਣ ਦੀ ਬਜਾਇ ਜਾ ਕੇ ਮਿਹਰ ਸਿੰਘ ਚਾਹਲ ਦੇ ਘਰ ਪੈ ਗਿਆ ਤੇ ਉਸਦੇ ਰਾਹੀਂ ਬੱਬਰਾਂ ਤੱਕ ਸੁਨੇਹਾ ਵੀ ਪਹੁੰਚਾ ਦਿੱਤਾ। ਮਿਹਰ ਸਿੰਘ ਦੀ ਘਰਵਾਲੀ ਕਿਰਪਾਲ ਕੌਰ ਦੇ ਦੱਸਣ ਮੁਤਾਬਕ ਅਨੂਪ ਸਿੰਘ ਸਾਰੀ ਰਾਤ ਜਾਗਦਾ ਰਿਹਾ, ਉਹ ਬੇਚੈਨ ਤੇ ਪਰੇਸ਼ਾਨ ਦਿਖਾਈ ਦਿੰਦਾ ਸੀ। ਕਈ ਵਾਰ ਕੋਠੇ ਚੜ੍ਹਿਆ ਤੇ ਉਤਰਿਆ। ਅੱਧੀ ਕੁ ਰਾਤ ਘੰਟੇ ਲਈ ਉਹ ਘਰ ਤੋਂ ਬਾਹਰ ਵੀ ਰਿਹਾ। ਉਹ ਰਾਤ ਦੀ ਰੋਟੀ ਆਪਣੀ ਭੂਆ ਕੋਲੋਂ ਖਾ ਕੇ ਆਇਆ ਸੀ ਤੇ ਸਵੇਰੇ ਚਾਰ ਵਜੇ ਉਸਨੇ ਬਾਸੀ ਰੋਟੀ, ਮੱਖਣ ਨਾਲ ਖਾਧੀ ਤੇ ਲੱਸੀ ਪੀ ਕੇ ਚਾਦਰ ਤਾਣ ਕੇ ਪੈ ਗਿਆ। ਉਸਨੇ ਦੱਸਿਆ ਕਿ ਜਦੋਂ ਅਚਾਨਕ ਉਹ ਕੋਠੇ ਤੇ ਚੜ੍ਹੀ ਤਾਂ ਚਾਰੇ ਪਾਸੇ ਪੈਦਲ ਤੇ ਘੋੜ ਸਵਾਰ ਪੁਲਸ ਦੇਖ ਕੇ ਘਬਰਾ ਕੇ ਅਨੂਪ ਸਿੰਘ ਨੂੰ ਦੱਸਿਆ ਕਿ ਪਿੰਡ ਨੂੰ ਪੁਲਸ ਨੇ ਘੇਰ ਲਿਆ ਹੈ ਤਾਂ ਉਹ ਬੇਚੈਨ ਤੇ ਪ੍ਰੇਸ਼ਾਨ ਨਹੀਂ ਸੀ ਸਗੋਂ ਉਹ ਕੋਠੇ ਤੇ ਚੜ੍ਹਿਆ ਤੇ ਉਸਨੇ ਆਪਣੇ ਤੇੜ ਦਾ ਤੰਬਾ ਖੋਲ੍ਹ ਕੇ ਘੁਮਾਇਆ ਜਿਵੇਂ ਪੁਲਸ ਅਫ਼ਸਰਾਂ ਨੂੰ ਕੁੱਝ ਸਮਝਾ ਰਿਹਾ ਹੋਵੇ। ਫਿਰ ਉਹ ਤਿੰਨ ਫੁੱਟੀ ਕਿਰਪਾਨ ਘਰ ਦੇ ਕਿਸੇ ਕੋਨੇ ਵਿੱਚ ਸਿੱਟ ਕੇ ਸ਼ਿਵ ਸਿੰਘ ਦੇ ਘਰ ਵੱਲ ਨੂੰ ਚਲਾ ਗਿਆ ਤੇ ਜਾ ਕੇ ਸਿੱਧਾ ਸੁਪਰਡੈਂਟ ਪੁਲਸ ਮਿਸਟਰ ਸਮਿੱਥ ਕੋਲ ਹਾਜ਼ਰ ਹੋ ਗਿਆ। ਉਸਨੇ ਉਹਦੇ ਹੱਥਕੜੀ ਲਗਾਈ ਤੇ ਬੱਬਰਾਂ ਨੂੰ ਪਛਾਨਣ ਲਈ ਸ਼ਿਵ ਸਿੰਘ ਦੇ ਘਰ ਵੱਲ ਹੋ ਤੁਰੇ ਤੇ ਕਰਮ ਸਿੰਘ ਦੌਲਤਪੁਰ ਦੀ ਘੋੜੀ ਦੀ ਪਛਾਣ ਕਰਵਾ ਦਿੱਤੀ ਤੇ ਉਹਨਾਂ ਨੂੰ ਗ੍ਰਿਫਤਾਰ ਕਰਨ ਦਾ ਇਸ਼ਾਰਾ ਕੀਤਾ।

ਉਧਰ ਬੱਬਰਾਂ ਨੇ ਜਦੋਂ ਪੁਲਸ ਨੂੰ ਦੇਖ ਕੇ ਹਥਿਆਰ ਹੱਥ ਹੇਠ ਕੀਤੇ ਤਾਂ ਉਹ ਨਿਕਾਰਾ ਸਨ, ਇਸਤੋਂ ਉਹਨਾਂ ਨੂੰ ਪਤਾ ਲੱਗ ਗਿਆ ਕਿ ਅਨੂਪ ਸਿੰਘ ਗ਼ਦਾਰੀ ਕਰ ਗਿਆ ਹੈ। ਉਹ ਕਿਰਪਾਲ ਕੌਰ ਦੇ ਦੱਸਣ ਮੁਤਾਬਕ ਉਹਨਾਂ ਦੇ ਘਰੋਂ ਜਿਹੜਾ ਘੰਟਾ ਬਾਹਰ ਰਿਹਾ ਸੀ ਉਸ ਸਮੇਂ ਹੀ ਉਹ ਸਾਰੇ ਬੱਬਰਾਂ ਦੇ ਸੁੱਤਿਆਂ ਹੋਇਆਂ ਤੇ ਹਥਿਆਰਾਂ ਨੂੰ ਖ਼ਰਾਬ ਕਰ ਗਿਆ ਸੀ ਤੇ ਝੋਲ਼ੇ ਵਿੱਚੋਂ ਬੰਬ ਖਿਸਕਾ ਕੇ ਲੈ ਗਿਆ ਸੀ ਤੇ ਜਾ ਕੇ ਅਰਾਮ ਨਾਲ ਸੌਂ ਗਿਆ ਸੀ। ਸਿਰਫ਼ ਕਰਮ ਸਿੰਘ ਦੀ ਹਿੱਕ ਨਾਲ ਲੱਗੀ ਇੱਕ ਰਿਵਾਲਵਰ ਰਹਿ ਗਈ ਸੀ ਜਿਸ ਵਿੱਚ ਸਿਰਫ਼ ਇੱਕ ਗੋਲ਼ੀ ਸੀ। ਇਸ ਸਮੇਂ ਬੱਬਰਾਂ ਨੇ ਕੋਠੇ ਚੜ੍ਹ ਕੇ ਦੇਖਿਆ ਕਿ ਸਾਰੇ ਪਿੰਡ ਨੂੰ ਪੁਲਸ ਨੇ ਘੇਰਿਆ ਹੋਇਆ ਹੈ। ਪਿੰਡ ਨੂੰ ਤਬਾਹੀ ਤੋਂ ਬਚਾਉਣ ਲਈ ਉਹਨਾਂ ਨੇ ਸੋਚਿਆ ਕਿ ਪਿੰਡ ਤੋਂ ਬਾਹਰ ਜਾ ਕੇ ਸ਼ਹੀਦੀਆਂ ਪਾਈਆਂ ਜਾਣ। ਬੇਸ਼ੱਕ ਬੱਬਰਾਂ ਦੇ ਹਥਿਆਰ ਨਿਕਾਰਾ ਸਨ ਪਰ ਉਹਨਾਂ ਦੇ ਹੌਂਸਲੇ ਬੁਲੰਦ ਸਨ। ਉਹਨਾਂ ਨੇ ਅਰਦਾਸ ਕੀਤੀ ਤੇ ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ ਦਾ ਜੈਕਾਰਾ ਛੱਡਿਆ। ਪੁਲੀਸ ਸੁਪਰਡੈਂਟ ਨੇ ਉਹਨਾਂ ਨੂੰ ਉੱਚੀ ਅਵਾਜ਼ ਵਿੱਚ ਕਿਹਾ ਕਿ ਉਹ ਆਪਣੇ ਆਪ ਨੂੰ ਪੁਲਸ ਦੇ ਹਵਾਲੇ ਕਰ ਦੇਣ ਤੇ ਸਰਕਾਰ ਉਹਨਾਂ ਨੂੰ ਮੁਆਫ਼ੀ ਦੇ ਦੇਵੇਗੀ। ਮਿਸਟਰ ਸਮਿੱਥ ਉਹਨਾਂ ਨੂੰ ਜਿਊਂਦੇ ਜੀਅ ਫੜ੍ਹਨਾ ਚਾਹੁੰਦਾ ਸੀ, ਪਰ ਬੱਬਰਾਂ ਨੇ ਜਿਊਂਦੇ ਜੀਅ ਪੁਲਸ ਦੇ ਹੱਥ ਨਾ ਆਉਣ ਦੀਆਂ ਕਸਮਾਂ ਖਾਧੀਆਂ ਹੋਈਆਂ ਸਨ। ਕਰਮ ਸਿੰਘ ਦੌਲਤਪੁਰ ਨੇ ਰਿਵਾਲਵਰ ਦਾ ਫਾਇਰ ਕੀਤਾ ਤਾਂ ਪੁਲਸ ਵਿੱਚ ਹਫੜਾ ਦਫੜੀ ਮੱਚ ਗਈ, ਉਹ ਆਪਣੀਆਂ ਜਾਨਾਂ ਬਚਾਉਣ ਲਈ ਪਿਛਾਂਹ ਨੂੰ ਭੱਜੇ ਕਿਉਂਕਿ ਅਨੂਪ ਸਿੰਘ ਨੇ ਤਾਂ ਦੱਸਿਆ ਸੀ ਕਿ ਉਹਨਾਂ ਦੇ ਹਥਿਆਰ ਕੰਮ ਨਹੀਂ ਕਰਨਗੇ। ਇਸ ਸਮੇਂ ਦੇ ਦੌਰਾਨ ਬੱਬਰਾਂ ਨੇ ਕਾਹੀ, ਕਾਨਿਆਂ ਤੇ ਝਾੜੀਆਂ ਦੇ ਅਰਤਲੇ ਵਿੱਚ ਪਿੰਡ ਦੇ ਬਾਹਰਲੇ ਪਾਸੇ ਵਗ ਰਹੇ ਚੋਅ ਵਿੱਚ ਛਾਲਾਂ ਮਾਰ ਦਿੱਤੀਆਂ ਜਿਸਦੇ ਦੂਸਰੇ ਪਾਸੇ ਗੁਰਦਵਾਰਾ ਚੌਂਤਾ ਸਾਹਿਬ ਸੀ।

ਦੂਸਰੇ ਪਾਸੇ ਤੋਂ ਸਬ ਇੰਸਪੈਕਟਰ ਫਤਿਹ ਖ਼ਾਨ ਦੇ ਰਸਾਲੇ ਦੀ ਟੁਕੜੀ ਵੀ ਘੋੜੇ ਭਜਾ ਕੇ ਚੋਅ ਦੇ ਕੰਢੇ ਤੇ ਪਹੁੰਚ ਗਈ। ਬੱਬਰਾਂ ਦੇ ਬਚ ਨਿਕਲਣ ਦੇ ਡਰੋਂ ਉਸਨੇ ਰਸਾਲੇ ਨੂੰ ਗੋਲ਼ੀ ਚਲਾਉਣ ਦਾ ਹੁਕਮ ਦੇ ਦਿੱਤਾ। ਜਿਸ ਨਾਲ ਬੱਬਰ ਮਹਿੰਦਰ ਸਿੰਘ ਪੰਡੋਰੀ ਗੰਗਾ ਸਿੰਘ ਤੇ ਉਦੈ ਸਿੰਘ ਰਾਮਗੜ੍ਹ ਝੁੰਗੀਆਂ ਗੋਲ਼ੀਆਂ ਲੱਗਣ ਨਾਲ ਚੋਅ ਵਿੱਚ ਹੀ ਸ਼ਹੀਦੀਆਂ ਪਾ ਗਏ। ਤੀਸਰਾ ਬੱਬਰ ਕਰਮ

ਸਿੰਘ ਦੌਲਤਪੁਰ ਫਤਿਹ ਖਾਂ ਦੀ ਗਵਾਹੀ ਮੁਤਾਬਕ ਚੋਅ ਤਰ ਕੇ ਪਾਰ ਕਰ ਗਿਆ ਸੀ ਤੇ ਗੋਡੇ ਗੋਡੇ ਪਾਣੀ ਵਿੱਚ ਖੜ੍ਹਾ ਸੀ। ਉਸਦੇ ਇੱਕ ਹੱਥ ਵਿੱਚ ਬੰਦੂਕ ਤੇ ਦੂਜੇ ਹੱਥ ਵਿੱਚ ਤਿੰਨ ਫੁੱਟੀ ਕਿਰਪਾਨ ਸੀ। ਜਦੋਂ ਮੈਂ ਉਸਨੂੰ ਹਥਿਆਰ ਸੁੱਟਣ ਲਈ ਕਿਹਾ ਤਾਂ ਉਸਨੇ ਵੰਗਾਰਿਆ ਕਿ "ਸਿੱਖ ਮੈਦਾਨੇ ਜੰਗ ਵਿੱਚ ਹਥਿਆਰ ਨਹੀਂ ਸੁੱਟਿਆ ਕਰਦਾ, ਮੈਂ ਜਿਉਂਦਾ ਹਥਿਆਰ ਨਹੀਂ ਸੁੱਟਾਂਗਾ।" ਉਸਨੇ ਆਪਣੇ ਰਿਵਾਲਵਰ ਨਾਲ ਮੇਰੇ ਤੇ ਨਿਸ਼ਾਨਾ ਸਾਧਿਆ ਪਰ ਫਾਇਰ ਮਿਸ ਹੋ ਗਿਆ। ਤਾਂ ਮੈਂ ਆਪਣੀ ਬੰਦੂਕ ਨਾਲ ਫਾਇਰ ਕੀਤਾ ਤਾਂ ਉਹਦੇ ਮੱਥੇ ਵਿੱਚ ਗੋਲ਼ੀ ਲੱਗੀ। ਗ਼ਦਰ ਲਹਿਰ ਦੀ ਗੁੜ੍ਹਤੀ ਲੈ ਕੇ ਮੈਦਾਨ ਵਿੱਚ ਨਿੱਤਰਿਆ ਇਹ ਸੂਰਬੀਰ ਯੋਧਾ ਜਿਹੜੀ ਅਣਖ ਨਾਲ ਜੀਵਿਆ, ਉਸੇ ਅਣਖ ਨਾਲ ਸ਼ਹੀਦ ਵੀ ਹੋਇਆ। ਚੌਥਾ ਬੱਬਰ ਬਿਸ਼ਨ ਸਿੰਘ ਮਾਂਗਟ ਚੋਅ ਦੇ ਪਰਲੇ ਪਾਸੇ ਨੜਿਆਂ ਤੇ ਦਿੱਭ ਦੇ ਉਹਲੇ ਲੁਕਿਆ ਸੀ। ਮਿਸਟਰ ਸਮਿੱਥ ਨੇ ਸੋਚਿਆ ਕਿ ਸਾਰੇ ਬੱਬਰ ਮਰ ਚੁੱਕੇ ਹਨ ਜਦੋਂ ਉਹਨਾਂ ਨੇ ਦੋ ਸਿਪਾਹੀਆਂ ਨੂੰ ਦੂਜੇ ਪਾਸੇ ਦੇਖਣ ਲਈ ਭੇਜਿਆ ਤਾਂ ਬੱਬਰ ਨੇ ਆਪਣੀ ਕਿਰਪਾਨ ਸੂਤ ਕੇ ਸਿਪਾਹੀਆਂ 'ਤੇ ਵਾਰ ਕੀਤਾ ਤਾਂ ਸਿਪਾਹੀ ਜ਼ਖ਼ਮੀ ਹੋ ਕੇ ਡਿੱਗ ਪਿਆ ਤੇ ਦੂਸਰੇ ਸਿਪਾਹੀ ਨੇ ਗੋਲ਼ੀ ਚਲਾ ਦਿੱਤੀ ਜਿਸ ਨਾਲ ਬੱਬਰ ਮੁਕਾਬਲਾ ਕਰਦਾ ਹੋਇਆ ਸ਼ਹੀਦ ਹੋ ਗਿਆ।

ਇਹਨਾਂ ਬੱਬਰ ਆਗੂਆਂ ਦੀ ਸ਼ਹੀਦੀ ਤੋਂ ਬਾਅਦ ਸ਼ਿਵ ਸਿੰਘ ਤੇ ਹੋਰ ਤਿੰਨ ਬੰਦਿਆਂ ਨੂੰ ਬੱਬਰਾਂ ਦੀ ਸਹਾਇਤਾ ਕਰਨ ਬਦਲੇ ਗ੍ਰਿਫਤਾਰ ਕਰ ਲਿਆ ਗਿਆ ਤਾਂ ਪੂਰੇ ਇਲਾਕੇ ਵਿੱਚ ਇਸ ਸ਼ਹੀਦੀ ਸਾਕੇ ਦਾ ਬਹੁਤ ਪ੍ਰਭਾਵ ਪਿਆ। ਪੁਲੀਸ ਜੋ ਇਹਨਾਂ ਨੂੰ ਜ਼ਿੰਦਾ ਫੜ੍ਹਨਾ ਚਾਹੁੰਦੀ ਸੀ, ਉਸਨੂੰ ਵੀ ਨਮੋਸ਼ੀ ਦਾ ਸਾਹਮਣਾ ਕਰਨਾ ਪਿਆ। ਗ਼ਦਾਰ ਅਨੂਪ ਸਿੰਘ ਮਾਣਕੋ ਬਾਅਦ ਵਿੱਚ ਵਾਅਦਾ ਮਾਫ਼ ਸਰਕਾਰੀ ਗਵਾਹ ਬਣ ਗਿਆ ਸੀ। ਉਸਨੇ ਇਕੱਲੇ ਚਾਰ ਚੋਟੀ ਦੇ ਬੱਬਰ ਪੁਲਸ ਮੁਕਾਬਲੇ ਵਿੱਚ ਹੀ ਨਹੀਂ ਸ਼ਹੀਦ ਕਰਵਾਏ ਸਨ ਸਗੋਂ ਹੋਰ ਬਹੁਤ ਸਾਰੇ ਬੱਬਰਾਂ ਦੇ ਖਿਲਾਫ਼ ਗਵਾਹੀਆਂ ਦੇ ਕੇ ਬੱਬਰ ਕਰਮ ਸਿੰਘ ਹਰੀਪੁਰ ਤੇ ਬੱਬਰ ਨੰਦ ਸਿੰਘ ਘੁੜਿਆਲ ਨੂੰ ਸਿੱਧਾ ਫਾਂਸੀ ਤੇ ਸੰਤ ਠਾਕਰ ਸਿੰਘ ਕੁਟੀਆ ਰਾਜੇਵਾਲ ਨੂੰ ਉਮਰ ਕੈਦ ਦੀ ਸਜ਼ਾ ਦਿਵਾਈ ਸੀ ਤੇ ਹੋਰਨਾਂ ਨੂੰ ਵੀ ਉਮਰ ਕੈਦ ਨਾਲੋਂ ਘੱਟ ਸਜ਼ਾਵਾਂ ਭੁਗਤਣੀਆਂ ਪਈਆਂ ਸਨ। ਇਸ ਕਰਕੇ ਗ਼ਦਾਰ ਅਨੂਪ ਸਿੰਘ ਸਭ ਦੀਆਂ ਨਜ਼ਰਾਂ ਵਿੱਚ ਰੜਕਦਾ ਸੀ ਕਿਉਂਕਿ ਲਹਿਰ ਨੂੰ ਖ਼ਤਮ ਕਰਨ ਵਿੱਚ ਇਹਦਾ ਬਹੁਤ ਵੱਡਾ ਰੋਲ਼ ਸੀ। ਬੇਸ਼ੱਕ ਇਸਨੂੰ ਮੁਰੱਬੇ ਜਾਂ ਨਕਦ ਇਨਾਮ ਤਾਂ ਨਾ ਮਿਲੇ, ਕਿਉਂਕਿ ਉਹਦਾ ਚਾਚਾ ਸਾਰੇ ਇਨਾਮ, ਮੁਰੱਬੇ ਆਪ ਹੀ ਲੈ ਗਿਆ ਸੀ। ਪਰ ਉਸਨੂੰ ਬੰਦੂਕਾਂ ਦੇ ਲਾਇਸੈਂਸ ਤੇ ਐਸ਼ ਦੀ ਜ਼ਿੰਦਗੀ ਜ਼ਰੂਰ ਮਿਲੀ ਹੋਈ ਸੀ ਤੇ ਰੰਗਰਲ਼ੀਆਂ ਮਨਾ ਰਿਹਾ ਸੀ।

ਪਿੰਡ ਮੰਢਾਲੀ ਦੇ ਗੁਰਦਿੱਤ ਸਿੰਘ ਦਲੇਰ ਜੋ ਦੇਸ਼ ਸੇਵਕ ਅਖ਼ਬਾਰ ਦਾ ਐਡੀਟਰ ਸੀ, ਉਸਤੇ ਅੰਗਰੇਜ਼ ਸਰਕਾਰ ਨੇ ਦੋਸ਼ ਲਾਇਆ ਕਿ ਉਹ ਸਰਕਾਰ ਦੇ ਖ਼ਿਲਾਫ਼ ਭੜਕਾਊ ਪ੍ਰਚਾਰ ਕਰਦਾ ਹੈ, ਉਸ ਬਦਲੇ ਉਸਨੂੰ ਇੱਕ ਸਾਲ ਦੀ ਕੈਦ ਹੋਈ ਸੀ। ਜੇਲ੍ਹ ਵਿੱਚ ਗ਼ਦਾਰਾਂ ਨੂੰ ਸਬਕ ਸਿਖਾਉਣ ਦੀਆਂ ਗੱਲਾਂ ਚਲਦੀਆਂ ਰਹਿੰਦੀਆਂ ਸਨ। ਗੁਰਦਿੱਤ ਸਿੰਘ ਜਦੋਂ ਜੇਲ੍ਹ ਤੋਂ ਰਿਹਾ ਹੋ ਕੇ ਆਇਆ ਤਾਂ ਉਸਦੀ ਡਿਊਟੀ ਸ਼ਹੀਦਾਂ ਦੇ ਪਰਿਵਾਰਾਂ ਨੂੰ ਮਾਇਕ ਸਹਾਇਤਾ ਪਹੁੰਚਾਉਣ ਦੀ ਸੀ। ਇਸ ਸਿਲਸਿਲੇ ਵਿੱਚ ਉਹ ਕਰਮ ਸਿੰਘ ਹਰੀਪੁਰ ਦੀ ਪਤਨੀ ਨੂੰ ਵੀ ਪਿੰਡ ਮਾਣਕੋ ਜਿੱਥੇ ਉਸਦੇ ਪੇਕੇ ਸਨ, ਮਾਲੀ ਮੱਦਦ ਦੇਣ ਜਾਇਆ ਕਰਦਾ ਸੀ। ਉਸਨੇ ਉੱਥੇ ਅਨੂਪ ਸਿੰਘ ਬਾਰੇ ਸਾਰਾ ਕੁੱਝ ਪਤਾ ਕਰ ਲਿਆ ਸੀ। ਬੱਬਰ ਹਰਬੰਸ ਸਿੰਘ ਨੂੰ ਉਜਾਗਰ ਸਿੰਘ ਪਨਿਆਲੀਆ, ਗੁਰਦਿੱਤ ਸਿੰਘ ਦਲੇਰ ਅਤੇ ਕਰਤਾਰ ਸਿੰਘ ਕਿਰਤੀ ਚੱਕ ਕਲਾਂ ਕਹਿੰਦੇ ਰਹਿੰਦੇ ਸਨ ਕਿ ਸਾਨੂੰ ਕੋਈ ਕੰਮ ਦੇਵੋ ਤਾਂ ਹਰਬੰਸ ਸਿੰਘ ਨੇ ਤਿੰਨਾਂ ਦੀ ਡਿਊਟੀ ਗ਼ਦਾਰ ਅਨੂਪ ਸਿੰਘ ਨੂੰ ਖ਼ਤਮ ਕਰਨ ਦੀ ਲਾ ਦਿੱਤੀ। 18 ਜੁਲਾਈ, 1936 ਨੂੰ ਕਰਤਾਰ ਸਿੰਘ ਕਿਰਤੀ ਵਾਰਦਾਤ ਤੋਂ ਇੱਕ ਦਿਨ ਪਹਿਲਾਂ ਬੱਬਰ ਕਰਤਾਰ ਸਿੰਘ ਨੂੰ ਡਮੇਲੀ ਜਾ ਕੇ ਦੱਸ ਆਇਆ ਕਿ ਤੁਸੀਂ ਆਸੇ ਪਾਸੇ ਹੋ ਕੇ ਆਪਣਾ ਸਹੀ ਠਿਕਾਣਾ ਲੱਭ ਲਵੋ ਤੇ ਪੱਕਾ ਸਬੂਤ ਬਣਾ ਲਵੋ ਤਾਂ ਕਿ ਤੁਹਾਡੇ 'ਤੇ ਕਤਲ ਦਾ ਕੇਸ ਨਾ ਪੈ ਜਾਵੇ। ਦੂਸਰੇ ਦਿਨ 19 ਜੁਲਾਈ 1936 ਨੂੰ ਉਹ ਬੱਬਰਾਂ ਦੀ ਯਾਦ ਵਿੱਚ ਬਣੇ ਹੋਏ ਗੁਰਦਵਾਰੇ ਬਬੇਲੀ ਵਿੱਚ ਇਕੱਠੇ ਹੋਏ ਤੇ ਅਰਦਾਸ ਕਰਕੇ ਤਿੰਨੇ ਇੱਕੋ ਸਾਈਕਲ ਤੇ ਮਾਣਕੋ ਪਹੁੰਚ ਗਏ। ਅਨੂਪ ਸਿੰਘ ਕੋਠੇ 'ਤੇ ਸੁੱਤਾ ਪਿਆ ਸੀ, ਨਾਲ ਹੀ ਉਸਦਾ 12 ਕੁ ਸਾਲਾਂ ਦਾ ਪੁੱਤਰ ਅਤੇ ਦੂਸਰੇ ਮੰਜੇ ਤੇ ਉਸਦੀ ਪਤਨੀ ਸੁੱਤੀ ਹੋਈ ਸੀ। ਗ਼ਦਾਰ ਮਿੰਨਤਾਂ ਤਰਲੇ ਕਰਨ ਲੱਗਾ। ਗੁਰਦਿੱਤ ਸਿੰਘ ਦਲੇਰ ਨੇ ਗ਼ਦਾਰ ਦੀਆਂ ਬਾਹਾਂ ਮੋਢਿਆਂ ਕੋਲੋਂ ਵੱਢ ਸੁੱਟੀਆਂ ਤੇ ਫਿਰ ਉਸਦਾ ਸਿਰ ਵੱਢ ਕੇ ਉਸਦੀ ਛਾਤੀ ਤੇ ਰੱਖ ਦਿੱਤਾ। ਉਸਦੀ ਪਤਨੀ ਨੇ ਕਿਹਾ ਕਿ ਹੁਣ ਮੈਨੂੰ ਵੀ ਮਾਰ ਦਿਓ। ਤਾਂ ਗੁਰਦਿੱਤ ਸਿੰਘ ਨੇ ਕਿਹਾ ਕਿ ਤੈਨੂੰ ਇਸ ਲਈ ਨਹੀਂ ਮਾਰਨਾ ਕਿ ਤੂੰ ਵੀ ਬੱਬਰਾਂ ਦੀਆਂ ਵਿਧਵਾਵਾਂ ਵਾਂਗ ਸਾਰੀ ਜ਼ਿੰਦਗੀ ਰੰਡੇਪਾ ਕੱਟੇਂ ਤੇ ਮੁਸੀਬਤਾਂ ਝੱਲੇਂ। ਗੋਲ਼ੀ ਦੀ ਅਵਾਜ਼ ਸੁਣ ਕੇ ਪਿੰਡ ਦੇ ਲੋਕ ਜਾਗ ਤਾਂ ਪਏ ਪਰ ਨੇੜੇ ਕੋਈ ਨਾ ਆਇਆ ਕਿਉਂਕਿ ਉਹ ਸਾਰੇ ਉਸ ਗ਼ਦਾਰ ਨੂੰ ਨਫ਼ਰਤ ਕਰਦੇ ਸਨ।

ਇਸ ਤਰ੍ਹਾਂ ਬੱਬਰਾਂ ਨੇ 13 ਸਾਲਾਂ ਬਾਅਦ ਇਸ ਗ਼ਦਾਰ ਤੋਂ ਬਦਲਾ ਲਿਆ ਸੀ। ਉਹ ਫਿਰ ਦੁਆਰਾ ਉਸੇ ਗੁਰਦਵਾਰੇ ਆਏ ਤੇ ਫਿਰ ਸ਼ੁਕਰਾਨੇ ਦੀ ਅਰਦਾਸ ਕੀਤੀ। ਬਾਅਦ ਵਿੱਚ ਕੇਸ ਬਾਹਰ ਆਉਣ ਤੇ ਗੁਰਦਿੱਤ ਸਿੰਘ ਦਲੇਰ ਤੇ ਕਰਤਾਰ ਸਿੰਘ ਕਿਰਤੀ ਨੂੰ ਫਾਂਸੀ ਦੀਆਂ ਸਜ਼ਾਵਾਂ ਮਿਲੀਆਂ ਪਰ ਉਜਾਗਰ ਸਿੰਘ ਪਨਿਆਲੀਆ ਨੇ ਸਖ਼ਤ ਤਸ਼ੱਦਦ ਦੇ ਬਾਵਜੂਦ ਆਪਣਾ ਮੂੰਹ ਨਾ ਖੋਲ੍ਹਿਆ ਤੇ ਅਨੂਪ ਸਿੰਘ ਦੀ ਪਤਨੀ ਵੀ ਉਸਨੂੰ ਪਛਾਣ ਨਾ ਸਕੀ, ਇਸ ਕਰਕੇ ਉਹ ਬਚ ਗਿਆ। ਇਹ ਸੀ ਬਬੇਲੀ ਦਾ ਸਾਕਾ ਜਿਸਨੇ ਅੱਜ ਵੀ ਦੁਆਬੇ ਦੇ ਲੋਕਾਂ ਵਿੱਚ ਸ਼ਹੀਦਾਂ ਦੀ ਕੁਰਬਾਨੀ ਦੀ ਪਛਾਣ ਬਣਾ ਕੇ ਰੱਖੀ ਹੋਈ ਹੈ ਤੇ ਹਰ ਸਾਲ ਲੋਕ ਉੱਥੇ ਸ਼ਹੀਦਾਂ ਨੂੰ ਸਿਜਦਾ ਕਰਨ ਜਾਂਦੇ ਹਨ।

**ਸਰੋਤ ਅਤੇ ਹਵਾਲੇ:-**
- ਬੱਬਰ ਅਕਾਲੀਆਂ ਦਾ ਇਤਿਹਾਸ–ਬਖਸ਼ੀਸ਼ ਸਿੰਘ ਨਿੱਝਰ
- ਬੱਬਰ ਅਕਾਲੀ ਲਹਿਰ–ਸੁੰਦਰ ਸਿੰਘ ਬੱਬਰ
- ਬੱਬਰ ਅਕਾਲੀ ਲਹਿਰ ਅੰਕ 22–ਸਿੱਖ

# ਜਮਹੂਰੀ ਹੱਕਾਂ ਦੇ ਆਗੂ ਤੇ ਲੇਖਕ ਬੂਟਾ ਸਿੰਘ ਦੇ ਮਾਤਾ ਗੁਰਦੇਵ ਕੌਰ ਨੂੰ ਸਰਧਾਂਜਲੀਆਂ ਭੇਟ ਕੀਤੀਆਂ







ਨਵਾਂਸਹਿਰ (ਬਲਜਿੰਦਰ ਸਿੰਘ ਪਟਿਆਲਾ) : ਜਮਹੂਰੀ ਅਧਿਕਾਰ ਸਭਾ ਪੰਜਾਬ ਦੇ ਸੂਬਾ ਕਮੇਟੀ ਮੈਂਬਰ ਅਤੇ ਲੇਖਕ ਬੂਟਾ ਸਿੰਘ ਮਹਿਮੂਦ ਪੁਰ ਦੇ ਮਾਤਾ ਜੀ ਸ੍ਰੀਮਤੀ ਗੁਰਦੇਵ ਕੌਰ ਦੀ ਅੰਤਿਮ ਅਰਦਾਸ ਮੌਕੇ ਉਹਨਾਂ ਨੂੰ ਵੱਖ ਵੱਖ ਆਗੂਆਂ ਵਲੋਂ ਸਰਧਾਂਜਲੀਆਂ ਭੇਟ ਕੀਤੀਆਂ ਗਈਆਂ। ਪਿੰਡ ਮਹਿਮੂਦ ਪੁਰ ਦੇ ਗੁਰਦੁਆਰਾ ਸਾਹਿਬ ਵਿਖੇ ਕੀਤੇ ਗਏ ਇਸ ਸਰਧਾਂਜਲੀ ਸਮਾਗਮ ਮੌਕੇ ਮਾਤਾ ਜੀ ਗੁਰਦੇਵ ਕੌਰ ਨੂੰ ਸਰਧਾਂਜਲੀਆਂ ਭੇਟ ਕਰਦੇ ਹੋਏ ਜਮਹੂਰੀ ਅਧਿਕਾਰ ਸਭਾ ਦੇ ਸੂਬਾਈ ਆਗੂਆਂ ਦੇਸ ਭਗਤ ਯਾਦਗਾਰ ਕਮੇਟੀ ਜਲੰਧਰ ਦੇ ਕਾਰਜਕਾਰੀ ਜਨਰਲ ਸਕੱਤਰ ਡਾਕਟਰ ਪਰਮਿੰਦਰ, ਸਵਰਨਜੀਤ ਸਿੰਘ, ਇਸਤਰੀ ਜਾਗ੍ਰਿਤੀ ਮੰਚ ਦੇ ਸੂਬਾ ਪ੍ਰਧਾਨ ਗੁਰਬਖਸ ਕੌਰ ਸੰਘਾ, ਡਾਕਟਰ ਸੁਖਦੇਵ ਗੁਰੂ ਅਤੇ ਕੇਸਰ ਸਿੰਘ ਮਹਿਮੂਦ ਪੁਰ ਨੇ ਕਿਹਾ ਕਿ ਮਾਤਾ ਜੀ ਨੇਕ ਸੁਭਾਅ ਦੇ ਮਾਲਕ ਅਤੇ ਦੂਜਿਆਂ ਦੇ ਦੁੱਖ ਨੂੰ ਆਪਣਾ ਦੁੱਖ ਸਮਝਣ ਵਾਲੇ ਸਨ ਜਿਹਨਾਂ ਦੇ ਤੁਰ ਜਾਣ ਨਾਲ ਪਰਿਵਾਰ ਅਤੇ ਸਮਾਜ ਨੂੰ ਵੱਡਾ ਘਾਟਾ ਪਿਆ ਹੈ।ਮਾਤਾ ਜੀ ਨੇ ਆਪਣੇ ਬੱਚਿਆਂ ਨੂੰ ਲੋਕ ਸੇਵਾ ਦੀ ਸਿੱਖਿਆ ਨਾਲ ਪਾਲਿਆ ਅਤੇ ਵੱਡੇ ਕੀਤਾ ਜੋ ਚੰਗੇ ਸਮਾਜ ਦੀ ਸਿਰਜਣਾ ਵਿਚ ਆਪਣਾ ਅਹਿਮ ਯੋਗਦਾਨ ਪਾ ਰਹੇ ਹਨ।ਉਹਨਾਂ ਦੀ ਘਾਲਣਾ ਨੂੰ ਸਦਾ ਯਾਦ ਕੀਤਾ ਜਾਂਦਾ ਰਹੇਗਾ।

ਇਸ ਮੌਕੇ ਜਮਹੂਰੀ ਅਧਿਕਾਰ ਸਭਾ ਦੇ ਸੂਬਾ ਮੀਤ ਪ੍ਰਧਾਨ ਪ੍ਰੋ.ਏ.ਕੇ ਮਲੇਰੀ, ਸੰਗਠਨ ਸਕੱਤਰ ਨਰਭਿੰਦਰ ਸਿੰਘ, ਸੂਬਾ ਕਮੇਟੀ ਮੈਂਬਰ ਜਸਬੀਰ ਦੀਪ, ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਵਿੱਤ ਸਕੱਤਰ ਹਰਮੇਸ ਸਿੰਘ ਢੇਸੀ, ਜਿਲਾ ਪ੍ਰਧਾਨ ਸੁਰਿੰਦਰ ਸਿੰਘ ਬੈਂਸ, ਬਚਿੱਤਰ ਸਿੰਘ ਮਹਿਮੂਦਪੁਰ, ਕਿਸਾਨ ਸੰਘਰਸ ਕਮੇਟੀ ਦੇ ਆਗੂ ਹਰਪਾਲ ਸਿੰਘ ਸੰਘਾ,ਦੇਸ ਭਗਤ ਯਾਦਗਾਰ ਕਮੇਟੀ ਜਲੰਧਰ ਦੇ ਸੱਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ, ਸੀਨੀਅਰ ਮੈਂਬਰ ਸੁਰਿੰਦਰ ਕੁਮਾਰੀ ਕੋਛੜ, ਲੇਖਕ ਅਜਮੇਰ ਸਿੱਧੂ, ਹਰਬੰਸ ਹੀਓਂ, ਹਰਪਾਲ ਸਿੰਘ ਐਸ.ਡੀ.ਓ, ਸੀਨੀਅਰ ਪੱਤਰਕਾਰ ਜਸਬੀਰ ਸਮਰ, ਡੀ ਟੀ ਐਫ ਦੇ ਸੂਬਾ ਸਕੱਤਰ ਮਾਸਟਰ ਮੁਕੇਸ ਕੁਮਾਰ, ਇਸਤਰੀ ਜਾਗ੍ਰਿਤੀ ਮੰਚ ਦੇ ਜਿਲਾ ਸਕੱਤਰ ਰੁਪਿੰਦਰ ਕੌਰ ਦੁਰਗਾ ਪੁਰ, ਰਾਜਵਿੰਦਰ ਕੌਰ ਨਵਾਂਸਹਿਰ, ਸਾਰਾ ਸਿੱਧੂ, ਬਲਜੀਤ ਕੌਰ, ਬਲਵਿੰਦਰ ਕੌਰ ਸਲੋਹ, ਸੁਨੀਤਾ ਮੰਗੂਵਾਲ, ਤਰਕਸੀਲ ਸੁਸਾਇਟੀ ਦੇ ਆਗੂ ਸਤਪਾਲ ਸਲੋਹ, ਤਰਸੇਮ ਬੈਂਸ, ਤਰਕ ਭਾਰਤੀ ਪ੍ਰਕਾਸ਼ਨ ਦੇ ਸੰਚਾਲਕ ਅਮਿਤ ਮਿੱਤਰ, ਮਨਧੀਰ ਸਿੰਘ ਸੰਗਰੂਰ, ਇੰਜੀਨੀਅਰ ਨਰਦੇਵ ਸਿੰਘ, ਪੱਤਰਕਾਰ ਨਵਕਿਰਨ ਸਿੰਘ ਪੱਤੀ, ਪੰਜਾਬ ਜਮਹੂਰੀ ਮੋਰਚਾ ਦੇ ਸੂਬਾ ਕਨਵੀਨਰ ਜੁਗਰਾਜ ਸਿੰਘ ਟੱਲੇਵਾਲ, ਕਿਰਤੀ ਮਜਦੂਰ ਆਗੂ ਜੀਵਨ ਸਿੰਘ ਬਿਲਾਸਪੁਰ, ਮੈਡੀਕਲ ਪ੍ਰੈਕਟੀਸਨਰ ਐਸੋਸੀਏਸਨ ਦੇ ਸੂਬਾ ਆਗੂ ਡਾ. ਗੁਰਮੇਲ ਸਿੰਘ ਮਾਛੀਕੇ, ਸੁਖਦੇਵ ਡਾਨਸੀਵਾਲ, ਲੋਕ ਸੰਗਰਾਮ ਮੋਰਚਾ ਦੇ ਸੂਬਾਈ ਆਗੂ ਲੋਕ ਰਾਜ ਮਹਿਰਾਜ, ਪੇਂਡੂ ਮਜਦੂਰ ਯੂਨੀਅਨ ਦੇ ਆਗੂ ਹਰੀ ਰਾਮ ਰਸੂਲਪੁਰੀ, ਪੰਜਾਬ ਸਟੂਡੈਂਟਸ ਯੂਨੀਅਨ ਦੇ ਸੂਬਾ ਆਗੂ ਬਲਜੀਤ ਸਿੰਘ ਧਰਮਕੋਟ, ਡੈਮੋਕਰੇਟਿਕ ਲਾਇਰਜ ਐਸੋਸੀਏਸਨ ਦੇ ਆਗੂ ਐਡਵੋਕੇਟ ਹਰਪ੍ਰੀਤ ਜੀਰਖ, ਇਨਕਲਾਬੀ ਮਜਦੂਰ ਕੇਂਦਰ ਦੇ ਆਗੂ ਸੁਰਿੰਦਰ ਸਿੰਘ, ਡਾ. ਜੋਗਿੰਦਰ ਕੁੱਲੇਵਾਲ ਰਣਜੀਤ ਸਿੰਘ ਸਰਪੰਚ ਸਰਹਾਲ ਮੁੰਡੀ, ਮਾਸਟਰ ਪ੍ਰੀਤਮ ਸਿੰਘ ਲੱਲੀ, ਲੋਕ ਗਾਇਕ ਪਰਮਜੀਤ ਚੱਕ ਦੇਸਰਾਜ ਅਤੇ ਧਰਮਿੰਦਰ ਮਸਾਣੀ, ਬਹਾਲ ਸਿੰਘ ਬੇਨੜਾ, ਸਾਬਕਾ ਐੱਸ.ਡੀ.ਓ. ਰਘੂਵਿੰਦਰਪਾਲ ਸਿੰਘ, ਜਰਨੈਲ ਸਿੰਘ ਸਾਬਕਾ ਸਰਪੰਚ ਬੱਜੋਂ, ਦਵਿੰਦਰ ਸਿੰਘ ਸਰਪੰਚ ਮਾਹਲ ਖੁਰਦ, ਕਿਰਤੀ ਕਿਸਾਨ ਯੂਨੀਅਨ ਦੇ ਆਗੂ ਅਵਤਾਰ ਸਿੰਘ ਕੱਟ, ਕਰਨੈਲ ਸਿੰਘ ਉੜਾਪੜ, ਸੋਹਣ ਸਿੰਘ ਅਟਵਾਲ, ਬਲਦੇਵ ਸਿੰਘ ਉੜਾਪੜ, ਜਰਨੈਲ ਸਿੰਘ ਸਾਹਲੋਂ, ਮੁਲਾਜਮ ਆਗੂ ਮਾਸਟਰ ਕੁਲਦੀਪ ਛੋਕਰ, ਫੁੱਟਬਾਲ ਕੋਚ ਮਾਸਟਰ ਸਰਬਜੀਤ ਮੰਗੂਵਾਲ, ਨਿੰਦਰ ਮਾਈਦਿੱਤਾ, ਐਕਸੀਅਨ ਮਹਿੰਦਰ ਸਿੰਘ, ਬਲਜੀਤ ਕੌਰ ਸਮੇਤ ਬਹੁਤ ਸਾਰੀਆਂ ਸਖਸੀਅਤਾਂ, ਪਿੰਡ ਵਾਸੀ ਅਤੇ ਰਿਸਤੇਦਾਰ ਹਾਜਰ ਸਨ। ਸੁਖਬੀਰ ਸਿੰਘ ਉੜਾਪੜ ਦੇ ਕੀਰਤਨੀ ਜਥੇ ਨੇ ਗੁਰਬਾਣੀ ਦਾ ਭਾਵਪੂਰਤ ਕੀਰਤਨ ਕਰਕੇ ਹਾਜਰ ਸਰੋਤਿਆਂ ਨੂੰ ਗੁਰਬਾਣੀ ਦੇ ਫਲਸਫੇ ਨਾਲ ਜੋੜਿਆ। ਇਸ ਦੁੱਖ ਦੀ ਘੜੀ ਵਿਚ ਅਦਾਰਾ 'ਸਰੋਕਾਰਾਂ ਦੀ ਅਵਾਜ਼' ਸ਼ਰੀਕ ਹੈ।

# ਮਜ਼ਦੂਰ ਵਰਗ ਨੂੰ ਦਬਾਉਣ ਲਈ ਸੂਨਕ ਸਰਕਾਰ ਦਾ 'ਤੋਹਫਾ' -'ਪਬਲਿਕ ਆਰਡਰ ਬਿੱਲ'

ਵੱਡੇ ਵਿੱਤੀ ਕੁਲੀਨਾਂ ਦੇ ਜ਼ੋਰ ਦੇਣ ਉੱਤੇ ਬ੍ਰਿਟਿਸ਼ ਸਰਕਾਰ ਦੇ ਮਜਦੂਰ ਵਰਗ ਉੱਤੇ ਹਮਲੇ ਤੇਜ਼ ਕਰਨ ਲਈ ਰਿਸ਼ੀ ਸੂਨਕ ਨੂੰ ਬ੍ਰਿਟਿਸ਼ ਪ੍ਰਧਾਨ ਮੰਤਰੀ ਬਣਾਇਆ ਗਿਆ ਹੈ। ਹੜਤਾਲਾਂ, ਪ੍ਰਦਰਸ਼ਨਾਂ, ਰਸਤੇ ਜਾਮ ਕਰਨਾ ਜਾਣੀਕਿ ਹਰ ਤਰ੍ਹਾਂ ਦੇ ਸੰਘਰਸ਼ਾਂ ਨੂੰ ਦਬਾਉਣ ਲਈ ਸੂਨਕ ਸਰਕਾਰ ਵਲੋਂ 26 ਅਕਤੂਬਰ ਨੂੰ 'ਪਬਲਿਕ ਆਰਡਰ ਬਿੱਲ' ਲਿਆਂਦਾ ਗਿਆ ਹੈ। ਇਸਦੇ ਲਈ ਸਬ ਡਵੀਜ਼ਨਲ ਪੁਲਿਸ ਅਫਸਰ (DSPO) ਤੱਕ ਨੂੰ ਅਥਾਹ ਸ਼ਕਤੀਆਂ ਦਿੱਤੀਆਂ ਗਈਆਂ ਹਨ। ਇਸ ਬਿੱਲ ਤਹਿਤ ਵੱਡੇ ਜੁਰਮਾਨੇ, ਸਜਾਵਾਂ ਅਤੇ ਇੱਥੋਂ ਤੱਕ ਕਿ ਟੈਗ ਲਾਉਣ ਦੀ ਵੀ ਵਿਵਸਥਾ ਕੀਤੀ ਗਈ ਹੈ। ਬ੍ਰਿਟਿਸ਼ ਪੂੰਜੀਪਤੀਆਂ ਲਈ ਸੂਨਕ, ਬੋਰਿਸ ਜੌਹਨਸਨ ਅਤੇ ਲਿਜ਼ ਟਰਸ ਨਾਲੋਂ ਕਿਤੇ ਵੱਧ ਕੰਮ ਦੀ ਸ਼ੈਅ ਸਾਬਤ ਹੋ ਰਿਹਾ ਹੈ।

ਬੋਰਿਸ ਜੌਹਨਸਨ ਦੇ 2019 ਦੇ ਚੋਣ ਮੈਨੀਫੈਸਟੋ ਵਿੱਚ ਟਰਾਂਸਪੋਰਟ ਹੜਤਾਲਾਂ ਦੌਰਾਨ ਘੱਟੋ-ਘੱਟ ਸੇਵਾ ਪੱਧਰ ਲਿਆਉਣ ਦਾ ਵਾਅਦਾ ਕੀਤਾ ਗਿਆ ਹੈ, ਜਿਸ ਨਾਲ ਸੈਕਟਰ ਵਿੱਚ ਉਦਯੋਗਿਕ ਕਾਰਵਾਈ ਬੇਅਸਰ ਹੋ ਜਾਵੇਗੀ। 2015 ਦੇ ਕੰਜਰਵੇਟਿਵ ਚੋਣ ਮੈਨੀਫੈਸਟੋ ਤੋਂ ਪਹਿਲਾਂ ਦੀਆਂ ਹੜਤਾਲਾਂ ਨੂੰ ਖਤਮ ਕਰਨ ਦੇ ਉਦੇਸ ਨਾਲ ਇੱਕ ਹੋਰ ਨੀਤੀ, ਉਦਯੋਗਿਕ ਕਾਰਵਾਈ ਕਰਨ ਵਾਲੇ ਕਰਮਚਾਰੀਆਂ ਨੂੰ ਕਵਰ ਕਰਨ ਲਈ ਏਜੰਸੀਆਂ ਨੂੰ ਅਸਥਾਈ ਕਰਮਚਾਰੀਆਂ ਦੀ ਸਪਲਾਈ ਕਰਨ ਦੀ ਇਜਾਜਤ ਦੇਣ ਲਈ ਕਾਨੂੰਨ ਬਣਾਉਣਾ ਸੀ। ਏਜੰਸੀ ਕਰਮਚਾਰੀਆਂ 'ਤੇ 21 ਜੁਲਾਈ ਨੂੰ ਕਾਨੂੰਨ ਬਣ ਗਿਆ। ਇਸ ਦੇ ਨਾਲ ਹੀ ਅਧਿਕਤਮ ਹਰਜਾਨੇ ਦੇ ਪੱਧਰ ਨੂੰ ਵਧਾਉਣ ਲਈ ਕਾਨੂੰਨ ਪਾਸ ਕੀਤਾ ਗਿਆ ਸੀ, ਜੋ ਕਿ ਅਦਾਲਤਾਂ ਕਿਸੇ ਟਰੇਡ ਯੂਨੀਅਨ ਦੇ ਖਿਲਾਫ ਸਜਾ ਦੇ ਸਕਦੀਆਂ ਹਨ ਜਦੋਂ ਹੜਤਾਲ ਦੀ ਕਾਰਵਾਈ "ਗੈਰ-ਕਾਨੂੰਨੀ" ਪਾਈ ਜਾਂਦੀ ਹੈ। ਸਭ ਤੋਂ ਵੱਡੀਆਂ ਯੂਨੀਅਨਾਂ ਲਈ, ਵੱਧ ਤੋਂ ਵੱਧ ਹੁਣ 1 ਮਿਲੀਅਨ ਹੈ।

ਜੌਹਨਸਨ ਨੇ 7 ਜੁਲਾਈ ਨੂੰ ਆਪਣੇ ਅਸਤੀਫੇ ਦਾ ਐਲਾਨ ਕੀਤਾ ਸੀ, ਜਿਸ ਨਾਲ ਲੀਡਰਸ਼ਿਪ ਦੀ ਚੋਣ ਹੋਈ ਜਿਸ ਨੇ ਟਰਸ ਨੂੰ ਸੱਤਾ ਵਿੱਚ ਲਿਆਂਦਾ। ਸਰਕਾਰ ਦੇ ਜਮਾਤੀ ਯੁੱਧ ਦੇ ਹਮਲੇ ਦੇ ਪੈਮਾਨੇ ਨੂੰ ਪਬਲਿਕ ਆਰਡਰ ਬਿੱਲ ਦੁਆਰਾ ਰੇਖਾਂਕਿਤ ਕੀਤਾ ਗਿਆ ਹੈ – ਬ੍ਰਿਟਿਸ ਇਤਿਹਾਸ ਦੇ ਸਭ ਤੋਂ ਸਖਤ ਕਾਨੂੰਨਾਂ ਵਿੱਚੋਂ ਇੱਕ, ਵਿਰੋਧ ਕਰਨ ਦੇ ਅਧਿਕਾਰ ਨੂੰ ਪ੍ਰਭਾਵਸਾਲੀ ਢੰਗ ਨਾਲ ਖਤਮ ਕਰਦਾ ਹੈ ।

ਬਿਲ ਦੀ ਵਰਤੋਂ ਪੁਲਿਸ, ਅਪਰਾਧ, ਸਜਾ ਅਤੇ ਅਦਾਲਤਾਂ ਐਕਟ 2022 ਦੀਆਂ ਧਾਰਾਵਾਂ ਨੂੰ ਮੁੜ ਸੁਰਜੀਤ ਕਰਨ ਲਈ ਕੀਤੀ ਗਈ ਹੈ, ਜੋ ਕਿ ਇੰਨੇ ਨੰਗੇ ਤਾਨਾਸਾਹੀ ਸਮਝੇ ਗਏ ਸਨ ਕਿ ਉਨ੍ਹਾਂ ਨੂੰ ਹਾਊਸ ਆਫ ਲਾਰਡਜ ਦੁਆਰਾ ਰੱਦ ਕਰ ਦਿੱਤਾ ਗਿਆ ਸੀ। ਇਹਨਾਂ



ਵਿੱਚ ਕਿਸੇ ਵਿਅਕਤੀ ਲਈ ਹਵਾਈ ਅੱਡਿਆਂ, ਸੜਕੀ ਨੈੱਟਵਰਕ, ਰੇਲਵੇ ਅਤੇ ਅਖਬਾਰ ਪ੍ਰਿੰਟਰਾਂ ਸਮੇਤ ਪ੍ਰਮੁੱਖ ਰਾਸਟਰੀ ਬੁਨਿਆਦੀ ਢਾਂਚੇ ਦੀ ਵਰਤੋਂ ਜਾਂ ਸੰਚਾਲਨ ਵਿੱਚ ਦਖਲ ਦੇਣਾ ਗੈਰ-ਕਾਨੂੰਨੀ ਬਣਾਉਣਾ ਸਾਮਲ ਹੈ। ਇਹਨਾਂ ਸੈਕਟਰਾਂ ਵਿੱਚ ਪ੍ਰਭਾਵੀ ਉਦਯੋਗਿਕ ਕਾਰਵਾਈ ਨੂੰ ਲਾਜਮੀ ਤੌਰ 'ਤੇ ਗੈਰ-ਕਾਨੂੰਨੀ ਬਣਾਇਆ ਜਾਵੇਗਾ।

ਵਿਰੋਧਾਂ ਨੂੰ ਗੈਰ-ਕਾਨੂੰਨੀ ਮੰਨਿਆ ਜਾਂਦਾ ਹੈ ਜੇਕਰ ਉਹਨਾਂ ਵਿੱਚ "ਦੋ ਜਾਂ ਦੋ ਤੋਂ ਵੱਧ ਵਿਅਕਤੀਆਂ, ਜਾਂ ਕਿਸੇ ਸੰਗਠਨ ਲਈ ਗੰਭੀਰ ਵਿਘਨ" ਪੈਦਾ ਕਰਨ ਵਾਲੀਆਂ ਕਾਰਵਾਈਆਂ ਸਾਮਲ ਹੁੰਦੀਆਂ ਹਨ। "ਗੰਭੀਰ ਵਿਘਨ" ਵਿੱਚ "ਸੋਰ" ਸਾਮਲ ਹੁੰਦਾ ਹੈ, ਮਤਲਬ ਕਿ ਕਿਸੇ ਵੀ ਵਿਰੋਧ ਨੂੰ ਗੈਰ-ਕਾਨੂੰਨੀ ਘੋਸ਼ਿਤ ਕੀਤਾ ਜਾ ਸਕਦਾ ਹੈ।

51 ਹਫਤਿਆਂ ਤੱਕ ਦੀ ਜੇਲ੍ਹ ਦੀ ਸਜਾ ਉਹਨਾਂ ਲੋਕਾਂ ਲਈ ਪੇਸ ਕੀਤੀ ਜਾਂਦੀ ਹੈ ਜੋ ਅਚੱਲ ਵਸਤੂਆਂ ਜਾਂ ਇੱਕ ਦੂਜੇ ਨੂੰ "ਲਾਕ ਆਨ" ਕਰਦੇ ਹਨ। ਪੁਲਿਸ ਨੂੰ ਵੱਡੀਆਂ ਨਵੀਆਂ ਰੋਕਾਂ ਅਤੇ ਖੋਜ ਸਕਤੀਆਂ ਅਤੇ "ਗੰਭੀਰ ਵਿਘਨ ਰੋਕਥਾਮ ਆਦੇਸ" ਜਾਰੀ ਕਰਨ ਦਾ ਅਧਿਕਾਰ ਵੀ ਦਿੱਤਾ ਗਿਆ ਹੈ। ਇੱਕ SDPO ਉਹਨਾਂ ਲੋਕਾਂ 'ਤੇ ਲਗਾਇਆ ਜਾ ਸਕਦਾ ਹੈ ਜਿਨ੍ਹਾਂ ਨੇ ਪੰਜ ਸਾਲਾਂ ਦੀ ਮਿਆਦ ਦੇ ਅੰਦਰ ਘੱਟੋ-ਘੱਟ ਦੋ ਵਿਰੋਧ ਪ੍ਰਦਰਸਨਾਂ ਵਿੱਚ ਹਿੱਸਾ ਲਿਆ ਹੈ, ਭਾਵੇਂ ਉਹ ਕਿਸੇ ਅਪਰਾਧ ਲਈ ਦੋਸੀ ਠਹਿਰਾਏ ਗਏ ਹਨ ਜਾਂ ਨਹੀਂ। ਵਿਅਕਤੀ ਨੂੰ ਅਗਲੇ ਵਿਰੋਧ ਪ੍ਰਦਰਸਨਾਂ ਵਿੱਚ ਸਾਮਲ ਹੋਣ ਤੋਂ ਮਨ੍ਹਾ ਕਰਨ ਲਈ ਦੋ ਸਾਲ ਦਾ ਹੁਕਮ ਦਿੱਤਾ ਜਾ ਸਕਦਾ ਹੈ। ਜਿਨ੍ਹਾਂ ਨੂੰ SDPO ਸੌਂਪਿਆ ਗਿਆ ਹੈ, ਉਨ੍ਹਾਂ ਨੂੰ ਉਨ੍ਹਾਂ ਦੀਆਂ ਹਰਕਤਾਂ ਦੀ ਨਿਗਰਾਨੀ ਕਰਨ ਲਈ ਇਲੈਕਟ੍ਰਾਨਿਕ ਟੈਗ ਪਹਿਨਣ ਲਈ ਮਜਬੂਰ ਕੀਤਾ ਜਾ ਸਕਦਾ ਹੈ।

ਇਸ ਤਾਨਾਸਾਹੀ ਹਮਲੇ ਨੂੰ ਲਾਗੂ ਕਰਨ ਲਈ, ਸੁਨਕ ਨੇ ਟੋਰੀ ਪਾਰਟੀ ਦੇ ਸਭ ਤੋਂ ਸੱਜੇ-ਪੱਖੀ ਸਖਸੀਅਤਾਂ ਵਿੱਚੋਂ ਇੱਕ, ਸੁਏਲਾ ਬ੍ਰੇਵਰਮੈਨ ਨੂੰ ਗ੍ਰਹਿ ਸਕੱਤਰ ਵਜੋਂ ਵਾਪਸ ਲਿਆਂਦਾ। ਇਹ ਉਸ ਤੋਂ ਕੁਝ ਦਿਨ ਬਾਅਦ ਹੋਇਆ ਜਦੋਂ ਉਸ ਨੂੰ ਮੰਤਰੀ ਜਾਬਤੇ ਦੀ ਉਲੰਘਣਾ ਕਰਨ ਲਈ ਅਹੁਦੇ ਤੋਂ ਹਟਣ ਲਈ ਮਜਬੂਰ ਕੀਤਾ ਗਿਆ ਸੀ।

ਟਰਸ ਦੇ ਅਸਤੀਫਾ ਦੇਣ ਤੋਂ ਦੋ ਦਿਨ ਪਹਿਲਾਂ, ਬ੍ਰੇਵਰਮੈਨ ਆਖਰੀ-ਮਿੰਟ ਦੀ ਸੋਧ ਰਾਹੀਂ ਖਿਸਕ ਗਿਆ ਜਿਸ ਨਾਲ ਉਸ ਦਿਨ ਦੇ ਗ੍ਰਹਿ ਸਕੱਤਰ ਨੂੰ ਕਿਸੇ ਵੀ ਅਜਿਹੇ ਵਿਅਕਤੀ ਦੇ ਵਿਰੁੱਧ ਹੁਕਮਾਂ ਲਈ ਅਰਜੀ ਦੇਣ ਦੀ ਇਜਾਜਤ ਦਿੱਤੀ ਗਈ ਜਿਸ ਨੂੰ ਉਹ "ਸੰਭਾਵਿਤ" ਵਿਰੋਧ ਪ੍ਰਦਰਸਨ ਕਰਨ ਲਈ "ਸੰਭਾਵਿਤ" ਸਮਝਦੇ ਹਨ ਜੋ "ਮੁੱਖ ਰਾਸਟਰੀ ਬੁਨਿਆਦੀ ਢਾਂਚੇ" ਨੂੰ "ਗੰਭੀਰ ਵਿਘਨ" ਦਾ ਕਾਰਨ ਬਣ ਸਕਦੇ ਹਨ, "ਜਰੂਰੀ" ਵਸਤਾਂ ਜਾਂ ਸੇਵਾਵਾਂ ਤੱਕ ਪਹੁੰਚ ਨੂੰ ਰੋਕਣਾ, ਜਾਂ "ਜਨਤਕ ਸੁਰੱਖਿਆ 'ਤੇ ਗੰਭੀਰ ਮਾੜਾ ਪ੍ਰਭਾਵ" ਹੈ। ਪਬਲਿਕ ਆਰਡਰ ਬਿੱਲ 'ਤੇ ਹਾਊਸ ਆਫ ਕਾਮਨਜ ਦੀ ਅੰਤਿਮ ਵੋਟਿੰਗ ਵਿੱਚ, ਇਸ ਤੋਂ ਪਹਿਲਾਂ ਕਿ ਇਸਨੂੰ ਹਾਊਸ ਆਫ ਲਾਰਡਜ ਦੇ ਦੂਜੇ ਚੈਂਬਰ ਵਿੱਚ ਪੜਤਾਲ ਲਈ ਭੇਜਿਆ ਗਿਆ ਸੀ, ਸਰਕਾਰ ਨੇ 49 ਦੇ ਬਹੁਮਤ ਨਾਲ ਜਿੱਤ ਪ੍ਰਾਪਤ ਕੀਤੀ। ਲੇਬਰ ਨੇ ਸਿਰਫ ਇਸ ਆਧਾਰ 'ਤੇ ਵਿਰੋਧ ਵਿੱਚ ਵੋਟ ਪਾਈ ਕਿ ਮੌਜੂਦਾ ਦਮਨਕਾਰੀ ਉਪਕਰਨ ਵਿਰੋਧ ਪ੍ਰਦਰਸਨਾਂ 'ਤੇ ਕਾਬੂ ਪਾਉਣ ਲਈ ਰਾਜ ਕਾਫੀ ਸੀ। ਪਰ ਲੇਬਰ ਐਮਪੀ ਸਾਰਾਹ ਜੋਨਸ ਨੇ ਸੇਖੀ ਮਾਰੀ, "ਲੇਬਰ ਪਾਰਟੀ ਨੇ, ਪਿਛਲੇ ਅਪ੍ਰੈਲ ਵਿੱਚ, ਜਸਟ ਸਟਾਪ ਆਇਲ ਦੁਆਰਾ ਵਿਘਨ ਤੋਂ ਬਾਅਦ ਵੱਧ ਤੋਂ ਵੱਧ ਹੁਕਮਨਾਮਾ ਸਕਤੀਆਂ ਦੀ ਮੰਗ ਕੀਤੀ ਸੀ ਅਸੀਂ ਹੁਕਮਾਂ ਦਾ ਸੁਝਾਅ ਦਿੱਤਾ ਸੀ ਕਿਉਂਕਿ ਉਹ ਹੋਰ ਅਪਰਾਧਾਂ ਨਾਲੋਂ ਤੇਲ ਟਰਮੀਨਲ ਵਿੱਚ ਹੋਰ ਵਿਘਨ ਨੂੰ ਰੋਕਣ ਦੀ ਸੰਭਾਵਨਾ ਰੱਖਦੇ ਹਨ। ਇਸ ਦੇ ਵਾਪਰਨ ਤੋਂ ਬਾਅਦ ਆਚਰਣ ਨੂੰ ਅਪਰਾਧਿਕ ਬਣਾਉਣ ਲਈ, ਸਾਰੀਆਂ ਵਾਧੂ ਲਾਗਤਾਂ ਅਤੇ ਹਟਾਉਣ ਦੇ ਲੌਜਿਸਟਿਕਸ ਦੇ ਨਾਲ। ਹੁਕਮ ਪੁਲਿਸ ਲਈ ਵਧੇਰੇ ਸਿੱਧੇ ਹੁੰਦੇ ਹਨ, ਉਹਨਾਂ ਕੋਲ ਵਧੇਰੇ ਸੁਰੱਖਿਆ ਪ੍ਰਬੰਧ ਹੁੰਦੇ ਹਨ ਕਿਉਂਕਿ ਉਹਨਾਂ ਨੂੰ ਅਦਾਲਤ ਦੁਆਰਾ ਮਨਜੂਰ ਕੀਤਾ ਜਾਂਦਾ ਹੈ, ਅਤੇ ਜਦੋਂ ਪ੍ਰਦਰਸਨਕਾਰੀ ਰਣਨੀਤੀਆਂ ਬਦਲਦੇ ਹਨ ਤਾਂ ਇਹ ਭਵਿੱਖ ਦੇ ਸਬੂਤ ਹੁੰਦੇ ਹਨ।"

-ਜਸਵੀਰ ਦੀਪ

# ਅਫਰੀਕੀ ਦੇਸ਼ ਗਾਂਬੀਆ ਵਿੱਚ ਮਰੇ 66 ਬੱਚੇ - ਅਸਲ ਦੋਸ਼ੀ ਕੌਣ

**ਅਮਨ ਸੰਤ ਨਗਰ**

ਬੀਤੇ ਦਿਨੀਂ ਅਫਰੀਕੀ ਮਹਾਂਦੀਪ ਦੇ ਇੱਕ ਮੁਲਕ ਗਾਂਬੀਆ ਵਿੱਚ ਹਰਿਆਣਾ ਦੀ ਇੱਕ ਦਵਾਈ ਕੰਪਨੀ ਵੱਲੋਂ ਬਣਾਈਆਂ ਖੰਘ ਦੀਆਂ ਦਵਾਈਆਂ ਦੀ ਵਰਤੋਂ ਕਾਰਨ 66 ਬੱਚਿਆਂ ਦੀ ਮੌਤ ਹੋ ਗਈ। ਕੌਮਾਂਤਰੀ ਸਿਹਤ ਸੰਸਥਾ ਵੱਲੋਂ ਇਹਨਾਂ ਦਵਾਈਆਂ ਵਿੱਚ ਹਾਨੀਕਾਰਕ ਮਿਲਾਵਟੀ ਰਸਾਇਣਕ ਤੱਤਾਂ ਦੀ ਮੌਜੂਦਗੀ ਦੀ ਪੁਸ਼ਟੀ ਕੀਤੀ ਗਈ ਹੈ। ਹਰਿਆਣੇ ਦੇ ਸੋਨੀਪਤ ਵਿੱਚ ਸਥਿਤ ਇਸ ਦਵਾਈ ਕੰਪਨੀ 'ਮੇਡਨ ਫਾਰਮਾਸਿਊਟੀਕਲਜ' ਵੱਲੋਂ ਗਾਂਬੀਆ ਨੂੰ ਬਰਾਮਦ ਕਰਨ ਲਈ ਚਾਰ ਖੰਘ ਦੀਆਂ ਦਵਾਈਆਂ ਬਣਾਈਆਂ ਜਾਂਦੀਆਂ ਸਨ। 'ਪ੍ਰੋਮਿਥਾਜਾਈਨ ਓਰਲ ਸਲਿਊਸ਼ਨ', 'ਕੋਫੈਕਸਾਲਿਨ ਬੇਬੀ ਕਫ ਸੀਰਪ', 'ਮਾਕੌਫ ਬੇਬੀ ਕਫ ਸਿਰਪ', ਅਤੇ 'ਮੈਗਰਿਪ ਐਨ ਕੋਲਡ ਸੀਰਪ' ਦੇ ਰੂਪ ਵਿੱਚ ਗਾਂਬੀਆ ਨੂੰ ਸਪਲਾਈ ਕੀਤੀਆਂ ਜਾਂਦੀਆਂ ਇਹਨਾਂ ਦਵਾਈਆਂ ਵਿੱਚ "ਡਾਈਇਥੀਲੀਨ ਗਲਾਈਕੋਲ ਅਤੇ ਇਥੀਲੀਨ ਗਲਾਈਕੋਲ ਨਾਮੀਂ ਹਾਨੀਕਾਰਕ ਰਸਾਇਣਿਕ ਤੱਤਾਂ ਦੀ ਮੌਜੂਦਗੀ ਪਾਈ ਗਈ। ਜ਼ਿਕਰਯੋਗ ਹੈ ਕਿ ਬੀਤੇ ਸਮਿਆਂ ਵਿੱਚ ਪੈਰਾਸੇਟਾਮੋਲ ਜਾਣ ਖੰਘ ਆਦਿ ਦੇ ਸੀਰਪਾਂ ਆਦਿ ਵਿੱਚ ਇਹਨਾਂ ਰਸਾਇਣਾਂ ਦੀ ਵਰਤੋਂ ਕੀਤੀ ਜਾਂਦੀ ਸੀ ਪਰ ਇਹਨਾਂ ਦੀ ਖਤਰਨਾਕ ਨੁਕਸਾਨ ਸਾਹਮਣੇ ਆਉਣ ਤੋਂ ਬਾਅਦ ਇਹਨਾਂ ਦੀ ਵਰਤੋਂ ਉੱਤੇ ਪੂਰੀ ਤਰ੍ਹਾਂ ਰੋਕ ਹੈ। ਇਹ ਰਸਾਇਣ ਮਨੁੱਖਾਂ ਵਾਸਤੇ ਜ਼ਹਿਰੀਲੇ ਹੁੰਦੇ ਹਨ ਜੋ ਕਿ ਪੇਟ ਦਰਦ, ਉਲਟੀ, ਸਿਰਦਰਦ, ਮਾਨਸਿਕ ਸੰਤੁਲਨ ਵਿਗਾੜਨ ਆਦਿ ਤੋਂ ਲੈ ਕੇ ਗੁਰਦਿਆਂ ਨੂੰ ਖਰਾਬ ਕਰਨ ਤੱਕ ਦੀ ਸਮਰੱਥਾ ਰੱਖਦੇ ਹਨ ਅਤੇ ਇਹੋ ਗਾਂਬੀਆ ਵਿੱਚ ਵਾਪਰਿਆ ਜਿੱਥੇ ਸਿਰਫ ਆਮ ਖੰਘ ਦੇ ਇਲਾਜ਼ ਵਿੱਚ ਇਹਨਾਂ ਚਾਰ ਦਵਾਈਆਂ ਨੂੰ ਵਰਤਣ ਕਾਰਨ 66 ਬੱਚਿਆਂ ਦੀ ਮੌਤ ਹੋ ਗਈ। ਭਾਰਤ ਦੇ ਦਵਾਈ ਵਪਾਰੀ, ਮੰਤਰੀ, ਮੀਡੀਆ ਆਦਿ ਸਾਰੇ ਇਹ ਰਾਗ ਅਲਾਪ ਰਹੇ ਹਨ ਕਿ ਭਾਰਤ ਦੇ ਲੋਕ ਫਿਕਰ ਨਾਂ ਕਰਨ ਕਿਓਂਕਿ ਇਹ ਦਵਾਈਆਂ ਸਿਰਫ ਗਾਂਬੀਆ ਭੇਜਣ ਲਈ ਹੀ ਬਣਾਈਆਂ ਜਾਂਦੀਆਂ ਸਨ ਅਤੇ ਭਾਰਤ ਵਿੱਚ ਇਹਨਾਂ ਦੀ ਵਿੱਕਰੀ ਨਹੀਂ ਹੁੰਦੀ। ਇਹ ਗੱਲ ਇਹਨਾਂ ਦੀ ਸੰਵੇਦਨਹੀਣਤਾ ਦੀ ਸਿਖਰ ਨੂੰ ਦਰਸਾਉਂਦੀ ਹੈ। ਇੱਥੇ ਭਾਰਤ ਵਿੱਚ ਤਾਂ ਦਵਾਈ ਕੰਪਨੀਆਂ ਵੱਲੋਂ ਇਹ ਮਨੁੱਖਦੋਖੀ ਕਾਰਾ ਪਹਿਲਾਂ ਹੀ ਕੀਤਾ ਜਾ ਚੁੱਕਿਆ ਹੈ। ਸਾਲ 2020 ਵਿੱਚ, ਜੰਮੂ-ਕਸ਼ਮੀਰ ਵਿੱਚ 'ਡਾਈਇਥੀਲੀਨ ਗਲਾਈਕੋਲ' ਦੀ ਮਿਲਾਵਟ ਵਾਲ਼ੇ ਸਿਰਪ ਦੀ ਵਰਤੋਂ ਕਰਨ ਤੋਂ ਬਾਅਦ 17 ਬੱਚਿਆਂ ਦੀ ਮੌਤ ਹੋ ਗਈ ਸੀ। ਪਰ ਦਵਾ ਕੰਪਨੀਆਂ ਦੀ ਮੁਨਾਫੇ ਦੀ ਹਵਸ ਵੇਖੋ ਕਿ ਇਸ ਘਟਨਾ ਤੋਂ ਸਬਕ ਲੈਣ ਦੀ ਬਜਾਏ ਇੱਥੇ ਬੰਧਸ਼ਾਂ ਲੱਗਣ ਤੋਂ ਬਾਅਦ ਵਿਦੇਸ਼ਾਂ ਵੱਲ ਨੂੰ ਚਾਲੇ ਪਾ ਲਏ ਗਏ। ਬੱਚਿਆਂ ਦੀ ਜ਼ਿੰਦਗੀ ਦਾ ਕੀ ਹੈ, ਇਹਨਾਂ ਕੰਪਨੀਆਂ ਨੂੰ ਤਾਂ ਬੱਸ ਮੁਨਾਫਾ ਆਉਣਾ ਚਾਹੀਦਾ। ਹਨ ਤਾਂ ਇਹ ਉਹਨਾਂ ਸਰਮਾਏਦਾਰਾਂ ਦੀਆਂ ਔਲਾਦਾਂ ਹੀ ਜਿਹਨਾਂ ਨੇ ਹਿਟਲਰ ਵੇਲ਼ੇ ਜਰਮਨੀ ਵਿੱਚ ਔਰਤਾਂ ਦੇ ਪਰਸ ਬਣਾਉਣ ਲਈ ਯਹੂਦੀ ਬੱਚਿਆਂ ਨੂੰ ਮਾਰ ਕੇ ਉਹਨਾਂ ਦੀ ਚਮੜੀ ਦਾ ਇਸਤੇਮਾਲ ਇਸ ਕਰਕੇ ਕੀਤਾ ਸੀ ਕਿਓਂਕੀ ਉਹ ਮੁਲਾਇਮ ਹੁੰਦੀ ਹੈ।

ਭਾਰਤ ਵਿੱਚ, 'ਡਰੱਗਜ ਐਂਡ ਕਾਸਮੈਟਿਕ ਐਕਟ, 1940' ਮੁਤਾਬਕ ਦਵਾਈਆਂ ਬਣਾਉਣ ਅਤੇ ਵਿੱਕਰੀ ਦੀ ਨਿਗਰਾਨੀ ਕਰਨ ਦਾ ਮੁੱਖ ਜ਼ਿੰਮਾ ਸੂਬਿਆਂ ਦਾ ਹੈ। ਇਸ ਸਬੰਧੀ ਸਰਵਉੱਚ ਕੇਂਦਰੀ ਅਦਾਰਾ 'ਕੇਂਦਰੀ ਡਰੱਗ ਸਟੈਂਡਰਡ ਕੰਟਰੋਲ ਆਰਗੇਨਾਈਜੇਸ਼ਨ' ਸੀ.ਡੀ.ਐਸ.ਸੀ.ਓ., ਸੂਬਿਆਂ ਵਿਚਲੇ ਅਦਾਰਿਆਂ ਨੂੰ ਨਿਰਧਾਰਤ ਮਾਪਦੰਡ ਪ੍ਰਦਾਨ ਕਰਨ ਲਈ ਜ਼ਿੰਮੇਵਾਰ ਹੈ। ਪਰ ਇਸ ਸਾਰੇ ਤੰਤਰ ਨੂੰ ਰਲ਼ ਮਿਲ਼ ਕੇ ਇਸ ਤਰ੍ਹਾਂ ਚਲਾਇਆ ਜਾ ਰਿਹਾ ਹੈ ਕਿ ਜਿਹੜੀਆਂ ਦਵਾਈਆਂ ਇੱਕ ਸੂਬੇ ਵਿੱਚ ਗੁਣਵੱਤਾ ਦੇ ਟੈਸਟਾਂ ਵਿੱਚ ਫੇਲ੍ਹ ਹੋ ਜਾਂਦੀਆਂ ਹਨ, ਉਹਨਾਂ ਨੂੰ ਹੋਰਨਾਂ ਵਿੱਚ ਵੇਚਿਆ ਜਾਣਾ ਜਾਰੀ ਰਹਿੰਦਾ ਹੈ। ਇੱਕ ਸੂਬੇ ਵਿੱਚ ਲੋਕਾਂ ਲਈ ਹਾਨੀਕਾਰਕ ਦਵਾਈਆਂ ਬਾਕੀ ਸੂਬਿਆਂ ਵਿੱਚ ਸਰਮਾਏਦਾਰਾਂ ਲਈ ਮੁਨਾਫੇ ਦਾ ਸਾਧਨ ਬਣਦੀਆਂ ਹਨ। ਐਵੇਂ ਹੀ ਥੋੜੀ ਭਾਰਤ ਨੂੰ ਤੀਜੀ ਦੁਨੀਆਂ ਦੇ ਦੇਸ਼ਾਂ ਦੀ ਫਾਰਮੇਸੀ ਕਿਹਾ ਜਾਂਦਾ ਹੈ। ਇੱਥੇ ਦਵਾਈ ਕੰਪਨੀਆਂ ਨੂੰ ਆਪਣੇ ਮੁਨਾਫੇ ਖਾਤਰ ਲੋਕਾਂ ਦੀ ਸਿਹਤ ਨਾਲ਼ ਖਿਲਵਾੜ ਕਰਨ, ਮਨਮਰਜ਼ੀ ਕਰਨ ਦੀ ਪੂਰੀ ਖੁੱਲ੍ਹ ਹੈ।

ਪਰ ਇੱਕ ਸਵਾਲ ਹੋਰ ਮਨ ਵਿੱਚ ਆਉਂਦਾ ਹੈ ਕਿ ਡਾਕਟਰ ਇਸ ਵਿਰੁੱਧ ਕਿਓਂ ਨਹੀਂ ਬੋਲਦੇ?



ਲੋਕ ਨਾਂ ਸਹੀ ਪਰ ਉਹ ਤਾਂ ਸਭ ਕੁੱਝ ਜਾਣਦੇ ਸਮਝਦੇ ਹਨ? ਫ਼ਿਰ ਵੀ ਅਜਿਹੀਆਂ ਦਵਾਈਆਂ ਕਿਓਂ ਲਿਖਦੇ ਹਨ? ਅਸਲ ਵਿੱਚ ਇਸ ਨੂੰ ਸਮਝਣ ਲਈ ਸਾਨੂੰ ਦਵਾ ਕੰਪਨੀਆਂ ਅਤੇ ਡਾਕਟਰਾਂ ਦੇ ਆਪਸੀ ਰਿਸ਼ਤੇ ਨੂੰ ਸਮਝਣਾ ਹੋਵੇਗਾ।

ਡਾਕਟਰ ਕ੍ਰਿਸ਼ਚੀਅਨ ਬਰਨਾਰਡ ਨੇ ਇੱਕ ਵਾਰ ਕਿਹਾ ਸੀ ਕਿ ਜਦੋਂ ਇਲਾਜ ਕਾਰੋਬਾਰ ਬਣ ਗਿਆ ਤਾਂ ਲੋਕਾਂ ਨੂੰ ਬਿਨਾਂ ਲੋੜ ਤੋਂ ਦਵਾਈਆਂ ਦਿੱਤੀਆਂ ਜਾਣਗੀਆਂ। ਵੱਧ ਤੋਂ ਵੱਧ ਮੁਨਾਫੇ ਕਮਾਉਣ ਲਈ ਦਵਾ-ਕੰਪਨੀਆਂ ਤਰ੍ਹਾਂ-ਤਰ੍ਹਾਂ ਦੇ ਤਰੀਕੇ ਅਪਣਾਉਂਦੀਆਂ ਹਨ ਜਿਸ ਵਿੱਚ ਡਾਕਟਰਾਂ ਨੂੰ ਤੋਹਫੇ ਦੇਣ ਤੋਂ ਲੈ ਕੇ ਸਮਾਜ ਵਿੱਚ ਨਵੀਆਂ-ਨਵੀਆਂ ਬਿਮਾਰੀਆਂ ਨੂੰ ਖੁਦ ਪੈਦਾ ਕਰਨਾ ਆਦਿ ਸ਼ਾਮਲ ਹੈ। ਡਾਕਟਰਾਂ ਅਤੇ ਦਵਾ ਕੰਪਨੀਆਂ ਦਾ ਮੇਲ ਮਿਲਾਪ ਕੀ ਰੰਗ ਲਿਆਉਂਦਾ ਹੈ ਇਸ ਦਾ ਅੰਦਾਜ਼ਾ 2006 ਦੀ ਇਸ ਮਿਸਾਲ ਤੋਂ ਲਾਇਆ ਜਾ ਸਕਦਾ ਹੈ ਜਦੋਂ ਚੀਨ ਵਿੱਚ ਸਰਕਾਰ ਵੱਲੋਂ ਦਵਾ ਕੰਪਨੀਆਂ ਦੇ ਡਾਕਟਰਾਂ ਕੋਲ਼ ਜਾ ਕੇ ਪ੍ਰਚਾਰ ਕਰਨ 'ਤੇ ਕਾਫੀ ਸਖਤ ਪਾਬੰਦੀਆਂ ਲਗਾ ਦਿੱਤੀਆਂ ਗਈਆਂ ਸਨ ਅਤੇ ਇਸਦੇ ਨਤੀਜੇ ਵਜੋਂ ਦਵਾਈਆਂ ਦੇ ਖੇਤਰ ਵਿੱਚ ਵਾਧਾ ਦਰ 20.5 ਫੀਸਦੀ ਤੋਂ ਘਟ ਕੇ 12.5 ਫੀਸਦੀ ਰਹਿ ਗਈ ਸੀ। ਇਸ ਲਈ ਕੰਪਨੀਆਂ ਵੱਲੋਂ ਡਾਕਟਰਾਂ ਤੱਕ ਪ੍ਰਚਾਰ ਤੇ ਡਾਕਟਰਾਂ ਦੁਆਰਾ ਵੱਧ ਤੋਂ ਵੱਧ ਦਵਾਈਆਂ ਪਹਿਲੀ ਕਿਸਮ ਵਿੱਚ ਪ੍ਰਾਈਵੇਟ ਕੰਮ ਕਰਦੇ ਡਾਕਟਰ, ਸਰਕਾਰੀ ਹਸਪਤਾਲਾਂ ਤੇ ਮੈਡੀਕਲ ਕਾਲਜਾਂ ਦੇ ਡਾਕਟਰ ਆਉਂਦੇ ਹਨ ਜਿਹੜੇ ਦਵਾਈ ਲਿਖ ਕੇ ਸਿੱਧਾ-ਸਿੱਧਾ ਵਿੱਕਰੀ ਵਧਾ ਸਕਦੇ ਹਨ। ਦੂਜੀ ਕਿਸਮ ਵਿੱਚ ਅਜਿਹੇ ਡਾਕਟਰ-ਪ੍ਰੋਫੈਸਰ ਆਉਂਦੇ ਹਨ ਜਿਹੜੇ ਅਜਿਹੇ ਮਹੱਤਵਪੂਰਨ ਅਹੁਦਿਆਂ ਉੱਤੇ ਬਿਰਾਜਮਾਨ ਹੁੰਦੇ ਹਨ ਜਿਹਨਾਂ ਜ਼ਰੀਏ ਲੋਕਾਂ ਵਿੱਚ ਦਵਾਈਆਂ ਦੀ ਖਪਤ ਨੂੰ ਵਧਾਉਣ ਲਈ ਵਿਗਿਆਨ ਤੋਂ ਗਵਾਹੀ ਦਵਾਈ ਜਾਂਦੀ ਹੈ। ਅਤੇ ਇਹ ਤਾਂ ਏਨੇ ਮਾਹਰ ਹਨ ਕਿ ਇਹਨਾਂ ਲੋਕਾਂ ਨੂੰ ਭੋਜਨ ਦੀ ਤਰ੍ਹਾਂ ਦਵਾਈਆਂ ਖਾਣ ਲਾ ਦਿੱਤਾ ਹੈ। ਸਰਮਾਏਦਾਰੀ ਅੰਦਰ ਬਹੁਤੀਆਂ ਸਿਹਤ ਸਬੰਧੀ ਖੋਜਾਂ ਜਾਂ ਕਿਤਾਬਾਂ ਆਦਿ ਵਿੱਚ ਪੇਸ਼ ਕੀਤੇ ਜਾਣ ਵਾਲ਼ੇ ਸਿਧਾਂਤਾਂ ਪਿੱਛੇ ਵੀ ਦਵਾ ਖੇਤਰ ਦੇ ਸਰਮਾਏਦਾਰਾਂ ਦੇ ਇਹੋ ਹਿੱਤ ਕੰਮ ਕਰ ਰਹੇ ਹੁੰਦੇ ਹਨ।

ਪਹਿਲੀ ਕਿਸਮ ਦੇ ਡਾਕਟਰਾਂ ਤੱਕ ਪਹੁੰਚ ਕਰਨ ਲਈ ਦਵਾ-ਕੰਪਨੀਆਂ 'ਮੈਡੀਕਲ ਰੀਪ੍ਰਜੈਂਟੇਟਿਵ' (ਐਮਆਰ), ਦੀ ਇੱਕ ਵੱਡੀ ਫੌਜ ਭਰਤੀ ਕਰਦੀਆਂ ਹਨ। ਇਹ ਐਮ.ਆਰ. ਹਰ ਉਸ ਡਾਕਟਰ, ਜੋ ਕਿਸੇ ਨਾ ਕਿਸੇ ਤਰੀਕੇ ਨਾਲ਼ ਦਵਾਈ ਦੀ ਵਿੱਕਰੀ ਵਧਾ ਸਕਦਾ ਹੈ, ਤੱਕ ਪਹੁੰਚ ਕਰਦੇ ਹਨ। ਬਹਾਨਾ ਇਹ ਬਣਾਇਆ ਜਾਂਦਾ ਹੈ ਕਿ ਉਹ ਡਾਕਟਰਾਂ ਨੂੰ ਨਵੀਆਂ ਦਵਾਈਆਂ ਬਾਰੇ ਤੇ ਨਵੀਆਂ ਖੋਜਾਂ ਬਾਰੇ ਜਾਣੂ ਕਰਵਾਉਂਦੇ ਹਨ ਤੇ ਪੜ੍ਹਨ-ਸਮੱਗਰੀ ਮੁਹੱਈਆ ਕਰਵਾਉਂਦੇ ਹਨ ਪਰ ਉਹਨਾਂ ਦਾ ਅਸਲ ਮਕਸਦ ਉਹਨਾਂ ਦੀ ਕੰਪਨੀ ਦੀ ਦਵਾਈ ਲਿਖਣ ਲਈ ਡਾਕਟਰ ਨੂੰ ਕਿਸੇ ਨਾ ਕਿਸੇ ਤਰੀਕੇ ਸਹਿਮਤ ਕਰਾਉਣਾ ਹੁੰਦਾ ਹੈ, ਜਾਂ ਕਹਿ ਲਈਏ ਕਿ ਇਹ ਆਪਣੀ ਦਵਾਈ ਨੂੰ ਡਾਕਟਰ ਦੀ ਕਲਮ 'ਤੇ ਲਿਆਓਣ ਲਈ ਆਪਣੀ ਪੂਰੀ ਵਾਹ ਲਾਉਂਦੇ ਹਨ। ਇਹੋ ਕਾਰਨ ਹੈ ਕਿ ਦਵਾ-ਕੰਪਨੀਆਂ ਦੇ ਇਹ ਨੁਮਾਇੰਦੇ ਡਾਕਟਰਾਂ ਨੂੰ ਭਾਰੀ ਨਕਦੀ, ਫਰਿਜ, ਟੀ.ਵੀ., ਲੈਪਟੌਪ, ਮੋਬਾਇਲ ਫੋਨ, ਫੋਨ ਦੇ ਬਿਲ, ਕਾਰਾਂ, ਬੱਚਿਆ ਦੀ ਟਿਊਸ਼ਨ ਫੀਸ ਤੇ ਹੋਰ ਬਹੁਤ ਕੁੱਝ ਭੇਟ ਕਰਦੇ ਰਹਿੰਦੇ ਹਨ। ਡਾਕਟਰਾਂ ਨੂੰ ਵੱਡੇ-ਵੱਡੇ ਹੋਟਲਾਂ ਵਿੱਚ ਪਾਰਟੀਆਂ ਦਿੱਤੀਆਂ ਜਾਂਦੀਆਂ ਹਨ। ਕਈ ਥਾਵਾਂ 'ਤੇ ਤਾਂ ਕੁੱਝ ਮੈਡੀਕਲ ਵਿਦਿਆਰਥੀਆਂ ਦੇ ਚਿੱਟੇ ਕੋਟ (ਐਪ੍ਰਨ) ਤੱਕ ਵੀ ਕਿਸੇ ਨਾ ਕਿਸੇ ਦਵਾ ਕੰਪਨੀ ਦੇ ਲੋਗੋ ਵਾਲ਼ੇ ਹੁੰਦੇ ਹਨ। ਇਸ ਤੋਂ ਇਲਾਵਾ ਦਵਾ-ਕੰਪਨੀਆਂ ਦੇ ਸੇਲਜਮੈਨ, ਐਮ.ਆਰ., ਵੱਖ-ਵੱਖ ਧਾਰਮਿਕ-ਸਮਾਜਿਕ ਤਿਉਹਾਰਾਂ ਦੇ ਮੌਕੇ 'ਤੇ, ਨਵੇਂ ਸਾਲ ਦੇ ਮੌਕੇ 'ਤੇ, ਡਾਕਟਰਾਂ ਅਤੇ ਉਹਨਾਂ ਦੇ ਬੱਚਿਆ ਦੇ ਜਨਮ-ਦਿਨਾਂ 'ਤੇ ਤੋਹਫੇ ਦੇਣ ਦਾ ਬਾਖੂਬੀ ਪ੍ਰਬੰਧ ਕਰਦੇ ਹਨ। ਪਿਛਲੇ ਇੱਕ-ਡੇਢ ਦਹਾਕੇ ਤੋਂ ਸੀ. ਐਮ. ਈ. ਐੱਸ. ਦਾ ਚਲਣ ਕਾਫੀ ਵਧ ਗਿਆ ਹੈ। ਇਹ ਇੱਕ ਤਰ੍ਹਾਂ ਦੇ ਅਕਾਦਮਿਕ ਪ੍ਰੋਗਰਾਮ ਹੁੰਦੇ ਹਨ ਜਿਹਨਾਂ ਦਾ ਮਕਸਦ ਨਵੀਨਤਮ ਖੋਜਾਂ ਤੇ ਦਵਾਈਆਂ ਬਾਰੇ ਡਾਕਟਰਾਂ ਨੂੰ ਸਿੱਖਿਅਤ ਕਰਨਾ ਹੁੰਦਾ ਹੈ। ਪਰ ਅਸਲ ਵਿੱਚ ਮੈਡੀਕਲ ਸਿੱਖਿਆ ਨੂੰ ਨਿਰੰਤਰ ਜਾਰੀ ਰੱਖਣ ਦੇ ਨਾਮ ਹੇਠ ਇਹਨਾਂ ਸੀਐਮਈਐਸ ਦੇ ਬਹਾਨੇ ਕੰਪਨੀਆਂ ਵੱਲੋਂ ਵੱਡੀਆਂ-ਵੱਡੀਆਂ ਪਾਰਟੀਆਂ ਅਤੇ ਮਹਿੰਗੇ ਖਾਣਿਆਂ ਦਾ ਆਯੋਜਨ ਕੀਤਾ ਜਾਂਦਾ ਹੈ। ਇਹ ਪਾਰਟੀਆਂ ਦੋ-ਤਿੰਨ ਘੰਟੇ ਦੇ ਪ੍ਰੋਗਰਾਮ ਤੋਂ ਲੈ ਕੇ ਤਿੰਨ-ਚਾਰ ਦਿਨਾਂ ਦੀਆਂ ਕਾਨਫਰੰਸਾਂ ਦੇ ਰੂਪ ਵਿੱਚ ਹੁੰਦੀਆਂ ਹਨ। ਇਹਨਾਂ ਦਾ ਲਗਭਗ ਸਾਰਾ ਖਰਚਾ, ਇੱਥੋਂ ਤੱਕ ਕਿ ਡਾਕਟਰਾਂ ਦੇ ਆਉਣ-ਜਾਣ ਅਤੇ ਰਹਿਣ ਦਾ ਖਰਚਾ, ਵਿੱਚ ਹਵਾਈ ਸਫਰ ਦੀਆਂ ਟਿਕਟਾਂ ਵੀ ਸ਼ਾਮਲ ਹੋ ਸਕਦੀਆਂ ਹਨ, ਇਸ ਸਭ ਦਾ ਖਰਚਾ ਕੰਪਨੀਆਂ ਵੱਲੋਂ ਕੀਤਾ ਜਾਂਦਾ ਹੈ। ਇਹਨਾਂ ਕਾਨਫਰੰਸਾ ਦੌਰਾਨ ਬੁਲਾਰੇ ਆਮ ਤੌਰ 'ਤੇ ਕੰਪਨੀ ਦੁਆਰਾ ਤਿਆਰ ਕੀਤਾ ਭਾਸ਼ਣ ਹੀ ਪੜ੍ਹਦੇ ਹਨ ਅਤੇ ਕੰਪਨੀ ਦੀ ਦਵਾਈ ਦੇ ਬਰਾਂਡ ਦੇ ਨਾਮ ਦੀ ਖਾਸ ਤੌਰ 'ਤੇ ਚਰਚਾ ਕਰਦੇ ਹਨ।

ਦੂਜੀ ਕਿਸਮ ਦੇ ਡਾਕਟਰਾਂ -ਪ੍ਰੋਫੈਸਰਾਂ ਦੇ ਕਾਰਨਾਮਿਆਂ ਵੱਲ ਵਧਦੇ ਹਾਂ। ਇਹਨਾਂ ਦੇ ਖੋਜ ਕਾਰਜਾਂ ਵਿੱਚ ਲੁਕੀ ਅਸਲ ਮਨਸ਼ਾ ਵੀ ਵੇਖ ਲਈਏ। ਕਿਸੇ ਵੀ ਦਵਾਈ ਨੂੰ ਆਮ ਵਰਤੋਂ ਵਿੱਚ ਲਿਆਉਣ ਤੋਂ ਪਹਿਲਾਂ ਉਸ ਦੀ ਕਈ ਪੱਖਾਂ ਤੋਂ ਪਰਖ ਕੀਤੀ ਜਾਂਦੀ ਹੈ ਅਤੇ ਇਸ ਪਰਖ ਵਿੱਚ ਦਵਾਈ ਦੇ ਚੰਗੇ ਅਸਰ ਦੇ ਪੁਖਤਾ ਸਬੂਤ ਮਿਲ਼ਣ ਤੋਂ ਬਾਅਦ ਹੀ ਦਵਾਈ ਆਮ ਵਰਤੋਂ ਲਈ ਜਾਰੀ ਕੀਤੀ ਜਾਂਦੀ ਹੈ। ਪਰ ਅਜਿਹੇ ਬਹੁਤ ਕੇਸ ਹਨ ਜਿੱਥੇ ਕੰਪਨੀਆਂ ਦਵਾਈ ਦੇ ਮਾੜੇ ਅਸਰਾਂ ਨੂੰ ਸਾਹਮਣੇ ਲਿਆਉਣ ਵਾਲ਼ੀਆਂ ਰਿਪੋਰਟਾਂ ਨੂੰ ਪ੍ਰਕਾਸ਼ਿਤ ਹੀ ਨਹੀਂ ਹੋਣ ਦਿੰਦੀਆਂ ਅਤੇ ਦਵਾਈ ਨੂੰ ਪ੍ਰਵਾਨਗੀ ਮਿਲ਼ ਜਾਂਦੀ ਹੈ। ਮਿਸਾਲ ਵਜੋਂ 'ਗਲੈਕਸੋ ਸਮਿਥਕਲਾਈਨ' (ਜੀ. ਐਸ. ਕੇ.) ਕੰਪਨੀ ਦੀ ਦਵਾਈ ਪੈਕਸਿਲ ਦੇ ਮਾਮਲੇ ਵਿੱਚ ਇਸ ਕੰਪਨੀ ਨੇ 74 ਪਰਖ ਰਿਪੋਰਟਾਂ ਵਿੱਚੋਂ ਨਕਾਰਾਤਮਕ ਨਤੀਜੇ ਦਿਖਾਉਂਦੀਆਂ 37 ਵਿੱਚੋਂ 33 ਰਿਪੋਰਟਾਂ ਬਾਹਰ ਹੀ ਨਹੀਂ ਆਉਣ ਦਿੱਤੀਆਂ। ਪੋਲ ਖੁੱਲ੍ਹਣ ਅਤੇ ਮੁਕੱਦਮਾ ਹੋਣ 'ਤੇ ਇਸੇ ਕੰਪਨੀ ਨੇ 25 ਲੱਖ ਡਾਲਰ ਦਾ ਹਰਜਾਨਾ ਭਰਨਾ ਕਬੂਲ ਕਰ ਲਿਆ, ਪਰ ਉਸ ਸਮੇਂ ਤੱਕ ਇਹੀ ਦਵਾਈ ਕੰਪਨੀ ਨੂੰ 2.7 ਅਰਬ ਡਾਲਰ ਦਾ ਮੁਨਾਫਾ ਦੇ ਚੁਕੀ ਸੀ। ਇਸੇ ਤਰ੍ਹਾਂ ਫਾਈਜਰ ਕੰਪਨੀ ਦੀ 'ਨਿਊਰੋਨਟਿਨ' ਨਾਮੀਂ ਦਵਾਈ ਨੂੰ ਮਿਰਗੀ ਦੀ ਇੱਕ ਖਾਸ ਕਿਸਮ ਲਈ ਵਰਤੋਂ ਦੀ ਪ੍ਰਵਾਨਗੀ ਮਿਲ਼ੀ ਪਰ ਕੰਪਨੀ ਨੇ ਇਹਨਾਂ 'ਰੁਤਬੇ ਵਾਲ਼ੇ ਡਾਕਟਰਾਂ', "ਮਾਹਰ ਸਿਹਤ ਵਿਗਿਆਨੀਆਂ" ਨਾਲ਼ ਮਿਲ਼ ਕੇ ਇਸ ਨੂੰ ਮਿਰਗੀ ਤੋਂ ਇਲਾਵਾ ਵੀ, ਸਿਰਦਰਦ ਤੋਂ ਲੈ ਕੇ ਮੂਡ ਦੀਆਂ ਮਾਨਸਿਕ ਬਿਮਾਰੀਆਂ ਤੱਕ ਦੇ ਇਲਾਜ ਲਈ ਪ੍ਰਚਾਰਿਆ ਅਤੇ 2.7 ਅਰਬ ਡਾਲਰ ਵੱਧ ਕਮਾਏ। ਪੋਲ ਖੁੱਲ੍ਹਣ 'ਤੇ 43 ਕਰੋੜ ਡਾਲਰ ਹਰਜਾਨਾ ਭਰਿਆ ਤੇ ਬਾਕੀ ਮੁਨਾਫਾ ਕੰਪਨੀ ਦੇ ਖਾਤੇ ਵਿੱਚ।

ਇੱਕ ਹੋਰ ਤਰੀਕਾ ਹੈ ਇਹਨਾਂ ਕੰਪਨੀਆਂ ਕੋਲ਼ ਮੁਨਾਫਾ ਕਮਾਉਣ ਦਾ ਉਹ ਇਹ ਕਿ ਲੋਕਾਂ ਦੇ ਸੁਭਾਅ ਵਿੱਚ ਕਿਸੇ ਆਮ ਪਾਏ ਜਾਣ ਵਾਲ਼ੇ ਲੱਛਣ ਨੂੰ ਜਾਂ ਛੋਟੀ-ਮੋਟੀ ਬਿਮਾਰੀ ਨੂੰ ਬਹੁਤ ਖਤਰਨਾਕ ਜਾਂ ਭਿਆਨਕ ਬਣਾ ਕੇ ਪੇਸ਼ ਕਰੋ ਤੇ ਲੋਕਾਂ ਨੂੰ ਇਸ ਦਾ ਇਲਾਜ ਕਰਵਾਉਣ ਲਈ ਪ੍ਰੇਰਿਤ ਕਰੋ। ਕਿਉਂਕਿ ਇਸ ਤਰ੍ਹਾਂ ਦੀਆਂ 'ਬਿਮਾਰੀਆਂ' ਲੋਕਾਂ ਦੇ ਵੱਡੇ ਹਿੱਸੇ ਵਿੱਚ ਪਾਈਆਂ ਜਾਂਦੀਆਂ ਹਨ, ਇਸ ਲਈ ਦਵਾਈਆਂ ਦੀ ਵਿੱਕਰੀ ਵੀ ਚੋਖੀ ਹੁੰਦੀ ਹੈ ਤੇ ਮੁਨਾਫਾ ਵੀ ਚੋਖਾ। 1980 ਤੱਕ ਸੰਗ ਜਾਂ ਸ਼ਰਮੀਲਾਪਣ ਕਿਸੇ ਕਿਸਮ ਦੀ ਬਿਮਾਰੀ ਨਹੀਂ ਸੀ, 1980 ਵਿੱਚ ਇਸੇ ਸੰਗ-ਸ਼ਰਮੀਲੇਪਣ ਨੇ ਕੰਪਨੀਆਂ ਦੇ ਹਿੱਤਾਂ ਦੀ ਰਾਖੀ ਕਰਦੇ ਹੋਏ 'ਮਾਨਸਿਕ ਰੋਗਾਂ ਦੀ ਲਿਸਟ' ਵਿੱਚ 'ਸੋਸ਼ਲ ਫੋਬੀਆ' ਦੇ ਨਾਂ 'ਤੇ ਐਂਟਰੀ ਮਾਰੀ ਤੇ 1994 ਵਿੱਚ ਇਹ ਇੱਕ 'ਸੋਸ਼ਲ ਐਂਗਜਾਈਟੀ ਡਿਸਆਰਡਰ' ਨਾਂ ਦੀ ਭਿਆਨਕ ਬਿਮਾਰੀ ਬਣ ਗਈ ਜਿਸ ਦਾ ਇਲਾਜ ਕਰਵਾਉਣਾ ਬਹੁਤ ਹੀ ਜਰੂਰੀ ਹੈ ਤੇ ਉਹ ਵੀ ਦਵਾਈਆਂ ਨਾਲ਼, ਨਾ ਕਿ ਹੋਰ ਕਿਸੇ ਤਰੀਕੇ ਨਾਲ਼। ਅਤੇ ਇਸ ਤਰ੍ਹਾਂ 1999 ਵਿੱਚ ਜੀ.ਐਸ.ਕੇ. ਕੰਪਨੀ ਨੇ ਆਪਣੀ ਦਵਾਈ 'ਪੈਕਸਿਲ' ਨੂੰ ਇਸ "ਭਿਆਨਕ ਬਿਮਾਰੀ" ਦਾ ਇਲਾਜ ਕਰਨ ਲਈ ਦਵਾਈਆਂ ਵੇਚਕੇ ਅਥਾਹ ਮੁਨਾਫਾ ਕਮਾਇਆ। ਖੁਦ 'ਪੈਕਸਿਲ' ਦੇ ਡਾਇਰੈਕਟਰ ਬੈਰੀ ਬਰਾਂਡ ਨੇ ਕਿਹਾ ਸੀ "ਹਰੇਕ ਵਪਾਰੀ ਦਾ ਸੁਪਨਾ ਹੁੰਦਾ ਹੈ ਇੱਕ ਅਣਜਾਣ ਤੇ ਨਵੀਂ ਮੰਡੀ ਨੂੰ ਲੱਭਣਾ ਤੇ ਵਿਕਸਿਤ ਕਰਨਾ। 'ਸੋਸ਼ਲ ਐਂਗਜਾਈਟੀ ਡਿਸਆਰਡਰ' ਦੇ ਸਬੰਧ ਵਿੱਚ ਅਸੀਂ ਇਹੀ ਕਰਨ ਵਿੱਚ ਕਾਮਯਾਬ ਰਹੇ।"

ਤਾਜੀ ਵਾਪਰੀ ਘਟਨਾ ਬਾਰੇ ਵੀ ਗੱਲ ਕਰ ਲਈਏ। ਕੁੱਝ ਦਿਨ ਪਹਿਲਾਂ ਹੀ 'ਮਾਈਕ੍ਰੋ ਲੈਬਸ ਲਿਮੀਟੇਡ' ਨਾਂ ਦੀ ਇੱਕ ਕੰਪਨੀ ਵੱਲੋਂ ਡਾਕਟਰਾਂ ਨੂੰ ਤੋਹਫੇ ਦੇਣ, ਸੈਮੀਨਾਰ ਕਰਾਉਣ ਆਦਿ ਬਹਾਨੇ ਦਵਾਈਆਂ ਦੇ ਪ੍ਰਚਾਰ ਉੱਤੇ 1000 ਕਰੋੜ ਰੁਪਏ ਖਰਚਣ ਦਾ ਇਲਜ਼ਾਮ ਲੱਗਿਆ ਹੈ। ਇਹ ਉਹੋ ਕੰਪਨੀ ਹੈ ਜੋ ਡੋਲੋ 650 ਨਾਮ ਦੀ ਦਵਾਈ ਬਣਾਉਂਦੀ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਕਰੋਨਾ ਕਾਲ ਵੇਲ਼ੇ ਵੱਡੇ ਪੱਧਰ ਉੱਤੇ ਡਾਕਟਰਾਂ ਵੱਲੋਂ ਡੋਲੋ ਦਵਾਈ ਲਿਖੀ ਗਈ। ਡੋਲੋ ਤੋਂ ਕੀਤਾ ਜਾਂਦਾ 30-35 ਕਰੋੜ ਦਾ ਮੁਨਾਫਾ ਕਰੋਨਾ ਤੋਂ ਬਾਅਦ 500 ਕਰੋੜ ਤੱਕ ਪਹੁੰਚ ਗਿਆ ਜੋ ਕਿ ਕੰਪਨੀ ਦੀ ਕੁੱਲ ਵਿੱਕਰੀ ਦਾ 40 ਫੀਸਦੀ ਬਣਦਾ ਹੈ। ਅਜਿਹੀਆਂ ਦਵਾ ਕੰਪਨੀਆਂ ਵੱਲੋਂ ਬੀਮਾਰੀਆਂ ਨੂੰ 2 ਤਰ੍ਹਾਂ ਨਾਲ਼ ਵੇਖਿਆ ਜਾਂਦਾ ਹੈ। ਇੱਕ ਪਾਸੇ ਦਿਲ ਦੀਆਂ ਬੀਮਾਰੀਆਂ, ਮਾਨਸਿਕ ਰੋਗ, ਸ਼ੂਗਰ, ਚਮੜੀ ਰੋਗ ਆਦਿ ਅਜਿਹੀਆਂ ਬੀਮਾਰੀਆਂ ਹਨ ਜਿਨ੍ਹਾਂ ਦਾ ਇਲਾਜ ਸਾਲਾਂ ਬੱਧੀ ਲੰਮਾ ਚੱਲਦਾ ਹੈ, ਜਿਹਨਾਂ ਨੂੰ ਸਿਹਤ ਵਿਗਿਆਨ ਦੀ ਭਾਸ਼ਾ ਵਿੱਚ 'ਕ੍ਰੋਨਿਕ ਬੀਮਾਰੀਆਂ' ਕਿਹਾ ਜਾਂਦਾ ਹੈ। ਦੂਜੇ ਪਾਸੇ ਉਹ ਬੀਮਾਰੀਆਂ ਹਨ ਜਿਨ੍ਹਾਂ ਦਾ ਇਲਾਜ ਬਹੁਤ ਥੋੜ ਚਿਰਾ ਹੁੰਦਾ ਹੈ, ਇਹਨਾਂ ਨੂੰ ਸਿਹਤ ਵਿਗਿਆਨ ਦੀ ਭਾਸ਼ਾ ਵਿੱਚ 'ਐਕਿਊਟ ਬੀਮਾਰੀਆਂ' ਕਿਹਾ ਜਾਂਦਾ ਹੈ। ਕੰਪਨੀਆਂ ਦੀ ਰੁਚੀ ਡਾਕਟਰਾਂ ਨੂੰ ਕਰੋਨਿਕ ਬਿਮਾਰੀਆਂ ਲਈ ਵੱਧ ਤੋਂ ਵੱਧ ਦਵਾਈਆਂ ਲਿਖਣ ਲਈ ਉਤਸ਼ਾਹਤ ਕਰਨ ਵਿੱਚ ਹੁੰਦੀ ਹੈ। ਕੰਪਨੀਆਂ ਇਸ ਲਈ ਡਾਕਟਰਾਂ ਨੂੰ ਕੋਈ ਸਿੱਧਾ ਨਿਰਦੇਸ਼ ਨਹੀਂ ਦਿੰਦੀਆਂ। ਕੰਪਨੀਆਂ ਵੱਲੋਂ ਆਪਣੀਆਂ ਦਵਾਈਆਂ ਦੀ ਵਿੱਕਰੀ ਵਧਾਉਣ ਲਈ ਡਾਕਟਰਾਂ ਵਿੱਚ ਇਹ "ਨਿਵੇਸ਼" ਵੱਖ-ਵੱਖ ਤਰੀਕਿਆਂ ਨਾਲ਼ ਹੁੰਦਾ ਹੈ। ਮਿਸਾਲ ਵਜੋਂ ਕੰਪਨੀ ਕਿਸੇ ਕ੍ਰੋਨਿਕ ਬੀਮਾਰੀ ਉੱਤੇ ਕਾਨਫਰੰਸ ਰੱਖ ਕੇ ਉਸ ਲਈ ਇੱਕ ਡਾਕਟਰ ਨੂੰ ਸਪਾਂਸਰ ਕਰੇਗੀ ਅਤੇ ਡਾਕਟਰ ਦੇ ਪਰਿਵਾਰ ਲਈ, ਉਸਦੇ ਆਉਣ ਜਾਣ ਅਤੇ ਰਹਿਣ ਆਦਿ ਦੇ ਸਾਰੇ ਖ਼ਰਚ ਨੂੰ ਸਪਾਂਸਰ ਕਰੇਗੀ। ਇਸ ਤਰ੍ਹਾਂ ਇਹਨਾਂ ਕੰਪਨੀਆਂ ਦਾ ਅਸਿੱਧੇ ਤਰੀਕੇ ਰਾਹੀਂ ਡਾਕਟਰ ਨਾਲ਼ ਕ੍ਰੋਨਿਕ ਬੀਮਾਰੀਆਂ ਲਈ ਦਵਾਈਆਂ ਲਿਖਣ ਦਾ ਇੱਕ ਤਰ੍ਹਾਂ ਦਾ ਇਕਰਾਰਨਾਮਾ ਹੋ ਜਾਂਦਾ ਹੈ, ਜੋ ਕਿ ਕਈ ਵਾਰੀ ਸਾਲਾਂ ਬੱਧੀ ਵੀ ਚੱਲਦਾ ਹੈ। ਅਤੇ ਨਾਲ਼ ਹੀ ਦਵਾ ਕੰਪਨੀਆਂ ਕਨੂੰਨੀ ਤੌਰ 'ਤੇ ਪੂਰੀ ਤਰ੍ਹਾਂ ਬਚ ਨਿੱਕਲਦੀਆਂ ਹਨ। ਮਾਈਕਰੋ ਲੈਬਜ ਨੂੰ ਅਜਿਹੇ ਤਰੀਕੇ ਅਪਨਾਉਣ ਵਾਲ਼ੀਆਂ ਸਭ ਤੋਂ ਮਾਹਰ ਕੰਪਨੀਆਂ ਵਿੱਚੋਂ ਇੱਕ ਵਿੱਚ ਗਿਣਿਆ ਜਾਂਦਾ ਹੈ।

ਕਹਿਣ ਨੂੰ ਤਾਂ ਭਾਰਤ ਨੂੰ ਤੀਜੀ ਦੁਨੀਆਂ ਦੇ ਦੇਸ਼ਾਂ ਦੀ ਫਾਰਮੇਸੀ ਕਿਹਾ ਜਾਂਦਾ ਹੈ। ਪਰ ਇਹ ਵੀ ਓਨਾ ਹੀ ਸੱਚ ਹੈ ਕਿ ਇੱਥੇ ਬਣਦੀਆਂ ਦਵਾਈਆਂ ਵਿੱਚ ਹੁੰਦੀ ਮਿਲਾਵਟ ਦੀ ਪਰਖ ਸਹੀ ਤਰੀਕੇ ਨਾਲ਼ ਨਹੀਂ ਹੁੰਦੀ। ਦਵਾਈਆਂ ਵਿੱਚ ਮਿਲਾਵਟ ਜਾਚਣ ਵਾਸਤੇ ਬਹੁਤੇ ਜ਼ਰੂਰੀ 'ਮਿਲਾਵਟ ਟੈਸਟ' ਭਾਰਤ ਵਿੱਚ ਕੀਤੇ ਹੀ ਨਹੀਂ ਜਾਂਦੇ। ਇੱਕ ਅੰਕੜੇ ਮੁਤਾਬਕ ਕਰਨਾਟਕ, ਮਹਾਰਾਸ਼ਟਰ, ਕੇਰਲ ਅਤੇ ਗੋਆ ਦੀਆਂ ਪ੍ਰਯੋਗਸ਼ਾਲਾਵਾਂ 'ਮਿਲਾਵਟ ਟੈਸਟ' ਨਾਂ-ਮਾਤਰ ਕਰਦੀਆਂ ਹਨ। ਜੰਮੂ-ਕਸ਼ਮੀਰ, ਹਿਮਾਚਲ ਪ੍ਰਦੇਸ਼ ਅਤੇ ਆਂਧਰਾ ਪ੍ਰਦੇਸ਼ ਦੀਆਂ ਪ੍ਰਯੋਗਸ਼ਾਲਾ ਵਿੱਚ ਤਾਂ ਇਹ ਟੈਸਟ ਕਦੇ ਹੋਏ ਹੀ ਨਹੀਂ। ਹਿਮਾਚਲ ਪ੍ਰਦੇਸ਼ ਦੇ ਕੰਡਾ ਘਾਟ ਵਿੱਚ ਲਗਭਗ 40 ਸਾਲ ਪੁਰਾਣੀ ਕੰਪੋਜਿਟ ਟੈਸਟਿੰਗ ਪ੍ਰਯੋਗਸ਼ਾਲਾ ਹੈ। ਪਰ ਸੂਬੇ ਦੀ ਇਸ ਇਕਲੌਤੀ ਪ੍ਰਯੋਗਸ਼ਾਲਾ ਵਿੱਚ ਵੀ ਟੈਸਟ ਲਈ ਸਿਰਫ ਇੱਕੋ ਮਸ਼ੀਨ ਹੈ, ਜਿਸ ਨਾਲ਼ ਸਾਲ ਵਿੱਚ ਸਿਰਫ 365 ਨਮੂਨਿਆਂ ਦੀ ਹੀ ਜਾਂਚ ਹੋ ਸਕਦੀ ਹੈ ਜਦਕਿ ਸਲਾਨਾ 2000 ਨਮੂਨੇ ਜਾਂਚ ਲਈ ਹਰ ਸਾਲ ਇੱਥੇ ਪੁੱਜਦੇ ਹਨ। ਆਂਧਰਾ ਪ੍ਰਦੇਸ਼ ਵਿੱਚ ਵੀ ਇਹੋ ਸਮੱਸਿਆ ਹੈ, ਇੱਥੇ ਹਰ ਸਾਲ 4000 ਤੋਂ ਵੱਧ ਨਮੂਨੇ ਪਰੀਖਣ ਲਈ ਆਉਂਦੇ ਹਨ। ਇਸ ਲਈ ਮਿਲਾਵਟ ਸਬੰਧੀ ਟੈਸਟ ਕੀਤੇ ਹੀ ਨਹੀਂ ਜਾਂਦੇ। ਮਹੱਤਵਪੂਰਨ ਗੱਲ ਇਹ ਹੈ ਕਿ ਆਂਧਰਾ ਪ੍ਰਦੇਸ਼ ਅਤੇ ਹਿਮਾਚਲ ਪ੍ਰਦੇਸ਼ ਦੋਵੇਂ ਹੀ ਦਵਾਈ ਖੇਤਰ ਲਈ ਪੈਦਾਵਾਰ ਅਤੇ ਬਰਾਮਦ ਦੇ ਗੜ੍ਹ ਮੰਨੇ ਜਾਂਦੇ ਹਨ। ਇਕੱਲਾ ਹਿਮਾਚਲ ਪ੍ਰਦੇਸ਼ ਪੂਰੇ ਏਸ਼ੀਆ ਵਿੱਚ ਦਵਾਈਆਂ ਦੀ 35 ਫੀਸਦੀ ਮੰਗ ਨੂੰ ਪੂਰਿਆਂ ਕਰਦਾ ਹੈ।

ਹੁਣ ਏਨੀ ਵੱਡੀ ਪੱਧਰ ਉੱਤੇ ਦਵਾਈਆਂ ਦੀ ਸਪਲਾਈ ਕਰਨ ਵਾਲ਼ੇ ਦੇਸ਼ ਲਈ ਦਵਾਈਆਂ ਦੀ ਗੁਣਵੱਤਾ ਚੈੱਕ ਕਰਨ ਦੇ ਪੂਰੇ ਪ੍ਰਬੰਧ ਹੋਣੇ ਚਾਹੀਦੇ ਹਨ ਨਹੀਂ ਤਾਂ ਓਨੇ ਹੀ ਵਿਆਪਕ ਘੇਰੇ ਦੇ ਲੋਕਾਂ ਦੀਆਂ ਜ਼ਿੰਦਗੀਆਂ ਖਤਰੇ ਵਿੱਚ ਪੈ ਸਕਦੀਆਂ ਹਨ। ਸਰਕਾਰਾਂ ਸਮੇਤ ਇਹ ਦਵਾਈਆਂ ਦੀ ਗੁਣਵੱਤਾ ਉੱਤੇ ਨਿਗਰਾਨੀ ਰੱਖਣ ਵਾਲ਼ੀਆਂ ਸੰਸਥਾਵਾਂ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਅਜਿਹੀਆਂ ਜਾਨਲੇਵਾਂ ਦਵਾਈਆਂ ਬਣਨੋਂ ਰੋਕਣ ਲਈ ਪੁਖਤਾ ਪ੍ਰਬੰਧ ਕੀਤੇ ਜਾਣ ਪਰ ਸਰਕਾਰਾਂ ਦੇ ਥਾਪੜੇ ਨਾਲ਼ ਦਵਾ ਕੰਪਨੀਆਂ ਦੇ ਕਾਰੋਬਾਰੀਆਂ ਦੇ ਹੌਂਸਲੇ ਏਨੇ ਬੁਲੰਦ ਹਨ ਕਿ ਉਹਨਾਂ ਦੇ ਮਾਹਰ ਉਲਟਾ ਇਹ ਬਿਆਨ ਦੇ ਰਹੇ ਹਨ ਕਿ ਇਹ ਦਰਾਮਦ ਕਰਨ ਵਾਲ਼ੇ ਦੇਸ਼ ਦੀ ਜ਼ਿੰਮੇਵਾਰੀ ਹੈ ਕਿ ਉਹ ਦਵਾਈਆਂ ਨੂੰ ਆਪਣੀ ਮੰਡੀ ਵਿੱਚ ਜਾਰੀ ਕਰਨ ਤੋਂ ਪਹਿਲਾਂ ਉਨ੍ਹਾਂ ਦੀ ਜਾਂਚ ਕਰੇ। ਉਂਞ ਤੀਜੀ ਦੁਨੀਆਂ ਦੇ ਦੇਸ਼ਾਂ ਵਿੱਚ ਅਜਿਹੇ ਜਾਂਚ ਪ੍ਰਬੰਧਾਂ ਦੀ ਘਾਟ ਕਾਰਨ ਵੀ ਦਵਾਈ ਕੰਪਨੀਆਂ ਇਹਨਾਂ ਦੇਸ਼ਾਂ ਵਿੱਚ ਘੱਟ ਗੁਣਵੱਤਾ ਅਤੇ ਮਿਲਾਵਟ ਵਾਲ਼ੀਆਂ ਹਾਨੀਕਾਰਕ ਦਵਾਈਆਂ ਨੂੰ ਜ਼ਿਆਦਾ ਅਸਾਨੀ ਨਾਲ਼ ਵੇਚਣ ਵਿੱਚ ਕਾਮਯਾਬ ਹੋ ਜਾਂਦੀਆਂ ਹਨ ਅਤੇ ਇਸ ਤਰ੍ਹਾਂ ਇੱਥੋਂ ਬੇਹਿਸਾਬ ਮੁਨਾਫਾ ਕੁੱਟਦੀਆਂ ਹਨ।

ਇਸ ਸਭ ਕਾਸੇ ਤੋਂ ਸਹਿਜੇ ਹੀ ਅੰਦਾਜਾ ਲਾਇਆ ਜਾ ਸਕਦਾ ਹੈ ਕਿ ਲੋਕਾਂ ਦੀ ਸਿਹਤ ਨਾਲ਼ ਕਿਸ ਹੱਦ ਤੱਕ ਖਿਲਵਾੜ ਹੋ ਰਿਹਾ ਹੈ। ਅਜਿਹੇ ਹਲਾਤ ਵਿੱਚ ਸਵਾਲ ਸਿਰਫ ਸੋਨੀਪਤ ਵਿੱਚ ਖੰਘ ਦੀ ਦਵਾਈ ਰਾਹੀਂ 66 ਬੱਚਿਆਂ ਦੀ ਮੌਤ ਦਾ ਕਾਰਨ ਬਣਨ ਵਾਲ਼ੀ ਇੱਕ ਕੰਪਨੀ ਨੂੰ ਬੰਦ ਕਰਾਉਣ ਦਾ ਜਾਂ 'ਮਾਈਕ੍ਰੋ ਲੈਬਸ' ਵਰਗੀ ਕਿਸੇ ਇੱਕ ਕੰਪਨੀ ਦਾ ਪਾਜ ਉਘੇੜਾ ਕਰਕੇ ਸੰਤੁਸ਼ਟ ਹੋ ਜਾਣ ਦਾ ਨਹੀਂ ਹੈ। ਸਗੋਂ ਅਜਿਹੀ ਇੱਕ ਅੱਧੀ ਕੰਪਨੀ ਦੀ ਬਲ਼ੀ ਦੇ ਕੇ ਸਰਮਾਏਦਾਰਾ ਪ੍ਰਬੰਧ ਅਤੇ ਮੁਨਾਫੇ 'ਤੇ ਅਧਾਰਿਤ ਇਸਦਾ ਪੂਰੇ ਦਾ ਪੂਰਾ ਸਿਹਤ ਪ੍ਰਬੰਧ ਤੇ ਦਵਾ ਸਨਅਤ ਆਪ ਬੜੀ ਸਫਾਈ ਨਾਲ਼ ਬਚ ਨਿੱਕਲ਼ਦੀ ਹੈ। ਭਾਵੇਂ ਹਰਿਆਣਾ ਸਥਿਤ ਇਸ 'ਮੇਡਨ ਫਾਰਮਾਸਿਊਟੀਕਲ' ਨਾਮ ਦੀ ਕੰਪਨੀ ਨੂੰ ਬੰਦ ਕਰ ਦਿੱਤਾ ਗਿਆ ਹੈ ਪਰ ਜਦ ਪੂਰਾ ਤਲਾਅ ਹੀ ਗੰਦਾ ਹੈ ਤਾਂ ਉਸ ਵਿੱਚੋਂ ਇੱਕ ਮਾੜੀ ਮੱਛੀ ਨੂੰ ਮਾਰ ਦੇਣ ਨਾਲ਼ ਕੀ ਸਭ ਠੀਕ ਹੋ ਜਾਵੇਗਾ? ਬਿਲਕੁਲ ਨਹੀਂ। ਹੁਣ ਇਸ ਮੁਸ਼ਕ ਮਾਰਦੇ ਤਲਾਅ ਨੂੰ ਪੂਰਨ ਦਾ ਵੇਲਾ ਆ ਗਿਆ ਹੈ। ਇਸ ਗਲ਼ ਸੜ ਚੁੱਕੇ ਸਰਮਾਏਦਾਰਾ ਪ੍ਰਬੰਧ ਨੂੰ ਖਤਮ ਕਰਨ ਲਈ ਅੱਗੇ ਆਉਣਾ ਹੋਵੇਗਾ। ਇੱਕ-ਇੱਕ ਦਿਨ ਦੀ ਦੇਰੀ ਪਤਾ ਨਹੀਂ ਕਿੰਨੇ ਹੋਰ ਮਾਸੂਮ ਬੱਚਿਆਂ ਦੀ ਜਾਨ ਲੈ ਲਵੇ। ਲੂ ਸ਼ੁਨ ਦੇ ਸ਼ਬਦਾਂ ਵਿੱਚ- ਆਓ ਇਹਨਾਂ ਬੱਚਿਆਂ ਨੂੰ ਬਚਾਅ ਲਈਏ।

**ਲਲਕਾਰ 'ਚੋਂ ਧੰਨਵਾਦ ਸਹਿਤ**

# ਸਾਮਰਾਜ ਦਾ ਅੰਤ, ਮਨੁੱਖਤਾ ਦੀ ਮੁਕਤੀ

-ਦਲਜੀਤ




ਦੁਨੀਆਂ ਦੇ ਲੋਕਾਂ ਉੱਤੇ ਜਮਹੂਰੀਅਤ ਦੇ ਨਾਂ ਹੇਠ ਅੰਧਾ-ਧੁੰਦ ਜਬਰ, ਲੁੱਟ-ਖਸੁੱਟ, ਕਤਲੇਆਮ, ਹਮਲੇ, ਕਬਜੇ, ਨਾਪਾਮ ਬੰਬਾਂ, ਐਟਮ-ਬੰਬਾਂ ਦੀ ਬੇਦਰੇਗ ਤੇ ਬੇਰਹਿਮ ਵਰਤੋਂ ਕਰਨ ਵਾਲੇ ਅਮਰੀਕਨ ਸਾਮਰਾਜ ਦਾ ਹਾਲੇ ਤੱਕ ਹੋਰ ਕੋਈ ਸ਼ਰੀਕ ਸਾਮਰਾਜੀ ਮੁਲਕ ਸ਼ਾਨੀ ਨਹੀਂ ਹੈ, ਪਰ ਅੱਜ ਇਹ ਅਮਰੀਕਾ ਤੇ ਨਾਟੋ ਰਲ ਕੇ ਯੂਕਰੇਨ ਵਿਚਲੀ ਜਮਹੂਰੀਅਤ ਨੂੰ ਬਚਾਉਣ ਅਤੇ ਤਾਨਾਸ਼ਾਹ ਰੂਸ ਨੂੰ ਕਮਜ਼ੋਰ ਕਰਨ ਤੇ ਘੇਰ ਕੇ ਰੱਖਣ ਲਈ ਯੂਕਰੇਨ ਨੂੰ ਟਨਾਂ ਮੂੰਹੀਂ ਬੰਬ, ਬਰੂਦ, ਮਿਜਾਈਲਾਂ ਅਤੇ ਬਿਲੀਅਨ ਡਾਲਰਾਂ ਦੀ ਮੱਦਦ ਅਤੇ ਨਵੀਂ ਤਕਨੀਕ ਦੇ ਹਥਿਆਰਾਂ ਦੀ ਜੰਗ ਵਿਚ ਸਿੱਧੀ ਸਿਖਲਾਈ ਨਾਲ ਯੂਕਰੇਨ ਵਿਚਲੀ ਪਰੌਕਸੀ ਜੰਗ ਨੂੰ ਕਿਸੇ ਤਰਾਂ ਵੀ ਮੱਠਾ ਨਹੀਂ ਪਾ ਰਹੇ ਸਗੋਂ ਇਸਨੂੰ ਹੋਰ ਵਿਸ਼ਾਲ ਤੇ ਤਿੱਖੀ ਕਰਕੇ ਲਾਂਬੂ ਲਾ ਰਹੇ ਹਨ ਜਦ ਕਿ ਰੂਸੀ ਸਾਮਰਾਜ ਨੇ ਯੂਕਰੇਨ 'ਤੇ ਹਮਲੇ ਕਰ ਕਰ, ਇਸ ਨੂੰ ਹੜੱਪਣ ਜਾਂ ਆਪਣੀ ਧੌਂਸ ਹੇਠ ਰੱਖਣ ਦੇ ਨਜ਼ਰੀਏ ਤਹਿਤ, ਇਸਦੇ ਦੱਖਣ ਪੂਰਬੀ ਖਿੱਤਿਆਂ 'ਤੇ ਕਬਜਾ ਕਰੀ ਬੈਠਾ ਹੈ। ਹੁਣ ਉਸਦਾ ਕਹਿਣਾ ਹੈ ਕਿ ਯੂਕਰੇਨ (ਜਾਂ ਅਮਰੀਕਾ-ਨਾਟੋ) ਵੱਲੋਂ ਕੀਤੇ ਕਿਸੇ ਵੀ ਦਹਿਸਤੀ ਹਮਲੇ ਦੀ ਸ਼ੂਰਤ ਵਿਚ ਆਪਣੇ ਦੇਸ਼ ਦੀ ਏਕਤਾ-ਅਖੰਡਤਾ ਦੀ ਰਾਖੀ ਲਈ ਉਹ ਕੋਈ ਵੀ ਹੀਲਾ ਤੇ ਹਥਿਆਰ ਵਰਤ ਸਕਦਾ ਹੈ। ਉਸਦਾ ਇਹ ਵੀ ਕਹਿਣਾ ਹੈ ਕਿ ਇਹ ਗੱਲ ਕਰਨ ਦਾ ਮਤਲਬ ਕੋਈ ਫੌਕਾ ਡਰਾਵਾ (ਬਲੱਫ) ਨਹੀਂ ਹੈ ਸਗੋਂ ਉਸ ਕੋਲ ਨਵੀਨ ਤੇ ਦੂਸਰਿਆਂ ਨਾਲੋਂ ਕਿਤੇ ਜਿਆਦਾ ਬੇਹਤਰ ਹਥਿਆਰ ਹਨ ਜਿਹਨਾਂ ਦੀ ਵਰਤੋਂ ਕਰਨੀ ਉਹ ਜਾਣਦਾ ਹੈ ਅਤੇ ਉਸਨੂੰ ਇਹ ਵੀ ਪਤਾ ਹੈ ਕਿ ਇਹਨਾਂ ਦੀ ਵਰਤੋਂ ਲੋੜ ਪੈਣ 'ਤੇ ਕਦੋਂ ਕਰਨੀ ਹੈ।ਰੂਸ ਹੁਣ "ਬਹੁ-ਧਰੁਵੀ ਸੰਸਾਰ" ਵਾਲੇ ਅਸੂਲ 'ਤੇ ਨਹੀਂ ਖੜਦਾ ਇਸ ਕਰਕੇ ਪੂਤਿਨ ਦਾ ਕਹਿਣਾ ਹੈ ਕਿ ਉਹ ਏਸ਼ੀਆ, ਅਫਰੀਕਾ ਤੇ ਲਤੀਨੀ ਅਮਰੀਕਾ ਦੇ ਪੱਖ 'ਚ ਪੱਛਮ ਦੀ ਚੌਧਰ ਵਿਰੁੱਧ ਲੜ ਰਿਹਾ ਹੈ ਜਦ ਕਿ ਇਹ ਆਪਣੇ ਆਈ.ਟੀ.ਐਸ. ਹਿੱਤਾਂ ਨੂੰ ਅੱਗੇ ਵਧਾਉਂਦਿਆਂ ਕਤਲੇਆਮ ਦੀ ਬੇਰਹਿਮ ਮਹਿੰਮ ਚਲਾ ਰਿਹਾ ਹੈ।ਆਪਣੇ ਧੜੇ ਨੂੰ ਮਜਬੂਤ ਕਰਨ ਅਤੇ ਹੋਰ ਮੁਲਕਾਂ ਨੂੰ ਨਾਲ ਲੈਣ ਲਈ ਮੁਹਿੰਮ 'ਤੇ ਚੜ੍ਹਿਆ ਹੋਇਆ ਹੈ।

ਅਮਰੀਕਾ ਤੇ ਨਾਟੋ ਦਾ ਸਾਰਾ ਜ਼ੋਰ, ਯੂਕਰੇਨ ਨੂੰ ਜਲਦੀ ਤੋਂ ਜਲਦੀ ਨਾਟੋ ਦਾ ਅੰਗ ਬਣਾਉਣ ਅਤੇ ਇਸ ਹਮਲੇ ਨੂੰ ਨਾਟੋ 'ਤੇ ਹਮਲਾ ਕਹਿਕੇ ਜੰਗ ਦਾ ਪਸਾਰਾ ਕਰਨ ਅਤੇ ਇਸਨੂੰ ਭੜਕਾਉਣ ਤੋਂ ਪਿੱਛੇ ਨਾ ਮੁੜਨ ਉੱਤੇ ਲੱਗਾ ਹੋਇਆ ਹੈ ਜਿਸ ਕਰਕੇ ਅਮਰੀਕਾ ਤੇ ਯੈਲੰਸਕੀ ਅੱਜ ਤੱਕ ਪਿੱਛੇ ਨਹੀਂ ਮੁੜੇ ਹਨ। ਅਮਰੀਕਨ ਅਤੇ ਯੂਰਪੀਅਨ ਅਧਿਕਾਰੀ ਇਸ ਗੱਲ 'ਤੇ ਸਹਿਮਤ ਹਨ ਕਿ ਅਗਲੇ ਕੁਝ ਹਫਤਿਆਂ ਦਾ ਸਮਾਂ ਖਾਸ ਤੌਰ 'ਤੇ ਖਤਰਨਾਕ ਸਿੱਧ ਹੋ ਸਕਦਾ ਹੈ ਜਿਸ ਵਿਚ ਨਿਊਕਲੀਅਰ ਜੰਗ ਭੜਕ ਜਾਣ ਦੀ ਸੰਭਾਵਨਾ ਹੈ।ਬਾਈਡਨ ਵੱਲੋਂ ਤਾਂ ਨਿਊਕਲੀਅਰ ਜੰਗ ਛੇੜਨ ਬਾਰੇ ਖੁਲ੍ਹੇਆਮ ਇਥੋਂ ਤੱਕ ਵੀ ਕਹਿ ਦਿੱਤਾ ਗਿਆ ਹੈ ਕਿ ਝਗੜੇ ਦਾ ਇਹ ਸਥਾਨ ਆਰਮਾਗੇਡਨ (ਮਹਾਂ-ਵਿਨਾਸ਼ ਵਾਲੀ ਅੰਤਮ ਤੇ ਫੈਸਲਾਕੁੰਨ ਲੜਾਈ ਦਾ ਸਥਾਨ) ਬਣਨ ਦੀ ਸੰਭਾਵਨਾ ਰੱਖਦਾ ਹੈ, ਭਾਵੇਂ ਕਿ ਨਾਟੋ ਦੇਸ਼ਾਂ 'ਚ ਉਰਜਾ ਸੰਕਟ ਦੇ ਇਕ ਅੰਗ ਗੈਸ ਸੰਕਟ ਦੇ ਬੱਦਲ ਮੰਡਲਾ ਰਹੇ ਹਨ ਅਤੇ ਇਸ ਨੂੰ ਮੁੱਖ ਰੱਖਕੇ ਨਾਟੋ 'ਚ ਕੁਝ ਤਰੇੜਾਂ ਦੀਆਂ ਸੰਭਾਵਨਾਵਾਂ ਹਨ ਪਰ ਫਿਰ ਵੀ ਦੋਨੋਂ ਸਾਮਰਾਜੀ ਧੜੇ ਅਮਰੀਕਾ-ਨਾਟੋ ਅਤੇ ਰੂਸ ਆਪਣੇ ਸ਼ਰੀਕ ਦੇ ਨਾਲ ਨਾਲ ਦੁਨੀਆਂ ਦੇ ਬਾਕੀ ਦੇਸ਼ਾਂ 'ਤੇ ਆਪੋ ਆਪਣਾ ਦਬ-ਦਬਾਅ (ਧੌਂਸ) ਜਮਾਉਣ ਲਈ ਇਸ ਪਰੌਕਸੀ ਜੰਗ ਨੂੰ ਆਪੋ-ਆਪਣੀ ਜਿੱਤ ਬਨਾਉਣ ਲਈ ਲੜ ਰਹੇ ਹਨ।

ਦੋਨੋਂ ਧਿਰਾਂ ਆਪੋ ਆਪਣੇ ਮੁਲਕਾਂ ਵਿਚ ਲੋਕ ਰਾਇ ਤਿਆਰ ਕਰ ਰਹੀਆਂ ਹਨ, ਅਮਰੀਕਾ ਦਾ ਕਹਿਣਾ ਹੈ ਕਿ ਉਹ ਇਸ ਜੰਗ 'ਚ ਕੋਈ ਪਾਰਟੀ ਨਹੀਂ ਹੈ, ਉਹ ਤਾਂ ਸਿਰਫ ਯੂਕਰੇਨ ਦੀ ਮੱਦਦ ਕਰ ਰਿਹਾ ਹੈ।ਉਸਦਾ ਕਹਿਣਾ ਹੈ ਕਿ ਯੂਕਰੇਨ ਕੋਲ ਨਿਊਕਲੀਅਰ ਹਥਿਆਰ ਨਹੀਂ ਹਨ।ਜੇਕਰ ਰੂਸ ਇਸ 'ਤੇ ਨਿਊਕਲੀਅਰ ਬੰਬ ਸੁੱਟੇਗਾ ਤਾਂ ਉਹ ਇਹਨਾਂ ਨਿਊਕਲੀਅਰ ਬੰਬਾਂ ਤੋਂ ਆਪਣੀ ਰਾਖੀ ਨਹੀਂ ਕਰ ਸਕਦਾ ਅਤੇ ਨਾ ਹੀ ਇਹਨਾਂ ਦਾ ਮੋੜਵਾਂ ਮੂੰਹ-ਤੋੜ ਜਵਾਬ ਦੇ ਸਕਦਾ ਹੈ। ਜਿੱਥੇ ਰੂਸ ਵੱਲੋਂ ਕੀਤਾ ਜਾਣ ਵਾਲਾ ਨਿਊਕਲੀਅਰ ਬੰਬ ਹਮਲਾ ਇਕ ਜੰਗੀ ਜੁਰਮ ਹੋਵੇਗਾ ਉੱਥੇ ਇਹ ਜੁਰਮ ਹੀਰੋਸੀਮਾ ਤੇ ਨਾਗਾਸ਼ਾਕੀ 'ਚ ਅਮਰੀਕਾ ਵੱਲੋਂ ਦੂਜੀ ਸੰਸਾਰ ਜੰਗ ਦੇ ਅੰਤ 'ਤੇ ਆਪਣੀ ਧੌਂਸ ਜਮਾਉਣ ਲਈ ਕੀਤੇ ਜੁਰਮ ਵਰਗਾ ਹੋਵੇਗਾ ਪਰ ਉਹ ਆਰਮਾਗੇਡਨ ਬਣਨ ਵਾਲੀ ਥਾਂ ਨਹੀਂ ਸੀ ਇਸ ਕਰਕੇ ਬਾਈਡਨ ਦੀ ਦਲੀਲ ਦਾ ਤੱਤ ਹੈ ਕਿ ਰੂਸ ਦਾ ਇਹ ਜੁਰਮ ਮਨੁੱਖਤਾ ਦੇ ਵਿਨਾਸ਼ ਵਾਲਾ ਹੈ। ਜਿੱਥੇ ਬਾਈਡਨ ਯੂਕਰੇਨ ਨੂੰ ਆਰਮਾਗੇਡਨ ਬਣਾਉਣ ਦੀ ਸੰਭਾਵਨਾ ਰਾਹੀਂ ਧਮਕੀ ਦੇਣ ਵਿਚ ਇਕ ਪਾਰਟੀ ਬਣ ਰਿਹਾ ਹੈ ਉੱਥੇ ਉਸ ਦਾ ਕਹਿਣਾ ਹੈ ਕਿ ਅਮਰੀਕਾ ਤੇ ਨਾਟੋ ਮੋੜਵਾਂ ਹਮਲਾ ਕਰਕੇ ਯੂਕਰੇਨ ਨੂੰ ਆਰਮਾਗੇਡਨ ਬਣਾ ਦੇਣਗੇ। ਇਹਨਾਂ ਸਾਮਰਾਜੀਆਂ ਨੂੰ ਮਹਾਂ-ਵਿਨਾਸ ਵਾਲੀ ਨਿਊਕਲੀਅਰ ਜੰਗ ਤੇ ਵਾਤਾਵਰਨੀ ਤਬਾਹੀ ਤੋਂ ਬਿਨਾਂ ਹੋਰ ਕੋਈ ਹੱਲ ਨਹੀਂ ਲੱਭ ਰਿਹਾ ਜੇਕਰ ਇਹਨਾਂ ਨੂੰ ਕੋਈ ਹੱਲ ਲੱਭਦਾ ਵੀ ਹੈ ਤਾਂ ਉਹ ਮਨੁੱਖਤਾ ਲਈ ਅੰਤਾਂ ਦੇ ਦੁੱਖ-ਤਕਲੀਫਾਂ ਸਮੇਤ ਮਨੁੱਖਤਾ ਦੇ ਵਿਨਾਸ਼ ਦਾ ਹੋਵੇਗਾ ਤੇ ਧਰਤ-ਗ੍ਰਹਿ ਨੂੰ ਮਨੁੱਖਤਾ ਦੇ ਰਹਿਣ-ਯੋਗ ਨਾ ਰਹਿਣ ਦੇਣ ਦਾ ਹੋਵੇਗਾ। ਨਹੀਂ ਤਾਂ ਕਿਸੇ ਵੱਲੋਂ ਵੀ ਇੱਥੋਂ ਪਿੱਛੇ ਮੁੜਨਾ ਹਾਰ ਕਬੂਲਣਾ ਹੀ ਹੋਵੇਗਾ।

ਨਿਊਕਲੀਅਰ ਜੰਗ ਦੇ ਖਤਰੇ ਦੌਰਾਨ ਇਰਾਨ ਦੀ ਬੇਖੌਫ ਇਨਕਲਾਬੀ ਲਹਿਰ ਜੋ ਇਸਲਾਮਿਕ ਰੀਪਬਲਿਕ ਦੇ ਸਮਾਂ-ਵਿਹਾ ਚੁੱਕੇ ਨਿਯਾਮ ਦੀ ਨੀਂਹ ਔਰਤ 'ਤੇ ਦਾਬਾ ਪਾਉਣ ਵਾਲੀ ਪਿਛਾਖੜੀ ਵਿਚਾਰਧਾਰਾ ਨੂੰ ਚੁਣੌਤੀ ਦਿੰਦੀ ਹੈ। ਲੋਕ ਗਲੀਆਂ, ਸੜਕਾਂ, ਚੁਰਾਹਿਆਂ, ਯੂਨਵਿਰਸਟੀ ਕੈਂਪਾਂ, ਤੇਲ ਕਾਰਖਾਨਿਆਂ, ਜੇਲ੍ਹਾਂ ਵਿਚ ਹੜਤਾਲਾਂ ਮੁਜਾਹਰੇ ਕਰ ਰਹੇ ਹਨ। ਉਹਨਾਂ ਦੀ ਮੰਗ ਤਨਖਾਹਾਂ ਵਧਾਉਣ ਜਾਂ ਬੇਹਤਰ ਹਾਲਤਾਂ ਤੱਕ ਸੀਮਤ ਨਹੀਂ ਹੈ ਨਾ ਹੀ ਉਹ ਇਥੋਂ ਤੱਕ ਸੀਮਤ ਰਹਿ ਕੇ ਲੜ ਰਹੇ ਹਨ ਸਗੋਂ ਉਹ ਤਾਂ ਇਕ ਬੇਹਤਰ ਸਮਾਜ ਤੇ ਚੰਗੇ ਸੰਸਾਰ ਲਈ ਲੜ ਰਹੇ ਹਨ। ਇਹੀ ਦਲੇਰਾਨਾ ਰੂਹਾਨੀਅਤ ਹੈ ਜੋ ਇਰਾਨ ਵਿਚਲੀ ਇਸ ਬਗਾਵਤ ਦੀ ਅਸਲ ਪ੍ਰਾਪਤੀ ਹੈ ਜਿਸਦੀ ਹਮਾਇਤ ਕਰਨਾ ਲਾਜ਼ਮੀ ਬਣ ਜਾਂਦਾ ਹੈ ਅਤੇ ਇਸਨੂੰ ਸੰਸਾਰ ਤੱਕ ਫੈਲਾਉਣਾ ਚਾਹੀਦਾ ਹੈ। ਇਹ ਆਪਮੁਹਾਰੀ ਲਹਿਰ ਨਹੀਂ ਹੈ ਇਸ ਲਹਿਰ ਨੂੰ ਖੜੀ ਕਰਨ ਵਿਚ ਦਹਾਕਿਆਂ ਤੋਂ "ਹਾਰੀਆਂ ਫੌਜਾਂ ਵਧੇਰੇ ਸਿੱਖਦੀਆਂ ਹਨ" ਦੀ ਕਹਾਵਤ ਨੂੰ ਲੜ ਬੰਨ੍ਹ ਕੇ ਅਤੇ ਗੰਭੀਰ ਸਿਖਲਾਈ ਦੇ ਅਧਾਰ 'ਤੇ ਖੜ ਕੇ ਲੜ ਰਹੀ ਇਕ ਕਮਿਊਨਿਸਟ ਇਨਕਲਾਬੀ ਧਿਰ ਆਪਣਾ ਖੂਨ ਵਹਾ ਰਹੀ ਹੈ। ਇਨਕਲਾਬੀ ਲੀਡਰਸ਼ਿੱਪ ਤੇ ਪਾਰਟੀ ਤੋਂ ਬਿਨਾਂ ਇਸ ਲਹਿਰ ਨੂੰ, ਆਪਮੁਹਾਰੀ ਲੜਾਈ ਨਾਲ ਜਿੱਤਿਆ ਵੀ ਨਹੀਂ ਜਾ ਸਕੇਗਾ।ਇਸ ਲਹਿਰ ਨੂੰ ਮਿਲੀ ਹਮਾਇਤ (ਦੇਸ਼ ਦੇ ਅੰਦਰੋਂ ਅਤੇ ਬਾਹਰੋਂ) ਦਰਸਾਉਂਦੀ ਹੈ ਕਿ ਇਹ ਸਮਾਂ ਵਿਹਾ ਚੁੱਕੇ ਨਿਯਾਮ ਸਮੇਤ ਇਸ ਨੂੰ ਠੁੰਮਣਾ ਦੇ ਰਹੀ ਸਾਮਰਾਜੀ ਪ੍ਰਣਾਲੀ ਦਾ ਖਾਤਮਾ ਕਰਨ ਦੀ ਦਿਸ਼ਾ ਵੱਲ ਜਾਣ ਵਾਲੀ, ਇਹਨਾਂ ਜੰਗੀ ਬਦਮਾਸ਼ਾਂ ਦੇ ਦਿਲ ਦਹਿਲਾਉਣ ਵਾਲੀ ਅਤੇ ਇਹਨਾਂ ਨੂੰ ਹੱਥਾਂ ਪੈਰ੍ਹਾਂ ਦੀ ਪਾਉਣ ਵਾਲੀ ਹੋ ਸਕਦੀ ਹੈ। ਇਹ ਬਦਮਾਸ ਇਸ ਲਹਿਰ ਦਾ ਖਾਤਮਾ ਕਰਨਾ ਲੋਚਦੇ ਹਨ ਪਰ ਅੱਜ ਇਹਨਾਂ ਬਦਮਾਸ਼ਾਂ ਦੀ ਔਖੀ ਘੜੀ ਹੈ ਕਿ ਉਹਨਾਂ ਲਈ ਪਹਿਲਾਂ ਵਾਲੇ ਫਰੇਬੀ ਢੰਗ ਨਾਲ ਜਨਤਾ ਨੂੰ ਭੈ ਦੇ ਮਹੌਲ ਵਿਚ ਰੱਖ ਕੇ ਰਾਜ ਕਰਨਾ ਸੌਖਾ ਨਹੀਂ ਰਿਹਾ।ਇਹ ਲਹਿਰ ਸਾਮਰਾਜੀ ਜੰਗ ਦੀ ਭਿਆਨਕਤਾ ਦੇ ਡਰ ਤੋਂ ਵੀ ਮੁਕਤ ਅਤੇ ਇਨਕਲਾਬ ਲਈ ਬੇਖੌਫ ਲੜਨ ਦੀ ਪ੍ਰਿਤ ਪਾਉਣ ਵਾਲੀ ਆਸ ਦੀ ਕਿਰਨ ਹੈ। ਇਹ ਕਿਰਨ ਮਨੁੱਖਤਾ ਨੂੰ ਨਿਆਸਰਾ ਨਹੀਂ ਛੱਡਦੀ।ਜਿਥੇ ਇਰਾਨ ਦੀ ਇਸ ਬੇਖੌਫ ਇਨਕਲਾਬੀ ਲਹਿਰ ਵਿਚ ਸ਼ਾਮਿਲ ਇਨਕਲਾਬੀ ਕਮਿਊਨਿਸਟ ਪਾਰਟੀ ਇਰਾਨ (ਮਾਰਕਸਵਾਦੀ ਲੈਨਿਨਵਾਦੀ ਮਾਓਵਾਦੀ) ਵੱਲੋਂ, ਇਨਕਲਾਬੀ ਕਮਿਊਨਿਸਟ ਪਾਰਟੀ ਅਮਰੀਕਾ ਦੇ ਚੇਅਰਮੈਨ ਬਾਬ ਅਵੇਕੀਅਨ ਦੇ ਪੰਜ ਦਹਾਕਿਆਂ ਦੀ ਗਹਿਰ-ਗੰਭੀਰ, ਕਰੜੀ ਤੇ ਸਿਰੜੀ ਮਿਹਨਤ ਅਤੇ ਤਿੱਖੀ ਬਹਿਸਭੇੜ ਵਿਚੋਂ ਸਾਹਮਣੇ ਆਏ ਨਵੇਂ ਸੰਸਲੇਸ਼ਣ ਨੂੰ ਅਪਣਾਇਆ ਹੋਇਆ ਹੈ ਜਿਸ ਵਿਚ ਕਮਿਊਨਿਸਟ ਇਨਕਲਾਬ ਦੇ ਪਹਿਲੇ ਪੜਾਅ 1871 ਦੇ ਪੈਰਿਸ ਕਮਿਊਨ ਤੋਂ 1976 ਦੇ ਚੀਨੀ ਸਮਾਜਵਾਦੀ ਇਨਕਲਾਬ ਨੂੰ ਆਏ ਪੁੱਠੇ ਗੇੜ ਤੱਕ ਸਾਹਮਣੇ ਆਈਆਂ ਸਾਡੀਆਂ ਕਮਜੋਰੀਆਂ ਤੇ ਘਾਟਾਂ ਨੂੰ ਦੂਰ ਕੀਤਾ ਗਿਆ ਹੈ ਅਤੇ ਵਿਗਿਆਨਕ ਮਾਰਕਸਵਾਦ ਨੂੰ ਉਚਿਆਉਂਦਿਆਂ ਇਸ ਵਿਚਲੀਆਂ ਗੈਰਵਿਗਿਆਨਕ ਘਾਟਾਂ ਤੇ ਰਹੀਆਂ ਕਮਜੋਰੀਆਂ ਨੂੰ ਦੂਰ ਕਰਨ ਵਾਲੇ ਨਵੇਂ-ਕਮਿਊਨਿਜ਼ਮ ਦੇ ਸਿਧਾਂਤ ਨੂੰ ਅਪਣਾਇਆ ਗਿਆ ਹੈ ਜੋ ਮਾਰਕਸਵਾਦ ਦਾ ਨਵਾਂ ਤੇ ਨਰੋਆ ਜਾਰੀ ਰੂਪ ਹੈ। ਇਸ ਮਾਰਕਸਵਾਦੀ ਵਿਗਿਆਨਕ ਸਿਧਾਂਤ ਦੀ ਪਹੁੰਚ ਤੇ ਸਮਝ ਦੀ ਲੋਅ ਇਸ ਕਿਰਨ ਨੂੰ ਮੱਧਮ ਨਹੀਂ ਪੈਣ ਦਿੰਦੀ। ਇਹ ਲੋਅ, ਇਕ ਪਾਸੇ ਮਾਰਕਸਵਾਦ ਦੀ ਵਿਗਿਆਨਕ ਗਿਰੀ ਨੂੰ ਗੈਰਵਿਗਿਆਨਕ ਜਾਂ ਧਾਰਮਿਕ ਬਣਨੋ ਰੋਕਦੀ ਹੈ ਅਤੇ ਦੂਜੇ ਪਾਸੇ ਇਹ ਖਰੇ ਅਤੇ ਖੋਟੇ ਕਮਿਊਨਿਸਟ ਇਨਕਲਾਬੀਆਂ ਵਿਚਕਾਰ ਮੂਲ ਨਿਖੇੜੇ ਦੀ ਲਕੀਰ ਵੀ ਬਣਨ ਜਾ ਰਹੀ ਹੈ।

ਨਿਊਕਲੀਅਰ ਜੰਗ ਦੇ ਖਤਰੇ ਵਾਲੀ ਅਜਿਹੀ ਹਾਲਤ ਵਿਚ ਦੁਨੀਆਂ ਦੇ ਲੋਕਾਂ ਵੱਲੋਂ ਮਨੁੱਖਤਾ ਦੇ ਭਵਿੱਖ ਨੂੰ ਸਾਮਰਾਜਵਾਦ ਦੇ ਹੱਥੋਂ ਝੱਪਟਾ ਮਾਰ ਖੋਹਣਾ ਸਮੇਂ ਦੀ ਫੌਰੀ ਲੋੜ ਹੈ। ਯਕੀਨਨ ਹੀ ਯੂਕਰੇਨ ਦੀ ਜੰਗ ਤੋਂ ਲੋਕਾਂ ਨੂੰ ਜਿਹੜਾ ਇਕ ਜਰੂਰੀ ਸ਼ਬਕ ਸਿੱਖਣਾ ਚਾਹੀਦਾ ਹੈ ਉਹ ਇਹ ਹੈ ਕਿ ਮਾਨਵਤਾ ਇਹਨਾਂ ਸਾਮਰਾਜੀਆਂ ਦੇ ਕਿਸੇ ਇਕ ਜਾਂ ਦੂਜੇ ਧੜੇ ਦੇ ਪਾਸੇ ਖੜਕੇ ਉਨਾਂ ਦੀ ਲੁੱਟ-ਖਸੁੱਟ ਤੇ ਜਬਰ-ਜੁਲਮ ਨੂੰ ਅੱਗੇ ਹੋਰ ਲੰਮਾ ਚਿਰ ਸਹੀ ਜਾਣ ਦੀ ਆਗਿਆ ਨਹੀਂ ਦੇ ਸਕਦੀ ਕਿ ਇਹ ਸਾਮਰਾਜੀਏ ਦੁਨੀਆਂ 'ਤੇ ਆਪਣਾ ਰਾਜ ਕਰਨਾ ਜਾਰੀ ਰੱਖ ਸਕਣ ਅਤੇ ਧੌਂਸ ਨਾਲ ਇਕ ਜਾਂ ਦੂਜਾ ਗੁੱਟ ਵਿਨਾਸ਼ਕਾਰੀ ਜੰਗਾਂ ਜਿੱਤਕੇ ਦੁਨੀਆਂ ਨੂੰ ਲੁੱਟਦੇ ਤੇ ਵੰਡਦੇ ਰਹਿਣ ਅਤੇ ਮਨੁੱਖਤਾ ਦੀ ਹੋਂਦ ਨੂੰ ਹੀ ਖਤਰਾ ਖੜਾ ਕਰਦੇ ਰਹਿਣ। ਇਸ ਜੰਗ ਦਾ ਨਿਸ਼ਾਨਾ ਅਤੇ ਖ਼ਾਜ਼ਾ ਲੱਖਾਂ ਕਰੋੜ ਲੋਕਾਂ ਦੀਆਂ ਜਿੰਦਗੀਆਂ ਨੇ ਬਣਨਾ ਹੈ। ਇਸ ਕਰਕੇ ਇਸ ਨਿਹੱਕੀ ਜੰਗ ਨੂੰ ਬੰਦ ਕਰਨ ਦੀ ਮੰਗ ਕਰਨਾ ਦੁਨੀਆਂ ਦੇ ਲੋਕਾਂ ਦੀ ਹੱਕੀ ਮੰਗ ਹੈ। ਇਸ ਮੰਗ ਨੂੰ ਬੂਰ ਪੈਣ 'ਤੇ ਵੀ ਨਿਊਕਲੀਅਰ ਜੰਗ ਦੇ ਭਿਆਨਕ ਅੰਤ ਅਤੇ ਹੋਰ ਰਵਾਇਤੀ ਜੰਗਾਂ ਦੇ ਖੌਫ ਦਾ ਖਤਮਾ ਨਹੀਂ ਹੋਣਾ, ਨਾ ਹੀ ਮਨੁੱਖਤਾ ਦੀ ਸਾਮਰਾਜੀ ਜੂਲੇ ਤੋਂ ਮੁਕਤੀ ਹੋਣੀ ਹੈ ਜਿਸ ਦੇ ਖੌਫ ਹੇਠ ਮਾਨਵਤਾ ਦੀ ਪਹਿਲਾਂ ਹੀ ਪਹਿਲਕਦਮੀ ਖੁੱਸੀ ਹੋਣ ਕਰਕੇ ਉਹ ਨਿਰਉਤਸ਼ਾਹੀ, ਅਸਿਰਜਣਹਾਰੀ ਅਤੇ ਨਿਆਸਰੀ ਹੋਈ ਹੁੰਦੀ ਹੈ। ਇਸ ਕਰਕੇ ਇਹ ਸ਼ਾਂਤੀ ਸਾਮਰਾਜੀ ਜੂਲੇ ਦੇ ਭਾਰ ਨੂੰ ਇਕ ਕੰਨ੍ਹੇ ਤੋਂ ਦੂਜੇ ਕੰਨ੍ਹੇ ਉੱਤੇ ਪਵਾਉਣਾ ਹੀ ਹੈ। ਹਾਂ ਇਹ ਸ਼ਾਂਤੀ ਮਨੁੱਖਤਾ ਲਈ ਜੰਗ ਵਿਚ ਹੋ ਰਹੀ ਖੂਨ ਦੀ ਹੋਲੀ ਨਾਲ ਹੋਈਆਂ ਮੌਤਾਂ ਨਾਲੋਂ ਵੱਧ ਘੋਰ ਪੀੜਾ ਵਾਲੀਆਂ ਮੌਤਾਂ ਅਤੇ ਦੁੱਖਾਂ ਮੁਸੀਬਤਾਂ ਨਾਲ ਭਰੀ ਹੋਵੇਗੀ। ਇਸ ਲਈ ਇਸ ਸਾਮਰਾਜੀ ਜੂਲੇ ਨੂੰ ਪਰ੍ਹਾਂ ਵਗਾਹ ਮਾਰਨ ਵਾਲੇ ਇਨਕਲਾਬ ਤੋਂ ਘੱਟ ਕੰਮ ਮਨੁੱਖਤਾ ਨੂੰ ਮੰਨਜੂਰ ਨਹੀਂ ਹੈ। ਇਹ ਕੰਮ ਹੀ ਉਤਸ਼ਾਹ ਦਾ ਸੋਮਾ, ਸਿਰਜਣਹਾਰਾ ਅਤੇ ਨਿਆਸਰਿਆਂ ਲਈ ਆਸਰਾ ਹੈ। ਵਿਨਾਸ਼ਕਾਰੀ ਜੰਗ ਛਿੜ ਪੈਣ ਦੀ ਸੂਰਤ ਵਿਚ ਇਸ ਦੀ ਭਿਆਨਕਤਾ ਦੇ ਭੈਅ ਦਾ ਸਦਾ ਲਈ ਅੰਤ ਕਰਨ ਵਾਲ਼ੀ ਉਸਾਰੂ ਤੇ ਹੱਕੀ ਇਨਕਲਾਬੀ ਜੰਗ ਛੇੜਨ ਦੀ ਪਹਿਲਕਦਮੀ ਕਰਕੇ ਚਿਰ-ਸਥਾਈ ਸ਼ਾਂਤੀ ਸਥਾਪਤ ਕਰਨ ਲਈ ਲੜਨਾ ਹੀ ਮਨੁੱਖਤਾ ਦੀ ਮੁਕਤੀ ਦੀ ਸੱਚੀ ਸੁੱਚੀ ਸੇਵਾ ਹੈ।

# ਪੰਜਾਬੀ ਲਿਖਾਰੀ ਸਭਾ ਕੈਲਗਰੀ ਨੇ ਨਵੀਂ ਚੁਣੀ ਕਮੇਟੀ ਦੇ ਅਹੁਦੇਦਾਰ ਐਲਾਨੇ



**ਸਰੋਕਾਰਾਂ ਦੀ ਆਵਾਜ਼ ਬਿਊਰੋ**

ਪੰਜਾਬੀ ਲਿਖਾਰੀ ਸਭਾ ਕੈਲਗਰੀ 1999 ਤੋਂ ਹੁਣ ਤੱਕ ਨਿਰਵਿਘਨ ਸਾਹਿਤਕ ਗਤੀਵਿਧੀਆਂ ਕਰਦੀ ਆ ਰਹੀ ਹੈ ਅਤੇ ਆਪਣੇ ਨਿਯਮਾਂ ਅਨੁਸਾਰ ਹਰ ਦੋ ਸਾਲ ਬਾਅਦ ਨਵੀਂ ਕਮੇਟੀ ਦੀ ਸਰਬ ਸੰਮਤੀ ਨਾਲ ਚੋਣ ਕੀਤੀ ਜਾਂਦੀ ਹੈ। ਇਸ ਵਾਰ ਵੀ ਕਾਰਜਕਾਰੀ ਕਮੇਟੀ ਮੈਂਬਰਾਂ ਤੇ ਅਹੁਦੇਦਾਰਾਂ ਵਿੱਚ ਫੇਰ-ਬਦਲ ਕੀਤਾ ਗਿਆ। ਜਿਸ ਦੇ ਨਤੀਜੇ ਕੋਸੋ ਹਾਲ ਵਿੱਚ ਅਕਤੂਬਰ ਮਹੀਨਾਵਾਰ ਮੀਟਿੰਗ ਵਿੱਚ ਪ੍ਰਧਾਨ ਦਵਿੰਦਰ ਮਲਹਾਂਸ ਵੱਲੋਂ ਹਾਜ਼ਰੀਨ ਦੀਆਂ ਭਰਪੂਰ ਤਾੜੀਆਂ ਵਿੱਚ ਐਲਾਨੇ ਗਏ। ਮੀਟਿੰਗ ਦਾ ਆਗਾਜ਼ ਕਰਦਿਆਂ ਜਨਰਲ ਸਕੱਤਰ ਜ਼ੋਰਾਵਰ ਬਾਂਸਲ ਨੇ ਪ੍ਰਧਾਨ ਦਵਿੰਦਰ ਮਲਹਾਂਸ ਨੂੰ ਆਦਰ ਸਹਿਤ ਸਟੇਜ ਤੋਂ ਆਵਾਜ਼ ਦਿੱਤੀ ਤੇ ਪ੍ਰਧਾਨ ਦਵਿੰਦਰ ਮਲਹਾਂਸ ਨੇ ਨਵੇਂ ਅਹੁਦੇਦਾਰਾਂ ਦੇ ਨਾਮ ਕ੍ਰਮਵਾਰ ਐਲਾਨੇ। ਜਿਸ ਵਿੱਚ ਨਵੇਂ ਨਿਯੁਕਤ ਪ੍ਰਧਾਨ ਬਲਵੀਰ ਗੋਰਾ, ਜਨਰਲ ਸਕੱਤਰ ਮੰਗਲ ਚੱਠਾ, ਮੀਤ ਪ੍ਰਧਾਨ ਰਣਜੀਤ ਸਿੰਘ, ਖਜ਼ਾਨਚੀ ਗੁਰਮੀਤ ਕੌਰ ਕੁਲਾਰ, ਕਾਰਜਕਾਰੀ ਮੈਂਬਰ ਬਲਜਿੰਦਰ ਸੰਘਾ, ਹਰੀਪਾਲ, ਤਰਲੋਚਨ ਸੈਂਭੀ, ਗੁਰਲਾਲ ਰੁਪਾਲੋਂ, ਦਵਿੰਦਰ ਮਲਹਾਂਸ, ਜ਼ੋਰਾਵਰ ਬਾਂਸਲ ਤੇ ਦੋ ਨਵੇਂ ਮੈਂਬਰ ਪਰਮਜੀਤ ਕੌਰ ਤੇ ਤਲਵਿੰਦਰ ਸਿੰਘ ਟੋਨੀ ਦੇ ਨਾਮ ਸ਼ਾਮਲ ਹਨ। ਦਵਿੰਦਰ ਮਲਹਾਂਸ ਤੇ ਜੋਰਾਵਰ ਬਾਂਸਲ ਨੇ ਰਜਿਸਟਰ ਤੇ ਦਸਤਖਤ ਕਰਕੇ ਪੂਰੀਆਂ ਰਸਮਾਂ ਦੇ ਨਾਲ ਨਵੀਂ ਕਾਰਜਕਾਰੀ ਕਮੇਟੀ ਦੇ ਅਹੁਦੇਦਾਰਾਂ ਨੂੰ ਚਾਰਜ ਸੌਂਪਿਆ ਤੇ ਸ਼ੁਭਕਾਮਨਾਵਾਂ ਦਿੱਤੀਆਂ। ਪੰਜਾਬੀ ਲਿਖਾਰੀ ਸਭਾ ਕੈਲਗਰੀ ਵੱਲੋਂ ਇਨ੍ਹਾਂ ਰੂਹਾਂ ਦੇ ਵਿਛੜ ਜਾਣ ਤੇ ਸ਼ਰਧਾ ਦੇ ਅਕੀਦੇ ਭੇਂਟ ਕੀਤੇ ਗਏ। ਰਚਨਾਵਾਂ ਦੇ ਦੌਰ ਦੀ ਸ਼ੁਰੂਆਤ ਪ੍ਰਸਿੱਧ ਕਵਿੱਤਰੀ ਸੁਰਿੰਦਰ ਗੀਤ, ਗੁਰਚਰਨ ਸਿੰਘ ਹੇਅਰ, ਬਲਜਿੰਦਰ ਸੰਘਾ, ਸੁਖਵਿੰਦਰ ਸਿੰਘ ਤੂਰ, ਸੁਖਜੀਤ ਸੈਣੀ ਨੇ ਕਵਿਤਾ ਪੜ੍ਹੀਆਂ। ਇਸਦੇ ਬਾਅਦ ਜ਼ੋਰਾਵਰ ਬਾਂਸਲ ਨੇ ਸਟੇਜ ਦੀ ਅਗਲੀ ਜ਼ਿੰਮੇਵਾਰੀ ਨਵੇਂ ਜਨਰਲ ਸਕੱਤਰ ਮੰਗਲ ਚੱਠਾ ਨੂੰ ਸੌਂਪੀ ਤੇ ਉਨ੍ਹਾਂ ਆਪਣਾ ਕਾਰਜ ਬਾਖੂਬੀ ਨਿਭਾਇਆ। ਬੁਲੰਦ ਆਵਾਜ਼ ਦੇ ਮਾਲਕ ਤਰਲੋਚਨ ਸੈਂਭੀ ਨੇ ਧੀਆਂ ਤੇ ਮਾਵਾਂ ਦੇ ਗੂੜ੍ਹੇ ਰਿਸ਼ਤੇ ਨੂੰ ਬਿਆਨ ਕਰਦਾ ਭਾਵੁਕ ਗੀਤ 'ਮਾਵਾਂ ਪਿੱਛੋ ਛੁੱਟ ਜਾਂਦੇ ਨੇ ਧੀਆਂ ਦੇ ਪੇਕੇ' ਸੁਣਾ ਕੇ ਸਭ ਨੂੰ ਭਾਵੁਕ ਕੀਤਾ। ਨਵੇਂ ਕਾਰਜਕਾਰੀ ਕਮੇਟੀ ਮੈਂਬਰ ਤਲਵਿੰਦਰ ਸਿੰਘ ਟੋਨੀ, ਸੀਨੀਅਰ ਮੈਂਬਰ ਹਰੀਪਾਲ ਨੇ ਕਾਰਪੋਰੇਸ਼ਨਾਂ ਤੋਂ ਮਨੁੱਖ ਦੀ ਹੋਂਦ ਦੇ ਵੱਧ ਰਹੇ ਖ਼ਤਰੇ ਦੀ ਗੱਲ ਕੀਤੀ। ਅਖੀਰ ਵਿੱਚ ਪ੍ਰਧਾਨ ਬਲਵੀਰ ਗੋਰਾ ਨੇ ਆਏ ਹੋਏ ਹਾਜ਼ਰੀਨ ਦਾ ਧੰਨਵਾਦ ਕੀਤਾ ਅਤੇ ਅਗਲੀ ਮੀਟਿੰਗ ਜੋ ਉਨੀ ਨਵੰਬਰ ਨੂੰ ਹੈ, ਵਿੱਚ ਹਾਜਰ ਹੋਣ ਲਈ ਸਭ ਨੂੰ ਅਪੀਲ ਕੀਤੀ।

# ਲੋਕ ਇਤਿਹਾਸ ਦੀਆਂ ਪੈੜਾਂ ਅਤੇ ਨਿਸ਼ਾਨਦੇਹੀ



- ਕੇਹਰ ਸ਼ਰੀਫ
+491733546050

ਹਰ ਮਨੁੱਖ ਦੀ ਇਹ ਦਿਲੀ ਖਾਹਿਸ ਹੁੰਦੀ ਹੈ ਕਿ ਉਹ ਜਿਸ ਮਾਹੌਲ/ਸਮਾਜ ਵਿਚ ਜੰਮਿਆਂ ਪਲਿਆ ਅਤੇ ਰਹਿ ਰਿਹਾ ਹੋਵੇ ਉਸ ਬਾਰੇ ਜਾਣੇ। ਪਰ ਇਹ ਸਾਧਾਰਨ ਕਾਰਜ ਤੇ ਹੈ ਨਹੀਂ। ਇਹ ਸਭ ਕੁੱਝ ਜਾਨਣ ਵਾਸਤੇ ਉਸਨੂੰ ਅਜਿਹੇ ਸਾਹਿਤ ਦੀ ਭਾਲ ਕਰਨੀ ਪੈਂਦੀ ਹੈ ਜੋ ਉਸ ਦੀਆਂ ਜੜ੍ਹਾਂ, ਉਸਦੇ ਚਲਣ ਤੇ ਉਸਦੇ ਹੁੰਦੇ ਰਹੇ ਵਿਕਾਸ ਬਾਰੇ ਜਾਣਕਾਰੀ ਦਿੰਦਾ ਹੋਵੇ। ਹਰ ਸਮਾਜ ਬਹੁਪਰਤੀ ਹੀ ਹੁੰਦਾ ਹੈ। ਇਸ ਦੇ ਵਰਤਾਰਿਆਂ ਨੂੰ ਧੁਰ ਤੱਕ ਹੰਘਾਲਣਾਂ, ਉਨ੍ਹਾਂ ਬਾਰੇ ਜਾਨਣਾਂ ਅਤੇ ਬਿਆਨ ਕਰਨਾ ਬਹੁਤ ਔਖਾ ਕਾਰਜ ਹੈ। ਅਜਿਹੇ ਕਾਰਜ ਸਿਰੇ ਚੜ੍ਹਾਉਣ ਵਾਲੇ ਕਲਮ ਦੇ ਸੂਰਮੇ ਹੁੰਦੇ ਹਨ।

ਹਰ ਇਕ ਸਮਾਜ ਅੰਦਰ ਜੀਵਨ ਨਾਲ ਸਬੰਧਤ ਅਖਾਣਾਂ/ਕਹਾਵਤਾਂ ਦੀ ਵੀ ਭਰਮਾਰ ਹੁੰਦੀ ਹੈ। ਇਹ ਜੀਵਨ ਦੇ ਸੱਚ ਨੂੰ ਉਜਾਗਰ ਕਰਨ ਦਾ ਗੁੱਝਾ ਰਹੱਸ ਹੁੰਦਾ ਹੈ। ਇਨ੍ਹਾਂ ਦੇ ਪ੍ਰਚੱਲਤ ਰੂਪ ਧਾਰਨ ਵਿਚ ਲੰਮਾਂ ਸਮਾਂ ਲਗਦਾ ਹੈ। ਇਹ ਸਮਾਜਿਕ ਤੇ ਸੱਭਿਆਚਾਰਕ ਵਰਤਾਰਾ ਹੈ, ਪਰ ਜਦੋਂ ਪਾਰਖੂ ਨਜਰ ਨਾਲ ਦੇਖਦੇ ਹਾਂ ਕਿ ਸਮਾਜਿਕ ਜੀਵਨ ਦੇ ਨਾਲ ਹੀ ਧਾਰਮਕ ਖੇਤਰ ਅੰਦਰ ਵੀ ਇਨ੍ਹਾਂ ਦੇ ਪ੍ਰਵਾਹ ਦੀ ਭਰਮਾਰ ਹੁੰਦੀ ਹੈ। ਇੱਥੇ ਸਮੱਸਿਆ ਉਦੋਂ ਪੈਦਾ ਹੁੰਦੀ ਹੈ ਜਦੋਂ ਇਨ੍ਹਾਂ ਦੀ ਵਿਆਖਿਆ ਤਰਕ ਦੇ ਅਧਾਰ 'ਤੇ ਨਾ ਕੀਤੀ ਜਾਵੇ।

ਅਜਿਹੀਆਂ ਗੱਲਾਂ ਸੁਨਣ ਦਾ ਮੌਕਾ ਕੁੱਝ ਸਾਲ ਪਹਿਲਾਂ ਪਟਿਆਲਾ ਤੋਂ ਲੋਕਧਾਰਾ/ਲੋਕਯਾਨ ਵਿਸੇ ਦੇ ਚੰਗੇ ਜਾਣਕਾਰ ਪੱਤਰਕਾਰ ਪ੍ਰਮਿੰਦਰ ਸਿੰਘ ਟਿਵਾਣਾ ਵਲੋਂ ਇਸ ਵਿਸੇ ਦੇ ਗਿਆਤਾ ਸੁਝਵਾਨ ਸੱਜਣ ਜੋਗਿੰਦਰ ਸਿੰਘ ਸਿਵੀਆਂ ਨਾਲ ਰੇਡੀਉ 'ਚੰਨ ਪ੍ਰਦੇਸੀ' 'ਤੇ ਹੁੰਦੀ ਗੱਲਬਾਤ, ਵਿਚਾਰ-ਚਰਚਾ ਸੁਣਦਾ ਸੀ। ਭਾਵੇਂ ਉਨ੍ਹਾਂ ਦੇ ਅੱਜ ਅਰਥ ਵੀ ਬਦਲ ਗਏ ਹਨ ਤੇ ਇਨ੍ਹਾਂ ਦੀ ਵਰਤੋਂ ਵਿਹਾਰ ਦਾ ਵੀ ਉਹ ਮੁੱਲ ਨਹੀਂ ਜੋ ਕੁੱਝ ਦਹਾਕੇ ਪਹਿਲਾਂ ਹੁੰਦਾ ਸੀ। ਦਰਅਸਲ ਇਹ ਗੁਆਚ ਗਏ ਜਾਂ ਹੋਰ ਗੁਆਚ ਰਹੇ ਪੇਂਡੂ ਵਿਰਸੇ, ਜੀਵਨ ਜਾਚ ਨਾਲ ਅਤੇ ਕਦਰਾਂ-ਕੀਮਤਾਂ ਨਾਲ ਸਬੰਧਤ ਵਿਚਾਰਾਂ ਹੁੰਦੀਆਂ ਸਨ। ਲੋਪ ਹੋ ਗਏ ਤੇ ਹੋ ਰਹੇ ਸਬਦਾਂ ਦਾ ਵਿਖਿਆਨ ਹੁੰਦਾ। ਖਾਸ ਕਰਕੇ ਕਿਸਾਨੀ ਜੀਵਨ ਨਾਲ ਸਬੰਧਤ ਹਰ ਸੈਅ (ਸੰਦ-ਸਬੇੜਾ) ਬਾਰੇ ਵਿਸਥਾਰ ਵਿਚ ਜਾਣਕਾਰੀ ਦਿੱਤੀ ਜਾਂਦੀ, ਵਰਤੇ ਜਾਂਦੇ ਅਜਿਹੇ ਬਹੁਤ ਸਾਰੇ ਸੰਦਾਂ ਦੇ ਅੱਜ ਦੀ ਪੀੜ੍ਹੀ ਨੂੰ ਤਾਂ ਨਾਂ ਵੀ ਪਤਾ ਨਹੀਂ ਹੋਣੇ। ਸਮਾਂ ਅੱਗੇ ਹੀ ਨਹੀਂ ਤੁਰਦਾ ਸਗੋਂ ਸਮਾਜ ਦਾ ਸਰੂਪ ਵੀ ਬਦਲਦਾ ਰਹਿੰਦਾ ਹੈ, ਤੌਰ-ਤਰੀਕੇ ਅਤੇ ਸੰਦ-ਸਬੇੜਾ ਵੀ। ਗੁਆਚਦੇ ਜਾ ਰਹੇ ਸਬਦਾਂ ਬਾਰੇ ਸੁਣਨ ਨੂੰ ਵੀ ਮਿਲਦਾ ਸੀ।

ਜੋਗਿੰਦਰ ਸਿੰਘ ਸਿਵੀਆਂ ਹੋਰੀਂ ਅਧਿਆਪਕ ਰਹੇ ਅਤੇ ਕਿਸਾਨ ਵੀ, ਉਹ ਪਹਿਲਾਂ ਵੀ ਕਈ ਕਿਤਾਬਾਂ ਲਿਖ ਚੁੱਕੇ ਹਨ। ਹਥਲੀ ਕਿਤਾਬ "ਪੇਂਡੂ ਜੀਵਨ ਦੀ ਝਾਤ, ਅਖਾਣਾਂ ਨੂੰ ਪਾਵੇ ਮਾਤ" ਹੈ। ਇਹ ਕਿਤਾਬ ਅਖਾਣਾਂ ਤੇ ਮੁਹਾਵਰਿਆਂ ਤੱਕ ਸੀਮਤ ਨਹੀਂ ਇਸ ਤੋਂ ਬਹੁਤ ਜਿਆਦਾ ਹੈ। ਇਸ ਕਿਤਾਬ ਰਾਹੀਂ ਲੇਖਕ ਨੇ ਸਮਾਜ ਅੰਦਰ ਲੋਕ ਧਾਰਾ ਦੀਆਂ ਬਹੁਤ ਸਾਰੀਆਂ ਪਰਤਾਂ ਫਰੋਲੀਆਂ ਹਨ, ਇਸ ਰਾਹੀਂ ਜੀਵਨ ਦੇ ਰੰਗਾਂ, ਪੇਂਡੂ ਜੀਵਨ ਜਾਚ ਬਾਰੇ ਭਰਪੂਰ ਜਾਣਕਾਰੀ ਦਿੱਤੀ ਹੈ। ਇਹ ਕਿਤਾਬ ਇਸ ਕਰਕੇ ਬਹੁਤ ਮੁੱਲਵਾਨ ਹੈ ਕਿ ਲੋਕ ਇਤਿਹਾਸ ਨੂੰ ਸਾਡੇ ਸਾਹਮਣੇ ਪੇਸ ਕਰਨ ਦਾ ਜਤਨ ਕਰਦੀ ਹੈ, ਜਿਸਦੀ ਪੰਜਾਬੀ ਵਿਚ ਅਸਲੋਂ ਘਾਟ ਹੈ। ਇਸ ਵੱਲ ਅਜੇ ਤੱਕ ਬਹੁਤਾ ਧਿਆਨ ਨਹੀਂ ਦਿੱਤਾ ਗਿਆ (ਜੇ ਦਿੱਤਾ ਗਿਆ ਹੋਵੇ ਤਾਂ ਮੈਂ ਮਾਫੀ ਸਹਿਤ ਕਹਾਂਗਾ ਕਿ ਮੈਨੂੰ ਉਸ ਬਾਰੇ ਬਹੁਤੀ ਜਾਣਕਾਰੀ ਨਹੀਂ)।

ਪੇਂਡੂ ਜੀਵਨ ਬਾਰੇ ਲਿਖਣ ਵਾਲੇ ਆਮ ਕਰਕੇ ਸੱਭਿਆਚਾਰਕ ਪੱਖ ਤੋਂ ਹੀ ਲਿਖਦੇ ਹਨ, ਲੋਕਾਂ ਦੇ ਰੀਤੀ-ਰਿਵਾਜ, ਲੋਕ ਗੀਤ, ਲੋਕ ਨਾਚ, ਪੇਂਡੂ ਖੇਡਾਂ, ਪਹਿਰਾਵਾ, ਖਾਣ-ਪੀਣ, ਮੇਲੇ, ਤਿਉਹਾਰ, ਧਾਰਮਕ ਦਿਨ-ਦਿਹਾੜ ਜਾਂ ਫੇਰ ਪ੍ਰਾਹੁਣਚਾਰੀ ਆਦਿ। ਪਰ ਸਾਡੇ ਸਮਾਜ ਦਾ ਸਮੁੱਚਾ ਵਿਕਾਸ ਕਿਵੇਂ ਹੋਇਆ। ਇਸ ਬਾਰੇ ਬਹੁਤ ਕੁੱਝ ਨਹੀਂ ਦੱਸਿਆ ਜਾਂਦਾ। ਇਤਿਹਾਸ ਅੰਦਰ ਰਾਜੇ-ਰਾਣੀਆਂ, ਜੰਗਾਂ ਤੇ ਰਾਜਾਂ ਦੀ ਬਣਨ ਤੇ ਟੁੱਟਣ ਵਾਲੀ ਘਾਟ ਵਾਧ ਅਤੇ ਵੱਖੋ ਵੱਖ ਘਰਾਣਿਆਂ ਦਾ ਸੱਤਾ 'ਤੇ ਕਾਬਜ ਹੋਣ ਦਾ ਵਿਖਿਆਨ ਹੁੰਦਾ ਹੈ। ਕੁੱਝ ਤੱਥ, ਕੁੱਝ ਤਾਰੀਖਾਂ, ਕਿਹੜੇ ਮੈਦਾਨੇ ਲੜਾਈ ਹੋਈ, ਕੌਣ ਕਿਸਦੇ ਹੱਥੋਂ ਮਾਰਿਆ ਗਿਆ, ਕੌਣ ਜਿੱਤਿਆ - ਕੌਣ ਹਾਰਿਆ। ਕਿਹੜਾ ਰਾਜਾ ਜਾਂ ਰਾਜ ਚੰਗਾ ਸੀ ਕਿਹੜਾ ਮਾੜਾ ਤੇ ਕਿਉਂ ਆਦਿ।

ਸਾਡੇ ਕੋਲ ਲੋਕ ਇਤਿਹਾਸ ਦੀ ਬਹੁਤ ਘਾਟ ਹੈ। ਇਹ ਹਥਲੀ ਕਿਤਾਬ ਪੰਜਾਬ ਦੇ ਖਾਸ ਕਰਕੇ ਪੰਜਾਬ ਦੇ ਇਕ ਖਿੱਤੇ (ਮਾਲਵੇ ਦਾ ਵੱਡਾ ਹਿੱਸਾ ਬਠਿੰਡੇ ਦਾ ਖੇਤਰ) ਦੇ ਲੋਕ ਇਤਿਹਾਸ ਦੀਆਂ ਪੈੜਾਂ ਦੀ ਨਿਸਾਨਦਹੀ ਜਰੂਰ ਕਰਦੀ ਹੈ। ਲੋਕ ਇਤਿਹਾਸ ਅੰਦਰ ਦੱਸਿਆ ਜਾਂਦਾ ਹੈ ਕਿ ਸਮਾਜ ਦਾ ਵਿਕਾਸ ਕਿਵੇਂ ਹੋਇਆ, ਖੇਤੀ ਬਾੜੀ ਕਿਵੇਂ ਵਿਕਸਤ ਹੋਈ। ਇਸ ਵਿਕਾਸ ਅੰਦਰ ਕਿਹੜੀਆਂ ਤਕਨੀਕਾਂ, ਕਿਹੜੇ ਸੰਦ ਅਤੇ ਸਾਧਨ ਵਰਤੇ ਜਾਂਦੇ ਸਨ। ਵਪਾਰ ਹੋਵੇ ਜਾਂ ਹੋਰ ਖੇਤਰ ਹੋਣ ਉਨ੍ਹਾਂ ਦਾ ਕੀ ਚਲਣ ਸੀ। ਹੁੰਡੀ ਰਾਹੀਂ ਬੈਂਕ ਵਾਲਾ ਪਰਬੰਧ ਕੀ ਸੀ। ਕਿਰਤ ਦਾ ਕੀ ਮਹੱਤਵ ਸੀ। ਸਮਾਜ ਦੇ ਵਿਕਾਸ ਵਿਚ ਔਰਤਾਂ ਦਾ ਕਿੰਨਾ ਵੱਡਾ ਹਿੱਸਾ (ਰੋਲ) ਰਿਹਾ ਹੈ। ਪੇਂਡੂ ਸਮਾਜ ਅੰਦਰ (ਖਾਸ ਕਰਕੇ ਖੇਤੀਬਾੜੀ) ਪਸੂ-ਧੰਨ ਕਿੰਨਾਂ ਕੀਮਤੀ ਅਤੇ ਮਹੱਤਵਪੂਰਨ ਸਰਮਾਇਆ ਹੋਇਆ ਕਰਦਾ ਸੀ। ਜਮੀਨ ਵਿਹੂਣੇ ਲੋਕ ਖੇਤੀਬਾੜੀ ਲਈ ਕਿਵੇਂ ਸਹਾਈ ਹੁੰਦੇ ਸਨ। ਖੇਤੀਬਾੜੀ ਨਾਲ ਬਾਕੀ ਕਿੱਤੇ ਅੰਤਰ ਸਬੰਧਤ ਹੋਣ ਕਰਕੇ ਕਿਵੇਂ ਖੇਤੀਬਾੜੀ 'ਤੇ ਨਿਰਭਰ ਸਨ। ਲੋਕਾਂ ਦੀਆਂ ਕੀ ਮਾਨਤਾਵਾਂ ਸਨ। ਬੋਲੀ ਤੇ ਭਾਸਾ ਦੇ ਵਿਕਾਸ ਲਈ ਕਿਹੜੇ ਜਤਨ ਹੋਏ। ਖੇਤੀ ਬਾੜੀ ਦੇ ਕਿੱਤੇ ਤੋਂ ਬਾਹਰਲੀਆਂ ਔਰਤਾਂ (ਜਮੀਨ ਵਿਹੂਣੀਆਂ) ਦੀ ਕਿਰਤ ਸਕਤੀ ਦਾ ਜੀਵਨ ਨਿਰਬਾਹ ਵਾਸਤੇ ਕਿਵੇਂ ਸਦ-ਉਪਯੋਗ ਹੁੰਦਾ ਸੀ ਤੇ ਹੋਰ ਕਾਫੀ ਕੁੱਝ।

ਸਮਾਜ ਸਾਰੇ ਲੋਕਾਂ ਦੀ ਸਾਂਝੀ ਵਿਰਾਸਤ ਹੁੰਦਾ ਹੈ। ਪੇਂਡੂ ਅਰਥਚਾਰਾ ਕਿਸਾਨੀ ਦੇ ਆਸਰੇ ਹੀ ਅੱਗੇ ਚੱਲਦਾ ਹੈ। ਕਿਸਾਨ ਨੂੰ ਵੀ ਬਾਕੀਆਂ ਦੀ ਲੋੜ ਰਹਿੰਦੀ ਹੈ। ਉਹ ਖੇਤ ਮਜਦੂਰ (ਸੀਰੀ) ਤੋਂ ਬਿਨਾਂ ਅਧੂਰਾ ਹੈ (ਖੇਤ ਮਜਦੂਰ ਔਰਤਾਂ ਦਾ ਵੀ ਇਸ ਵਿਚ ਚੋਖਾ ਹਿੱਸਾ ਹੁੰਦਾ ਹੈ), ਖੇਤੀ ਦੇ ਸੰਦਾਂ ਦੀ ਹਰ ਤਰ੍ਹਾਂ ਦੀ ਮੁਰੰਮਤ ਵਾਸਤੇ ਮਿਸਤਰੀ (ਜਿਸਨੂੰ ਤਰਖਾਣਾਂ ਕੰਮ ਕਿਹਾ ਜਾਂਦਾ ਹੈ), ਉਦੋਂ ਲੱਕੜ ਦੇ ਗੱਡੇ ਸਨ, ਹਲ ਵੀ ਲੱਕੜ ਦਾ ਹੀ ਹੁੰਦਾ ਸੀ। ਲੁਹਾਰ-ਹਲ ਦੇ ਫਾਲੇ ਤੋਂ ਲੈ ਕੇ ਰੰਬੇ, ਦਾਤਰੀਆਂ, ਕਹੀਆਂ ਆਦਿ ਵਾਸਤੇ, ਘੁਮਿਆਰ ਭਾਂਡੇ -ਟੀਂਡੇ ਵਾਸਤੇ, ਮੋਚੀ ਜੁੱਤੀਆਂ ਵਾਸਤੇ, ਜੁਲਾਹਾ- ਕੱਪੜੇ ਵਾਸਤੇ (ਉਦੋਂ ਕੱਪੜਾ ਵੀ ਖੱਡੀ ਤੋਂ ਹੀ ਬੁਣਿਆਂ ਜਾਂਦਾ ਸੀ। ਇਸੇ ਤਰ੍ਹਾਂ ਹੋਰ ਲੋਕ ਵੀ ਕਿਸਾਨੀ ਵਿਚ ਸਹਾਈ ਹੁੰਦੇ ਸਨ। ਇਹ ਖੇਤੀਬਾੜੀ ਅੰਦਰ ਮਸੀਨੀਕਰਨ ਤੋਂ ਪਹਿਲਾਂ ਵਾਲੇ ਦੌਰ ਦੇ ਸਮੇਂ ਦੀ ਵਾਰਤਾ ਹੈ।

ਹੁਣ ਦੀ ਪੀੜ੍ਹੀ ਦੇ ਕਿੰਨੇ ਕੁ ਲੋਕ ਜਾਣਦੇ ਹਨ ਕਿ ਕਣਕ ਫਲ੍ਹਿਆਂ ਨਾਲ ਗਾਹੀ ਜਾਂਦੀ ਸੀ। ਫਲ੍ਹੇ, ਫਲਾਹੀ ਦੇ ਕੰਡੇਦਾਰ ਛਾਪਿਆਂ ਨੂੰ ਜੋੜ ਕੇ ਬਣਾਏ ਜਾਂਦੇ ਸਨ। ਬਾਅਦ 'ਚ ਧੜਾਂ ਲਾ ਕੇ ਤੰਗਲੀਆਂ ਨਾਲ ਦਾਣੇ ਤੇ ਤੂੜੀ ਵੱਖ ਕੀਤੇ ਜਾਂਦੇ ਸਨ। ਕਿੰਨਾ ਸਮਾਂ ਉਡੀਕਿਆਂ ਜਾਂਦਾ ਸੀ ਕਿ ਰੁਖ ਸਿਰ ਹਵਾ ਵਗੇ ਤਾਂ ਤੰਗਲੀਆਂ ਲੈ ਕੇ ਇਹ ਕੰਮ ਕੀਤਾ ਜਾਵੇ। ਕਿੰਨਿਆ ਕੁ ਨੂੰ ਪਤਾ ਹੋਵੇਗਾ ਛੱਜ ਤੇ ਛਜਲੀ ਦਾ ਫਰਕ ਕੀ ਹੁੰਦਾ ਹੈ। ਹੁਣ ਵਾਲੀ ਪੀੜ੍ਹੀ ਤਾਂ ਵਿਆਹ ਮੌਕੇ ਕੱਢੀ ਜਾਣ ਵਾਲੀ ਜਾਗੋ ਵਾਲੇ ਛੱਜ ਨੂੰ (ਭੰਨਣਾ) ਹੀ ਜਾਣਦੀ ਹੈ।

ਬੇਜਮੀਨੇ ਪਰਿਵਾਰਾਂ ਦੀਆਂ ਔਰਤਾਂ ਬਹੁਤਾ ਕਰਕੇ ਪਸੂਆਂ ਨੂੰ ਪਾਲਣ ਵੱਲ ਧਿਆਨ ਦਿੰਦੀਆਂ ਸਨ। ਪਹਿਲਾਂ ਇਹ ਆਮ ਹੁੰਦਾ ਸੀ ਕਿ ਕੋਈ ਕਿਸਾਨ ਵੀ ਆਪਣੀ ਮੱਝ/ਮੱਝਾਂ ਅਧਿਆਰੇ ਦੇ ਦਿੰਦੇ ਉਸ ਵਿਚ ਤੈਅ ਕਰ ਲਿਆ ਜਾਂਦਾ ਕਿ ਮੱਝ ਦੇ ਸੂਣ ਸਮੇਂ ਕਿਸ ਤਰ੍ਹਾਂ ਮੁੱਲ ਮਿੱਥਿਆ ਜਾਵੇਗਾ, ਅੱਧੋ-ਅੱਧ ਜਾਂ ਪੰਜ-ਦਵੰਜੀ। ਇਸ ਤਰ੍ਹਾਂ ਉਹ ਪਰਿਵਾਰ ਆਪਣੀ ਆਰਥਕ ਹਾਲਤ ਨੂੰ ਸਾਵਾਂ ਕਰਨ ਲਈ ਆਪਣੀ ਮਿਹਨਤ ਨਾਲ ਹੀ ਆਪਣੀ ਬੇੜੀ ਬੰਨੇ ਲਾਉਂਦੇ। ਬੇ-ਜਮੀਨਿਆਂ ਲਈ ਖੇਤ ਹਾਲ੍ਹੇ/ਠੇਕੇ 'ਤੇ ਲੈ ਕੇ ਸਬਜੀਆਂ ਦਾ ਧੰਦਾ ਵੀ ਉਪਜੀਵਕਾ ਦਾ ਸਾਧਨ ਬਣਦਾ ਰਿਹਾ ਹੈ। ਸਾਰਾ ਪਰਿਵਾਰ ਰਲ-ਮਿਲ ਕੇ ਇਹ ਕੰਮ ਕਰਦਾ ਸੀ।

ਕਿਸੇ ਘਰ ਮੱਝ ਦੇ ਸੂਣ ਸਮੇਂ ਦੀਆਂ ਕੁੱਝ ਗੱਲਾਂ ਅੱਜ ਦੀ ਪੀੜ੍ਹੀ ਨੂੰ ਖਾਸ ਕਰਕੇ ਦੱਸਣ ਵਾਲੀਆਂ ਹਨ। ਸੱਜਰ ਸੂਈ ਮੱਝ ਦੇ ਪਹਿਲੇ ਦੁੱਧ ਨੂੰ ਬੌਹਲੀ ਕਹਿੰਦੇ ਸਨ (ਹੁਣ ਵੀ), ਅਤੇ ਅਗਲੇ 5-7 ਦਿਨ ਦੇ ਦੁੱਧ ਨੂੰ ਛੇਲੜਾ (ਫੇਰੜਾ) ਕਿਹਾ ਜਾਂਦਾ ਸੀ। ਇਹ ਦੁੱਧ ਸਾਰਾ ਪਰਿਵਾਰ ਦੋਵੇਂ ਵੇਲੇ ਪੀਂਦਾ ਸੀ। ਇਹ ਦੁੱਧ ਬਹੁਤ ਹੀ ਤਾਕਤਵਰ ਹੁੰਦਾ ਹੈ- ਪੀਣ ਵਿਚ ਬਹੁਤ ਸੁਆਦ। ਇਸ ਨੂੰ ਗਰਮ ਕਰੀਏ ਤਾਂ ਇਸ ਦੀਆਂ ਫੁੱਟੀਆਂ ਬਣ ਜਾਂਦੀਆਂ ਹਨ। ਹਫਤੇ ਕੁ ਬਾਅਦ ਹੀ ਇਸ ਨੂੰ ਕਾੜ੍ਹ ਕੇ ਮੱਖਣ ਤੇ ਲੱਸੀ ਵਾਸਤੇ ਵਰਤਣਾ ਸੁਰੂ ਕੀਤਾ ਜਾਂਦਾ ਹੈ। ਪਹਿਲੇ ਘਿਉ ਨਾਲ ਵੀ ਕਈ ਤਰ੍ਹਾਂ ਦੀਆਂ ਮਾਨਤਾਵਾਂ ਜੁੜੀਆਂ ਹੋਈਆਂ ਹਨ। ਕੁੱਝ ਲੋਕ ਸੱਜਰ ਸੂਈ ਮੱਝ ਦਾ ਪਹਿਲਾ ਦੁੱਧ ਕਿਸੇ ਵਿਸੇਸ ਬਰਾਦਰੀ ਦੇ ਲੋਕਾਂ ਨੂੰ ਹੀ ਪਿਆਉਂਦੇ ਹਨ। ਕਾਰਨ ਉਹ ਹੀ ਜਾਣਦੇ ਹੋਣਗੇ।

ਇਸ ਕਿਤਾਬ ਅੰਦਰ ਸਥਾਨਕ ਭਾਸਾ (ਬਠਿੰਡੇ ਦੀ) ਨੂੰ ਹੀ ਵਰਤਿਆ ਗਿਆ ਹੈ। ਇਸ ਨੂੰ ਪੜ੍ਹਦਿਆਂ ਬਹੁਤ ਸਾਰੇ ਸਬਦ ਅਜਿਹੇ ਮਿਲਦੇ ਹਨ ਜੋ ਦੁਆਬੇ ਤੇ ਮਾਝੇ ਵਿਚ ਨਹੀਂ ਵਰਤੇ ਜਾਂਦੇ। ਇਹ ਚੰਗੀ ਰਵਾਇਤ ਵੀ ਹੈ ਇਸ ਨਾਲ ਸਥਾਨਕਤਾ ਦੀ ਆਤਮਾ ਦੇ ਦਰਸਣ ਹੁੰਦੇ ਹਨ। ਇਸ ਤਰ੍ਹਾਂ ਹੀ ਕਿਸਾਨ ਲਈ ਸਬਦ ਜੱਟ ਹੀ ਵਰਤਿਆ ਗਿਆ ਹੈ ਭਾਵੇਂ ਕਿ ਹੋਰ ਜਾਤਾਂ/ਬਰਾਦਰੀਆਂ ਦੇ ਲੋਕ ਵੀ ਖੇਤੀਬਾੜੀ ਕਰਦੇ ਹਨ। ਇਸ ਬਾਰੇ ਸੁਚੇਤ ਹੋਣ ਦੀ ਲੋੜ ਹੈ।

ਕਿਤਾਬ ਦੇ ਹਰ ਅਧਿਆਏ ਦੇ ਸਿਰਲੇਖ ਵਜੋਂ ਅਖਾਣਾਂ ਨੂੰ ਹੀ ਵਰਤਿਆ ਗਿਆ ਹੈ। ਇਨ੍ਹਾਂ ਦੀ ਵਿਆਖਿਆ ਵੀ ਕੀਤੀ ਗਈ ਹੈ- ਅਖਾਣਾਂ ਦੇ ਪਹਿਲਾਂ ਹੋਏ ਗਲਤ ਅਰਥਾਂ ਨੂੰ ਸੋਧਿਆ ਵੀ ਗਿਆ ਹੈ। ਬਹੁਤ ਸਾਰੇ ਅਖਾਣ ਖੇਤੀਬਾੜੀ ਨਾਲ ਸਬੰਧਤ ਹਨ। ਉਸ ਵੇਲੇ ਲੋਕ ਬਹੁਤ ਭੋਲ਼ੇ ਹੁੰਦੇ ਸਨ। ਚੁਸਤ-ਚਲਾਕੀਆਂ ਘੱਟ ਕਰਦੇ ਸਨ। ਦੂਜੇ ਦੀ ਮੱਦਦ ਕਰਕੇ ਖੁਸ ਹੁੰਦੇ ਸਨ। ਇੱਥੇ ਜੱਟਾਂ ਦੇ ਇਸ ਭੋਲੇਪਣ ਦੀ ਮਿਸਾਲ ਦੇਣ ਵਾਸਤੇ ਇਕ ਅਖਾਣ 'ਜੱਟ ਕੀ ਜਾਣੇ ਲੌਂਗਾਂ ਦਾ ਭਾਅ' ਵਰਤਿਆ ਗਿਆ ਹੈ ਉਹ ਸਹਿਰ ਲੌਂਗ ਲੈਣ ਗਿਆ ਖੇਸ ਵਿਛਾ ਕੇ ਬਹਿ ਗਿਆ, ਪਤਾ ਹੀ ਨਹੀਂ ਸੀ ਕਿੰਨੇ ਕੁ ਆਉਣਗੇ। ਇਹ ਸੀ ਉਸ ਸਮੇਂ ਦੀ ਮਾਸੂਮੀਅਤ।

ਜਦੋਂ ਅਸੀਂ ਲੋਕ ਇਤਿਹਾਸ ਦੀ ਗੱਲ ਕਰਦੇ ਹਾਂ ਤਾਂ ਦੇਖਦੇ ਹਾਂ ਕਿ ਇਹ ਕਿਤਾਬ ਲੋਕ ਵਿਰਸੇ ਦਾ ਬੜੀ ਡੂੰਘਾਈ ਤੇ ਵਿਸਥਾਰ ਨਾਲ ਵਿਚਾਰ ਕਰਦੀ ਹੈ। ਇਹ ਉਸ ਵੇਲੇ ਦੀ ਗੱਲ ਹੈ ਜਦੋਂ ਖੇਤੀਬਾੜੀ ਵਿਚ ਅਜੇ ਆਧੁਨਿਕ ਤਕਨੀਕ ਸਾਮਲ ਨਹੀਂ ਸੀ ਹੋਈ। ਪਰਿਵਾਰ ਕਾਫੀ ਵੱਡੇ ਹੁੰਦੇ ਸਨ, 'ਖੇਤੀ ਖਸਮਾਂ ਸੇਤੀ' ਦਾ ਅਖਾਣ ਇਸੇ ਦੀ ਗਵਾਹੀ ਭਰਦਾ ਹੈ। ਹਰ ਪਰਿਵਾਰ ਅੰਦਰ 8-10 ਬੱਚੇ ਆਮ ਜਹੀ ਗੱਲ ਸੀ। ਖੇਤੀ ਦੇ ਕੰਮਾਂ ਵਿਚ ਬਹੁਤੇ ਜੀਆਂ ਦੀ ਲੋੜ ਪੈਂਦੀ ਸੀ। ਉਸ ਵੇਲੇ ਜੰਮਣ ਵਾਲੇ ਬੱਚਿਆਂ ਵਿਚੋਂ ਕਾਫੀ ਸਾਰਿਆਂ ਦੀ ਜਨਮ ਤੋਂ ਛੇਤੀ ਬਾਅਦ ਮੌਤ ਵੀ ਹੋ ਜਾਂਦੀ ਸੀ। ਜਨਮ ਵੇਲੇ ਬੱਚਿਆਂ ਦੀ ਗੁਣਵੱਤਾ ਤਾਂ ਸਾਇਦ ਮਾੜੀ ਨਹੀਂ ਸੀ ਹੁੰਦੀ ਪਰ, ਕਿਸੇ ਬੀਮਾਰੀ ਨੂੰ ਜਾਂਚ ਲੈਣ ਦੀਆਂ ਸਿਹਤ ਸੇਵਾਵਾਂ ਦਾ ਨਾਂ-ਪਤਾ ਹੀ ਕਿਧਰੇ ਨਹੀਂ ਸੀ। ਬੀਮਾਰੀ ਵੇਲੇ ਇਲਾਜ ਤੀਰ-ਤੁੱਕੇ ਵਾਲੇ ਹਕੀਮਾਂ ਦੇ ਹੱਥੀਂ ਹੀ ਹੁੰਦਾ ਸੀ। ਇਹ ਗੱਲਾਂ ਛੇ ਸੱਤ ਦਹਾਕੇ ਪਹਿਲਾਂ ਦੀਆਂ ਹਨ, ਜਦੋਂ ਖੇਤੀਬਾੜੀ ਅਧਾਰਤ ਉਦਯੋਗ ਸੁਣਨ ਵਿਚ ਵੀ ਨਹੀਂ ਆਉਂਦੇ ਸਨ।

ਖੇਤੀ ਵਾਸਤੇ ਲੱਕੜ ਦੇ ਹਲ ਵਰਤੇ ਜਾਂਦੇ ਸਨ। ਜਿਸ ਹਲ ਨੂੰ ਲੋਹੇ ਦਾ ਫਾਲਾ ਹੁੰਦਾ ਸੀ। ਹਲ ਨੂੰ ਜੋੜਨ ਵਾਸਤੇ ਬਲਦਾਂ ਅਤੇ ਊਠਾਂ ਦੀ ਵਰਤੋਂ ਕੀਤੀ ਜਾਂਦੀ ਸੀ। ਬਜਾਈ ਸਮੇਂ ਇਕੱਲਾ ਬੰਦਾ ਲੱਕੜ ਦੇ ਹਲ਼ ਦੇ ਮੁੰਨੇ ਨਾਲ ਪੋਰ ਬੰਨਕੇ ਆਪ ਹੀ ਉਸ ਵਿਚ ਬੀਜ ਪਾਉਂਦਾ ਸੀ ਜੋ ਸਿੱਧਾ ਸਿਆੜ ਵਿਚ ਪੈ ਜਾਂਦਾ ਸੀ। ਲੋਹੇ ਦੇ ਹਲ, ਉਲਟਾਵੇਂ ਹਲ (ਹੋਰ ਮਸੀਨਰੀ) ਇਹ ਬਹੁਤ ਦੇਰ ਬਾਅਦ ਆਏ। ਚੀਜ ਵਸਤ ਦੀ ਢੋਅ-ਢੁਆਈ ਲਈ ਗੱਡਾ ਵਰਤਿਆ ਜਾਂਦਾ ਸੀ ਜਿਸਦੇ ਪਹੀਏ ਲੱਕੜ ਦੇ ਹੁੰਦੇ ਸਨ। ਬਾਅਦ ਵਿਚ ਤਕਨੀਕ ਬਦਲੀ ਤੇ ਲੱਕੜ ਦੇ ਪਹੀਏ ਰਬੜ ਵਾਲੇ ਟਾਇਰਾਂ ਵਿਚ ਬਦਲ ਗਏ ਤਾਂ ਉਸਨੂੰ ਰੇਹੜਾ ਕਹਿਣ ਲੱਗ ਪਏ। ਇਨ੍ਹਾਂ ਨੂੰ ਖਿੱਚਣ ਵਾਸਤੇ ਊਠਾਂ ਤੇ ਬਲਦਾਂ ਦੀ ਵਰਤੋਂ ਕੀਤੀ ਜਾਂਦੀ ਸੀ। ਯਾਦ ਰਹੇ ਭਾੜਾ ਢੋਣ ਵਾਲੇ ਬਲਦ ਬਗੈਰਾ ਪੰਜਾਲੀ ਨਹੀਂ ਜੋੜੇ ਜਾਂਦੇ ਸਨ (ਜਾਂ ਘੱਟ ਜੋੜੇ ਜਾਂਦੇ ਸਨ)। ਇਹ ਵੀ ਯਾਦ ਰਹੇ ਗਰਮੀਆਂ ਦੀ ਰੁੱਤੇ ਹਾਲ਼ੀ ਬਲਦਾਂ ਤੇ ਊਠਾਂ ਨੂੰ ਸੱਤੂ ਅਤੇ ਜੌਆਂ ਦੀਆਂ ਪਿੰਨੀਆਂ ਵੀ ਦਿੱਤੀਆਂ ਜਾਂਦੀਆਂ ਸਨ।


ਕੁੱਝ ਗੱਲਾਂ ਦਾ ਸਾਇਦ ਬਹੁਤ ਸਾਰਿਆਂ ਨੂੰ ਨਾ ਹੀ ਪਤਾ ਹੋਵੇ। ਊਠਣੀ ਗਰਭ ਧਾਰਨ ਕਰਨ ਤੋਂ ਇਕ ਸਾਲ ਬਾਅਦ ਸੂੰਦੀ ਹੈ। ਉਸ ਦੇ ਸੂਣ ਵੇਲੇ ਆਮ ਔਰ 'ਤੇ ਰੇਤਲੇ ਜਹੇ ਥਾਵੇਂ ਜਣੇਪਾ ਕਰਵਾਇਆ ਜਾਂਦਾ ਹੈ। ਊਠਨੀ ਦੇ ਨਵ ਜੰਮੇ ਬੱਚਿਆਂ ਨੂੰ ਬਤਾਰੂ ਤੇ ਬਤਾਰਨ ਕਿਹਾ ਜਾਂਦਾ ਹੈ। ਊਠਾਂ ਬਾਰੇ ਸੱਭਿਆਚਾਰ ਵਿਚ ਬਹੁਤ ਕੁੱਝ ਸੁਣਨ ਨੂੰ ਮਿਲਦਾ ਹੈ ਇਸ ਬਾਰੇ ਕਿਸੇ ਮੁਟਿਆਰ ਦੀ ਖਾਹਿਸ :

"ਤੇਰੇ ਕੈਂਠੇ ਦੀ ਮੁਹਾਰ ਬਣ ਜਾਵਾਂ,
ਵੇ ਕੈਂਠੇ ਵਾਲਿਆ ਸੌਕੀਨ ਮੁੰਡਿਆ"

ਪਹਿਲੇ ਸਮਿਆਂ ਵਿਚ ਬਹੁਤੀ ਖੇਤੀ ਬਰਾਨੀ ਹੀ ਹੁੰਦੀ ਸੀ (ਜਿੱਥੇ ਪਾਣੀ ਦਾ ਪ੍ਰਬੰਧ ਨਹੀਂ ਸੀ ਹੁੰਦਾ)। ਇਸ ਕਰਕੇ ਬਹੁਤੀ ਭੋਇੰ ਵਿਚ ਇਕ ਹੀ ਫਸਲ ਹੁੰਦੀ ਉਥੇ ਵੀ ਬੇਰੜਾ ਹੀ ਬੀਜਿਆ ਜਾਂਦਾ, ਛੋਲੇ ਤੇ ਜੌਂ (ਹਾਲਾਂ ਕਿ ਦੁਆਬੇ ਵਿਚ ਕਣਕ+ਛੋਲਿਆਂ ਦੀ ਫਸਲ ਨੂੰ ਬੇਰੜਾ ਕਿਹਾ ਜਾਂਦਾ ਸੀ)। ਖੇਤੀ ਦਾ ਨਕਸਾ ਅੰਗਰੇਜਾਂ ਵਲੋਂ 135 ਸਾਲ ਪਹਿਲਾਂ ਕਢਵਾਈ ਸਰਹਿੰਦ ਨਹਿਰ ਨੇ ਹੀ ਬਦਲਿਆ ਸੀ। ਸਰਹਿੰਦ ਨਹਿਰ 'ਤੇ 1884 ਵਿਚ ਘਰਾਟਾਂ ਦਾ ਨਿਰਮਾਣ ਹੋਇਆ। ਇਹ ਵੀ ਕਿਹਾ ਜਾਂਦਾ ਹੈ ਕਿ ਘਰਾਟ ਦਾ ਆਟਾ ਸਿਹਤ ਵਾਸਤੇ ਵੱਧੇਰੇ ਚੰਗਾ ਹੁੰਦਾ ਹੈ।

ਨਹਿਰਾਂ ਦੇ ਆਉਣ ਤੋਂ ਪਹਿਲਾਂ ਆਟਾ ਪੀਹਣ ਦਾ ਕੰਮ ਘਰੇਲੂ ਚੱਕੀਆਂ ਰਾਹੀਂ ਹੁੰਦਾ ਸੀ, ਇਕੱਲਾ ਆਟਾ ਹੀ ਨਹੀਂ ਪਸੂਆਂ ਖਾਸ ਕਰਕੇ ਬਲਦਾਂ ਵਾਸਤੇ ਦਾਣਾ ਵੀ ਹੱਥ ਚੱਕੀ ਨਾਲ ਹੀ ਦਲਿਆ ਜਾਂਦਾ ਸੀ। ਪਰਵਾਰ ਵੀ ਵੱਡੇ ਹੁੰਦੇ ਸਨ। (ਉਦੋਂ ਦੀ ਨੂੰਹ ਦਾ ਦੁੱਖ ਇਸ ਬੋਲੀ ਵਿਚ ਹੈ ਕਿ "ਜੇ ਮੈਂ ਜਾਣਦੀ ਚੱਕੀ ਦਾ ਪੁੜ ਭਾਰਾ ਸੱਸ ਨਾਲ ਬਣਾ ਕੇ ਰੱਖਦੀ") ਜਾਂ ਫੇਰ ਖਰਾਸ ਰਾਹੀਂ । ਖਰਾਸ ਵੀ ਬਲਦਾਂ ਜਾਂ ਊਠਾਂ ਨਾਲ ਹੀ ਚਲਾਇਆ ਜਾਂਦਾ ਸੀ। ਨਹਿਰਾਂ ਦੇ ਆਉਣ 'ਤੇ ਪਾਣੀ ਨਾਲ ਚੱਲਣ ਵਾਲੇ ਘਰਾਟ ਆਏ ਇਸ ਤੋਂ ਬਾਅਦ ਇੰਜਣ ਨਾਲ ਚੱਲਣ ਵਾਲੀਆਂ ਚੱਕੀਆ। ਜੀਵਨ ਕਿੰਨਾ ਔਖਾ ਸੀ - "ਤੜਕੇ ਉੱਠ ਚੱਕੀ ਝੋਅ, ਮਧਾਣੀ ਪਾ, ਪਾਣੀ ਭਰ, ਗੋਹਾ ਸੁੱਟਣ ਜਾਹ"।

ਬੜੀ ਕਮਾਲ ਦੀ ਗੱਲ ਕਿ ਊਠ 'ਤੇ ਅਸਵਾਰੀ ਕਰਨ ਦੇ ਮਿੱਥੇ ਹੋਏ ਅਸੂਲ ਸਨ। ਇਹਦੇ ਵਾਸਤੇ ਸੁੰਡਕਾ, ਪਾਖੜਾ ਤੇ ਕਾਠੀ ਵਰਤੇ ਜਾਂਦੇ ਹਨ। ਅਸਵਾਰਾਂ ਨੂੰ ਦੇਖ ਕੇ ਹੀ ਪਤਾ ਲੱਗ ਜਾਂਦਾ ਹੈ 'ਜੇ ਪਿਉ ਤੇ ਧੀ ਨੇ ਅਸਵਾਰੀ ਕਰਨੀ ਹੋਵੇ ਤਾਂ ਧੀ ਅੱਗੇ ਬੈਠੇਗੀ ਅਤੇ ਪਿਉ ਪਿੱਛੇ। ਪਰ, ਜੇ ਪਤੀ ਪਤਨੀ ਜਾਣ ਤਾਂ ਪਤੀ ਅੱਗੇ ਬੈਠੇਗਾ ਅਤੇ ਪਤਨੀ ਪਿਛਲੇ ਆਸਣ ਉੱਤੇ। ਇਹਨੂੰ ਲੋਕ ਰਿਸਤੇ ਦੀ ਪਾਕੀਜਗੀ ਵੀ ਆਖਦੇ ਸਨ। ਹਲ਼ ਵਾਹੁਣ ਵੇਲੇ ਬਲਦ ਪੰਜਾਲੀ ਜੁੜਦੇ ਹਨ ਪਰ ਊਠ ਦੇ ਕੁਹਾਠ 'ਤੇ ਤੰਗੜ ਪਾਇਆ ਜਾਂਦਾ ਹੈ। ਇਸੇ ਤਰ੍ਹਾਂ ਪਸੂਆਂ ਵਾਸਤੇ ਨਸਲ ਸਬਦ ਨਹੀਂ ਵਰਤਿਆ ਜਾਂਦਾ ਸਗੋਂ ਪੰਜਾਬੀ ਸੱਭਿਆਚਾਰ ਵਿਚ ਇਸਨੂੰ 'ਧੀ ਲਾਣੇ ਦੀ ਮੱਝ/ਗਾਂ ਰਵੇ ਦੀ' ਕਿਹਾ ਜਾਂਦਾ ਹੈ। ਪਸੂਆਂ ਵਾਸਤੇ ਸਬਦ ਰਵਾ ਵਰਤਿਆ ਜਾਂਦਾ ਹੈ। ਕਿਤਾਬ ਪੜ੍ਹਦਿਆਂ ਬੰਦਾ ਹੈਰਾਨ ਵੀ ਹੋਵੇਗਾ ਜਦੋਂ ਪੜ੍ਹੇਗਾ ਕਿ "ਦੋ ਰੁਪਏ ਖਲ਼ ਦੀ ਬੋਰੀ ਤੇ ਪੰਜ ਰੁਪਏ ਦੀ ਬੜੇਵਿਆਂ ਦੀ ਬੋਰੀ" - ਹੈਰਾਨ ਹੋਣ ਦੀ ਲੋੜ ਨਹੀਂ ਇਹ 6-7 ਦਹਾਕੇ ਪਹਿਲਾਂ ਦੀਆਂ ਗੱਲਾਂ ਹਨ। ਕਣਕ ਵੀ ਤਾਂ ਇਕ ਰੁਪਈਏ ਦੀ ਮਣ ਹੁੰਦੀ ਸੀ। ਇਹ ਉਦੋਂ ਦੀਆਂ ਗੱਲਾਂ ਹਨ ਜਦੋਂ ਲੋਕਾਂ ਦੀ ਸਾਂਝ ਇੰਨੀ ਗੂੜ੍ਹੀ ਹੁੰਦੀ ਸੀ ਕਿ ਲੋਕ ਪੱਗ-ਵਟ ਭਰਾ ਬਣਕੇ ਇਕ ਦੂਜੇ ਵਾਸਤੇ ਜਾਨਾਂ ਤੱਕ ਵਾਰ ਦਿੰਦੇ ਸਨ ਅਤੇ ਬੀਬੀਆਂ ਚੁੰਨੀਆਂ ਵਟਾ ਕੇ ਆਪਣੇ ਵਚਨ ਪਾਲਦੀਆਂ ਸਨ। ਸਾਂਝਾਂ ਦਾ ਆਲਮ ਇਹ



ਸੀ ਕਿ ਲੋਕ ਖੁਸੀ, ਗਮੀ ਦੇ ਮੌਕੇ ਜਰੂਰ ਇਕ ਦੂਜੇ ਨਾਲ ਮਿਲਦੇ, ਦੁੱਖ-ਸੁੱਖ ਸਾਂਝਾ ਕਰਦੇ। ਹੁਣ ਉਹ ਵੇਲੇ ਨਹੀਂ ਰਹੇ।

ਲੋਕ ਸਮਾਜ ਦੇ ਭਲੇ ਵਾਸਤੇ ਚੰਗੇ ਢੱਟੇ (ਝੋਟੇ-ਮਾਲੀ) ਆਪ ਹੀ ਸਰਕਾਰ ਵਲੋਂ ਠੱਪਾ ਲੁਆ ਕੇ ਖੁੱਲ੍ਹਾ ਛੱਡ ਦਿੰਦੇ ਸਨ ਤਾਂ ਜੋ ਪਸੂਆਂ ਦੀ ਚੰਗੀ ਤੇ ਨਰੋਈ ਨਸਲ ਵਾਸਤੇ ਸਿਹਤਮੰਦ ਜੁਗਾੜ ਬਣਿਆ ਰਹੇ। ਇਹ ਸਭ ਮੁਫਤ ਖਾਤੇ ਹੀ ਹੁੰਦੇ ਸਨ। ਇਸ ਦੇ ਨਾਲ ਹੀ ਲੇਖਕ ਲਿਖਦਾ ਹੈ ਕਿ ਪਸੂਆਂ ਅੰਦਰ ਵੀ 'ਕਾਮ ਦਾ ਨਸਾ ਸਭ ਤੋਂ ਭੈੜਾ ਹੁੰਦਾ ਹੈ'। ਇਸ ਦੀ ਸਚਾਈ ਦੇ ਸਬੰਧ ਵਿਚ ਮੱਝਾਂ, ਗਾਵਾਂ ਤੇ ਊਠਾਂ ਦੀਆਂ ਕਾਫੀ ਮਿਸਾਲਾਂ ਪੇਸ ਕਰਦਾ ਹੈ।

ਇਕ ਹੋਰ ਬੜੀ ਪਤੇ ਦੀ ਗੱਲ ਦਰਜ ਹੈ ਕਿ ਸਾਰੇ ਪਸ਼ੂ ਗੋਹਾ ਨਹੀਂ ਕਰਦੇ ਬਲਦ, ਮੱਝ, ਗਾਂ, ਗੋਹਾ ਕਰਦੇ ਹਨ, ਘੋੜਾ, ਖੋਤਾ ਲਿੱਦ ਕਰਦੇ ਹਨ, ਬੱਕਰੀ ਮੀਂਙਣਾਂ ਕਰਦੀ ਹੈ, ਭੇਡ ਸੰਗੋਹ ਤੇ ਊਠ ਲੇਡਣੇ ਕਰਦਾ ਹੈ। ਗੋਹੇ ਦੀਆਂ ਪਾਥੀਆਂ ਬਣ ਜਾਂਦੀਆਂ ਹਨ, ਬਾਕੀਆਂ ਦੀਆਂ ਨਹੀਂ। ਕਈ ਲੋਕ ਉਨ੍ਹਾਂ ਨੂੰ ਸੁਕਾ ਕੇ ਬਾਲਣ ਵਜੋਂ ਵਰਤ ਲੈਂਦੇ ਸਨ।

ਪਸ਼ੂ ਵਿਗਿਆਨ ਦੇ ਜਾਣਕਾਰਾਂ ਨੇ ਬਲਦਾਂ ਦੇ ਸਿੰਙਾਂ ਦੀ ਬਣਤਰ ਅਨੁਸਾਰ ਨਾਰਾ, ਬੱਗਾ, ਚੱਪਾ, ਖੜਪਾੜਾ, ਮੀਣਾ, ਢਾਲ ਤਲਵਾਰਾ ਅਤੇ ਮੱਝਾਂ ਬਾਰੇ ਕੁੰਢੀ, ਦਾਤੀ ਸਿੰਙੀਂ, ਮੀਣੀ, ਘੋਨੀ ਆਦਿ ਦੀ ਵੰਡ ਕੀਤੀ ਹੋਈ ਸੀ। ਆਮ ਕਹਾਵਤ ਵੀ ਹੈ ਕਿ 'ਕੁੰਢੀਆਂ ਦੇ ਸਿੰਙ ਫਸ ਗਏ ਕੋਈ ਨਿੱਤਰੂ ਵੜੇਵੇਂ ਖਾਣੀ'। ਹੁਣ ਸਮਾਂ ਬਦਲ ਗਿਆ ਹੈ ਖੇਤੀ ਦੇ ਮਸੀਨੀਕਰਨ ਦੇ ਸਿੱਟੇ ਵਜੋਂ ਪਿੰਡਾਂ ਦੇ ਬਹੁਤ ਘਰਾਂ ਵਿਚੋਂ ਵੀ ਪਸੂ ਮੁੱਕਦੇ ਜਾਂਦੇ ਹਨ ਤੇ ਫੇਰ ਨਵੀਂ ਪੀੜੀ ਖਲ਼ ਤੇ ਵੜੇਵਿਆਂ ਬਾਰੇ ਕਿੱਥੋਂ ਜਾਣੂ ?

ਫਸਲਾਂ ਦੇ ਹਾਈਬਰਿਡ ਬੀਜਾਂ ਨੇ ਫਸਲਾਂ ਦੇ ਝਾੜ ਵਧਾ ਦਿੱਤੇ ਹਨ ਪਰ ਲੋਕਾਂ ਦੀ ਸਿਹਤ ਵਾਸਤੇ ਜੱਭ੍ਹ ਪੈਦਾ ਕਰ ਦਿੱਤਾ ਹੈ। ਲੋਕਾਂ ਦੀ ਸਿਹਤਮੰਦੀ ਲਈ ਕੁਦਰਤੀ ਖੇਤੀ ਚੰਗੀ ਹੁੰਦੀ ਸੀ। ਫਸਲਾਂ ਵਿਚ ਬੂਟੀਆਂ ਉਦੋਂ ਵੀ ਉੱਗਦੀਆਂ ਸਨ, ਤਾਂਦਲਾ, ਪੋਹਲ਼ਾ, ਪੋਹਲ਼ੀ, ਬਾਥੂ, ਮੁਰਕ, ਪਿਆਜੀ, ਭੁਕਣਾ, ਤੋਤਾਮੈਨਾ, ਇੱਟਸਿੱਟ, ਝੱਲ, ਬਰੂ, ਧਾਮਣ, ਮਧਾਣਾਂ, ਅਲੇਹਾਂ, ਦੁੱਧਤਲ, ਭਗਤਲ, ਖਿੱਪ, ਬੂਈਆਂ, ਭੱਸਰਾ ਆਦਿ। ਇਨ੍ਹਾਂ ਨੂੰ ਦੂਰ ਕਰਨ ਵਾਸਤੇ ਫਸਲਾਂ ਦੀ ਗੋਡੀ ਹੁੰਦੀ, (ਇੱਥੇ ਕਹਾਵਤ ਵੀ ਸੀ- ਜਿੰਨੀ ਗੋਡੀ, ਉੱਨੀ ਡੋਡੀ) ਕਾਮੇ ਵੀ ਇਸ ਨਾਲ ਤੰਦਰੁਸਤ ਰਹਿੰਦੇ ਸਨ। ਹੁਣ ਵੱਧ ਝਾੜ ਦੀ ਹੋੜ ਨੇ ਕੈਮੀਕਲਾਂ ਤੇ ਸਪਰੇਆਂ ਦੀ ਭਰਮਾਰ ਨੇ ਵਾਤਾਵਰਣ ਹੀ ਖਰਾਬ ਨਹੀਂ ਕੀਤਾ ਧਰਤੀ ਨੂੰ ਨਸੇ ਤੇ ਲਾ ਦਿੱਤਾ ਹੈ। ਬੇ-ਥਾਹ ਖਾਦਾਂ ਤੇ ਕੀੜੇਮਾਰ ਦਵਾਈਆਂ ਪਾਣੀ ਰਾਹੀਂ ਧਰਤੀ ਵਿਚ ਜਜਬ ਹੋ ਰਹੀਆਂ ਹਨ ਜੋ ਧਰਤੀ ਹੇਠਲੇ ਪਾਣੀ ਨੂੰ ਗੰਦਾ ਹੀ ਨਹੀਂ ਕਰਦੇ ਜਹਿਰੀ ਵੀ ਕਰਦੇ ਹਨ। ਸੋਚਣ ਤੇ ਪਤਾ ਲੱਗੇਗਾ ਕਿ ਕੈਂਸਰ ਬੈਲਟ ਐਵੇਂ ਤੇ ਨਹੀਂ ਬਣ ਜਾਂਦੀ, ਇਸ ਵਿਚ ਸਮਾਜ ਦਾ ਆਪਣਾ ਵੀ ਕੁੱਝ ਦੋਸ ਤਾਂ ਹੈ।

ਸਮਾਜ ਅੰਦਰ ਰੁੱਖਾਂ ਦੀ ਬਹੁਤ ਮਹਾਨਤਾ ਸੀ, ਪਿੰਡਾਂ ਵਿਚ ਇਸਦੇ ਆਮ ਹੀ ਸਬੂਤ ਮਿਲਦੇ ਹਨ। ਤਪਦੀਆਂ ਦੁਪੈਹਰਾਂ ਨੂੰ ਲੋਕ ਇੱਥੇ ਇਕੱਠੇ ਹੁੰਦੇ। ਸੱਥਾਂ ਜੁੜਦੀਆਂ, ਤਾਸਾਂ ਖੇਡਦੇ, ਅਰਾਮ ਕਰਦੇ। ਬੱਚੇ ਆਪਣੀਆਂ ਖੇਡਾਂ ਵਿਚ ਮਸਤ ਰਹਿੰਦੇ। ਹਵਾ ਸਾਫ ਰਹਿੰਦੀ।

ਪਹਿਲਾਂ ਸਾਡੇ ਸਮਾਜ ਅੰਦਰ ਲੜਕੀਆਂ ਦੇ ਦਾਜ ਵਿਚ ਮੱਝ, ਗਊ, ਬਲਦ, ਗੱਡੇ, ਊਠ, ਘੋੜੀਆਂ ਆਦਿ ਦਿੱਤੇ ਜਾਂਦੇ ਸਨ। ਕਿਸਾਨੀ ਪਰਵਾਰਾਂ ਦੀਆਂ ਕੁੜੀਆਂ ਆਪਣੇ ਲਈ ਦਾਜ ਬਣਾਉਂਦੀਆਂ ਤਾਂ ਉਸ ਵਿਚ ਮੁਹਾਰਾਂ, ਘੁੰਗਰਾਲਾਂ, ਗਾਨੀਆਂ, ਖੋਪੇ, ਝੁੱਲ, ਛਿੱਕਲੇ ਅਤੇ ਲੋਗੜੀ ਦੇ ਫੁੱਲ ਆਦਿ ਵੀ ਹੁੰਦੇ ਸਨ। ਪਿੰਡ ਵਿਚ ਆਈ ਨਵੀਂ ਬਹੂ ਦਾ ਦਾਜ ਦੇਖਣ ਲਈ ਅਣ-ਵਿਆਹੀਆਂ ਕੁੜੀਆਂ ਜ਼ਰੂਰ ਆਉਂਦੀਆਂ ਉਹ ਕਢਾਈ ਬਗੈਰਾ ਵਾਸਤੇ ਨਮੂਨੇ ਮਿਲ ਜਾਣ ਵਿਚ ਦਿਲਚਸਪੀ ਲੈਂਦੀਆਂ।

ਜੁਲਾਹਿਆਂ ਤੋਂ ਵੀ ਪਹਿਲਾਂ ਪਿੰਜਣਾ ਤੇ ਤੁੰਬਣਾਂ ਘਰਾਂ ਵਿਚ ਹੀ ਕਰ ਲਿਆ ਜਾਂਦਾ ਸੀ। ਇਹ ਵੀ ਸੱਤ ਕੁ ਦਹਾਕੇ ਪਹਿਲਾਂ ਦੀਆਂ ਗੱਲਾਂ ਹਨ। ਇੱਥੇ ਰੂੰਅ ਦੇ ਨਾਲ ਹੀ ਭੇਡਾਂ ਦੀ ਉੱਨ ਵੀ ਹੁੰਦੀ ਸੀ ਜੋ ਪਿੰਜ, ਤੁੰਬ ਕੇ ਕੱਤੀ ਜਾਂਦੀ ਸੀ ਜਿਸਦੇ ਸਵੈਟਰ, ਕੋਟੀਆਂ ਬੁਣੀਆਂ ਜਾਂਦੀਆਂ ਸਨ। ਇਹ ਸਾਰਾ ਕਾਰਜ ਪਿੰਜਣਾ, ਤੁੰਬਣਾ, ਕੱਤਣਾਂ, ਅਟੇਰਨਾਂ ਔਰਤਾਂ ਦੇ ਹੱਥੀਂ ਹੀ ਹੁੰਦੇ ਸਨ।

ਕਈ ਵੱਡੇ ਬਜ਼ੁਰਗ ਆਪਣੇ ਅਕਾਲ ਚਲਾਣੇ ਤੋਂ ਪਹਿਲਾਂ ਆਪਣੇ ਰਿਸ਼ਤੇਦਾਰਾਂ ਸੱਜਣ ਬੇਲੀਆਂ ਨੂੰ ਸੱਦ ਕੇ 'ਜਿਉਣ ਜੱਗ' ਕਰਿਆ ਕਰਦੇ ਸਨ। ਖਾਂਦੇ-ਪੀਂਦੇ ਲਾਣੇ ਆਪਣੇ ਵੱਡੀ ਉਮਰ ਦੇ ਬਜੁਰਗਾਂ ਦੀ ਮੌਤ ਹੋ ਜਾਣ 'ਤੇ ਖੁਸੀ ਨਾਲ ਵੱਡਾ ਕਰਕੇ ਵਿਦਾ ਕਰਦੇ ਸਨ। ਅਜਿਹੀ ਰਸਮ ਨੂੰ ਗਦੌੜਾ ਫੇਰਨਾ ਕਿਹਾ ਜਾਂਦਾ ਸੀ। ਅਜਿਹੇ ਬਜੁਰਗਾਂ ਦੀ ਅਰਥੀ ਤੋਂ ਫੁੱਲੀਆਂ, ਪਤਾਸੇ ਅਤੇ ਪੈਸੇ ਸੁੱਟੇ ਜਾਂਦੇ। ਜਿਸ ਕਿਸੇ ਦੇ ਹੱਥ ਮੋਰੀ ਵਾਲਾ ਪੈਸਾ ਲਗਦਾ ਉਹ ਸੰਭਾਲ ਕੇ ਰੱਖਦਾ। ਇਹ ਪੈਸਾ ਛੋਟੇ ਬੱਚੇ ਦੇ ਗਲ਼ ਪਾਈ ਗਾਨੀ ਜਾਂ ਲੱਕ ਨੂੰ ਬੰਨੀ ਤੜਾਗੀ ਵਿਚ ਪਾ ਦਿੱਤਾ ਜਾਂਦਾ ਸੀ - ਉਹ ਸੋਚਦੇ ਸਨ ਕਿ ਇਸ ਤਰ੍ਹਾਂ ਬੱਚਾ ਕਿਸੇ ਵੀ ਬੁਰੀ ਨਜਰ ਤੋਂ ਬਚਿਆ ਰਹੇਗਾ। ਉਦੋਂ ਸਮਾਜ ਵਿਚ ਇਸ ਤਰ੍ਹਾਂ ਦੇ ਕਾਫੀ ਸਾਰੇ ਵਹਿਮ ਵੀ ਪ੍ਰਚੱਲਤ ਸਨ।

ਇਸ ਕਿਤਾਬ ਨੂੰ ਪੜ੍ਹਨਾ ਹਰ ਪਾਠਕ ਲਈ ਲਾਹੇਵੰਦ ਹੋਵੇਗਾ- ਜਦੋਂ ਉਹ ਪੜ੍ਹੇਗਾ ਕਿ ਕਪਾਹਾਂ ਦੀ ਰੁੱਤੇ ਔਰਤਾਂ ਮਹੀਨਾ ਮਹੀਨਾ ਕੇਸੀ ਇਸਨਾਨ ਨਹੀਂ ਕਰਦੀਆਂ ਸਨ। ਬਹੁਤੀਆਂ ਦੇ ਉਸ ਸਮੇਂ ਜੂਆਂ ਵੀ ਪੈ ਜਾਂਦੀਆਂ ਸਨ।

ਇਹ ਕਿਤਾਬ ਇਹ ਵੀ ਦੱਸਦੀ ਹੈ ਕਿ ਪਹਿਲੇ ਸਮਿਆਂ ਵਿਚ ਜਦੋਂ ਕਿਸੇ ਔਰਤ ਨੂੰ ਕੋਈ ਉਧਾਲ ਕੇ ਲੈ ਜਾਂਦਾ ਸੀ ਤਾਂ ਮੁਕੱਦਮਾ ਚੋਰੀ ਦਾ ਦਰਜ ਹੁੰਦਾ ਸੀ, ਕਿਸੇ ਚੀਜ-ਵਸਤ ਵਾਂਗ, ਉਧਾਲੇ ਦਾ ਕੇਸ ਨਹੀਂ ਸੀ ਦਰਜ ਹੁੰਦਾ।

ਤੇਰਵੇਂ ਮਹੀਨੇ ਦਾਣੇ ਮੁੱਕ ਜਾਣ ਵਾਲੇ ਪਰਿਵਾਰਾਂ ਬਾਰੇ ਵੀ ਪਤਾ ਲੱਗੇਗਾ। ਉਹ ਕਿਵੇਂ ਡੇਢੇ, ਸਵਾਏ ਕਰਕੇ ਵਾਪਸ ਕਰਦੇ ਸਨ। ਪਰ ਇਹ ਔਖੇ ਵੇਲੇ ਦੂਸਰੇ ਦੇ ਕੰਮ ਆਉਣ ਦਾ ਸਾਂਝ ਭਰਿਆ ਕਾਰਜ ਸੀ।

ਸਾਡੇ ਸਮਾਜ ਵਿਚ ਪ੍ਰੌਹਣਚਾਰੀ ਦਾ ਖਾਸ ਮਹੱਤਵ ਹੁੰਦਾ ਸੀ ਪਰ ਲੇਖਕ ਹੁਣ ਦੇ ਚਲਣ ਨੂੰ ਦੇਖ ਕੇ ਉਦਾਸ ਹੋ ਕੇ ਲਿਖਦਾ ਹੈ "ਸਾਡੇ ਸੱਭਿਆਚਾਰ ਦੀ ਮਹਿਮਾਨਨਿਵਾਜੀ ਦੀ ਵਿਸੇਸਤਾਈ ਵੀ ਬੀਤੇ ਸਮੇਂ ਦੀ ਬਾਤ ਬਣ ਗਈ ਹੈ।"

ਇਸ ਕਿਤਾਬ ਨੂੰ ਪੜ੍ਹਦਿਆਂ ਵਿਰਸੇ ਨੂੰ ਜਾਨਣ ਦੀ ਤਾਂਘ ਰੱਖਣ ਵਾਲੇ ਜਗਿਆਸੂਆਂ ਵਾਸਤੇ ਬਹੁਤ ਸਾਰੀਆਂ ਨਵੀਆਂ ਗੱਲਾਂ ਪੱਲੇ ਪੈਣਗੀਆਂ। ਪਰ, ਇਹ ਕਿਤਾਬ ਧੀਰਜ ਨਾਲ ਪੜ੍ਹਨ ਵਾਲੀ ਹੈ। ਜਿਵੇਂ ਜਿਵੇਂ ਪੜ੍ਹਦੇ ਜਾਵੋਗੇ ਹੈਰਾਨ ਹੁੰਦੇ ਜਾਵੋਗੇ, ਕਿਉਂਕਿ ਤੁਹਾਨੂੰ ਆਪਣੇ ਵਡੇਰਿਆਂ ਦੀ ਔਖ ਭਰੀ ਜ਼ਿੰਦਗੀ ਦੇ ਸਫਰ ਦੀਆਂ ਪਾਈਆਂ ਪੈੜਾਂ ਵਿਚੋਂ ਆਪਣੀਆਂ ਅੱਖਾਂ ਨਾਲ ਝਾਕਣਾ ਪਵੇਗਾ।

ਇਹ ਕੁੱਝ ਸਬਦ ਦਾਲ਼ ਵਿਚੋਂ ਦਾਣਾ ਟੋਹਣ ਬਰਾਬਰ ਹਨ, ਬਾਕੀ ਕੰਮ ਤੁਹਾਨੂੰ ਆਪ ਕਰਨਾ ਪਵੇਗਾ॥

ਇਹ ਸਭ ਕੁੱਝ ਦੱਸਣ ਵਾਸਤੇ ਜੋਗਿੰਦਰ ਸਿੰਘ ਸਿਵੀਆ ਦਾ ਧੰਨਵਾਦ ਕਰਨਾ ਪਵੇਗਾ, ਜਿਸ ਨੇ ਬੀਤ ਗਏ ਜੁੱਗ ਦੀ ਵਾਰਤਾ ਅੱਜ ਦੇ ਜੁੱਗ ਨਾਲ ਸਾਂਝੀ ਕੀਤੀ ਹੈ। ਇਹ ਕਿਤਾਬ "ਪੇਂਡੂ ਜੀਵਨ ਦੀ ਝਾਤ, ਅਖਾਣਾਂ ਨੂੰ ਪਾਵੇ ਮਾਤ" ਅਖਾਣਾਂ ਤੋਂ ਅੱਗੇ ਸੱਚ ਦੀ ਵਾਰਤਾ ਹੈ।

ਅੰਤ ਵਿਚ ਇਹ ਹੀ ਕਹਿਣਾ ਬਣਦਾ ਹੈ ਕਿ ਯੂਨੀਵਰਸਿਟੀਆਂ ਵਿਚ ਬੈਠੇ "ਵਿਦਵਾਨਾਂ" ਦੀ ਆਪਣੇ ਵਿਰਸੇ ਪ੍ਰਤੀ ਜੁੰਮੇਵਾਰੀ ਤਾਂ ਹੈ ਪਰ ਸਾਇਦ ਉਹ ਇਹ ਕੰਮ ਨਾ ਕਰ ਸਕਣ। ਪੰਜਾਬ ਸਰਕਾਰ, ਕਿਸੇ ਯੂਨੀਵਰਸਿਟੀ ਜਾਂ ਆਪਣੇ ਵਿਰਸੇ ਨੂੰ ਸੰਭਾਲਣ ਵਾਲੀ ਕਿਸੇ ਹੋਰ ਸੰਸਥਾ ਨੂੰ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ ਕਿ ਪੰਜਾਬ ਦਾ ਲੋਕ ਇਤਿਹਾਸ ਲਿਖਵਾਇਆ ਜਾਵੇ। ਜੋਗਿੰਦਰ ਸਿੰਘ ਸਿਵੀਆ ਵਰਗੇ ਅਨੁਭਵੀ ਵਿਦਵਾਨ ਨੇ ਇਸ ਕਿਤਾਬ ਰਾਹੀਂ ਆਪਣਾ ਜੀਵਨ ਅਨੁਭਵ ਤੇ ਸਾਡਾ ਵਿਰਸਾ ਸਾਡੇ ਸਨਮੁੱਖ ਪੇਸ ਕੀਤਾ ਹੈ, ਨਵੀਆਂ ਪੈੜਾਂ ਪਾਈਆਂ ਹਨ ਇਸ ਵਿਸੇ ਦੇ ਜਾਣਕਾਰਾਂ ਲਿਖਾਰੀਆਂ ਨੂੰ ਇਨ੍ਹਾਂ ਪੈੜਾਂ ਦਾ ਲੜ ਫੜ ਕੇ ਇਸ ਰਾਹੇ ਹੋਰ ਅੱਗੇ ਤੁਰਨ ਦੀ ਲੋੜ ਹੈ।

# ਗਰਭਪਾਤ ਕਾਨੂੰਨ ਅਤੇ ਔਰਤਾਂ ਦੀ ਮੁਕਤੀ



ਡਾ. ਬਲਜਿੰਦਰ
94170-79720
singh.drbaljinder@gmail.com



ਦੁਨੀਆਂ ਦੇ 97 ਮੁਲਕਾਂ ਅੰਦਰ ਗਰਭਪਾਤ ਨੂੰ ਕਾਨੂੰਨੀ ਮਾਨਤਾ ਪ੍ਰਦਾਨ ਹੈ। ਭਾਰਤ ਵੀ ਇਹਨਾਂ 'ਚੋਂ ਇੱਕ ਹੈ। ਪਰ ਭਾਰਤ ਅੰਦਰ ਗਰਭਪਾਤ ਨੂੰ ਉਹੋ ਜਿਹੀ ਮਾਨਤਾ ਨਹੀਂ ਮਿਲੀ ਹੋਈ ਜਿਹੋ ਜਿਹੀ ਹੋਰਨਾਂ ਮੁਲਕਾਂ ਅੰਦਰ ਹੈ। ਭਾਰਤ ਅੰਦਰ ਇਹ ਸਰਤਾਂ ਅਧੀਨ ਹੈ। ਕਹਿਣ ਦਾ ਭਾਵ ਇਹ ਕਿ ਕੋਈ ਵੀ ਲੜਕੀ/ਔਰਤ ਅਗਰ ਆਪਣਾ ਗਰਭਪਾਤ ਕਰਵਾਉਣਾ ਚਾਹੁੰਦੀ ਹੈ ਤਾਂ ਉਹ ਨਹੀਂ ਕਰਵਾ ਸਕਦੀ- ਬਸਰਤੇ ਉਹ ਕਾਨੂੰਨੀ ਸਰਤਾਂ ਪੂਰਦੀ ਹੋਵੇ। ਕਿਸੇ ਮੈਡੀਕਲ ਡਾਕਟਰ ਵੱਲੋਂ ਗਰਭਪਾਤ ਕੀਤੇ ਜਾਂਣ ਦੀ ਇਜਾਜਤ ਦਿੰਦਾ ਕਾਨੂੰਨ- ਐਮਟੀਪੀ ਐਕਟ 1971 ਅਜਿਹਾ ਕਰਨ 'ਤੇ ਕੁੱਝ ਸਰਤਾਂ ਮੜ੍ਹਦਾ ਹੈ। 2003 'ਚ ਇਸ ਕਾਨੂੰਨ 'ਚ ਕੁੱਝ ਸੋਧਾਂ ਜੋੜੀਆਂ ਗਈਆਂ ਸਨ।

ਸੁਪਰੀਮ ਕੋਰਟ ਨੇ ਆਪਣੇ ਇੱਕ ਫੈਸਲੇ ਰਾਹੀਂ ਇਹਨਾਂ ਸਰਤਾਂ ਦਾ ਘੇਰਾ ਵਿਸਾਲ ਕੀਤਾ ਹੈ- ਜਿੱਥੇ ਪਹਿਲਾਂ ਬਲਾਤਕਾਰ ਪੀੜਤ ਹੋਣਾ, ਨਾਬਾਲਗ ਹੋਣਾ, ਸਰੀਰਕ ਪੱਖੋਂ ਅਪਾਹਜ ਹੋਣਾ ਅਤੇ ਮਾਨਸਕ ਬਿਮਾਰੀ ਤੋਂ ਪੀੜਤ ਹੋਣਾ- ਇਸ ਕਾਨੂੰਨ 'ਚ ਸਾਮਲ ਸੀ। ਪਰ ਦਿੱਲੀ ਹਾਈਕੋਰਟ ਦੇ ਇੱਕ ਫੈਸਲੇ 'ਚੋਂ ਉਪਜੀ ਅਪੀਲ ਦੀ ਸੁਣਵਾਈ ਕਰਦਿਆਂ ਗਰਭਪਾਤ ਲਈ ਕਾਨੂੰਨੀ ਰੂਪ 'ਚ ਅਧਿਕਾਰਤ ਔਰਤ ਦੇ ਘੇਰੇ ਨੂੰ ਹੋਰ ਚੁੜੇਰਾ ਕਰ ਦਿੱਤਾ ਗਿਆ ਹੈ। ਸੁਪਰੀਮ ਕੋਰਟ ਨੇ ਸੰਵਿਧਾਨ ਅੰਦਰ ਦਰਜ ਜ਼ਿੰਦਗੀ ਜਿਓਣ ਅਤੇ ਨਿੱਜੀ ਆਜਾਦੀਆਂ ਦੀ ਗਾਰੰਟੀ ਪ੍ਰਦਾਨ ਕਰਦੇ ਆਰਟੀਕਲ 21 'ਚ ਨਿੱਜਤਾ ਦਾ ਅਧਿਕਾਰ, ਆਪਣੇ ਜਿਨਸੀ ਸੰਬੰਧਾਂ ਅਤੇ ਆਪਣੇ ਸਰੀਰ 'ਤੇ ਪੂਰਨ ਅਧਿਕਾਰ ਨੂੰ ਵੀ ਮਾਨਤਾ ਦਿੱਤੀ ਹੋਈ ਹੈ। ਇਸੇ ਨੂੰ ਹੀ ਆਧਾਰ ਮੰਨਦਿਆਂ ਸੁਪਰੀਮ ਕੋਰਟ ਨੇ ਇਸ ਅਧਿਕਾਰ ਦੇ ਘੇਰੇ ਨੂੰ ਆਪਣੀ ਮਰਜੀ ਨਾਲ ਜਿਨਸੀ ਸਬੰਧ ਬਣਾਉਣ ਦੇ ਨਤੀਜੇ ਵਜੋਂ ਠਹਿਰੇ ਗਰਭ ਨੂੰ ਗਿਰਾਉਣ ਭਾਵ 'ਸਫਾਈ' ਕਰਾਉਣ ਅਤੇ ਵਿਆਹੁਤਾ ਔਰਤਾਂ ਦੇ ਮਸਲੇ 'ਚ ਵਿਆਹੁਤਾ ਜੀਵਨ ਦੌਰਾਨ ਮੈਰੀਟਲ ਰੇਪ (ਵਿਆਹੁਤਾ ਬਲਾਤਕਾਰ) ਦੇ ਨਤੀਜੇ ਵਜੋਂ ਗਰਭਵਤੀ ਹੋਣ ਦੀ ਹਾਲਤ ਨੂੰ ਵੀ ਗਰਭਪਾਤ ਕਾਨੂੰਨ 1971 ਦੀ ਜੱਦ 'ਚ ਲੈ ਆਂਦਾ ਹੈ। ਸੁਪਰੀਮ ਕੋਰਟ ਦੇ ਵਿਚਾਰ ਅਧੀਨ ਇਹ ਮਸਲਾ ਦਿੱਲੀ ਦੀ ਇੱਕ 25 ਸਾਲਾ ਅਣਵਿਆਹੀ ਮੁਟਿਆਰ ਦਾ ਸੀ ਜਿਹੜੀ ਨੇ ਆਪਣੇ ਸੰਭਾਵਤ ਸਾਥੀ ਵੱਲੋਂ ਵਿਆਹ ਕਰਵਾਉਣ ਤੋਂ ਮੁੱਕਰਣ ਦੀ ਹਾਲਤ 'ਚ ਪਹਿਲਾਂ ਹੀ ਪੇਟ ਅੰਦਰ ਠਹਿਰ ਚੁੱਕੇ ਗਰਭ ਨੂੰ ਗਿਰਾਉਣ ਲਈ ਦਿੱਲੀ ਹਾਈ ਕੋਰਟ ਦਾ ਦਰਵਾਜਾ ਖੜਕਾਉਣ 'ਚੋਂ ਉਪਜੀ ਸੀ।

ਦਿੱਲੀ ਹਾਈਕੋਰਟ ਨੇ ਸਬੰਧਤ ਮੁਦੱਈ ਨੂੰ ਕਿਹਾ ਸੀ ਕਿ ਨਾ ਤਾਂ ਤੂੰ ਨਾਬਾਲਗ ਹੈਂ, ਨਾ ਹੀ ਬਲਾਤਕਾਰ ਪੀੜਤ ਤੇ ਨਾ ਹੀ ਸਰੀਰਕ ਤੇ ਮਾਨਸਿਕ ਪੱਖ ਤੋਂ ਬਿਮਾਰ, ਤਾਂ ਤੈਨੂੰ ਇਸ ਕਰਕੇ ਹੀ ਮੈਡੀਕਲ ਗਰਭਪਾਤ ਕਾਨੂੰਨ 1971 ਦਾ ਲਾਭ ਨਹੀਂ ਮਿਲ ਸਕਦਾ।

ਸੁਪਰੀਮ ਕੋਰਟ ਵੱਲੋਂ ਪ੍ਰਦਾਨ ਕੀਤੀ ਇਸ ਰਾਹਤ ਨੂੰ ਸੰਦਰਭਾਂ ਸਮਝਣ ਤੋਂ ਉਰ੍ਹਾਂ ਇਸ ਰੂਲਿੰਗ ਦੇ ਸਹੀ ਅਰਥ ਨਹੀਂ ਸਮਝੇ ਜਾ ਸਕਦੇ। ਬਹੁਤੇ ਲੋਕਾਂ ਨੂੰ ਸੁਪਰੀਮ ਕੋਰਟ ਦਾ ਇਹ ਫੈਸਲਾ ਔਰਤ ਪੱਖੀ ਲੱਗਦਾ ਹੈ। ਹਾਂ, ਇਹ ਕੁੱਝ ਹੱਦ ਤੱਕ ਔਰਤਾਂ ਨੂੰ ਆਪਣੇ ਸਰੀਰ ਸੰਬੰਧੀ ਕੋਈ ਵੀ ਫੈਸਲਾ ਲੈਣ ਦਾ ਅਧਿਕਾਰ ਪ੍ਰਦਾਨ ਕਰਦਾ ਹੈ। ਪਰ ਨਾਲ ਹੀ ਇਹ ਸੁਪਰੀਮ ਕੋਰਟ ਵੱਲੋਂ ਲਏ ਗਏ ਇਸ ਫੈਸਲੇ ਦੀ ਮਜਬੂਰੀ ਦੀ ਵੀ ਸਾਹਦੀ ਭਰਦਾ ਹੈ। ਮਜਬੂਰੀ ਇਹ ਹੈ ਕਿ 21 ਵੀਂ ਸਦੀ ਦੇ ਤੀਜੇ ਦਹਾਕੇ 'ਚ ਕਦਮ ਰੱਖ ਰਹੀ ਲੋਕਾਈ ਸੋਸਲ ਮੀਡੀਆ ਦੇ ਯੁੱਗ 'ਚ ਜੀਅ ਰਹੀ ਹੈ, ਸਮਾਜ ਅੰਦਰ ਲਗਾਕਤਾਰ ਹੀ ਸੁੱਤੇਸਿੱਧ ਤਬਦੀਲੀਆਂ ਆ ਰਹੀਆਂ ਹਨ। ਇਸੇ 'ਚੋਂ ਹੀ ਪਿੱਤਰਸੱਤ੍ਹਾ ਦੇ ਪ੍ਰਤੀਕ ਵਾਲੀ ਭਾਰਤੀ ਵਿਆਹ ਸੰਸਥਾ ਦੇ ਢਾਂਚੇ ਅੰਦਰ ਤਬਦੀਲੀਆਂ ਆ ਰਹੀਆਂ ਹਨ। ਵਿਆਹ ਤੋਂ ਪਹਿਲਾ ਆਪਣੀ ਮਰਜੀ ਨਾਲ ਜਿਨਸੀ ਸਬੰਧ ਕਾਇਮ ਕਰਨੇ ਅਤੇ ਮਹਾਂਨਗਰਾਂ ਤੇ ਇੱਥੋਂ ਤੱਕ ਕਿ ਛੋਟੇ ਸਹਿਰਾਂ ਅੰਦਰ ਵੀ ਵਿਆਹ ਸੰਬੰਧਾਂ 'ਚ ਬੱਝੇ ਬਿਨ੍ਹਾਂ ਹੀ ਪਤੀ-ਪਤਨੀ ਵਾਂਗ ਇਕੱਠਿਆਂ ਜੀਵਨ ਬਤੀਤ ਕਰਨ ਦਾ ਰੁਝਾਣ ਵੀ ਦੇਖਣ ਨੂੰ ਮਿਲ ਰਿਹਾ ਹੈ। ਕੋਰਟ ਦੇ ਅਜਿਹੇ ਫੈਸਲੇ ਇਹੋ ਜਿਹੇ ਨਵੇਂ ਯੁੱਗ ਦੇ ਮਾਨਵੀ ਰਿਸਤਿਆਂ ਨੂੰ ਹੀ ਪ੍ਰਵਾਨਗੀ ਦੇਣ ਵੱਲ ਕਦਮ ਹਨ।

ਇਸ ਫੈਸਲੇ ਦੀ ਤੰਦ ਪੋਕਸੋ ਕਾਨੂੰਨ (ਬੱਚਿਆਂ ਨੂੰ ਜਿਨਸੀ ਅਪਰਾਧਾਂ ਤੋਂ ਬਚਾਉਣ ਸੰਬੰਧੀ ਕਾਨੂੰਨ) ਨਾਲ ਵੀ ਜੁੜ ਜਾਂਦੀ ਹੈ। ਪੋਕਸੋ ਮੁਤਾਬਕ 18 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਨਾਬਾਲਗ ਕਰਾਰ ਦਿੱਤਾ ਹੋਇਆ ਹੈ ਪਰ ਨਾਲ ਹੀ 16 ਤੋਂ 18ਸਾਲ ਦੇ ਬੱਚਿਆਂ ਨੂੰ ਅੱਲ੍ਹੜ ਉਮਰ ਦੇ ਕਰਾਰ ਦਿੱਤਾ ਗਿਆ ਹੈ। ਆਮ ਤੌਰ 'ਤੇ ਇਹ ਦੇਖਿਆ ਗਿਆ ਹੈ ਕਿ 16-18 ਸਾਲ ਦੀ ਉਮਰ ਅਜਿਹੀ ਕੱਚੀ ਉਮਰ ਹੈ, ਜਿਸ ਅੰਦਰ ਨਵੇਂ ਦਿੱਸਹੱਦੇ ਫਰੋਲਦੀ ਬਹੁਤ ਜ਼ਿਆਦਾ ਤਾਂਘ ਅਤੇ ਊਰਜਾ ਪਈ ਹੁੰਦੀ ਹੈ। ਅਜਿਹੀ ਕੱਚੀ ਉਮਰ ਦੌਰਾਨ ਹੀ ਅੱਲ੍ਹੜ ਲੜਕੇ-ਲੜਕੀਆਂ ਆਪਣੀ ਇੱਛਾ ਨਾਲ ਹੀ ਹਮਬਿਸਤਰ ਹੋ ਜਾਂਦੇ ਹਨ ਅਤੇ ਕਈ ਹਾਲਤਾਂ 'ਚ ਗਰਭ ਠਹਿਰ ਜਾਂਦਾ ਹੈ ਅਤੇ ਇਸ ਕਾਰਨ ਲੜਕੀ ਲਈ ਮੁਸਕਲ ਆਣ ਪੈਂਦੀ ਹੈ। ਮੈਡੀਕਲ ਗਰਭਪਾਤ ਕਾਨੂੰਨ 1971 ਦੀ ਧਾਰਾ ਇਹ ਮੰਗ ਕਰਦੀ ਹੈ ਕਿਸ ਬੰਧਤ ਲੜਕੀ ਦੇ ਮਾਪੇ ਇਸ ਗਰਭਪਾਤ ਲਈ ਰਜਾਮੰਦੀ ਦੇਣ। ਇਸਦੇ ਨਾਲ ਹੀ ਇਸੇ ਕਾਨੂੰਨ ਦੀ ਧਾਰਾ 19 ਰਜਿਸਟਰਡ ਮੈਡੀਕਲ ਪ੍ਰੈਕਟੀਸਨਰ ਵੱਲੋਂ ਕੀਤੇ ਜਾਣ ਵਾਲੇ ਅਜਿਹੇ ਹਰ ਗਰਭਪਾਤ ਦੀ ਰਿਪੋਰਟ ਪੁਲੀਸ ਨੂੰ ਪ੍ਰਦਾਨ ਕਰਨ ਦੀ ਗੱਲ ਕਰਦੀ ਹੈ। ਪਰ ਸੁਪਰੀਮ ਕੋਰਟ ਦੇ ਹਾਲੀਆ ਫੈਸਲੇ ਦੇ ਵਿਰੋਧ 'ਚ ਪੋਕਸੋ ਵਿਚਲੀਆਂ ਇਹ ਦੋਵੇਂ ਮੱਦਾਂ। ਖੜ੍ਹੀਆਂ ਹਨ। ਹੁਣ ਡਾਕਟਰ ਵੱਲੋਂ ਨਾ ਤਾਂ ਮਾਪਿਆਂ ਦੀ ਰਜਾਮੰਦੀ ਅਤੇ ਨਾ ਹੀ ਪੁਲੀਸ ਨੂੰ ਰਿਪੋਰਟ ਕਰਨ ਦੀ ਮਜਬੂਰੀ ਹੈ। ਇਸ ਸੰਬੰਧੀ ਸੁਪਰੀਮ ਕੋਰਟ ਦਾ ਦਾਅਵਾ ਹੈ ਕਿ ਅਜਿਹਾ ਹੋਣ ਨਾਲ ਗੈਰ-ਕਾਨੂੰਨੀ ਢੰਗ ਨਾਲ ਕੀਤੇ ਜਾਂਦੇ ਗਰਭਪਾਤ ਦੇ ਅਮਲ ਨੂੰ ਠੱਲ੍ਹ ਪਵੇਗੀ। ਗਰਭਪਾਤ ਦੇ ਅਮਲ ਦੇ ਇਸ ਢੰਗ ਨਾਲ ਸੁਖਾਲਾ ਹੋ ਜਾਣ ਨਾਲ ਉਸ ਅਸੁਰੱਖਿਅਤ ਅਮਲ ਨੂੰ ਕੁੱਝ ਹੱਦ ਤੱਕ ਮੋੜਾ ਪੈ ਸਕਦਾ ਹੈ ਜਿੱਥੇ ਅਸੀਂ ਦੇਖਦੇ ਹਾਂ ਕਿ ਸਾਡੇਮੁਲਕ ਅੰਦਰ ਅਸੁਰੱਖਿਅਤ ਗਰਭਪਾਤ ਨਾਲ੍ਹ ਰੋਜ 8 ਔਰਤਾਂ ਆਪਣੀ ਜਾਨ ਗੰਵਾ ਲੈਂਦੀਆਂ ਹਨ। 2007-2011 ਦਰਮਿਆਨ ਕੀਤੇ ਗਏ ਇੱਕ ਸਰਵੇ 'ਚ ਪਾਇਆ ਗਿਆ ਕਿ ਮੁਲਕ ਅੰਦਰ ਕੀਤੇ ਜਾਣ ਵਾਲੇ ਗਰਭਪਾਤ ਦੇ ਮਾਮਲਿਆਂ 'ਚੋਂ 60% ਮਾਮਲੇ ਅਸੁਰੱਖਿਅਤ ਗਰਭਪਾਤ ਦੇ ਹਨ, ਜੀਹਦਾ ਨਤੀਜਾ ਔਰਤਾਂ ਦੀ ਬੇਵਕਤੀ ਮੌਤ 'ਚ ਨਿਕਲਦਾ ਹੈ। ਪਰ ਇਹ ਵੀ ਮਨੋਂ ਨਹੀਂ ਵਿਸਾਰਨਾ ਚਾਹੀਦਾ ਕਿ ਕਾਨੂੰ ਅਨੁਸਾਰ ਪੁਲੀਸ ਦੇ ਡਰ ਦੇ ਚੱਕੇ ਜਾਣ ਨਾਲ ਇਸ ਛੋਟ ਦੀ ਵਰਤੋਂ ਨੂੰ ਲਿੰਗ ਨਿਰਧਾਰਨ ਕਰਨ ਅਤੇ ਫਿਰ ਚੋਣਵੇਂ ਗਰਭਪਾਤ ਕਰਨ ਲਈ ਵੀ ਗਲਤ ਵਰਤੋਂ 'ਚ ਲਿਆਂਦਾ ਜਾ ਸਕਦਾ ਹੈ। ਅਤੇ ਇਓਂ ਹੋਣ ਦੀ ਸੂਰਤ 'ਚ ਮਰਦ/ਔਰਤ ਦਰਮਿਆਨ ਆਬਾਦੀ ਦੇ ਅਨੁਪਾਤ ਦੇ ਗਲਤ ਢੰਗ ਨਾਲ ਪ੍ਰਭਾਵਤ ਹੋਣ ਦਾ ਖਦਸਾ ਹੈ।

ਔਰਤਾਂ/ਲੜਕੀਆਂ ਲਈ ਗਰਭਪਾਤ ਐਡਾ ਹਊਆ ਕਿਓਂ ਬਣਿਆ ਹੋਇਆ ਹੈ। ਇਸ ਦਾ ਕਾਰਨ ਬੱਚੇ ਦੀ ਪਰਵਰਿਸ, ਔਰਤ ਦੀ ਸਰੀਰਕ ਤੇ ਮਾਨਸਕ ਤੰਦਰੁਸਤੀ ਅਤੇ ਉਸ ਵੱਲੋਂ ਬੱਚੇ ਦੀ ਪਰਵਰਿਸ ਦੀ ਜੁੰਮੇਵਾਰੀ ਓਟਣ ਦੇ ਕਾਰਜਾਂ ਦਾ ਸਾਮਲ ਹੋਣਾ ਵੀ ਹੈ। ਪਰ ਸਮਝਣਾ ਚਾਹੀਦਾ ਹੈ ਕਿ ਬੱਚੇ ਸਮਾਜ ਦਾ ਸਰਮਾਇਆ ਹਨ, ਇਹਨਾਂ ਨੇ ਵੱਡੇ ਹੋ ਕੇ ਭਵਿੱਖ 'ਚ ਸਮਾਜ ਦੇ ਅਗਲੇਰੇ ਵਿਕਾਸ ਅੰਦਰ ਆਪਣਾ ਯੋਗਦਾਨ ਪਾਉਣਾ ਹੁੰਦਾ ਹੈ। ਔਰਤ-ਮਰਦ ਜਿਨਸੀ ਸੰਬੰਧਾਂ ਤੋਂ ਬਿਨ੍ਹਾਂ ਬੱਚਿਆਂ ਦੀ ਪੈਦਾਇਸ ਸੰਭਵ ਨਹੀਂ ਹੈ। ਇਸ ਲਈ ਕਿਸੇ ਜੁੰਮੇਵਾਰ ਲੋਕ-ਪੱਖੀ ਹਕੂਮਤ ਤੋਂ ਇਹ ਆਸ ਤਾਂ ਕੀਤੀ ਹੀ ਜਾਣੀ ਚਾਹੀਦੀ ਹੈ ਕਿ ਉਹ ਬੱਚਿਆਂ ਦੇ ਪਾਲਣ-ਪੋਸਣ ਦੀ ਮੁਕੰਮਲ ਜੁੰਮੇਵਾਰੀ ਓਟੇ। ਫਿਰ ਹੀ ਅਸੁਰੱਖਿਅਤ ਗਰਭਪਾਤ ਦੌਰਾਨ ਹੁੰਦੀਆਂ ਮੌਤਾਂ ਤੋਂ ਬਚਿਆ ਜਾ ਸਕਦਾ ਹੈ ਅਤੇ ਨਾਲ ਹੀ ਸਮਾਜ ਅੰਦਰ ਮਾਨ ਨਾਲ ਆਪਣਾ ਸਿਰ ਉੱਚਾ ਚੁੱਕ ਕੇ ਔਰਤਾਂ ਵਿੱਚਰ ਸਕਦੀਆਂ ਹਨ। ਇਹੀ ਉਹਨਾਂ ਦੀ ਹਕੀਕੀ ਮੁਕਤੀ ਵੱਲ ਇੱਕ ਅਹਿਮ ਕਦਮ ਸਾਬਤ ਹੋਵੇਗਾ।



# 'ਜਤਿੰਦਰ ਹਾਂਸ' ਹੈ ਪੰਜਾਬੀ ਕਹਾਣੀ ਦਾ ਰਾਜਕੁਮਾਰ : ਦਵਿੰਦਰ ਮਲਹਾਂਸ



ਹਰੀਪਾਲ
403-714-4816

ਸਾਹਿਤ ਉਹ ਹੋਵੇ ਜੋ ਲੋਕਾਂ ਦੀ ਗੱਲ ਕਰੇ, ਲੋਕਾਂ ਦੇ ਮਸਲਿਆਂ ਦੀ, ਲੋਕਾਂ ਦੇ ਉਲਝੇ ਹੋਏ ਸਮਾਜਿਕ ਤਾਣਿਆਂ ਬਾਣਿਆਂ ਦੀ, ਦੌਲਤ ਦੀ ਕਾਣੀ ਵੰਡ ਦੀ, ਵਿਗੜ ਰਹੇ ਵਾਤਾਵਰਣ ਦੀ। ਸਾਨੂੰ ਨਹੀਂ ਲੋੜ ਹਵਾਈ ਕਿਲਿਆਂ ਵਿੱਚ ਰਹਿਣ ਵਾਲ਼ੇ ਲੇਖਕਾਂ ਦੀ ਕਲਮ ਦੀ ਨੋਕ, ਭਾਸ਼ਾ ਵਿਭਾਗ, ਸਾਹਿਤ ਅਕੈਡਮੀ ਜਾਂ ਸਰਕਾਰ ਤੋਂ ਥਾਪੜੇ ਦੀ ਆਸ ਕਰੇ। ਸਾਹਿਤਕਾਰ ਦੀ ਕਲਮ ਦੀ ਨੋਕ ਤੇ ਸਚਾਈ ਹੋਵੇ, ਜੋ ਸੱਚ ਲਈ ਜੂਝਦੇ ਲੋਕਾਂ ਦਾ ਥਾਪੜਾ ਬਣੇ, ਉਹਨਾਂ ਨੂੰ ਸਿਹਤਮੰਦ ਹੌਸਲਾ ਦੇਵੇ। ਅੱਜ ਕਿਤਾਬਾਂ ਦੇ ਢੇਰਾਂ ਦੇ ਢੇਰ ਲਿਖੇ ਜਾ ਰਹੇ ਹਨ, ਇਸ ਸਮੇ ਪੰਜਾਬੀ ਵਿੱਚ ਉਨੇ ਪਾਠਕ ਨਹੀਂ ਜਿੰਨੇ ਲੇਖਕ ਹਨ। ਬਹੁਤੇ ਲੇਖਕ ਸਿਰਫ ਆਪਦਾ ਨਾਂ ਚਮਕਾਉਣ ਲਈ ਲੇਖਕ ਬਣਦੇ ਹਨ, ਕੁੱਝ ਦੂਜੇ ਲੇਖਕਾਂ ਦੀ ਦੇਖਾ ਦੇਖੀ ਲਿਖਣਾ ਸ਼ੁਰੂ ਕਰਦੇ ਹਨ ਪਰ ਕੁੱਝ ਲੇਖਕਾਂ ਨੂੰ ਸਮਾਂ ਪੈਦਾ ਕਰਦਾ ਹੈ, ਇਹੋ ਜਿਹੇ ਲੇਖਕਾਂ ਵਿੱਚੋਂ ਇੱਕ ਨਾਮ ਹੈ 'ਜਤਿੰਦਰ ਹਾਂਸ'। ਜਤਿੰਦਰ ਨੂੰ ਲਿਖਣ ਦੀ ਦਾਤ ਕੁਦਰਤ ਵੱਲੋਂ ਮਿਲ਼ੀ ਹੈ। ਜਿਸ ਤਰ੍ਹਾਂ ਰਾਮ ਸਰੂਪ ਅਣਖੀ ਕਹਿੰਦਾ ਹੈ ਕਿ ਮੈਂ ਬਹੁਤ ਮਿਹਨਤ ਕਰਕੇ ਲੇਖਕ ਬਣਿਆ ਹਾਂ ਪਰ ਜਤਿੰਦਰ ਸਹਿਜ ਸੁਭਾਅ ਹੀ ਪੰਜਾਬੀ ਕਾਹਣੀ ਖੇਤਰ ਦੀ ਪੌੜੀ ਦੇ ਪਹਿਲੇ ਟੰਬੇ ਤੇ ਬਿਰਾਜਮਾਨ ਹੋ ਗਿਆ। ਇੱਕ ਗੱਲ ਹੋਰ ਕਿ ਉਸਨੇ ਗੁਰਚਰਨ ਚਾਹਲ ਭੀਖੀ ਦੇ ਪਾਠਕਾਂ ਨੂੰ ਭੀਖੀ ਦੇ ਦੁਬਾਰਾ ਆਉਣ ਦਾ ਸੁਪਨਾ ਜ਼ਰੂਰ ਪੂਰਾ ਕੀਤਾ ਹੈ। ਇਸ ਕਿਤਾਬ ਵਿੱਚ ਜਤਿੰਦਰ ਇੱਕ ਗੱਲ ਬੜੀ ਵਧੀਆ ਕਹਿੰਦਾ ਹੈ ਕਿ "ਸਾਊ ਕਹਾਣੀਕਾਰ" ਦਾ ਲਕਬ ਤਾਂ ਉਸ ਨਾਲ਼ ਐਂਵੇ ਹੀ ਜੋੜ ਦਿੱਤਾ ਗਿਆ। ਸਾਊ ਹੋਣ ਦੀ ਪ੍ਰੀਭਾਸ਼ਾ ਵੀ ਬੜੀ ਵਧੀਆ ਦਿੰਦਾ ਹੈ, ਉਹ ਕਹਿੰਦਾ ਹੈ "ਸਾਊ ਉਹ ਹੁੰਦਾ ਹੈ ਜਿਹੜਾ ਆਪਦੇ ਅਰਮਾਨਾ ਦਾ ਕਤਲ ਕਰੇ, ਸਿੱਧੀ ਸਪਾਟ ਗੱਲ ਕਹਿਣ ਤੋਂ ਜਕੇ, ਪਰ ਮੈਂ ਉਹ ਸਾਊ ਨਹੀਂ ਹਾਂ"। ਸਾਊ ਲਫ਼ਜ ਸਥਾਪਤੀ ਦੇ ਬੜਾ ਫਿੱਟ ਬੈਠਦਾ ਹੈ, ਸਥਾਪਤੀ ਲਈ ਹਰ ਉਹ ਵਿਆਕਤੀ ਸਾਊ ਹੈ, ਜਿਹੜਾ ਸਵਾਲ ਨਾਂ ਕਰੇ। ਪਰ ਜਤਿੰਦਰ ਆਪਦੀਆਂ ਕਹਾਣੀਆਂ 'ਨੰਗੇਜ਼' ਅਤੇ 'ਝੰ ਖਾਲੀ ਨਹੀਂ' ਵਿੱਚ ਬੰਸੋ ਅਤੇ ਜਿੰਦੂ ਵਰਗੇ ਪਾਤਰ ਸਿਰਜ ਕੇ ਇਹ ਸਾਊ ਦਾ ਲਕਬ ਲਾਹ ਕੇ ਮਾਰਦਾ ਹੈ।

ਕਈ ਵਿਦਵਾਨਾ ਦਾ ਇਹ ਕਹਿਣਾ ਕਿ ਜਤਿੰਦਰ ਪੰਜਾਬੀ ਕਹਣੀ ਦਾ 'ਸ਼ਿਵ ਕੁਮਾਰ ਬਟਾਲ਼ਵੀ' ਹੈ, ਬੜਾ ਚੁੱਭਦਾ ਹੈ। ਕਈ ਵਾਰ ਲੇਖਕ ਅਲੋਚਕ ਜਜਬਾਤ ਵਿੱਚ ਬਹਿ ਕੇ, ਕਿਸੇ ਦੀ ਸਖਸ਼ੀਅਤ ਨੂੰ ਗਲਤ ਚੌਖ਼ਟੇ ਵਿੱਚ ਫਿੱਟ ਕਰ ਦਿੰਦੇ ਹਨ। ਸ਼ਿਵ ਕੁਮਾਰ ਹਮੇਸ਼ਾ ਮੌਤ ਦਾ ਰੋਣਾ ਰੋਂਦਾ ਰਿਹਾ ਜਦ ਕਿ ਜਤਿੰਦਰ ਜ਼ਿੰਦਗੀ ਦਾ ਆਸ਼ਕ ਹੈ, ਜਤਿੰਦਰ ਕਹਿੰਦਾ ਹੈ 'ਜਿਉਣਾ ਸੱਚ ਹੈ, ਮਰਨਾ ਝੂਠ ਹੈ'। ਥੋੜ੍ਹੀਆਂ ਜਿਹੀਆਂ ਕਹਾਣੀਆਂ ਅਤੇ ਇੱਕ ਨਾਵਲ ਲਿਖਣ ਨਾਲ਼ ਉਹ ਖੁਦ ਇੱਕ ਮਿੱਥ ਬਣ ਗਿਆ ਹੈ। ਅਸੀਂ ਹੁਣ ਥੋੜੇ ਜਿਹੇ ਚਿਰ ਨੂੰ ਕਿਸੇ ਨਵੇਂ ਕਹਾਣੀਕਾਰ ਵਾਰੇ ਕਿਹਾ ਕਰਾਂਗੇ ਕਿ ਫਲਾਣਾ ਲੇਖਕ ਤਾਂ ਬਿੱਲਕੁਲ ਜਤਿੰਦਰ ਵਾਂਗ ਲਿਖਦਾ ਹੈ। ਉਹ ਜਦ ਵੀ ਤੁਹਾਡੇ ਵੱਲ ਵੇਖਦਾ ਹੈ, ਕੁੱਝ ਸੈਕਿੰਡ ਦੇਖ ਕੇ ਨੀਵੀਂ ਪਾ ਲੈਂਦਾ ਹੈ, ਜਿਵੇਂ ਕੈਮਰਾ ਕਿਸੇ ਨੂੰ ਆਪਦੇ ਵਿੱਚ ਕੈਦ ਕਰ ਲੈਂਦਾ ਹੈ। ਬਹੁਤ ਵਾਰੀ ਤੁਹਾਡੇ ਵਿੱਚ ਬੈਠਾ ਵੀ ਉਹ ਗੈਰਹਾਜ਼ਰ ਹੁੰਦਾ ਹੈ, ਖੁੱਲੀਆਂ ਅੱਖਾਂ ਦੇ ਪਰਦੇ ਪਿੱਛੇ ਉਹ ਕਿਹੜਾ ਤਾਣਾ ਬੁਣ ਰਿਹਾ ਹੁੰਦਾ ਹੈ, ਸਾਹਮਣੇ ਬੈਠੇ ਨੂੰ ਪਤਾ ਨਹੀ ਲੱਗਦਾ। ਜਦ ਉਹ ਪਿੰਡ ਦੀ ਸੱਥ ਵਿੱਚ ਬੈਠਾ ਤਾਸ਼ ਖੇਡਦਾ ਹੈ ਤਾਂ ਸਾਹਮਣੇ ਬੈਠੇ ਬੰਦੇ ਦੇ ਪੱਤੇ ਦੱਸ ਦਿੰਦਾ ਹੈ। ਤਾਸ਼ ਖੇਡਦਾ ਉਹ, ਉਥੇ ਹੋ ਰਹੀਆਂ ਗੱਲਾਂ ਵਿੱਚੋਂ ਸਮਾਜਿਕ ਮਸਲੇ ਫੜਦਾ ਹੈ ਜੋ ਉਸ ਦੀਆਂ ਕਹਾਣੀਆਂ ਦਾ ਵਿਸ਼ਾ ਵਸਤੂ ਬਣਦੇ ਹਨ। ਕਹਾਣੀ ਲਿਖਣ ਵਿੱਚ ਉਸ ਵਿੱਚ ਇੱਕ ਵੱਡੀ ਸਿਫਤ ਇਹ ਹੈ ਕਿ ਉਹ ਯਥਾਰਥ ਨੂੰ ਹੂ-ਬਹੂ ਨਹੀਂ ਲਿਖਦਾ, ਪਰ ਉਹ ਵਿਸ਼ੇ ਨੂੰ ਕਲਾਤਮਿਕ ਰੰਗ ਦੇ ਕੇ ਇੱਕ ਇਹੋ ਜਿਹੀ ਘੁੰਡੀ ਪਾਂਉਦਾ ਹੈ ਜਿਹੜੀ ਕਿ ਸਾਡੇ ਬਹੁਤ ਲੇਖਕਾਂ ਦੇ ਵੱਸ ਦਾ ਰੋਗ ਨਹੀਂ। ਕਈ ਵਾਰ ਉਹ ਇੱਕ ਅਜਿਹਾ ਪਾਤਰ ਸਿਰਜਦਾ ਹੈ, ਜਿਹੜਾ ਕਿ ਪਾਠਕ ਨੂੰ ਭੰਬਲ਼ਭੂਸੇ ਵਿੱਚ ਪਾ ਦਿੰਦਾ ਹੈ ਕਿ ਇਹ ਪਾਤਰ ਨਾਇਕ ਹੈ ਜਾਂ ਖਲਨਾਇਕ ਜਿਵੇ ' ਝੰ ਖਾਲੀ ਨਹੀਂ ਦਾ ਪਾਤਰ ਜਿੰਦੂ । ਉਹ ਜਿੰਦੂ ਨੂੰ ਇੱਕ ਅਜਿਹਾ ਪਾਤਰ ਸਿਰਜ ਗਿਆ ਜਿਹੜਾ ਕਿ 'ਹੇਠਲੀ ਉਪਰ ਲਿਆਉਣ ਵਾਲ਼ਿਆਂ ਦੀ ਕਤਾਰ ਵਿੱਚ ਖੜੇਗਾ' ਹੁਣ ਉਸ ਨੂੰ ਚਾਹੇ ਖਲਨਾਇਕ ਕਹਿ ਲਵੋ ਚਾਹੇ ਨਾਇਕ।



ਜਤਿੰਦਰ ਹਾਂਸ

ਜਤਿੰਦਰ ਕਿਸੇ ਵਿਚਾਰਧਾਰਾ ਦੇ ਚੌਖਟੇ ਵਿੱਚ ਨਹੀ ਲਿਖਦਾ, ਜਿਸਤਰਾਂ ਮਹਾਨ ਰੂਸੀ ਲੇਖਕ ਗੋਰਕੀ ਦੀਆਂ ਬਹੁਤੀਆਂ ਕਹਣੀਆਂ ਕਲਾਤਮਿਕ ਯਥਾਰਥਵਾਦ ਹਨ। ਉਸ ਦੀਆਂ ਮੁਲਾਕਾਤਾਂ ਜਸਵੀਰ ਰਾਣਾ, ਪ੍ਰੇਮ ਪਰਕਾਸ਼ ਜਾਂ ਜਸਵਿੰਦਰ ਕੌਰ ਬਿੰਦਰਾ ਨਾਲ਼ ਪੜ੍ਹਕੇ ਸਾਨੂੰ ਅਸਲੀ ਜਤਿੰਦਰ ਦਾ ਪਤਾ ਲੱਗਦਾ ਹੈ। ਉਹ ਗੱਲ ਕਹਿਣ ਲੱਗਿਆ ਬਿੱਲਕੁਲ ਨਹੀਂ ਜੱਕਦਾ ਤੇ ਪਾਤਰਾਂ ਨਾਲ਼ ਪੂਰਾ ਇਨਸਾਫ ਕਰਦਾ ਹੈ, ਜਿਵੇਂ ਨੰਗੇਜ਼ ਦੀ ਬੰਸੋ, ਜਿਹੜੀ ਥੋਥੇ ਸਮਾਜ ਦੇ ਭੱਦਰ-ਪੁਰਸ਼ਾਂ ਦੀ ਤੁਲਨਾ ਕੁੱਤਿਆਂ ਨਾਲ਼ ਕਰਦੀ ਹੈ। ਉਸ ਦੀਆਂ ਕਿੰਨੀਆਂ ਹੀ ਕਹਾਣੀਆਂ ਤੇ ਫਿਲਮਾਂ ਬਣ ਚੁੱਕੀਆਂ ਹਨ, ਉਸ ਨੂੰ ਕਿੰਨੀਆਂ ਸਭਾਵਾਂ ਨੇ ਸਨਮਾਨਿਤ ਕੀਤਾ ਹੈ, ਅੰਤਰ-ਰਾਸ਼ਟਰੀ ਢਾਹਾਂ ਇਨਾਮ ਉਸ ਦੀ ਝੋਲ਼ੀ ਪਿਆ ਹੈ ਪਰ ਫਿਰ ਵੀ ਉਸ ਵਿੱਚ ਕੋਈ ਈਗੋ ਨਹੀਂ ਆਈ, ਉਹ ਅਜੇ ਵੀ ਪਿੰਡ ਦੀ ਸੱਥ ਵਿੱਚ ਸੀਪ ਖੇਡਣ ਵਾਲ਼ਾ ਜਤਿੰਦਰ ਹੈ। ਜਤਿੰਦਰ ਦੀਆਂ ਕਿਤਾਬਾਂ ਯੂਨੀਵਰਸਿਟੀਆਂ ਵਿੱਚ ਸਲੇਬਸ ਦਾ ਹਿੱਸਾ ਹਨ। ਉਹ ਕਦੇ ਵੀ ਯੂਨੀਵਰਸਿਟੀ ਦੇ ਅਧਿਕਾਰੀਆਂ ਮਗਰ ਗੇੜੇ ਨਹੀਂ ਕੱਢਦਾ ਕਿ ਮੇਰੀ ਕਿਤਾਬ ਯੂਨੀਵਰਸਿਟੀ ਵਿੱਚ ਲਗਵਾਓ, ਸਗੋਂ ਬੁਧੀਜੀਵੀ ਖੁਦ ਉਸ ਨੂੰ ਲੱਭ ਕੇ ਉਸ ਤੋਂ ਆਗਿਆ ਮੰਗਦੇ ਹਨ ਉਸ ਦੀ ਕਿਤਾਬ ਯੂਨੀਵਰਸਿਟੀ ਦੀ ਕਿਸੇ ਕਲਾਸ ਵਿੱਚ ਲਗਵਾਉਣ ਲਈ। ਆਪਦੀ ਰਚਨਾ ਪ੍ਰਕਿਰਿਆ ਬਾਰੇ ਉਹ ਕੋਈ ਸ਼ੇਖੀ ਨਹੀਂ ਮਾਰਦਾ ਸਗੋਂ ਬੜੇ ਹੀ ਸਧਾਰਨ ਸ਼ਬਦਾਂ ਵਿੱਚ ਬੁਤ-ਤਰਾਸ਼ 'ਮਾਈਕਲ ਐਂਜਲੋ' ਦੀ ਉਦਾਹਰਣ ਦਿੰਦਾ ਹੈ, ਜਿਵੇਂ ਕਿਸੇ ਨੇ ਮਾਈਕਲ ਐਂਜਲੋ ਨੂੰ ਪੁਛਿਆ ਕਿ 'ਤੂੰ ਐਨੀਆਂ ਸੋਹਣੀਆਂ ਮੂਰਤੀਆਂ ਕਿਵੇਂ ਬਣਾ ਲੈਂਦਾ ਹੈਂ' ਤਾਂ ਮਾਈਕਲ ਐਂਜਲੋ ਦਾ ਜਵਾਬ ਸੀ ਕਿ ਮੂਰਤੀ ਤਾਂ ਉਥੇ ਹੀ ਹੁੰਦੀ ਹੈ ਪਰ ਮੈਂ ਮੂਰਤੀ ਲਾਗੋਂ ਵਾਧੂ ਪੱਥਰ ਹਟਾ ਦਿੰਦਾ ਹਾਂ।

ਕਿਸੇ ਸਮੇ ਪੰਜਾਬੀ ਸਾਹਿਤ ਵਿੱਚ ਦੋ ਭਰਾਂਵਾਂ ਦੀ ਇੱਕ ਜੋੜੀ ਹੁੰਦੀ ਸੀ 'ਦਰਸ਼ਨ ਖਟਕੜ ਅਤੇ ਜਸਵੰਤ ਖਟਕੜ' ਉਸੇ ਤਰ੍ਹਾਂ ਸਾਡੇ ਕੋਲ਼ ਪੰਜਾਬੀ ਸਾਹਿਤ ਵਿੱਚ ਇੱਕ ਹੋਰ ਜੋੜੀ ਹੈ 'ਜਤਿੰਦਰ ਹਾਂਸ ਅਤੇ ਦਵਿੰਦਰ ਮਲਹਾਂਸ', ਦੋਵੇਂ ਹੀ ਕਹਾਣੀਕਾਰ ਹਨ ਅਤੇ ਦੋਵੇਂ ਹੀ ਨਾਵਲਕਾਰ ਹਨ। ਐਸ ਸਮੇ ਜਤਿੰਦਰ ਦੇ ਪਾਠਕਾਂ ਨੂੰ ਉਮੀਦ ਹੈ ਕਿ ਉਸ ਦੀਆਂ ਅਗਲੀਆਂ ਕਹਾਣੀਆਂ ਦੇ ਵਿਸੇ ਦੌਲਤ ਦੀ ਕਾਣੀ ਵੰਡ, ਕਾਰਪੋਰੇਟ ਗਰੀਡ ਅਤੇ ਵਾਤਾਵਰਣ ਦੀ ਹੋ ਰਹੀ ਤਬਾਹੀ ਵਾਰੇ ਪਾਠਕਾਂ ਨੂੰ ਜਾਗਰੂਕ ਕਰਨਗੇ। ਆਖਿਰ ਵਿੱਚ ਇਹ ਕਿਤਾਬ ਦਵਿੰਦਰ ਮਲਹਾਂਸ ਨੇ ਆਪਦੇ ਭਰਾਅ ਨੂੰ ਇਕ ਅਣਮੁੱਲਾ ਤੋਹਫਾ ਦਿੱਤਾ ਹੈ ਅਤੇ ਪਾਠਕਾਂ ਨੂੰ ਜਤਿੰਦਰ ਦੀ ਸਖਸ਼ੀਅਤ ਦੇ ਰੂ-ਬਰੂ ਕੀਤਾ ਹੈ। ਮੈਨੂੰ ਯਾਦ ਹੈ ਜਦ 1970 ਵਿੱਚ ਪਾਸ਼ ਦੀ ਕਿਤਾਬ 'ਲੋਹ-ਕਥਾ' ਆਈ ਸੀ, ਜਿਸਨੇ ਪੰਜਾਬੀ ਕਵਿੱਤਾ ਦਾ ਮੁਹਾਵਰਾ ਹੀ ਬਦਲ ਦਿੱਤਾ ਸੀ ਤਾਂ ਸੰਤ ਸੰਧੂ ਨੇ ਲੋਹ-ਕਥਾ ਦੇ ਮੁੱਖ-ਬੰਧ ਵਿੱਚ ਲਿਖਿਆ ਸੀ ਕਿ ਪਾਸ਼ ਪੰਜਾਬੀ ਕਵਿੱਤਾ ਦਾ 'ਧੰਨ-ਭਾਗ' ਹੈ ਅਤੇ ਹੁਣ ਮੈਨੂੰ ਕੋਈ ਝਿਜਕ ਨਹੀ ਕਿ ਜੇ ਮੈ ਇਹ ਕਹਾਂ ਕਿ ਜਤਿੰਦਰ ਪੰਜਾਬੀ ਕਹਾਣੀ ਦਾ 'ਧੰਨ-ਭਾਗ' ਹੈ।

-ਦਵਿੰਦਰ ਮਲਹਾਂਸ ਦੀ ਲੋਕ-ਪੱਖੀ ਕਲਮ ਤੋਂ ਮਣਾਂ-ਮੂਹੀਂ ਉਮੀਦਾਂ ਨਾਲ਼।

---

*27 ਅਕਤੂਬਰ ਜਨਮ ਦਿਨ ਨੂੰ ਸਮਰਪਿਤ*

# ਇਤਿਹਾਸ ਦੇ ਪੰਨਿਆਂ 'ਤੇ ਅਮਿੱਟ ਛਾਪ ਅਡੋਲ ਇਨਕਲਾਬੀ ਜਤਿੰਦਰ ਨਾਥ ਦਾਸ

ਸਿਮਰਨ

ਕੁੱਝ ਲੋਕ ਇਸ ਧਰਤੀ 'ਤੇ ਭਾਵੇਂ ਥੋੜੇ ਸਮੇਂ ਲਈ ਹੀ ਜਿਉਂਦੇ ਹਨ ਪਰ ਇਸ ਛੋਟੇ ਸਮੇਂ ਵਿੱਚ ਹੀ ਉਹ ਇਤਿਹਾਸ 'ਤੇ ਅਮਿੱਟ ਛਾਪ ਛੱਡ ਜਾਂਦੇ ਹਨ। ਅੱਜ ਜਿੱਥੇ ਇੱਕ ਪਾਸੇ "ਮਨੁੱਖ ਸਵਾਰਥ ਦਾ ਪੁਤਲਾ" ਹੈ ਵਰਗੇ ਵਿਚਾਰਾਂ ਦੀ ਹਨ੍ਹੇਰੀ ਵਗ ਰਹੀ ਹੈ, ਉੱਥੇ ਹੀ ਕੁੱਝ ਲੋਕਾਂ ਦੀ ਜ਼ਿੰਦਗੀ ਮਨੁੱਖਤਾ ਦੀ ਚੰਗਿਆਈ ਵਿੱਚ ਸਾਡੇ ਭਰੋਸੇ ਦੀ ਮਸਾਲ ਜਲਾਈ ਰੱਖਦੀ ਹੈ ਅਤੇ ਇਨ੍ਹਾਂ ਗਲਤ ਵਿਚਾਰਾਂ ਦੀ ਹਨ੍ਹੇਰੀ ਦੇ ਵਿਰੁੱਧ ਚੱਟਾਨ ਬਣ ਖੜਦੀ ਹੈ। ਅਜਿਹਾ ਹੀ ਇੱਕ ਵਿਅਕਤੀ ਸੀ ਇਨਕਲਾਬੀ ਸਹੀਦ ਜਤਿੰਦਰ ਨਾਥ ਦਾਸ। ਜਿਹਨਾਂ ਨੇ ਆਪਣੀ ਛੋਟੀ ਜਹੀ ਜ਼ਿੰਦਗੀ ਨੂੰ ਲੋਕਾਂ ਲਈ ਅਤੇ ਇੱਕ ਬਿਹਤਰ ਸਮਾਜ ਦੀ ਸਿਰਜਣਾ ਲਈ ਕੁਰਬਾਨ ਕਰ ਦਿੱਤਾ।

ਜਤਿੰਦਰ ਨਾਥ ਦਾਸ ਜਿਹਨਾਂ ਨੂੰ ਜਤਿਨ ਦਾਸ ਦੇ ਨਾਮ ਤੋਂ ਜਾਣਿਆ ਜਾਂਦਾ ਹੈ ਦਾ ਜਨਮ 27 ਅਕਤੂਬਰ, 1904 ਨੂੰ ਕਲਕੱਤੇ ਵਿੱਚ ਹੋਇਆ। ਜਤਿਨ ਦਾਸ 9 ਸਾਲ ਦੇ ਹੀ ਸਨ ਜਦੋਂ ਉਨ੍ਹਾਂ ਦੇ ਮਾਤਾ ਦਾ ਦਿਹਾਂਤ ਹੋ ਗਿਆ। ਛੋਟੀ ਉਮਰੇ ਹੀ ਉਨ੍ਹਾਂ ਦੇ ਮਨ ਵਿੱਚ ਅੰਗਰੇਜਾਂ ਖਿਲਾਫ ਤੀਬਰ ਨਫਰਤ ਅਤੇ ਆਪਣੇ ਲੋਕਾਂ ਨੂੰ ਅਜਾਦ ਕਰਾਉਣ ਦੀ ਤਾਂਘ ਪਨਪਣ ਲੱਗੀ। ਜਦੋਂ ਉਹ 15 -16 ਸਾਲ ਦੇ ਸਨ ਤਾਂ ਉਹ ਅਨੁਸੀਲਨ ਸਮਿਤੀ ਦੇ ਸਰਗਰਮ ਮੈਂਬਰ ਬਣ ਗਏ ਸਨ। ਅਨੁਸੀਲਨ ਸਮਿਤੀ ਰਸਮੀ ਤੌਰ 'ਤੇ ਇੱਕ ਕਸਰਤੀ ਕਲੱਬ ਸੀ ਪਰ ਅਸਲ ਵਿੱਚ ਉਹ ਉਸ ਸਮੇਂ ਦੇ ਬੰਗਾਲ ਦੇ ਇਨਕਲਾਬੀਆਂ ਲਈ ਇੱਕ ਗੁਪਤ ਸੰਸਥਾ ਵਜੋਂ ਕੰਮ ਕਰਦਾ ਸੀ। ਇਸ ਦੇ ਨਾਲ ਹੀ ਉਹ 1921 ਵਿੱਚ ਗਾਂਧੀ ਵੱਲੋਂ ਚਲਾਏ ਗਏ ਨਾ ਮਿਲਵਰਤਨ ਅੰਦੋਲਨ ਵਿੱਚ ਵੀ ਸਰਗਰਮ ਰਹੇ। ਇਨ੍ਹਾਂ ਸਰਕਾਰ ਵਿਰੋਧੀ ਸਰਗਰਮੀਆਂ ਕਾਰਨ ਛੋਟੀ ਉਮਰੇ ਹੀ ਉਨ੍ਹਾਂ ਨੂੰ ਜੇਲ੍ਹ ਭੇਜ ਦਿੱਤਾ ਗਿਆ ਸੀ ਪਰ ਛੇਤੀ ਹੀ ਛੱਡ ਦਿੱਤਾ ਗਿਆ ਸੀ। ਗਾਂਧੀ ਵੱਲੋਂ ਨਾ-ਮਿਲਵਰਤਨ ਲਹਿਰ ਨੂੰ ਵਾਪਸ ਲੈਣ ਦੇ ਫੈਸਲੇ ਕਾਰਨ ਕਾਂਗਰਸ ਦੋ ਦਲਾਂ ਵਿੱਚ ਵੰਡੀ ਗਈ- ਨਰਮ ਦਲ ਅਤੇ ਗਰਮ ਦਲ। ਸਚਿੰਦਰ ਨਾਥ ਸਾਨਿਆਲ ਇਨਕਲਾਬੀ ਧੜੇ (ਗਰਮ ਦਲ) ਦੇ ਮੋਢੀਆਂ ਵਿੱਚੋਂ ਸਨ। ਇਨ੍ਹਾਂ ਸਾਲਾਂ ਦੌਰਾਨ ਹੀ ਜਤਿਨ ਦਾਸ ਦਾ ਸੰਪਰਕ ਜਦੋਂ ਸਚਿੰਦਰ ਨਾਥ ਸਾਨਿਆਲ ਨਾਲ ਹੋਇਆ ਤਾਂ ਉਹ ਵੀ ਇਨਕਲਾਬੀ ਖੇਮੇ ਵਿੱਚ ਸਾਮਲ ਹੋ ਗਏ। 1924 ਵਿੱਚ ਜਦ ਇਸ ਦਲ ਵੱਲੋਂ ਇਨਕਲਾਬੀ ਪਾਰਟੀ ਹਿੰਦੋਸਤਾਨ ਰਿਪਬਲਿਕਨ ਐਸੋਸੀਏਸਨ (ਹ.ਰ.ਅ.) ਬਣਾਉਣ ਦਾ ਐਲਾਨ ਕੀਤਾ ਗਿਆ ਤਾਂ ਜਤਿਨ ਦਾਸ ਇਸ ਇਕੱਠ ਵਿੱਚ ਸਾਮਲ ਸਨ। ਹ.ਰ.ਅ. ਵਿੱਚ ਜਤਿਨ ਦਾਸ ਦਾ ਮੁੱਖ ਕੰਮ ਪੈਸੇ ਅਤੇ ਹਥਿਆਰਾਂ ਦਾ ਬੰਦੋਬਸਤ ਕਰਨਾ ਹੁੰਦਾ ਸੀ ਜਿਹਦੇ ਲਈ ਉਨ੍ਹਾਂ ਨੇ ਕਈ ਵਾਰ ਯੂਰਪੀਅਨ ਫਰਮਾਂ 'ਚ ਡਕੈਤੀ ਵੀ ਮਾਰੀ। ਪਾਰਟੀ ਦੇ ਪਰਚਿਆਂ ਦੀ ਵੰਡ ਤੋਂ ਲੈਕੇ ਹੋਰ ਕੰਮਾਂ ਵਿੱਚ ਉਨ੍ਹਾਂ ਦੀ ਲਗਾਤਾਰ ਸਮੂਅਲੀਅਤ ਰਹੀ। 1925 ਵਿੱਚ ਕਾਕੋਰੀ ਕਾਂਡ ਕੇਸ ਦੇ ਸਿਲਸਿਲੇ ਵਿੱਚ ਉਨ੍ਹਾਂ ਨੂੰ ਫਿਰ ਤੋਂ ਗਿਰਫਤਾਰ ਕੀਤਾ ਗਿਆ। ਜੇਲ੍ਹ ਵਿੱਚ ਰਾਜਕੀ ਕੈਦਿਆਂ ਨਾਲ ਹੁੰਦੇ ਘਟੀਆ ਵਤੀਰੇ ਖਿਲਾਫ ਜਤਿਨ ਦਾਸ ਨੇ ਅਵਾਜ ਉਠਾਈ ਅਤੇ ਸਿਆਸੀ ਕੈਦਿਆਂ ਦੇ ਹੱਕਾਂ ਲਈ ਪਹਿਲੀ ਲੜਾਈ ਵੀ ਲੜੀ। 20 ਦਿਨ ਭੁੱਖ ਹੜਤਾਲ ਕਰਨ ਮਗਰੋਂ ਆਖਿਰ ਜੇਲ੍ਹ ਅਧਿਕਾਰੀਆਂ ਨੂੰ ਉਨ੍ਹਾਂ ਦੀਆਂ ਮੰਗਾਂ ਮੰਨਣ ਲਈ ਮਜਬੂਰ ਹੋਣਾ ਪਿਆ ਸੀ ਅਤੇ ਜੇਲ੍ਹ ਸੁਪਰਡੈਂਟ ਨੇ ਮਾਫੀ ਮੰਗਦੇ ਹੋਏ ਸਾਰੀਆਂ ਮੰਗਾਂ ਮੰਨ ਲਈਆਂ ਸਨ। ਲਹਿਰ ਦੇ ਸਾਂਤ ਹੋਣ 'ਤੇ ਹੋਰ ਇਨਕਲਾਬੀਆਂ ਨਾਲ ਜਤਿਨ ਦਾਸ ਨੂੰ ਵੀ ਛੱਡ ਦਿੱਤਾ ਗਿਆ ਸੀ।

ਜਤਿਨ ਦਾਸ ਬੰਬ ਬਣਾਉਣ ਦੇ ਵੀ ਮਾਹਿਰ ਸਨ। ਭਗਤ ਸਿੰਘ ਦੀ ਬੇਨਤੀ ਮੰਨਦੇ ਹੋਏ ਉਨ੍ਹਾਂ ਨੇ ਆਗਰਾ ਵਿੱਚ ਭਗਤ ਸਿੰਘ, ਸੁਖਦੇਵ, ਸ਼ਿਵ ਵਰਮਾ ਅਤੇ ਉਨ੍ਹਾਂ ਦੇ ਹੋਰ ਸਾਥੀਆਂ ਨੂੰ ਬੰਬ ਬਣਾਉਣ ਦੀ ਸਿੱਖਿਆ ਵੀ ਦਿੱਤੀ ਸੀ। ਉਨ੍ਹਾਂ ਦੇ ਸਾਥੀਆਂ ਮੁਤਾਬਕ ਉਹ ਗੰਭੀਰ, ਸਾਂਤ, ਥੋੜਾ ਪਰ ਨਰਮਾਈ ਨਾਲ ਬੋਲਣ ਵਾਲੇ ਵਿਅਕਤੀ ਸਨ। ਅਤੇ ਭਾਵੇਂ ਉਹ ਬਹੁਤ ਘੱਟ ਬੋਲਦੇ ਸਨ ਪਰ ਉਨ੍ਹਾਂ ਦੇ ਸੁਭਾਅ 'ਚ ਖਿੱਚ ਸੀ, ਜਿਸ ਕਰਕੇ ਉਹ ਥੋੜੇ ਹੀ ਸਮੇਂ 'ਚ ਸਾਰੇ ਸਾਥੀਆਂ ਦੇ ਹਰਮਨ ਪਿਆਰੇ ਹੋ ਜਾਂਦੇ ਸਨ।

ਭਗਤ ਸਿੰਘ ਦੀ ਅਗਵਾਈ ਵਿੱਚ ਜਦ ਇਸ ਪਾਰਟੀ ਦਾ ਉਦੇਸ ਸਮਾਜਵਾਦੀ ਇਨਕਲਾਬ ਰੱਖਿਆ ਗਿਆ ਤਾਂ ਜਤਿਨ ਦਾਸ ਨੇ 'ਹਿੰਦੁਸਤਾਨ ਸਮਾਜਵਾਦੀ ਪਰਜਾਤੰਤਰ ਸੰਘ' ਦੇ ਮੈਂਬਰ ਬਣਕੇ ਦੇਸ ਦੀ ਅਜਾਦੀ ਤੇ ਸਮਾਜਵਾਦੀ ਸਮਾਜ ਸਿਰਜਣ ਦੀ ਜੱਦੋ-ਜਹਿਦ ਵਿੱਚ ਮੋਹਰੀ ਭੂਮਿਕਾ ਨਿਭਾਈ। ਲਾਹੌਰ ਸਾਜਿਸ ਕੇਸ ਵਿੱਚ ਜਤਿਨ ਦਾਸ ਨੂੰ ਹੋਰ ਇਨਕਲਾਬੀਆਂ ਨਾਲ 1929 ਵਿੱਚ ਗ੍ਰਿਫਤਾਰ ਕੀਤਾ ਗਿਆ। ਇਹ ਉਨ੍ਹਾਂ ਦੀ ਪੰਜਵੀ ਗ੍ਰਿਫਤਾਰੀ ਸੀ। ਗ੍ਰਿਫਤਾਰੀ ਮਗਰੋਂ ਸਹੀਦ ਭਗਤ ਸਿੰਘ, ਜਤਿਨ ਦਾਸ ਤੇ ਉਹਨਾਂ ਦੇ ਇਨਕਲਾਬੀ ਸਾਥੀਆਂ ਵੱਲੋਂ ਜੇਲ੍ਹ ਵਿੱਚ ਸਿਆਸੀ ਕੈਦੀਆਂ ਵਾਲਾ ਸਲੂਕ ਕੀਤੇ ਜਾਣ ਦੀ ਮੰਗ ਕੀਤੀ ਗਈ ਜਿਸ ਤਹਿਤ ਜੇਲ੍ਹ ਕੋਠੜੀਆਂ ਦੀ ਸਫਾਈ, ਸਾਫ ਵਰਦੀ, ਸਾਫ ਭੋਜਨ, ਰਸੋਈ ਦੀ ਸਫਾਈ, ਪੜ੍ਹਨ ਲਈ ਕਿਤਾਬਾਂ, ਅਖਬਾਰ ਤੇ ਲਿਖਣ ਲਈ ਕਾਗਜ, ਕਲਮ ਆਦਿ ਹੱਕ ਮੰਗੇ ਗਏ। ਇਹ ਫੈਸਲਾ ਕੀਤਾ ਗਿਆ ਕਿ ਭੁੱਖ ਹੜਤਾਲ ਨੂੰ ਸਿਆਸੀ ਲੜਾਈ ਦੇ ਰੂਪ ਵਿੱਚ ਚਲਾਇਆ ਜਾਏਗਾ। ਜਤਿਨ ਦਾਸ ਜਿਨ੍ਹਾਂ ਨੂੰ ਪਹਿਲਾਂ ਹੀ ਭੁੱਖ ਹੜ੍ਹਤਾਲ ਦਾ ਤਜਰਬਾ ਸੀ ਨੇ ਹੜ੍ਹਤਾਲ ਸੂਰੂ ਕਰਨ ਤੋਂ ਪਹਿਲਾਂ ਆਪਣੇ ਸਾਥੀਆਂ ਨੂੰ ਕਿਹਾ ਕਿ ," ਇਸ ਹੜਤਾਲ ਦਾ ਐਲਾਨ ਕਰਕੇ ਅਸੀਂ ਇੱਕ ਇਹੋ ਜਿਹੇ ਲੰਬੇ ਸੰਘਰਸ 'ਚ ਕੁੱਦ ਰਹੇ ਹਾਂ ਜੋ ਰਿਵਾਲਵਰ ਜਾਂ ਪਿਸਤੌਲ ਦੀ ਲੜਾਈ ਨਾਲੋਂ ਕਿਤੇ ਜ਼ਿਆਦਾ ਔਖਾ ਹੈ। ਭੁੱਖ ਹੜਤਾਲ ਦੁਆਰਾ ਤਿਲ-ਤਿਲ ਕਰਕੇ ਆਪਣੇ ਆਪ ਨੂੰ ਖਪਾ ਕੇ ਇੰਚ-ਇੰਚ ਮੌਤ ਵੱਲ ਸਰਕਣ ਨਾਲੋਂ ਪਿਸਤੌਲ ਦੀ ਗੋਲੀ ਦਾ ਸ਼ਿਕਾਰ ਹੋਕੇ ਜਾਂ ਫਾਂਸੀ 'ਤੇ ਝੂਲਦੇ ਮਰ ਜਾਣਾ ਸੌਖਾ ਹੈ ਅਤੇ ਇੱਕ ਵਾਰ ਭੁੱਖ ਹੜਤਾਲ ਦੇ ਮੈਦਾਨ ਵਿੱਚ ਉਤਰਨ ਤੋਂ ਬਾਅਦ ਪਿੱਛੇ ਹਟਣਾ ਇਨਕਲਾਬੀਆਂ ਦੇ ਵਕਾਰ ਨੂੰ ਥੱਲੇ ਲਾਉਣਾ ਹੋਵੇਗਾ।" ਉਨ੍ਹਾਂ ਸਾਰਿਆਂ ਵੱਲੋਂ ਫੈਸਲਾ ਲਿਆ ਗਿਆ ਕਿ ਭੁੱਖ ਹੜਤਾਲ ਉਦੋਂ ਤੱਕ ਜਾਰੀ ਰਹੇਗੀ ਜਦੋਂ ਤੱਕ ਸਰਕਾਰ ਮੰਗਾਂ ਨਹੀਂ ਮੰਨ ਲੈਂਦੀ ਅਤੇ ਇਸ ਦੌਰਾਨ ਬਿਮਾਰ ਹੋਣ ਦੀ ਹਾਲਤ ਵਿੱਚ ਵੀ ਕੋਈ ਦਵਾਈ ਤੱਕ ਨਹੀਂ ਲਈ ਜਾਵੇਗੀ। ਸੁਰੂ ਵਿੱਚ ਤਾਂ ਇਸ ਹੜਤਾਲ ਵੱਲ ਅੰਗਰੇਜ ਸਰਕਾਰ ਨੇ ਕੋਈ ਧਿਆਨ ਨਹੀਂ ਦਿੱਤਾ ਪਰ ਜਦੋਂ ਇਹ ਭੁੱਖ ਹੜਤਾਲ ਦੇਸ ਭਰ ਵਿੱਚ ਪ੍ਰਚੱਲਿਤ ਹੋ ਗਈ ਅਤੇ ਇਸ ਨੂੰ ਲੋਕਾਂ ਦਾ ਸਹਿਯੋਗ ਮਿਲਣ ਲੱਗਾ ਤਾਂ ਜੇਲ੍ਹ ਅਧਿਕਾਰੀਆਂ ਨੇ ਭੁੱਖ ਹੜਤਾਲ ਤੋੜਨ ਦੀਆਂ ਕਈ ਅਸਫਲ ਕੋਸ਼ਿ?ਸਾਂ ਕੀਤੀਆਂ। ਇੱਕ ਅਜਿਹੀ ਹੀ ਘਟਨਾ ਦੌਰਾਨ ਡਾਕਟਰ ਵੱਲੋਂ ਜਤਿਨ ਦਾਸ ਨਾਲ ਧੱਕਾ ਕੀਤੇ ਜਾਣ 'ਤੇ ਦੁੱਧ ਉਨ੍ਹਾਂ ਦੇ ਫੇਫੜਿਆਂ 'ਚ ਚਲਾ ਗਿਆ ਜਿਸ ਕਾਰਨ ਉਨ੍ਹਾਂ ਦੀ ਸਿਹਤ ਬਹੁਤ ਵਿਗੜ ਗਈ। ਹਾਲਤ ਗੰਭੀਰ ਹੋਣ 'ਤੇ ਸਾਥੀਆਂ ਵੱਲੋਂ ਦਵਾਈ ਪੀਣ ਦੀ ਬੇਨਤੀ ਕੀਤੇ ਜਾਣ 'ਤੇ ਵੀ ਉਨ੍ਹਾਂ ਨੇ ਮੁਸਕਰਾ ਕੇ ਨਾਂਹ ਕਰ ਦਿੱਤੀ ਅਤੇ ਆਪਣੇ ਫੈਸਲੇ 'ਤੇ ਅਡਿੱਗ ਰਹੇ। ਹੜਤਾਲ ਦੇ ਲਗਭਗ ਸਵਾ ਮਹੀਨੇ ਬਾਅਦ ਜਤਿਨ ਦਾਸ ਦੀ ਹਾਲਤ ਨੂੰ ਵਿਗੜਦਾ ਦੇਖ ਕੇ ਜੇਲ੍ਹ ਅਧਿਕਾਰੀਆਂ ਨੇ ਦਾਸ ਨੂੰ ਜਦ ਹਸਪਤਾਲ ਦਾਖਲ ਕਰਨਾ ਚਾਹਿਆ ਤਾਂ ਉਨ੍ਹਾਂ ਨੇ ਨਾਂਹ ਕਰ ਦਿੱਤੀ। ਇੱਥੋਂ ਤੱਕ ਕਿ ਸਰਕਾਰ ਵੱਲੋਂ ਉਨ੍ਹਾਂ ਨੂੰ ਜਮਾਨਤ 'ਤੇ ਰਿਹਾਅ ਕਰਨ ਦਾ ਫੈਸਲਾ ਵੀ ਲਿਆ ਗਿਆ। ਪਰ ਜਤਿਨ ਦਾਸ ਨੇ ਇਹ ਕਹਿੰਦੇ ਹੋਏ ਨਾ ਕਰ ਦਿੱਤੀ ਕਿ 'ਉਹ ਜਾਣਦੇ ਹਨ ਕਿ ਮੈਂ ਨਹੀਂ ਬਚੂੰਗਾ ਅਤੇ ਉਹ ਮੇਰੀ ਮੌਤ ਦੀ ਜਵਾਬਦੇਹੀ ਆਪਣੇ ਸਿਰ ਨਹੀਂ ਲੈਣਾ ਚਾਹੁੰਦੇ। ਮੈਂ ਐਦਾਂ ਨਹੀਂ ਹੋਣ ਦਿਆਂਗਾ'। ਮੌਤ ਤੋਂ ਕੁੱਝ ਸਮਾਂ ਪਹਿਲਾਂ ਵੀ ਜਦ ਉਨ੍ਹਾਂ ਨੂੰ ਟੀਕਾ ਲਾਉਣ ਲਈ ਡਾਕਟਰ ਨੂੰ ਬੁਲਾਇਆ ਗਿਆ ਤਾਂ ਉਨ੍ਹਾਂ ਨੇ ਸਵਾਲ ਪੁੱਛਿਆ ਕਿ 'ਕੀ ਸਾਡੀਆਂ ਮੰਗਾਂ ਮੰਨ ਲਈਆਂ ਗਈਆਂ ਹਨ?' ਅਤੇ ਜਵਾਬ ਨਾ ਮਿਲਣ 'ਤੇ ਟੀਕਾ ਲਗਵਾਉਣ ਤੋਂ ਮਨਾ ਕਰ ਦਿੱਤਾ। ਹੜ੍ਹਤਾਲ ਦੇ 63 ਵੇਂ ਦਿਨ 13 ਸਤੰਬਰ, 1929 ਨੂੰ ਜਤਿਨ ਦਾਸ ਨੇ ਆਖਰੀ ਸਾਹ ਲਏ ਉਦੋਂ ਉਹ ਸਿਰਫ 25 ਸਾਲ ਦੇ ਸਨ। ਪਰ ਆਪਣੇ ਆਖਰੀ ਸਾਹ ਤੱਕ ਉਹ ਅੰਗਰੇਜਾਂ ਵਿਰੁੱਧ ਸੰਘਰਸ ਦੇ ਮੈਦਾਨ ਵਿੱਚ ਡਟੇ ਰਹੇ। ਉਨ੍ਹਾਂ ਦੇ ਸਾਥੀਆਂ ਦੇ ਨਾਲ-ਨਾਲ ਜੇਲ੍ਹ ਦੇ ਅੰਗਰੇਜ ਸੁਪਰਡੈਂਟ ਤੱਕ ਨੇ ਟੋਪੀ ਉਤਾਰ ਕੇ ਫੌਜੀ ਸਲਾਮ ਨਾਲ ਉਨ੍ਹਾਂ ਦਾ ਸਤਿਕਾਰ ਕੀਤਾ।



ਪੂਰੇ ਦੇਸ ਵਿੱਚ ਜਦੋਂ ਜਤਿਨ ਦਾਸ ਦੀ ਮੌਤ ਦੀ ਖਬਰ ਫੈਲ ਗਈ ਤਾਂ ਲੋਕ ਵੱਡੀ ਗਿਣਤੀ ਵਿੱਚ ਆਪਣੇ ਪਿਆਰੇ ਇਨਕਲਾਬੀ ਦੇ ਆਖਰੀ ਦਰਸਨ ਕਰਨ ਲਈ ਇਕੱਠੇ ਹੋਣ ਲੱਗੇ। ਜਦੋਂ ਦੁਰਗਾ ਭਾਬੀ ਦੀ ਅਗਵਾਈ ਵਿੱਚ ਉਨ੍ਹਾਂ ਦੀ ਦੇਹ ਨੂੰ ਲਾਹੌਰ ਤੋਂ ਕਲਕੱਤੇ ਲਿਜਾਇਆ ਗਿਆ ਤਾਂ ਰਾਹ ਵਿੱਚ ਪੈਂਦੇ ਸਟੇਸਨਾਂ ਉੱਤੇ ਅਤੇ ਫਿਰ ਕਲਕੱਤੇ ਵਿੱਚ ਜਤਿਨ ਦਾਸ ਦੀ ਦੇਹ ਨੂੰ ਜੋ ਸਤਿਕਾਰ ਮਿਲਿ?ਆ, ਉਹ ਦੇਸ ਦੇ ਇਤਿਹਾਸ ਵਿੱਚ ਅੱਜ ਵੀ ਸੁਨਹਿਰੇ ਅੱਖਰਾਂ ਵਿੱਚ ਦਰਜ ਹੈ। ਜਤਿਨ ਦਾਸ ਦੀ ਅੰਤਿਮ ਯਾਤਰਾ ਦੀ ਰਿਪੋਰਟ ਲੰਡਨ ਵਿੱਚ ਦਿੰਦੇ ਹੋਏ ਵਾਇਸਰਾਏ ਨੇ ਕਿਹਾ। "ਕਿ ਉਹ ਹੁਣ ਤੱਕ ਦੇ ਜਲੂਸਾਂ ਵਿਚੋਂ ਸਭ ਤੋਂ ਵੱਡਾ ਸੀ (ਰਿਕਾਰਡ ਅਕਾਰ ਅਨੁਸਾਰ) ਅਤੇ ਉਸ ਵਿੱਚ 5 ਲੱਖ ਲੋਕ ਸਾਮਲ ਸਨ"। ਇਸ ਘਟਨਾ ਦੇ ਬਾਅਦ ਹੀ ਸਹੀਦਾਂ ਪ੍ਰਤੀ ਲੋਕਾਂ ਦੇ ਪਿਆਰ ਅਤੇ ਇਕੱਠ ਤੋਂ ਡਰਦੇ ਹੋਏ ਅੰਗਰੇਜ ਸਰਕਾਰ ਨੇ ਇਨਕਲਾਬੀਆਂ ਦੀ ਦੇਹ ਨੂੰ ਪਰਿਵਾਰ ਨੂੰ ਨਾ ਸੌਂਪਣ ਦੀ ਨੀਤੀ ਅਪਣਾਈ ਸੀ।

ਜਤਿਨ ਦਾਸ ਦੀ ਸਿਰਫ ਕੁਰਬਾਨੀ ਹੀ ਨਹੀਂ ਸਗੋਂ ਜ਼ਿੰਦਗੀ ਵੀ ਸਾਡੇ ਲਈ ਪ੍ਰੇਰਨਾ ਦਾ ਸਰੋਤ ਹੈ। ਉਨ੍ਹਾਂ ਨੇ ਹਮੇਸਾ ਇਨਕਲਾਬ ਦੀ ਅਗਲੀ ਕਤਾਰ ਲਈ ਆਪਣੀ ਜਗ੍ਹਾ ਚੁਣੀ ਅਤੇ ਉਮਰ ਭਰ ਆਪਣੇ ਉਦੇਸ ਪ੍ਰਤੀ ਸਮਰਪਿਤ ਰਹੇ। ਆਪਣੀ ਸਹੀਦੀ ਦੇ 92 ਸਾਲ ਬਾਅਦ ਵੀ ਉਹ ਕਿਰਤੀ ਲੋਕਾਂ ਦੇ ਸੁਪਨਿਆਂ, ਸੰਕਲਪਾਂ ਤੇ ਸੰਘਰਸਾਂ ਵਿੱਚ ਜਿਉਂਦੇ ਹਨ। ਜਿੰਨਾ ਚਿਰ ਇਸ ਧਰਤੀ ਤੋਂ ਲੁੱਟ, ਜਬਰ ਦਾ ਖਾਤਮਾ ਕਰਕੇ ਲੋਕਾਂ ਦਾ ਸਮਾਜਵਾਦੀ ਪ੍ਰਬੰਧ ਸਿਰਜਣ ਦੀ ਜੱਦੋ-ਜਹਿਦ ਚਲਦੀ ਰਹੇਗੀ, ਸਹੀਦ ਜਤਿਨ ਦਾਸ ਹਮੇਸਾ ਕਿਰਤੀ ਲੋਕਾਂ ਨੂੰ ਪ੍ਰੇਰਨਾ ਦਿੰਦੇ ਰਹਿਣਗੇ।

# ਜ਼ਮੀਨੀ-ਘੋਲ਼ ਦੇ ਸ਼ਹੀਦ ਪ੍ਰਿਥੀਪਾਲ ਸਿੰਘ ਚੱਕ-ਅਲੀਸ਼ੇਰ ਦੀ 12ਵੀਂ ਬਰਸੀ

## ਬੀਕੇਯੂ-ਡਕੌਂਦਾ ਵੱਲੋਂ ਸੂਬਾ-ਪੱਧਰੀ ਸ਼ਰਧਾਂਜਲੀ ਸਮਾਗਮ

ਬਲਜਿੰਦਰ ਸਿੰਘ ਪਟਿਆਲਾ

ਜ਼ਮੀਨੀ ਘੋਲ਼ ਦੇ ਸ਼ਹੀਦ ਪਿਰਥੀਪਾਲ ਸਿੰਘ ਚੱਕ-ਅਲੀਸ਼ੇਰ-ਮਾਨਸਾ ਦੀ 12ਵੀਂ ਬਰਸੀ ਜੋਸ਼ੋ-ਖਰੋਸ਼ ਨਾਲ ਮਨਾਈ ਗਈ। ਸੂਬਾਈ ਆਗੂਆਂ ਨੇ ਸ਼ਹੀਦ ਦੀ ਯਾਦ 'ਚ ਬਣੇ ਗੇਟ 'ਤੇ ਜਥੇਬੰਦੀ ਦਾ ਝੰਡਾ ਚੜ੍ਹਾਅ ਕੇ ਸ਼ਰਧਾਂਜਲੀਆਂ ਭੇਂਟ ਕੀਤੀਆਂ। ਸਮਾਗਮ ਦੌਰਾਨ ਅਜਮੇਰ ਅਕਲੀਆ ਵੱਲੋਂ ਸ਼ਰਧਾਂਜਲੀ ਗੀਤ 'ਚੜ੍ਹਨ ਵਾਲਿਓ ਹੱਕਾਂ ਦੀ ਭੇਂਟ 'ਤੇ...'ਗੀਤ ਦੇ ਨਾਲ-ਨਾਲ ਤੀਰਥ ਚੜ੍ਹਿੱਕ ਦੀ ਨਿਰਦੇਸ਼ਨਾ ਹੇਠ ਸ਼ਹੀਦ ਭਗਤ ਸਿੰਘ ਨਾਟਕ ਮੰਚ ਵੱਲੋਂ ਰਾਜਨੀਤਕ ਹਾਲਾਤਾਂ 'ਤੇ ਆਧਾਰਿਤ ਨਾਟਕ 'ਲੀਰਾਂ' ਦਾ ਮੰਚਨ ਕੀਤਾ ਗਿਆ। ਸੂਬਾਈ ਆਗੂਆਂ ਨੇ ਸ਼ਹੀਦ ਦੀ ਪਤਨੀ ਸੁਖਜਿੰਦਰ ਕੌਰ ਨੂੰ ਸਨਮਾਨਿਤ ਕੀਤਾ। ਸਮਾਗਮ ਦੌਰਾਨ ਔਰਤਾਂ ਅਤੇ ਨੌਜਵਾਨਾਂ ਨੇ ਵੀ ਵੱਡੀ ਗਿਣਤੀ 'ਚ ਸ਼ਮੂਲੀਅਤ ਕੀਤੀ। ਸ਼ਰਧਾਂਜ਼ਲੀ ਸਮਾਗਮ ਨੂੰ ਸੰਬੋਧਨ ਕਰਦਿਆਂ ਸੂਬਾ ਪ੍ਰਧਾਨ ਬੂਟਾ ਸਿੰਘ ਬੁਰਜ਼ਗਿੱਲ ਅਤੇ ਸੀਨੀਅਰ ਮੀਤ ਪ੍ਰਧਾਨ ਮਨਜੀਤ ਸਿੰਘ ਧਨੇਰ ਨੇ ਕਿਹਾ ਕਿ ਕਾਰਪੋਰੇਟ ਘਰਾਣਿਆਂ ਨੂੰ ਕਿਸਾਨਾਂ ਦੀਆਂ ਜ਼ਮੀਨਾਂ ਹੜੱਪਣ ਦੇ ਮਨਸੂਬੇ ਪੂਰੇ ਨਹੀਂ ਹੋਣ ਦਿਆਂਗੇ। ਦਿੱਲੀ ਦੀਆਂ ਬਰੂਹਾਂ 'ਤੇ ਲੜੇ ਇਤਿਹਾਸਕ ਅੰਦੋਲਨ ਦੌਰਾਨ ਸਾਡੇ 700 ਤੋਂ ਵੱਧ ਸਾਥੀ ਸ਼ਹੀਦ ਹੋ ਗਏ,

ਭਾਵੇਂ 3 ਖੇਤੀ ਕਾਨੂੰਨ ਕੇਂਦਰ-ਸਰਕਾਰ ਨੇ ਵਾਪਿਸ ਲੈ ਲਏ, ਪ੍ਰੰਤੂ ਹਾਲੇ ਵੀ ਲੁਕਵੀਆਂ ਚਾਲਾਂ ਜਾਰੀ ਹਨ। ਆਗੂਆਂ ਨੇ ਕਿਹਾ ਕਿ ਕਿਸਾਨਾਂ ਦੀਆਂ ਜ਼ਮੀਨਾਂ ਬਚਾਉਣ ਦੀ ਕਤਾਰ ਵਿੱਚ ਮਾਨਸਾ ਜਿਲ੍ਹੇ ਦੇ ਪਿੰਡ ਬੀਰੋਕੇ ਖ਼ੁਰਦ ਦੇ ਇੱਕ ਗਰੀਬ ਕਿਸਾਨ ਭੋਲਾ ਸਿੰਘ ਦੀ ਮਾਮੂਲੀ ਕਰਦੀ ਬਦਲੇ ਹੋ ਰਹੀ ਜਮੀਨ



ਦੀ ਨਿਲਾਮੀ ਰੋਕਣ ਲਈ ਸ਼ਹਾਦਤ ਦੇਣ ਵਾਲਿਆਂ ਵਿੱਚੋਂ ਪਿਰਥੀਪਾਲ ਸਿੰਘ ਦੇ ਨਾਲ ਦੋ ਹੋਰ ਕਿਸਾਨ ਤਰਸੇਮ ਸਿੰਘ ਅਤੇ ਲਛਮਣ ਸਿੰਘ ਚੱਕ ਅਲੀਸੇਰ ਗੰਭੀਰ ਫੱਟੜ ਹੋ ਗਏ ਸਨ। ਬੁਲਾਰਿਆਂ ਸ਼ਹੀਦ ਪਿਰਥੀਪਾਲ ਸਿੰਘ ਚੱਕ ਅਲੀਸੇਰ ਦੀ ਸਖਸੀਅਤ ਬਾਰੇ ਗੱਲ ਕਰਦਿਆਂ ਕਿਹਾ ਕਿ ਉਹ ਜਿੱਥੇ ਉਹ ਬੀਕੇਯੂ ਏਕਤਾ ਡਕੌਂਦਾ ਦਾ ਚੇਤੰਨ ਜੁਝਾਰੂ ਆਗੂ ਸੀ, ਉਹ ਇਨਕਲਾਬੀ ਕੇਂਦਰ, ਪੰਜਾਬ ਨਾਲ ਜੁੜਿਆ ਹੋਣ ਕਰਕੇ ਇਨਕਲਾਬੀ ਲਹਿਰ ਨਾਲ ਬਾਵਾਸਤਾ ਕਾਰਕੁੰਨ ਸੀ। ਉਹ ਜੁਝਾਰੂ ਵੀ ਸੀ ਅਤੇ ਸੂਝਵਾਨ ਵੀ ਸੀ। ਇਸੇ ਲਈ ਉਹ ਇੱਕ ਅਜਿਹੀ ਸਮਾਜਿਕ ਤਬਦੀਲੀ ਦਾ ਚਾਹਵਾਨ ਸੀ ਜਿਹੜੀ ਭਗਤ-ਸਰਾਭੇ ਵਾਲੀ ਆਜਾਦੀ, ਬਰਾਬਰੀ ਤੇ ਭਾਈਚਾਰੇ ਵਾਲਾ ਨਵਾਂ ਸਮਾਜ ਸਿਰਜਣ ਵੱਲ ਸੇਧਤ ਹੋਵੇ ਅਤੇ ਉਹ ਖੁਦ ਨਵਾਂ ਸਮਾਜਿਕ ਤਬਦੀਲੀ ਦੇ ਜਮਾਤੀ ਸੰਘਰਸ਼ ਦਾ ਹਿੱਸਾ ਸੀ।

ਸੂਬਾਈ ਆਗੂ ਕੁਲਵੰਤ ਸਿੰਘ ਕਿਸ਼ਨਗੜ੍ਹ ਦੇ ਮੰਚ ਸੰਚਾਲਨ ਰਾਹੀਂ ਹੋਏ ਸ਼ਹੀਦ ਪ੍ਰਿਥੀਪਾਲ ਸਿੰਘ ਚੱਕ ਅਲੀਸ਼ੇਰ ਦੀ ਬਾਰਵੇਂ ਸ਼ਰਧਾਂਜਲੀ ਸਮਾਗਮ ਮੌਕੇ ਬੁਲਾਰਿਆਂ ਸੂਬਾਈ ਆਗੂਆਂ ਗੁਰਦੀਪ ਸਿੰਘ ਰਾਮਪੁਰਾ, ਗੁਰਮੀਤ ਸਿੰਘ ਭੱਟੀਵਾਲ, ਮਹਿੰਦਰ ਸਿੰਘ ਦਿਆਲਪੁਰਾ, ਸੁਖਵਿੰਦਰ ਸਿੰਘ ਸੁੱਖੀ, ਮਹਿੰਦਰ ਸਿੰਘ ਕਮਾਲਪੁਰਾ, ਬਲਵੀਰ ਕੌਰ ਐਡਵੋਕੇਟ, ਗੁਰਦੀਪ ਸਿੰਘ ਮੁਕਤਸਰ, ਸੁਖਚੈਨ ਸਿੰਘ ਰਾਜੂ, ਰਾਜ ਮਹਿੰਦਰ ਸਿੰਘ ਕੋਟ ਭਾਰਾ, ਦਰਸ਼ਨ ਸਿੰਘ ਉੱਗੋਕੇ, ਮਹਿੰਦਰ ਸਿੰਘ ਭੈਣੀਬਾਘਾ, ਕਰਮ ਸਿੰਘ ਬਲਿਆਲ, ਗੁਰਮੇਲ ਸਿੰਘ ਢਕੜੱਬਾ, ਗੁਲਜਾਰ ਸਿੰਘ ਕੱਬਰਵੱਛਾ, ਹਰਿਆਣਾ ਕਿਸਾਨ ਮੰਚ ਵੱਲੋਂ ਲੱਖਾ ਸਿੰਘ, ਕਿਸਾਨ ਆਗੂ ਰੁਲਦੂ ਸਿੰਘ ਮਾਨਸਾ ਆਦਿ ਬੁਲਾਰਿਆਂ ਨੇ ਮੋਦੀ ਹਕੂਮਤ ਵੱਲੋਂ ਲਾਗੂ ਕੀਤੀਆਂ ਜਾ ਰਹੀਆਂ ਲੋਕ ਕਿਸਾਨ-ਮਾਰੂ ਅਤੇ ਸੂਬਿਆਂ ਦੀ ਸੰਘੀ ਨੱਪਣ ਵਾਲੀਆਂ ਨੀਤੀਆਂ ਅਤੇ ਸੂਬਾ ਸਰਕਾਰ ਦੀਆਂ ਟਰਕਾਊ ਨੀਤੀਆਂ ਖਿਲਾਫ ਜੱਦੋਜਹਿਦ ਨੂੰ ਤਿੱਖੀ ਕਰਨ ਅਤੇ ਪੰਜਾਬ ਦੇ ਕਿਸਾਨਾਂ-ਮਜਦੂਰਾਂ ਨੂੰ ਇੱਕਜੁਟ ਕਰਨ ਦਾ ਅਹਿਦ ਕਰਨ 'ਤੇ ਜੋਰ ਦਿੱਤਾ।

ਕੇਂਦਰ ਸਰਕਾਰ ਨਾਲ ਸੰਬੰਧਤ ਮੰਗਾਂ ਵਿੱਚ ਲਖੀਮਪੁਰ ਖੀਰੀ ਕਤਲਕਾਂਡ ਦੇ ਸਾਜਿਸਕਰਤਾ ਦੋਸੀ ਮੰਤਰੀ ਅਜੈ ਮਿਸਰਾ ਟੈਣੀ ਨੂੰ ਅਹੁਦੇ ਤੋਂ ਖਾਰਜ ਕਰ ਕੇ ਜੇਲ੍ਹ ਭੇਜਿਆ ਜਾਵੇ ਅਤੇ ਸਾਰੇ ਦੋਸੀਆਂ ਨੂੰ ਸਖਤ ਸਜਾਵਾਂ ਦਿੱਤੀਆਂ ਜਾਣ ਅਤੇ ਜੇਲ੍ਹੀਂ ਡੱਕੇ 4 ਬੇਗੁਨਾਹ ਕਿਸਾਨਾਂ ਨੂੰ ਬਿਨਾਂ ਸਰਤ ਰਿਹਾਅ ਕੀਤਾ ਜਾਵੇ। ਪੰਜ ਸਹੀਦ ਕਿਸਾਨਾਂ ਦੇ ਵਾਰਸਾਂ ਨੂੰ 1-1 ਪੱਕੀ ਸਰਕਾਰੀ ਨੌਕਰੀ ਅਤੇ ਜਖਮੀਆਂ ਨੂੰ 10-10 ਲੱਖ ਰੁਪਏ ਦਾ ਮੁਆਵਜਾ ਦਿੱਤਾ ਜਾਵੇ। 23 ਫਸਲਾਂ ਦੇ ਲਾਭਕਾਰੀ ਐੱਮ. ਐੱਸ. ਪੀ. ਸਵਾਮੀਨਾਥਨ ਰਿਪੋਰਟ ਅਨੁਸਾਰ ਮਿਥੇ ਜਾਣ ਅਤੇ ਇਨ੍ਹਾਂ ਰੇਟਾਂ 'ਤੇ ਪੂਰੀ ਖਰੀਦ ਦੀ ਕਾਨੂੰਨੀ ਗਰੰਟੀ ਕੀਤੀ ਜਾਵੇ। ਬਿਜਲੀ ਬਿੱਲ 2021 ਵਾਪਸ ਲਿਆ ਜਾਵੇ ਅਤੇ ਬਿਜਲੀ ਵੰਡ ਖੇਤਰ ਨਿੱਜੀ ਕਾਰਪੋਰੇਟਾਂ ਹਵਾਲੇ ਕਰਨ ਦਾ ਤਾਨਾਸਾਹੀ ਫੈਸਲਾ ਰੱਦ ਕੀਤਾ ਜਾਵੇ। ਦਿੱਲੀ ਕਿਸਾਨ ਅੰਦੋਲਨ ਦੌਰਾਨ ਸਹੀਦ ਹੋਏ 700 ਤੋਂ ਵੱਧ ਕਿਸਾਨਾਂ ਦੇ ਵਾਰਸਾਂ ਨੂੰ ਢੁੱਕਵਾਂ ਮੁਆਵਜਾ ਅਤੇ 1-1 ਜੀਅ ਨੂੰ ਪੱਕੀ ਨੌਕਰੀ ਦਿੱਤੀ ਜਾਵੇ। ਇਸ ਮੌਕੇ ਕਿਸਾਨਾਂ ਸਿਰ ਮੜ੍ਹੇ ਗਏ ਸਾਰੇ ਪੁਲਿਸ ਕੇਸ ਵਾਪਸ ਲਏ ਜਾਣ। ਭਾਖੜਾ ਪਣ-ਬਿਜਲੀ ਪ੍ਰਾਜੈਕਟ ਦੇ ਪ੍ਰਬੰਧਕੀ ਬੋਰਡ ਦਾ ਕੰਟਰੋਲ ਕੇਂਦਰ ਦੇ ਹੱਥਾਂ ਵਿੱਚ ਲੈਣ ਦਾ ਤਾਨਾਸਾਹੀ ਫੈਸਲਾ ਰੱਦ ਕੀਤਾ ਜਾਵੇ ਅਤੇ ਪਹਿਲਾਂ ਵਾਂਗ ਪੰਜਾਬ ਹਰਿਆਣੇ ਦੇ ਸਾਂਝੇ ਕੰਟਰੋਲ ਹੇਠ ਲਿਆਂਦਾ ਜਾਵੇ। ਸੰਸਾਰ ਬੈਂਕ ਦੇ ਆਦੇਸਾਂ ਤਹਿਤ ਪੰਚਾਇਤੀ ਸਾਮਲਾਟ ਜੁਮਲਾ ਮਾਲਕਾਨ ਜਮੀਨਾਂ ਨਿੱਜੀ ਕੰਪਨੀਆਂ ਹਵਾਲੇ ਕਰਨ ਵੱਲ ਸੇਧਤ ਜਮੀਨ-ਬੈਂਕ ਸਥਾਪਤ ਕਰਨ ਦਾ ਫੈਸਲਾ ਰੱਦ ਕੀਤਾ ਜਾਵੇ।

### ਕਾਰਪੋਰੇਟ ਘਰਾਣਿਆਂ ਦੇ ਲਾਲਚੀ ਮਨਸੂਬੇ ਪੂਰੇ ਨਹੀਂ ਹੋਣ ਦਿਆਂਗੇ : ਬੁਰਜ਼ਗਿੱਲ /ਧਨੇਰ

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੀ ਕੇਂਦਰ ਦੀ ਮੋਦੀ ਸਰਕਾਰ ਵਾਂਗ ਕਾਰਪੋਰੇਟ ਘਰਾਣਿਆਂ ਦੇ ਹਿੱਤ ਪੂਰ ਰਹੇ ਹਨ। ਟਰਾਈਡੈਂਟ ਕੰਪਨੀ ਮਾਲਕ ਨੂੰ ਉੱਚ ਅਹੁਦੇ 'ਤੇ ਨਿਵਾਜਣਾ, ਇਹੀ ਸਪੱਸ਼ਟ ਕਰਦਾ ਹੈ। ਬਦਲਾਅ ਵਾਲ਼ਾ ਭੁਲੇਖਾ ਨਿਕਲ ਗਿਆ, ਸਮਾਜ ਦਾ ਹਰੇਕ ਤਬਕਾ ਸੰਘਰਸ਼ ਦੇ ਰਾਹ 'ਤੇ ਹੈ। ਬਰਨਾਲੇ 'ਚ ਹੋਇਆ ਪ੍ਰੋਫੈਸਰਾਂ 'ਤੇ ਲਾਠੀਚਾਰਜ ਸਪੱਸ਼ਟ ਕਰਦਾ ਹੈ ਕਿ ਸਿਰਫ ਸ਼ਹਿਰ ਬਦਲਿਆ ਹੈ, ਪ੍ਰੰਤੂ ਸਰਕਾਰਾਂ ਦੀਆਂ ਨੀਤੀਆਂ ਉਹੀ ਹਨ।

ਭਾਰਤੀ ਕਿਸਾਨ ਯੂਨੀਅਨ-ਏਕਤਾ(ਡਕੌਂਦਾ) ਨੇ ਪੰਜਾਬ ਅਤੇ ਦੇਸ਼ ਪੱਧਰ ਦੀਆਂ ਕਿਸਾਨ-ਜਥੇਬੰਦੀਆਂ ਨੂੰ ਇੱਕਜੁੱਟ ਕਰਨ 'ਚ ਹਮੇਸ਼ਾ ਅਗਵਾਈ ਕੀਤੀ ਹੈ ਅਤੇ ਇਹ ਯਤਨ ਭਵਿੱਖ ਵਿਚ ਵੀ ਜਾਰੀ ਰਹਿਣਗੇ। ਇਸ ਦੌਰਾਨ ਕਿਸਾਨਾਂ ਨੇ ਵੱਡੀ ਗਿਣਤੀ 'ਚ ਅਗਾਂਹਵਧੂ ਕਿਤਾਬਾਂ ਖ੍ਰੀਦਣ 'ਚ ਵੀ ਦਿਲਚਸਪੀ ਦਿਖਾਈ।


NEW SERVICE BY CARE INC

Calgary 403-605-6300

ਸੋਮਵਾਰ ਤੋ ਸ਼ਨੀਵਾਰ 10 ਵਜੇ ਤੋ 6 ਵਜੇ ਤੱਕ

ਐਤਵਾਰ ਬੰਦ

CARE AUDIOLOGY

ਕੀ ਤੁਸੀਂ ਜਾਣਦੇ ਹੋ ਕਿ ਵਡੇਰੀ ਉਮਰ ਵਿੱਚ ਤੰਦਰੁਸਤ ਰਹਿਣ ਲਈ ਸੁਣਨ ਸ਼ਕਤੀ ਦਾ ਪੂਰਾ ਹੋਣਾ ਬਹੁਤ ਹੀ ਜਰੂਰੀ ਹੈ....??

ਦੁਨੀਆਂ ਦੀ ਪ੍ਰਸਿੱਧ ਮੈਡੀਕਲ ਯੂਨੀਵਰਸਿਟੀ ਦੀ ਖੋਜ ਮੁਤਾਬਿਕ ਜੇਕਰ ਘੱਟ ਸੁਣਨ ਦਾ ਇਲਾਜ ਨਾ ਕੀਤਾ ਜਾਵੇ ਤਾਂ ਉਦਾਸੀ, ਦਿਮਾਗੀ ਕਮਜ਼ੋਰੀ, ਦਿਲ ਦਾ ਦੌਰਾ ਅਤੇ ਡਿੱਗਣ ਦੇ ਖਤਰੇ ਵੱਧ ਜਾਂਦੇ ਹਨ।

ਸ਼ੁਨਣ ਸ਼ਕਤੀ ਕਮਜ਼ੋਰ ਹੋਵੇ ਤਾਂ ਵੱਡੀ ਗਲਤਫ਼ਹਿਮੀ ਹੋ ਸਕਦੀ ਹੈ। ਬਜ਼ੁਰਗਾਂ ਨੂੰ ਵੱਖੋ-ਵੱਖ ਸੇਵਾਵਾਂ ਦੇਣ ਵਾਲੇ Care Inc. ਨੇ ਹੁਣ ਖੋਲ ਦਿੱਤੀ ਹੈ Care Audiology ! ਜਿੱਥੇ ਦੁਨਿਆਂ ਦੀਆਂ Latest ਮਸ਼ੀਨਾ ਨਾਲ ਕੰਨਾ ਦਾ hearing test ਕੀਤਾ ਜਾਂਦਾ ਹੈ। ਤੁਸੀਂ ਮੁਫਤ hearing aid ਲੈਣ ਵਾਸਤੇ ਵੀ ਕੁਆਲੀਫਾਈ ਕਰ ਸਕਦੇ ਹੋ। 19 ਸਾਲ ਤੋਂ ਵੱਧ ਉਮਰ ਵਾਲਿਆਂ ਦਾ hearing test free ਕਰਦੇ ਨੇ।

'ਕੇਅਰ ਇੰਕ'

ਤੁਹਾਡੀ ਸੇਫਟੀ, ਸਾਡਾ ਵਿਸ਼ਵਾਸ

Payment Plans Available



www.careinc.ca

Calgary Store: #124 - 4774 Westwinds Drive N.E., Calgary Alberta, Canada

Phone: 403-605-6300 Fax : 403-536-4057 Email : calgary@careinc.ca



Sun Life

Advice from someone you trust.

It's important to protect yourself and your family from the financial impact of lost income due to accident, illness or disability. Do you have a plan in place?

Critical illness insurance • Life insurance • Personal Health Insurance



Harvinder Singh

587-574-0029

harvinder.h.singh@sunlife.com

Sun Life Assurance Company of Canada is a member of the Sun Life group of companies.

© Sun Life Assurance Company of Canada, 2021.



Avon Accounting & Tax Services

ਆਪਣੇ ਕਮਿਊਨਿਟੀ ਦੇ ਜਾਣੇ-ਪਹਿਚਾਣੇ ਅਕਾਊਂਟੈਂਟ ਕੋਲੋਂ ਵਾਜਿਬ ਰੇਟ 'ਤੇ ਆਪਣੇ ਬਿਜ਼ਨਿਸ ਜਾਂ ਪਰਸਨਲ ਟੈਕਸ ਸਬੰਧੀ ਕੋਈ ਵੀ ਕੰਮ ਕਰਵਾਉਣ ਲਈ ਮਿਲੋ ਜਾਂ ਫੋਨ ਕਰੋ।

ਸੇਵਾਵਾਂ ਵੀਕ ਐਂਡ 'ਤੇ ਵੀ ਉਪਲਬਧ

Personal Tax Returns (TI)
Self Employed
Taxi Business

Corporate Tax Returns (T2)
GST/Payrolls/ROE
WCB Returns

Tax Planning & Advisory Services

Weekends/Evenings Services also available.

Tel. : 403-479-4220, 403-561-9011

pandher_2004@yahoo.com or singhh73@gmail.com

# ਕੈਲਗਰੀ ਦਾ ਚੌਥਾ ਪੁਸਤਕ ਮੇਲਾ-ਪਾਠਕਾਂ ਦਾ ਭਰਵਾਂ ਹੁੰਗਾਰਾ






ਕੈਲਗਰੀ, (ਸਰੋਕਾਰਾਂ ਦੀ ਆਵਾਜ਼): ਲੰਘੇ ਵੀਕਐਂਡ ਤੇ ਐਤਵਾਰ 16 ਅਕਤੂਬਰ, 2022 ਨੂੰ ਮਾਸਟਰ ਭਜਨ ਸਿੰਘ ਤੇ ਟੀਮ ਵਲੋਂ 'ਸ਼ਹੀਦ ਭਗਤ ਸਿੰਘ ਬੁੱਕ ਸੈਂਟਰ' ਦੇ ਬੈਨਰ ਹੇਠ ਇਸ ਸਾਲ ਦਾ ਚੌਥਾ ਤੇ ਆਖਰੀ ਇੱਕ ਰੋਜ਼ਾ ਪੁਸਤਕ ਮੇਲਾ ਗਰੀਨ ਪਲਾਜ਼ਾ ਵਿਖੇ ਲਗਾਇਆ ਗਿਆ। ਇਸ ਮੌਕੇ ਤੇ ਸੈਂਟਰ ਦੇ ਸੰਚਾਲਕ ਮਾਸਟਰ ਭਜਨ ਸਿੰਘ ਨੇ ਪਾਠਕਾਂ ਨੂੰ ਅਪੀਲ ਕੀਤੀ ਕਿ ਸਾਨੂੰ ਕਿਤਾਬਾਂ ਨੂੰ ਆਪਣੇ ਰੋਜ਼ਾਨਾ ਜੀਵਨ ਦਾ ਹਿੱਸਾ ਬਣਾਉਣ ਦੇ ਨਾਲ-ਨਾਲ ਆਪਣੇ ਘਰਾਂ ਵਿੱਚ ਮਿੰਨੀ ਲਾਇਬ੍ਰੇਰੀਆਂ ਵੀ ਬਣਾਉਣ ਦੀ ਲੋੜ ਹੈ। ਉਨ੍ਹਾਂ ਅੱਗੇ ਕਿਹਾ ਕਿ ਇਸ ਸਾਲ ਦਾ ਇਹ ਆਖਰੀ ਮੇਲਾ ਹੈ ਤੇ ਇਸ ਤੋਂ ਬਾਅਦ ਠੰਡ ਕਾਰਨ ਬਾਹਰ ਦੀਆਂ ਗਤੀਵਿਧੀਆਂ ਘਟ ਜਾਂਦੀਆਂ ਹਨ ਤਾਂ ਕਿਤਾਬਾਂ ਤੁਹਾਡੀਆਂ ਸਾਥੀ ਬਣ ਸਕਦੀਆਂ ਹਨ। ਇਹ ਮੇਲਾ ਬੇਸ਼ਕ ਆਖਰੀ ਹੈ, ਪਰ ਤੁਸੀ ਕਿਸੇ ਸਮੇਂ ਵੀ ਫੋਨ ਕਰਕੇ ਕਿਤਾਬਾਂ ਲੈ ਸਕਦੇ ਹੋ। ਉਨ੍ਹਾਂ ਪਾਠਕਾਂ ਨੂੰ ਸੁਝਾਅ ਦਿੱਤਾ ਕਿ ਸਾਨੂੰ ਆਪਣੇ ਬੱਚਿਆਂ ਵਿੱਚ ਕਿਤਾਬਾਂ ਪੜ੍ਹਨ ਦਾ ਉਤਸ਼ਾਹ ਪੈਦਾ ਕਰਨਾ ਚਾਹੀਦਾ ਹੈ। ਉਨ੍ਹਾਂ ਮੀਡੀਏ ਵਲੋਂ ਅੱਜ ਦੇ ਮੇਲੇ ਲਈ ਕਵਰੇਜ ਕਰਨ ਆਏ ਰਿਸੀ ਨਾਗਰ, ਰੈਡ ਐਫ ਐਮ ਰੇਡੀਉ, ਹਰਬੰਸ ਬੁੱਟਰ ਤੇ ਗਗਨ, ਪੰਜਾਬੀ ਅਖਬਾਰ ਤੇ ਪ੍ਰਾਈਮ ਏਸੀਆ ਟੀਵੀ, ਹਰਚਰਨ ਪ੍ਰਹਾਰ, ਸਿੱਖ ਵਿਰਸਾ ਦਾ ਸਹਿਯੋਗ ਲਈ ਧੰਨਵਾਦ ਕੀਤਾ। ਇਸ ਪੁਸਤਕ ਮੇਲੇ ਦਾ ਉਦਘਾਟਨ ਪ੍ਰੌਗਰੈਸਿਵ ਕਲਾ ਮੰਚ ਦੇ ਕਲਾਕਾਰ ਕਮਲ ਸਿੱਧੂ ਵੱਲੋਂ ਕੀਤਾ ਗਿਆ। ਇੱਥੇ ਯਾਦ ਰਹੇ ਕਿ ਕਮਲ ਸਿੱਧੂ ਨੇ ਪੁਸਤਕ ਮੇਲਿਆਂ ਤੋਂ ਉਤਸਾਹਿਤ ਹੋ ਕੇ ਆਪਣੇ ਘਰ ਦੇ ਬਾਹਰ ਪਾਠਕਾਂ ਦੇ ਪੜ੍ਹਨ ਲਈ ਲਾਇਬ੍ਰੇਰੀ ਬਣਾਈ ਹੋਈ ਹੈ, ਜਿੱਥੇ ਕੋਈ ਵੀ ਪਾਠਕ ਕਿਤਾਬ ਲੈ ਸਕਦਾ ਹੈ ਤੇ ਪੜ੍ਹ ਕੇ ਉੱਥੇ ਵਾਪਿਸ ਰੱਖ ਸਕਦਾ ਹੈ। ਇੱਕ ਰੋਜ਼ਾ ਇਸ ਮੇਲੇ ਵਿੱਚ ਹਰ ਵਰਗ ਦੇ ਪਾਠਕਾਂ ਨੇ ਨਾ ਸਿਰਫ ਬੜੇ ਉਤਸ਼ਾਹ ਨਾਲ ਕਿਤਾਬਾਂ ਹੀ ਖਰੀਦੀਆਂ, ਸਗੋਂ ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ, ਸਿੱਖ ਵਿਰਸਾ ਇੰਟਰਨੈਸਨਲ, ਸਰੋਕਾਰਾਂ ਦੀ ਅਵਾਜ ਵਲੋਂ ਸਨੀਵਾਰ 22 ਅਕਤੂਬਰ, 2022 ਨੂੰ ਡਾ ਸਾਹਿਬ ਸਿੰਘ ਦੇ ਕਰਵਾਏ ਜਾ ਰਹੇ ਸੋਲੋ ਨਾਟਕ 'ਧਨੁ ਲੇਖਾਰੀ ਨਾਨਕਾ' ਦੀਆਂ ਟਿਕਟਾਂ ਵੀ ਬੜੇ ਉਤਸ਼ਾਹ ਨਾਲ਼ ਖਰੀਦੀਆਂ। ਪ੍ਰਬੰਧਕਾਂ ਵਲੋਂ 22 ਅਕਤੂਬਰ ਦੇ ਨਾਟਕ ਸਮਾਗਮ ਵਿੱਚ ਪਹੁੰਚਣ ਦਾ ਸਭ ਨੂੰ ਖੁੱਲ੍ਹਾ ਸੱਦਾ ਦਿਤਾ। ਪੁਸਤਕ ਮੇਲੇ ਦੇ ਪ੍ਰਬੰਧਕਾਂ ਵਲੋਂ ਪਾਠਕਾਂ ਵਲੋਂ ਦਿਖਾਏ ਉਤਸ਼ਾਹ ਤੇ ਖੁਸ਼ੀ ਤੇ ਤਸੱਲੀ ਦਾ ਪ੍ਰਗਟਾਵਾ ਕੀਤਾ ਕਿ ਕੈਲਗਰੀ ਵਿੱਚ ਦਿਨੋਂ ਦਿਨ ਪਾਠਕਾਂ ਦੀ ਗਿਣਤੀ ਵਿੱਚ ਵਾਧਾ ਹੋ ਰਿਹਾ ਹੈ। ਹਰ ਵਾਰ ਦੀ ਤਰ੍ਹਾਂ ਇਸ ਪੁਸਤਕ ਮੇਲੇ ਵਿੱਚ ਵੀ ਪੰਜਾਬੀ, ਹਿੰਦੀ, ਅੰਗਰੇਜੀ ਦੀਆਂ ਸਾਹਿਤਕ, ਰਾਜਨੀਤਕ, ਸਮਾਜਿਕ, ਸਿਹਤ ਸਬੰਧੀ ਕਿਤਾਬਾਂ ਦੇ ਨਾਲ਼-ਨਾਲ਼ ਹੋਰ ਭਾਸ਼ਾਵਾਂ ਵਿਚੋਂ ਪੰਜਾਬੀ ਵਿੱਚ ਅਨੁਵਾਦਕ ਵਿਸ਼ਵ ਪ੍ਰਸਿੱਧ ਪੁਸਤਕਾਂ ਵੀ ਰੱਖੀਆਂ ਗਈਆਂ ਸਨ। ਪਾਠਕਾਂ ਵਲੋਂ ਦਿਖਾਏ ਉਤਸ਼ਾਹ ਨਾਲ ਪ੍ਰਬੰਧਕਾਂ ਦੇ ਹੌਸਲੇ ਵੀ ਬੁਲੰਦ ਹੋਏ ਹਨ ਤੇ ਉਨ੍ਹਾਂ ਵਲੋਂ ਵਾਅਦਾ ਕੀਤਾ ਗਿਆ ਕਿ ਹਰ ਸੰਭਵ ਯਤਨ ਕਰਕੇ ਅੱਗੇ ਤੋਂ ਸਮਾਜਿਕ ਸਰੋਕਾਰਾਂ ਨੂੰ ਸਮਰਪਿਤ ਵਿਗਿਆਨਕ ਤੇ ਅਗਾਂਹਵਧੂ ਸੋਚ ਵਾਲੀਆਂ ਹੋਰ ਕਿਤਾਬਾਂ ਵੀ ਰੱਖੀਆਂ ਜਾਣਗੀਆਂ। ਬੇਸ਼ਕ ਇਹ ਇੱਕ ਰੋਜਾ ਪੁਸਤਕ ਮੇਲਾ ਸਮਾਪਤ ਹੋ ਗਿਆ ਸੀ, ਪਰ ਮਾਸਟਰ ਜੀ ਕੋਲ਼ ਕਿਤਾਬਾਂ ਦਾ ਸਟਾਕ ਖਤਮ ਨਹੀਂ ਹੋਇਆ। ਤੁਸੀਂ ਮਾਸਟਰ ਭਜਨ ਸਿੰਘ ਜੀ ਨਾਲ 403-455-4220 ਤੇ ਸੰਪਰਕ ਕਰਕੇ ਉਨ੍ਹਾਂ ਤੋਂ ਆਪਣੇ ਮਨਪਸੰਦ ਦੀਆਂ ਕਿਤਾਬਾਂ ਤੇ ਨਾਟਕ ਦੀਆਂ ਟਿਕਟਾਂ ਜਦੋਂ ਮਰਜੀ ਉਨ੍ਹਾਂ ਦੇ ਘਰੋਂ ਜਾ ਕੇ ਖਰੀਦ ਸਕਦੇ ਹੋ ਅਤੇ ਜੇ ਕੋਈ ਕਿਤਾਬ ਸਟਾਕ ਵਿੱਚ ਨਾ ਹੋਵੇ ਤਾਂ ਆਰਡਰ ਵੀ ਕਰ ਸਕਦੇ ਹੋ?
















# ਕੈਲਗਰੀ ਵਿੱਚ 'ਧਨੁ ਲੇਖਾਰੀ ਨਾਨਕਾ' ਨਾਟਕ ਦਾ ਪੋਸਟਰ ਰਿਲੀਜ਼ ਸਮਾਗਮ








ਕੈਲਗਰੀ : 22 ਅਕਤੂਬਰ, 2022 ਦਿਨ ਸ਼ਨੀਵਾਰ ਨੂੰ ਉਘੇ ਲੇਖਕ, ਨਿਰਦੇਸ਼ਕ, ਥੀਏਟਰ ਤੇ ਫਿਲਮੀ ਕਲਾਕਾਰ ਡਾ. ਸਾਹਿਬ ਸਿੰਘ ਵਲੋਂ ਆਪਣਾ ਲਿਖਤ ਤੇ ਨਿਰਦੇਸ਼ਤ ਸੋਲੋ ਨਾਟਕ 'ਧਨੁ ਲੇਖਾਰੀ ਨਾਨਕਾ' ਕੈਲਗਰੀ ਦੇ ਰੈਡ ਸਟੋਨ ਥੀਏਟਰ ਨਾਰਥ ਈਸਟ ਵਿੱਚ ਖੇਡਿਆ ਜਾ ਰਿਹਾ ਹੈ। ਯਾਦ ਰਹੇ ਡਾ. ਸਾਹਿਬ ਸਿੰਘ ਵਲੋਂ ਇੰਗਲੈਂਡ ਵਿੱਚ ਦਰਜਨਾਂ ਸਫਲ ਪੇਸ਼ਕਾਰੀਆਂ ਤੋਂ ਬਾਦ ਇਹ ਨਾਟਕ ਕਨੇਡਾ ਦੇ ਵੱਖ-ਵੱਖ ਸ਼ਹਿਰਾਂ ਵਿੱਚ ਖੇਡਿਆ ਜਾ ਰਿਹਾ ਹੈ। ਇਸ ਨਾਟਕ ਸਮਾਗਮ ਦਾ ਪ੍ਰਬੰਧ ਕਰ ਰਹੀਆਂ ਸੰਸਥਾਵਾਂ ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ, ਅਦਾਰਾ ਸਿੱਖ ਵਿਰਸਾ ਇੰਟਰਨੈਸ਼ਨਲ, ਅਦਾਰਾ ਸਰੋਕਾਰਾਂ ਦੀ ਆਵਾਜ ਵਲੋਂ 'ਕੋਸੋ' ਹਾਲ ਵਿੱਚ ਦਰਸ਼ਕਾਂ ਦੇ ਭਰਵੇਂ ਇਕੱਠ ਵਿੱਚ ਪੋਸਟਰ ਰਿਲੀਜ਼ ਕੀਤਾ ਗਿਆ। ਇਸ ਪੋਸਟਰ ਨੂੰ ਰਿਲੀਜ਼ ਕਰਨ ਵਿੱਚ ਤਿੰਨੇ ਸੰਸਥਾਵਾਂ ਦੇ ਨੁਮਾਇੰਦਿਆਂ, ਮਾਸਟਰ ਭਜਨ ਸਿੰਘ, ਹਰਚਰਨ ਸਿੰਘ ਪਰਹਾਰ, ਕਮਲਪ੍ਰੀਤ ਪੰਧੇਰ, ਕੁਸਮ ਸ਼ਰਮਾ, ਗੁਰਦੀਪ ਪਰਹਾਰ, ਬਨਦੀਪ ਗਿੱਲ, ਜਸਵਿੰਦਰ ਮਾਨ ਤੋਂ ਇਲਾਵਾ ਬੀਰਬਲ ਭਦੌੜ, ਹਰੀਪਾਲ, ਗੁਰਦਿਆਲ ਸਿੰਘ ਖੈਹਰਾ, ਸੁਰਜੀਤ ਸਿੰਘ ਹੇਅਰ ਸ਼ਾਮਲ ਸਨ। ਇਸ ਮੌਕੇ ਤੇ ਵੱਖ-ਵੱਖ ਬੁਲਾਰਿਆਂ ਵਲੋਂ ਆਪਣੇ ਵਿਚਾਰ ਪੇਸ਼ ਕੀਤੇ ਗਏ। ਜਿਨ੍ਹਾਂ ਵਿੱਚ ਤਰਕਸ਼ੀਲ ਸੁਸਾਇਟੀ ਕੈਲਗਰੀ ਦੇ ਜਨਰਲ ਸਕੱਤਰ ਬੀਰਬਲ ਭਦੌੜ, ਸਿੱਖ ਵਿਰਸਾ ਤੋਂ ਹਰਚਰਨ ਸਿੰਘ ਪਰਹਾਰ, ਨਾਰਥ ਕਲਚਰਲ ਸੀਨੀਅਰ ਸੁਸਾਇਟੀ ਤੋਂ ਗੁਰਦਿਆਲ ਸਿੰਘ ਖੈਹਰਾ, ਲੇਖਕ ਹਰੀਪਾਲ, ਪ੍ਰੌਗ੍ਰੈਸਿਵ ਕਲਾ ਮੰਚ ਕੈਲਗਰੀ ਤੋਂ ਕਮਲਪ੍ਰੀਤ ਪੰਧੇਰ, ਸੁਖਮਿੰਦਰ ਤੂਰ, ਪਰਮਜੀਤ ਸਿੰਘ ਭੰਗੂ ਸ਼ਾਮਿਲ ਸਨ। ਸੁਖਮਿੰਦਰ ਤੂਰ ਨੇ ਇਨਕਲਾਬੀ ਕਵੀ ਸ਼ਹੀਦ ਜੈਮਲ ਪੱਡਾ ਦਾ ਗੀਤ 'ਉਚੀਆਂ ਹਵੇਲੀਆਂ ਦੇ ਤਾਜਾਂ ਵਿੱਚ ਜੜੀ ਸਾਡੀ, ਚਾਵਾਂ ਤੇ ਸੱਧਰਾਂ ਦੀ ਲੋਅ' ਅਤੇ ਪਰਮਜੀਤ ਸਿੰਘ ਭੰਗੂ ਨੇ ਵੱਖ-ਵੱਖ ਸ਼ਾਇਰਾਂ ਦੇ ਇਨਕਲਾਬੀ ਸ਼ੇਅਰ ਦਰਸ਼ਕਾਂ ਨੂੰ ਸੁਰੀਲੀ ਅਵਾਜ ਵਿੱਚ ਸੁਣਾਏ। ਸਟੇਜ ਸਕੱਤਰ ਦੀਆਂ ਸੇਵਾਵਾਂ ਨਿਭਾਉਂਦੇ ਹੋਏ, ਮਾਸਟਰ ਭਜਨ ਸਿੰਘ ਨੇ ਪੰਜਾਬ ਤੇ ਕਨੇਡਾ ਦੇ ਭਖਦੇ ਮਸਲਿਆਂ ਤੇ ਵਿਚਾਰ ਸਾਂਝੇ ਕੀਤੇ। ਹਰਚਰਨ ਪਰਹਾਰ ਨੇ ਸਿੱਖ ਧਰਮ ਬਾਰੇ ਬੋਲਦਿਆਂ ਦੱਸਿਆ ਕਿ ਕਿਵੇਂ ਗੁਰੂਆਂ ਦੀਆਂ ਵਿਚਾਰਧਾਰਾ ਤੋਂ ਉਲਟ ਕਰਮਕਾਂਡ ਤੇ ਪਾਖੰਡ ਸਭ ਪਾਸੇ ਭਾਰੂ ਹਨ। ਕਮਲਪ੍ਰੀਤ ਪੰਧੇਰ ਨੇ ਪੰਜਾਬੀ ਗਾਇਕੀ ਵਿੱਚ ਵਧ ਰਹੀ ਹਿੰਸਾ, ਨਸ਼ਿਆਂ ਤੇ ਲੱਚਰਤਾ ਦੇ ਨੌਜਵਾਨ ਪੀੜ੍ਹੀ ਤੇ ਪੈ ਰਹੇ ਮਾਰੂ ਪ੍ਰਭਾਵਾਂ ਬਾਰੇ ਬੱਚਿਆਂ ਨਾਲ਼ ਹੋਏ ਆਪਣੇ ਨਿੱਜੀ ਅਨੁਭਵ ਸਾਂਝੇ ਕੀਤੇ। ਗੁਰਦਿਆਲ ਖੈਹਰਾ ਨੇ ਸਿੱਖ ਧਰਮ ਦੀ ਵਿਲੱਖਣਤਾ ਦੀਆਂ ਖੂਬੀਆਂ ਬਾਰੇ ਚਰਚਾ ਕੀਤੀ। ਹਰੀਪਾਲ ਵਲੋਂ 'ਟਰੁੱਥ ਐਂਡ ਰੀਕੌਂਸਲੀਏਸ਼ਨ ਡੇ' ਬਾਰੇ ਬੋਲਦਿਆਂ, ਨੇਟਿਵਜ਼ ਦੇ ਇਤਿਹਾਸ ਬਾਰੇ ਵਡਮੁੱਲੀ ਜਾਣਕਾਰੀ ਦਰਸ਼ਕਾਂ ਨਾਲ਼ ਸਾਂਝੀ ਕੀਤੀ। ਬੀਰਬਲ ਭਦੌੜ ਨੇ ਆਪਣੇ ਭਾਸ਼ਨ ਵਿੱਚ ਸਭ ਨੂੰ ਆਪਣੇ ਨਿੱਜੀ, ਪਰਿਵਾਰਕ ਤੇ ਸਮਾਜਿਕ ਜੀਵਨ ਵਿੱਚ ਤਰਕਸ਼ੀਲਤਾ ਅਪਨਾਉਣ ਤੇ ਜ਼ੋਰ ਦਿੱਤਾ ਤਾਂ ਕਿ ਅਸੀਂ ਅੰਧ ਵਿਸ਼ਵਾਸ਼ ਵਿੱਚ ਫਸ ਕੇ ਆਪਣਾ ਨੁਕਸਾਨ ਨਾ ਕਰਵਾਈਏ। ਜਾਣਕਾਰੀ ਲਈ ਮਾ. ਭਜਨ 403-455-4220













# ਮੇਲਾ ਗ਼ਦਰੀ ਬਾਬਿਆਂ ਦਾ, ਸਾਂਝੇ ਸੰਗਰਾਮਾਂ ਦਾ ਹੋਕਾ

**• ਝੰਡੇ ਦੇ ਗੀਤ ਨੇ ਝੰਡੇ ਗੱਡ • ਡਾ. ਨਵਸ਼ਰਨ, ਡਾ. ਰਾਜ ਰਤਨ ਅੰਬੇਡਕਰ, ਹਿਮਾਂਸ਼ੂ ਕੁਮਾਰ, ਰਾਜਵਿੰਦਰ ਸਿੰਘ ਬੈਂਸ, ਮੰਗਤ ਰਾਮ ਪਾਸਲਾ ਅਤੇ ਹਰਦੇਵ ਅਰਸ਼ੀ ਵਲੋਂ ਸੰਬੋਧਨ**



ਜਲੰਧਰ, (ਅਮੋਲਕ ਸਿੰਘ) : ਤਿੰਨ ਰੋਜ਼ਾ ਗ਼ਦਰੀ ਬਾਬਿਆਂ ਦੇ ਮੇਲੇ ਦਾ ਆਗਾਜ਼ ਦੇਸ਼ ਭਗਤ ਯਾਦਗਾਰ ਕਮੇਟੀ ਦੇ ਕਾਰਜਕਾਰੀ ਜਨਰਲ ਸਕੱਤਰ ਡਾ. ਪਰਮਿੰਦਰ ਸਿੰਘ ਵੱਲੋਂ 'ਜੀ ਆਇਆਂ' ਸ਼ਬਦਾਂ ਨਾਲ ਹੋਇਆ। ਉਹਨਾਂ ਕਿਹਾ ਕਿ ਅੱਜ ਅਸੀਂ ਗ਼ਦਰ ਪਾਰਟੀ ਅਤੇ ਗ਼ਦਰ ਅਖ਼ਬਾਰ ਦੀ ਸਥਾਪਨਾ ਦੇ 109 ਵਰ੍ਹੇ ਬਾਅਦ ਵੀ ਗੁਲਾਮੀ, ਵਿਤਕਰੇ, ਅਨਿਆਂ ਅਤੇ ਜ਼ਬਰ-ਜ਼ੁਲਮ ਦੀ ਕਾਲੀ ਤੰਗ ਗਲੀ ਵਿੱਚ ਸਾਹ ਲੈ ਰਹੇ ਹਾਂ। ਇਸ ਹਨੇਰੇ ਨੂੰ ਚੀਰਨ ਲਈ ਚਾਨਣ ਦੀ ਲੀਕ ਦਾ ਕੰਮ ਕਰ ਰਿਹਾ ਹੈ, ਮੇਲਾ ਗ਼ਦਰੀ ਬਾਬਿਆਂ ਦਾ।

ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ ਨੇ ਕਿਹਾ ਕਿ ਮੁਲਕ ਨੂੰ ਲੋਕ-ਦੋਖੀ ਤਾਕਤਾਂ ਨੇ ਨਿਘਾਰ 'ਚ ਸੁੱਟ ਦਿੱਤਾ। ਇਸ ਵਿਚੋਂ ਕੱਢਣ ਲਈ ਆਪਣੀ ਬਣਦੀ ਭੂਮਿਕਾ ਅਦਾ ਕਰਨ ਲਈ ਯਤਨਸ਼ੀਲ ਹੈ ਮੇਲਾ ਗ਼ਦਰੀ ਬਾਬਿਆਂ ਦਾ।

ਕਮੇਟੀ ਦੇ ਮੀਤ ਪ੍ਰਧਾਨ ਸੀਤਲ ਸਿੰਘ ਸੰਘਾ ਨੇ ਕਿਹਾ ਕਿ ਭਾਰਤ ਪਿੰਡਾਂ ਦਾ ਦੇਸ਼ ਹੈ। ਜਦੋਂ ਹੁਣ ਪਿੰਡ ਉਜਾੜੇ ਜਾ ਰਹੇ ਹਨ। ਸਾਰੀ ਮੁਲਕ ਦੀ ਆਰਥਕਤਾ ਦੀ ਰੀੜ੍ਹ ਦੀ ਹੱਡੀ ਭੰਨਣ ਦਾ ਕੰਮ ਕੀਤਾ ਜਾ ਰਿਹਾ ਹੈ।

ਤਿੰਨ ਰੋਜ਼ਾ 31ਵੇਂ ਗ਼ਦਰੀ ਬਾਬਿਆਂ ਦੇ ਮੇਲੇ 'ਚ ਝੰਡਾ ਲਹਿਰਾਉਣ ਦੀ ਰਸਮ ਕਮੇਟੀ ਮੈਂਬਰ ਸੁਵਰਨ ਸਿੰਘ ਵਿਰਕ ਨੇ ਕੀਤੀ। ਉਹਨਾਂ ਨੇ ਆਪਣੇ ਸੰਬੋਧਨ 'ਚ ਕਿਹਾ ਕਿ ਆਜ਼ਾਦੀ ਦੀ ਜਦੋ ਜਹਿਦ ਸਭ ਨੇ ਸਾਂਝੇ ਤੌਰ 'ਤੇ ਲੜੀ ਅੱਜ ਵੱਖ-ਵੱਖ ਧਰਮਾਂ, ਫ਼ਿਰਕੇਦਾਰਾਨਾ ਵੰਡੀਆਂ 'ਚ ਲੋਕਾਂ ਨੂੰ ਵੰਡਿਆ ਜਾ ਰਿਹਾ ਹੈ ਤਾਂ ਪਹਿਲਾਂ ਨਾਲੋਂ ਵੀ ਵੱਧ ਸ਼ਿਦਤ ਨਾਲ ਇਹ ਲੋੜ ਬਣ ਗਈ ਹੈ ਕਿ ਅਸੀਂ ਲੁੱਟੇ ਪੁੱਟੇ ਲੋਕ ਇਹਨਾ ਵਿਖਰੇਵਿਆਂ ਤੋਂ ਉਪਰ ਉੱਠਕੇ ਆਪਣੇ ਸਾਂਝੇ ਹਿੱਤਾਂ ਲਈ ਸਾਂਝੀ ਜਦੋ ਜਹਿਦ ਹੋਰ ਵੀ ਵਿਸ਼ਾਲ ਅਤੇ ਪਰਚੰਡ ਕਰੀਏ। ਗ਼ਦਰੀ ਦੇਸ਼ ਭਗਤਾਂ ਦੇ ਸਮੂਹ ਵਾਰਸਾਂ ਤੋਂ ਸਮਾਂ ਅੱਜ ਇਹ ਤਿੱਖੀ ਮੰਗ ਕਰਦਾ ਹੈ ਕਿ ਉਹ ਸਭੇ ਮਿਲ਼ਕੇ ਵਿਸ਼ਾਲ ਇਨਕਲਾਬੀ ਜਨਤਕ ਲਹਿਰ ਦੀ ਉਸਾਰੀ ਕਰਨ ਲਈ ਅੱਗੇ ਆਉਣ।

ਅਮੋਲਕ ਸਿੰਘ ਦਾ ਲਿਖਿਆ ਸਤਪਾਲ ਬੰਗਾ ਪਟਿਆਲਾ ਦਾ ਨਿਰਦੇਸ਼ਤ ਕੀਤਾ 110 ਕਲਾਕਾਰਾਂ ਵੱਲੋਂ ਪੇਸ਼ ਸੰਗੀਤ-ਨਾਟ ਓਪੇਰਾ ਝੰਡੇ ਦਾ ਗੀਤ 'ਗ਼ਦਰ ਦਾ ਪੈਗ਼ਾਮ: ਜਾਰੀ ਰੱਖਣਾ ਸੰਗਰਾਮ' ਨੇ ਲੋਕਾਂ ਦੀਆਂ ਅੱਖੀਆਂ 'ਚੋਂ ਭਰ ਵਗਦੇ ਦਰਿਆਵਾਂ ਅਤੇ ਰੋਹ ਦੀਆਂ ਝਲਕਾਂ ਸਿਰਜੀ। ਖਚਾਖਚ ਭਰਿਆ ਪੰਡਾਲ ਵਾਰ-ਵਾਰ ਤਾੜੀਆਂ ਅਤੇ ਨਾਅਰਿਆਂ ਨਾਲ ਝੰਡੇ ਦੇ ਗੀਤ ਦੀ ਪੇਸ਼ਕਾਰੀ ਨੂੰ ਸਲਾਮ ਕਰਦਾ ਰਿਹਾ। ਝੰਡੇ ਦੇ ਗੀਤ ਨੇ ਪੰਜਾਬ ਵੰਡ ਦੇ ਦੁਖ਼ਾਤ ਤੋਂ ਲੈ ਕੇ ਸਾਮਰਾਜੀ ਅਤੇ ਫ਼ਿਰਕੂ ਫਾਸ਼ੀ ਹੱਲੇ ਖਿਲਾਫ਼ ਜੂਝਦੀਆਂ ਲਹਿਰਾਂ, ਬੁੱਧੀਜੀਵੀਆਂ ਦੀ ਰਿਹਾਈ, ਦਲਿਤਾਂ 'ਤੇ ਜ਼ਬਰ, ਪੰਜਾਬ ਵਿੱਚ ਫ਼ਿਰਕੂ ਹਵਾਵਾਂ ਵਗਾਉਣ ਦੇ ਕੋਝੇ ਮਨਸ਼ਿਆਂ ਅਤੇ ਲੋਕਾਂ ਦੇ ਚੱਲ ਰਹੇ ਸੰਗਰਾਮਾਂ ਦੀ ਖ਼ੂਬਸੂਰਤੀ ਨਾਲ ਬਾਤ ਪਾਈ।

ਅੱਜ ਦੇ ਮੇਲੇ ਦੇ ਦਿਨ ਦੇ ਸੈਸ਼ਨ ਦੇ ਸਭ ਤੋਂ ਪਹਿਲੇ ਬੁਲਾਰੇ ਡਾ. ਨਵਸ਼ਰਨ ਨੇ ਬੋਲਦਿਆਂ ਕਿਹਾ ਕਿ ਧੰਨ ਕੁਬੇਰਾਂ ਨੇ ਮੁਲਕ ਦਾ ਸਭ ਕੁਝ ਹੂੰਝ ਲਿਆ। ਉਹਨਾਂ ਕਿਹਾ ਕਿ ਅਸੀਂ ਫਾਸ਼ੀਵਾਦ, ਕਾਰਪੋਰੇਟ ਖਿਲਾਫ਼ ਸੰਗਰਾਮ ਕਰਾਂਗੇ ਤਾਂ ਜੋ ਕੁਦਰਤੀ ਸੋਮਿਆਂ, ਜੰਗਲ, ਜਲ, ਜ਼ਮੀਨ ਉਪਰ ਏਕਾ ਅਧਿਕਾਰ ਸਥਾਪਤ ਕਰਨ ਤੁਰੇ ਧੰਨ ਕੁਬੇਰਾਂ ਨੂੰ ਪਛਾੜਿਆ ਜਾ ਸਕੇ।

ਸਮਾਗਮ ਦੇ ਦੂਜੇ ਬੁਲਾਰੇ ਡਾ. ਰਾਜ ਰਤਨ ਅੰਬੇਡਕਰ ਨੇ ਕਿਹਾ ਕਿ ਜਦੋਂ ਹਾਕਮ, ਪੌਣੀ ਸਦੀ ਬਾਅਦ ਵੀ ਆਜ਼ਾਦੀ ਦੇ ਅਖੌਤੀ ਅੰਮ੍ਰਿਤ ਉਤਸਵ ਦਾ ਖੇਖ਼ਣ ਕਰ ਰਹੇ ਹਨ। ਇਸਦਾ ਕੌੜਾ ਸੱਚ ਇਹ ਹੈ ਕਿ ਭਾਰਤ ਦੇ ਆਮ ਬੰਦੇ ਨੂੰ ਸਮਾਜਕ, ਆਰਥਕ ਅਤੇ ਸਿਆਸੀ ਨਿਆਂ ਨਹੀਂ ਮਿਲਿਆ। ਵੇਲਾ ਹੈ ਕਿ ਗ਼ਦਰੀ ਬਾਬਿਆਂ ਦੀ ਵਿਚਾਰ-ਧਾਰਾ ਤਹਿਤ ਸਿਰ ਜੋੜਕੇ ਵੱਖ-ਵੱਖ ਚਿੰਤਨਸ਼ੀਲ ਸਮਾਜੀ ਸਰੋਕਾਰਾਂ ਨਾਲ ਜੁੜੇ ਲੋਕ-ਹਿੱਸੇ ਸਿਰ ਜੋੜਕੇ ਮਾਨਵਵਾਦੀ, ਲੋਕ-ਪੱਖੀ ਅਤੇ ਨਿਆਂ ਸੰਗਤ ਨਿਜ਼ਾਮ ਦੀ ਸਿਰਜਣਾ ਲਈ ਸਾਂਝੇ ਕਦਮ ਅੱਗੇ ਵਧਾਉਣ। ਉਹਨਾਂ ਕਿਹਾ ਕਿ ਮੋਦੀ ਹਕੂਮਤ ਦੀ ਵਿਚਾਰਧਾਰਕ ਸੰਸਥਾ ਆਰ.ਐਸ.ਐਸ. ਨੂੰ ਲੋਕ ਤਾਕਤ ਨਾਲ ਲੱਕ ਤੋੜਵੀਂ ਹਾਰ ਦੇਣ ਦੀ ਲੋੜ ਹੈ।

ਪਹਿਲਾਂ ਵਾਂਗ ਹੀ ਜੰਤਾ ਅਤੇ ਔਕਸਫੋਰਡ ਹਸਪਤਾਲ ਵੱਲੋਂ ਮੈਡੀਕਲ ਸਹਾਇਤਾ ਕੈਂਪ ਲਗਾਇਆ ਗਿਆ।

ਨਾਮਧਾਰੀ ਦਰਬਾਰ ਭੈਣੀ ਸਾਹਿਬ ਤੋਂ ਕਮਾਲ ਸਿੰਘ ਦੀ ਅਗਵਾਈ 'ਚ ਆਏ ਜੱਥੇ ਨੇ ਇਨਕਲਾਬੀ ਗੀਤਾਂ 'ਚ ਪਰੋਇਆ 'ਹੱਲਾ' ਪੇਸ਼ ਕੀਤਾ। ਹੱਲਾ ਨੇ ਇਸ ਵਾਰ ਮੇਲੇ 'ਚ ਸੰਗੀਤ ਦੀ ਨਵੀਂ ਪਰਵਾਜ਼ ਭਰੀ। ਹਰਿੰਦਰ ਸੋਹਲ ਅੰਮ੍ਰਿਤਸਰ ਅਤੇ ਉਸਦੇ ਸਾਥੀਆਂ ਨੇ ਗਾਇਕੀ ਨਾਲ ਲੋਕਾਂ ਦਾ ਮਨ ਮੋਹ ਲਿਆ। ਖਾਲਸਾ ਕਾਲਜ ਗੜ੍ਹਦੀਵਾਲਾ ਦੇ ਅਧਿਆਪਕਾਂ ਅਤੇ ਵਿਦਿਆਰਥੀਆਂ ਨੇ ਗੁਰਪਿੰਦਰ ਸਿੰਘ ਦੀ ਅਗਵਾਈ 'ਚ ਗੀਤ-ਸੰਗੀਤ ਪੇਸ਼ ਕੀਤਾ।

ਇਨਕਲਾਬੀ ਕਵੀਸ਼ਰੀ ਜੱਥਾ ਰਸੂਲਪੁਰ ਨੇ ਕਵੀਸ਼ਰੀਆਂ ਰਾਹੀਂ ਮੇਲੇ 'ਚ ਗਾਇਕੀ ਦਾ ਰੰਗ ਭਰਿਆ।

ਮੇਲੇ ਦੇ ਇੱਕ ਹੋਰ ਭਾਵਪੂਰਤ ਸੈਸ਼ਨ ਵਿਚਾਰ-ਚਰਚਾ ਵਿੱਚ ਬੋਲਦਿਆਂ ਕੁਦਰਤੀ ਸਰੋਤਾ ਅਤੇ ਆਦਿਵਾਸੀਆਂ ਦੇ ਹਿੱਤਾਂ ਲਈ ਸਰਗਰਮ ਕਾਰਕੁੰਨ ਹਿਮਾਂਸ਼ੂ ਕੁਮਾਰ ਜੀ ਨੇ ਕਿਹਾ ਕਿ ਕਿਤੇ ਵੀ ਜ਼ਬਰ ਹੁੰਦਾ ਹੈ, ਉਸ ਸਾਰੇ ਮੁਲਕ ਉੱਤੇ ਜ਼ਬਰ ਸਮਝਿਆ ਜਾਵੇ। ਸਾਡੇ ਪ੍ਰਬੰਧਕੀ ਅਤੇ ਨਿਆਂ ਦੇਣ ਵਾਲੇ ਅਦਾਰੇ ਹਕੂਮਤ ਨੇ ਹਥਿਆ ਲਏ ਹਨ। ਡਰ, ਹਕੀਕਤ, ਸਾਡੇ ਸਭ ਦੇ ਮਸਲੇ ਅਤੇ ਲੜਾਈ ਸਾਂਝੀ ਹੈ।

ਦੂਜੇ ਬੁਲਾਰੇ ਜਮਹੂਰੀ ਕਾਰਕੁੰਨ ਐਡਵੋਕੇਟ ਰਾਜਵਿੰਦਰ ਬੈਂਸ ਨੇ ਕਿਹਾ ਕਿ ਮੌਜੂਦਾ ਹਾਕਮ ਆਮ ਬੰਦੇ ਦੇ ਜਮਹੂਰੀ ਹੱਕਾਂ ਨੂੰ ਹੀ ਨਹੀਂ ਕੁਚਲ ਰਹੇ ਸਗੋਂ ਮੁਲਕ ਦੀ ਵੰਨ-ਸੁਵੰਤਾ ਨੂੰ ਵੀ ਬੁਰੀ ਤਰ੍ਹਾਂ ਢਾਹ ਲਾ ਰਹੇ ਹਨ। ਸਾਮਰਾਜੀਆਂ ਵਲੋਂ ਕੁਦਰਤੀ ਸਰੋਤਾ ਉਤੇ ਕੀਤੇ ਜਾ ਰਹੇ ਕਬਜ਼ਿਆਂ ਪ੍ਰਤੀ ਵੀ ਸਾਡੇ ਹਾਕਮਾਂ ਦੀ ਮੁਕੰਮਲ ਸਹਿਮਤੀ ਹੈ। ਵਿਚਾਰ-ਚਰਚਾ 'ਚ ਹਿੱਸਾ ਲੈਂਦਿਆਂ ਕਮੇਟੀ ਮੈਂਬਰ ਹਰਦੇਵ ਅਰਸ਼ੀ ਨੇ ਜਿੱਥੇ ਅੰਤਰਰਾਸ਼ਟਰੀ ਸਾਮਰਾਜੀਆਂ ਵਲੋਂ ਬੀਤੇ ਤਿੰਨ ਦਹਾਕਿਆਂ ਵਿੱਚ ਕੀਤੀਆਂ ਕਰਤੂਤਾਂ ਦਾ ਚਿੱਠਾ ਬਿਆਨਦਿਆਂ ਵਿਸ਼ਾਲ ਲੋਕ ਏਕਤਾ ਦਾ ਸੱਦਾ ਦਿੱਤਾ, ਉਥੇ ਕਾਮਰੇਡ ਮੰਗਤ ਰਾਮ ਪਾਸਲਾ ਨੇ ਕਿਹਾ ਕਿ ਆਰਥਕ ਮੁੱਦਿਆਂ 'ਤੇ ਸੰਘਰਸ਼ ਕਰਨ ਸਮੇਤ ਰਾਜਨੀਤਕ ਲੜਾਈ ਲੜਣੀ ਵੀ ਸਮੇਂ ਦੀ ਅਹਿਮ ਲੋੜ ਹੈ। ਇਸ ਵਿਚਾਰ-ਚਰਚਾ ਦਾ ਮੰਚ ਸੰਚਾਲਨ ਜਿਥੇ ਕਾਰਜਕਾਰੀ ਸਕੱਤਰ ਡਾ. ਪਰਮਿੰਦਰ ਨੇ ਬੇਹੱਦ ਭਾਵਪੂਰਤ ਢੰਗ ਕੀਤਾ, ਉਥੇ ਪ੍ਰਧਾਨ ਅਜਮੇਰ ਸਿੰਘ ਨੇ ਧੰਨਵਾਦੀ ਤਕਰੀਰ ਕਰਦਿਆਂ ਅਦਾਰੇ ਵਲੋਂ ਲੋਕ-ਹੱਕਾਂ ਅਤੇ ਲੋਕ-ਸੰਘਰਸ਼ਾਂ ਨੂੰ ਥੜਾ ਮੁਹੱਇਆ ਕਰਵਾਉਣ ਅਤੇ ਹਰ ਸੰਭਵ ਮਦਦ ਕਰਨ ਦਾ ਅਹਿਦ ਦੁਹਰਾਇਆ।

ਨਾਟਕ ਭਰੀ ਰਾਤ ਵਿਚ ਤਿੰਨ ਨਾਟਕ ਕੀਤੇ ਗਏ ਪਹਿਲਾ ਨਾਟਕ ਪ੍ਰੋ. ਅਜਮੇਰ ਸਿੰਘ ਔਲਖ ਦੀ ਨਾਟਕ ਟੀਮ ਦੇ ਵਲੋਂ ਨਾਟਕ 'ਅਵੇਸਲੇ ਯੁੱਧਾਂ ਦੀ ਨਾਇਕਾ, ਦੂਸਰਾ ਨਾਟਕ ਕੇਵਲ ਧਾਲੀਵਾਲ ਦੀ ਨਿਰਦੇਸ਼ਨਾ 'ਚ 'ਦੁਸ਼ਮਣ' ਅਤੇ ਤੀਸਰਾ ਨਾਟਕ ਡਾ. ਸਾਹਿਬ ਸਿੰਘ ਵਲੋਂ 'ਲੱਛੂ ਕਵਾੜੀਆ' ਨਾਟਕ ਖੇਡੇ ਗਏ।




SAVANNA
Market Dental
Dr. Amerjot Kler | Dr. Kam Sahota | Dr. Aman Cheema
202/204 9036 St NE
Calgary, Alberta T3J 2E3
403-590-4888
www.savannamarketdental.com

We Provide Following Insurance Services
- SUPER VISA /TRAVEL INSURANCE
- DISABILITY INSURANCE
- MEDICAL AND DENTAL PLANS
- CRITICAL ILLNESS INSURANCE
- LIFE INSURANCE (TERM OR WHOLE LIFE)
- MORTGAGE OR LOAN INSURANCE
- RESP (CHILDREN EDUCATION PLANS)
- RRSP (RETIREMENT SAVING PLANS)
- INVESTMENTS (SEG FUNDS)
- NO MEDICAL OR FUNERAL INSURANCE

Aman Gill
Financial Security Advisor

2102, 3730-108 Ave. NE Calgary AB T3N 1V8
Cell: 403-919-6962
Email: amandeepbrr440@gmail.com

Desjardins Financial Security Independent Network · CPP · GREAT-WEST FINANCIAL · BMO · RBC Royal Bank · Equitable Life of Canada · iA Financial Group · Manulife Financial · Canada Life · Foresters · ivari

# ਸਵੀਡਨ ਇਟਲੀ ਸਮੇਤ ਕੁੱਲ ਪੱਛਮ ਵਿੱਚ ਧੁਰ-ਸੱਜੇਪੱਖ ਦਾ ਉਭਾਰ

**ਨਵਜੋਤ ਪਟਿਆਲਾ**

ਸਤੰਬਰ ਮਹੀਨੇ ਦੇ ਦੂਜੇ ਹਫਤੇ ਸਵੀਡਨ ਦੀ 349 ਮੈਂਬਰੀ ਪਾਰਲੀਮੈਂਟ ਚੋਣਾਂ ਦੇ ਨੀਤਜਿਆਂ ਦਾ ਐਲਾਨ ਹੋਇਆ। ਜਿਸ ਵਿੱਚ ਸਵੀਡਨ ਦੀ ਧੁਰ-ਸੱਜੇਪੱਖੀ ਪਾਰਟੀ ਸਵੀਡਨ ਡੈਮੋਕ੍ਰੈਟਸ 73 ਸੀਟਾਂ ਹਾਸਲ ਕਰਕੇ ਦੂਜੀ ਵੱਡੀ ਪਾਰਟੀ ਉੱਭਰੀ ਹੈ ਅਤੇ ਜਿਸਨੇ 3 ਹੋਰਨਾਂ ਸੱਜੇਪੱਖੀ ਪਾਰਟੀਆਂ ਨਾਲ਼ ਰਲ਼ਕੇ ਬਹੁਮਤ ਸਾਬਤ ਕਰਦਿਆਂ ਸਰਕਾਰ ਬਣਾਉਣ ਦੀ ਦਾਅਵੇਦਾਰੀ ਠੋਕ ਦਿੱਤੀ ਹੈ। 1980ਵਿਆਂ ਵਿੱਚ ਹਿੰਸਕ ਨਵ-ਨਾਜ਼ੀ ਕਿਸਮ ਦੇ ਗਰੁੱਪਾਂ ਤੋਂ ਜੰਮੀ ਇਹ ਪਾਰਟੀ ਸਵੀਡਨ ਦੀਆਂ ਅਖੌਤੀ ਕੌਮੀ ਰਵਾਇਤਾਂ ਅਤੇ ਸੱਭਿਆਚਾਰ ਦੀ ਰਾਖੀ ਕਰਨ ਦਾ ਦਾਅਵਾ ਠੋਕਦੀ ਹੈ। ਇਸ ਪਾਰਟੀ ਦੀ ਨੀਅਤ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਇਹ ਸ਼ਰੇਆਮ ਪ੍ਰਵਾਸੀ ਅਤੇ ਮੁਸਲਿਮ ਵਿਰੋਧੀ ਪੈਂਤੜਾ ਲੈਂਦੀ ਰਹੀ ਹੈ।

ਇਸੇ ਤਰ੍ਹਾਂ ਇਟਲੀ ਚੋਣਾਂ ਵਿੱਚ ਜਾਰਜੀਆ ਮੇਲੋਨੀ ਦੀ ਅਗਵਾਈ ਵਾਲ਼ੀ ਪਾਰਟੀ ਦੇ ਉਭਾਰ ਨਾਲ਼ ਸੱਜ-ਪਿਛਾਖੜੀ ਗਠਜੋੜ ਦੀ ਸਰਕਾਰ ਬਣਨਾ ਤੈਅ ਹੋ ਚੁੱਕਿਆ ਹੈ। ਦੂਜੀ ਸੰਸਾਰ ਜੰਗ ਮਗਰੋਂ ਇਹ ਇਟਲੀ ਅੰਦਰ ਬਣਨ ਵਾਲ਼ੀ ਸਭ ਤੋਂ ਵੱਧ ਸੱਜੇਪੱਖੀ ਸਰਕਾਰ ਹੋਵੇਗੀ ਜਿਹੜੀ ਇਟਲੀ ਵਿੱਚ ਲੱਖਾਂ ਲੋਕਾਂ ਦੇ ਕਾਤਲ ਮੁਸੋਲੀਨੀ ਦੇ ਰਾਹਾਂ ’ਤੇ ਚੱਲਣ ਦੀ ਹਾਮੀ ਭਰਦੀ ਹੈ। ਯੂਰਪ ਵਿੱਚ ਪਿਛਲੇ ਦੋ ਹਫਤਿਆਂ ਵਿੱਚ ਸੱਜੇਪੱਖੀਆਂ ਦੀ ਇਹ ਦੂਜੀ ਜਿੱਤ ਹੈ। ਇਸਤੋਂ ਇਲਾਵਾ ਵੀ ਇਹ ਵਰਤਾਰਾ ਕੋਈ ਕੱਲਾ-ਕਾਰਾ ਨਹੀਂ, ਸਗੋਂ ਇਹਦਾ ਖਾਸਾ ਸੰਸਾਰ ਵਿਆਪੀ ਹੈ। ਖਾਸ ਤੌਰ ’ਤੇ ਅਮਰੀਕਾ ਅਤੇ ਯੂਰਪ ਦੇ ਹੋਰਨਾਂ ਮੁਲਕਾ ਵਿੱਚ ਸੱਜੇ-ਪੱਖ ਦੇ ਉਭਾਰ ਉੱਪਰ ਇੱਕ ਪੰਛੀ ਜਾਤ ਜਰੂਰੀ ਹੈ।

ਖ਼ਬਰਾਂ ਸਬੰਧੀ ਅੰਕੜੇ ਇਕੱਠੇ ਕਰਨ ਵਾਲ਼ੇ ਇੱਕ ਤਾਜਾ ਅਧਿਐਨ ਅਨੁਸਾਰ ਅਮਰੀਕੀ ਅਖ਼ਬਾਰ ‘ਨਿਊ ਯੌਰਕ ਟਾਈਮਜ’ ਨੇ 2010 ਵਿੱਚ ਸ਼ਬਦ ‘ਗੋਰਿਆਂ ਦੀ ਸਰਵਉੱਚਤਾ’, ਜਿਸ ਦਾ ਮਤਲਬ ਹੈ ਕਿ ਗੋਰੇ ਬਾਕੀ ਸਭ ਨਸਲਾਂ ਤੋਂ ਬਿਹਤਰ ਹਨ, ਦੀ ਵਰਤੋਂ ਲਗਭਗ 75 ਵਾਰ ਕੀਤੀ ਸੀ ਪਰ ਅਮਰੀਕੀ ਸਮਾਜ ਤੇ ਯੂਰਪ ਵਿੱਚ ਇਸ ਨਸਲਵਾਦੀ ਰੁਝਾਨ ਦੇ ਵਧਣ ਸਦਕਾ 2020 ਦੇ ਪਹਿਲੇ ਅੱਧ ਤੱਕ ਹੀ ਇਹ ਅਖ਼ਬਾਰ 700 ਤੋਂ ਵੱਧ ਵਾਰ ‘ਗੋਰਿਆਂ ਦੀ ਸਰਵਉੱਚਤਾ’ ਸ਼ਬਦ ਦੀ ਵਰਤੋਂ ਕਰ ਚੁੱਕਿਆ ਸੀ। ਇਸ ਅਧਿਐਨ ਅਨੁਸਾਰ ਨਾ ਸਿਰਫ ਪ੍ਰਿੰਟ ਮੀਡੀਆ ਸਗੋਂ ਸੋਸ਼ਲ ਮੀਡੀਆ ਉੱਤੇ ਵੀ ਇਸ ਸ਼ਬਦ ਦੀ ਵਰਤੋਂ ਦਿਨੋਂ-ਦਿਨ ਵਧਦੀ ਜਾ ਰਹੀ ਹੈ। ਸਦੀ ਦੇ ਸ਼ੁਰੂਆਤੀ ਦਹਾਕੇ ਦੇ ਮੁਕਾਬਲੇ ਪਿਛਲੇ ਦਹਾਕੇ ਤੋਂ ਯੂਰਪ ਅੰਦਰ ਸੱਜੇਪੱਖੀ ਜਥੇਬੰਦੀਆਂ ਜਾਂ ਸੱਜੇਪੱਖੀ ਸੋਚ ਦੇ ਧਾਰਨੀਆਂ ਵੱਲੋਂ ਕੀਤੇ ਅੱਤਵਾਦੀ ਹਮਲਿਆਂ ਵਿੱਚ ਵੀ 43% ਵਾਧਾ ਦਰਜ਼ ਹੋਇਆ ਹੈ। ਇਸੇ ਸਮੇਂ ਸੰਯੁਕਤ ਰਾਜ ਅਮਰੀਕਾ ਅੰਦਰ ਇਹਨਾਂ ਹਮਲਿਆਂ ਵਿੱਚ 100% ਵਾਧਾ ਦਰਜ਼ ਹੋਇਆ। ਇਹਨਾਂ ਹਮਲਿਆਂ ਦੀਆਂ ਕੁੱਝ ਪ੍ਰਤੀਨਿਧ ਉਦਾਹਰਨਾਂ ਹਨ 2019 ਦਾ ‘ਕਰਾਈਸਟਚਰਚ’ ਹਮਲਾ, 2019 ਦੀ ‘ਐਲ ਪਾਸੋ’ ਘਟਨਾ, 2019 ਦੀ ‘ਹਾਲ’ ਵਿਖੇ ਘਟਨਾ ਤੇ 2020 ਦਾ ‘ਹਨਾਉ’ ਹਮਲਾ। 2019 ਵਿੱਚ ਇੱਕ ਸੱਜੇਪੱਖੀ, ‘ਗੋਰਿਆਂ ਦੀ ਸਰਵਉੱਚਤਾ’ ਦੀ ਸੋਚ ਦੇ ਧਾਰਨੀ ਨੌਜਵਾਨ ਨੇ ਨਿਊਜੀਲੈਂਡ ਦੇ ਸ਼ਹਿਰ ਕਰਾਈਸਟਚਰਚ ਦੀ ਇੱਕ ਮਸਜ਼ਿਦ ਵਿੱਚ ਹਮਲਾ ਕੀਤਾ ਜਿਸ ਵਿੱਚ 51 ਲੋਕ ਮਾਰੇ ਗਏ ਤੇ 40 ਲੋਕ ਜਖ਼ਮੀ ਹੋਏ। ਇੰਝ ਹੀ ਸੰਯੁਕਤ ਰਾਜ ਅਮਰੀਕਾ ਦੇ ਟੈਕਸਾਸ ਸੂਬੇ ਦੇ ਐਲ ਪਾਸੋ ਸ਼ਹਿਰ ਦੇ ਇੱਕ ਮਾਲ ਵਿੱਚ 21 ਸਾਲਾ ਨੌਜਵਾਨ ਨੇ ਲਾਤੀਨੀਆਂ ਉੱਤੇ ਗੋਲ਼ੀਆਂ ਚਲਾਈਆਂ, ਜਿਸ ਵਿੱਚ 23 ਲੋਕ ਮਾਰੇ ਗਏ ਤੇ 23 ਜਖਮੀ ਹੋਏ। 21 ਸਾਲਾ ਨੌਜਵਾਨ ਪੈਟਰਿਕ ਵੁਡ ਕਰੁਸਿਉਸ ਵੀ ਸੱਜੇਪੱਖੀ ਸੋਚ ਤੇ ‘ਗੋਰਿਆਂ ਦੀ ਸਰਵਉੱਚਤਾ’ ਲਾਗੂ ਕਰਨ ਲਈ ਦੂਸਰੀਆਂ ਨਸਲਾਂ ਨੂੰ ਖਤਮ ਕਰਨ ਦਾ ਹਾਮੀ ਸੀ। ਹਨਾਉ ਤੇ ਹਾਲ ਹਮਲੇ ਦੋਨੋਂ ਜਰਮਨੀ ਦੇ ਇਸੇ ਨਾਮ ਦੇ ਸ਼ਹਿਰਾਂ ਵਿੱਚ ਹੋਏ ਸੀ ਜਿੱਥੇ ਫੇਰ ਹਮਲਾਵਰ ਸੱਜੇਪੱਖੀ ਸੋਚ ਦੇ ਧਾਰਨੀ ਸਨ। ਹਨਾਉ ਹਮਲੇ ਵਿੱਚ ਇੱਕ ਅਜਿਹੇ ਬਾਰ ਨੂੰ ਨਿਸ਼ਾਨੇ ਉੱਤੇ ਲਿਆ ਗਿਆ ਸੀ ਜਿੱਥੇ ਮੁੱਖ ਤੌਰ ਉੱਤੇ ਤੁਰਕੀ ਤੋਂ ਪਰਵਾਸ ਕਰਕੇ ਆਏ ਲੋਕ ਆਉਂਦੇ ਸਨ ਜਦਕਿ ਹਾਲ ਹਮਲੇ ਵਿੱਚ ਯਹੂਦੀਆਂ ਨੂੰ ਨਿਸ਼ਾਨਾ ਬਣਾਇਆ ਗਿਆ ਸੀ। ਨਸਲਵਾਦੀ ਸੋਚ, ‘ਗੋਰਿਆਂ ਦੀ ਸਰਵਉੱਚਤਾ’ ਉੱਤੇ ਅਧਾਰਤ ਸੱਜੇਪੱਖੀ ਘਟਨਾਵਾਂ ਦੇ ਮੁੱਖ ਕੇਂਦਰ ਸੰਯੁਕਤ ਰਾਜ ਅਮਰੀਕਾ, ਯੂਰਪ ਤੇ ਆਸਟਰੇਲੀਆ ਹਨ। ਅਜਿਹੇ ਹਮਲਿਆਂ ਦੇ ਨਾਲ਼-ਨਾਲ਼ ਇਹਨਾਂ ਸੱਜਪੱਖੀਆਂ ਦੇ ਜਥੇਬੰਦ ਹੋਣ, ਪ੍ਰਵਾਸੀਆਂ ਤੇ ਦੂਸਰੀਆਂ ਨਸਲਾਂ/ਧਰਮਾਂ ਵਿਰੁੱਧ ਮਜ਼ਾਹਰੇ ਕਰਨ ਦੇ ਰੁਝਾਨ ਵਿੱਚ ਵੀ ਪਿਛਲੇ ਦਹਾਕੇ ਅੰਦਰ ਕਾਫੀ ਵਾਧਾ ਹੋਇਆ ਹੈ। ਯੂਰਪ ਤੇ ਸੰਯੁਕਤ ਰਾਜ ਅਮਰੀਕਾ ਅੰਦਰ ਇਹਨਾਂ ਸੱਜੇਪੱਖੀਆਂ ਦੇ ਪ੍ਰਚਾਰ-ਪ੍ਰਸਾਰ ਵਿੱਚ ਵੀ ਵੱਡਾ ਵਾਧਾ ਦਰਜ਼ ਹੋ ਰਿਹਾ ਹੈ। ਕੁੱਲ ਮਿਲ਼ਾਕੇ, 2008 ਦੇ ਆਰਥਿਕ ਸੰਕਟ ਮਗਰੋਂ ਸੱਜੇਪੱਖੀ ਵਿਚਾਰਧਾਰਾ ਤੇ ਜਥੇਬੰਦੀਆਂ ਇਹਨਾਂ ਦੇਸ਼ਾਂ ਦੇ ਲੋਕਾਂ ਵਿੱਚ ਲਗਾਤਾਰ ਆਪਣੇ ਸਮਾਜਿਕ ਅਧਾਰ ਦਾ ਪਸਾਰਾ ਕਰ ਰਹੀਆਂ ਹਨ। ਜਿਵੇਂ ਰਸਸ ਭਾਰਤ ਨੂੰ ਇੱਕ ਹਿੰਦੂ ਰਾਸ਼ਟਰ ਬਣਾਉਣਾ ਲੋਚਦਾ ਹੈ, ਉਂਝ ਹੀ ‘ਗੋਰਿਆਂ ਦੀ ਸਰਵਉੱਚਤਾ’ ਦੇ ਧਾਰਨੀ ਇਹਨਾਂ ਪੱਛਮੀ ਮੁਲਕਾਂ ਵਿਚੋਂ ਬਾਕੀ ਨਸਲਾਂ ਨੂੰ ਕੱਢਕੇ ਜਾਂ ਦੂਜੇ ਦਰਜ਼ੇ ਦੀ ਨਾਗਰਿਕਤਾ ਦੇਕੇ ਇਹਨਾਂ ਨੂੰ ਗੋਰੀ ਨਸਲ ਦੇ ਦੇਸ਼ ਬਣਾਉਣਾ ਲੋਚਦੇ ਹਨ।

ਪਿਛਲੇ ਦਹਾਕੇ ਅੰਦਰ ਇਹਨਾਂ ਮੁਲਕਾਂ ਵਿੱਚ ਸੱਜੇਪੱਖ ਦੇ ਸਮਾਜਿਕ ਅਧਾਰ ਦੇ ਫੈਲਾਅ ਦੇ ਨਾਲ਼-ਨਾਲ਼ ਧੁਰ ਸੱਜੇਪੱਖੀ ਪਾਰਟੀਆਂ ਦਾ ਵੀ ਪਸਾਰਾ ਹੋਇਆ ਹੈ। ਖੁੱਲ੍ਹੇਆਮ ਨਸਲਵਾਦੀ, ਪਰਵਾਸੀ ਵਿਰੋਧੀ, ਮੁਸਲਮਾਨ ਵਿਰੋਧੀ ਪ੍ਰਚਾਰ ਕਰਨ ਵਾਲ਼ੀਆਂ ਨਵੀਆਂ ਪਾਰਟੀਆਂ ਉੱਭਰੀਆਂ ਹਨ ਤੇ ਕਈ ਅਜਿਹੀਆਂ ਪਾਰਟੀਆਂ ਜੋ ਪਹਿਲਾਂ ਹਾਸ਼ੀਏ ’ਤੇ ਸਨ ਹੁਣ ਇਹਨਾਂ ਦੇਸ਼ਾਂ ਦੇ ਚੋਣ ਦੰਗਲ ਵਿੱਚ ਮਹੱਤਵਪੂਰਨ ਭੂਮਿਕਾ ਨਿਭਾ ਰਹੀਆਂ ਹਨ। ਯੂਰਪੀ ਦੇਸ਼ਾਂ ਵਿੱਚੋਂ ਇਸ ਵੇਲੇ 39 ਦੇਸ਼ ਅਜਿਹੇ ਹਨ, ਜਿਹਨਾਂ ਦੀਆਂ ਸੰਸਦਾਂ ਵਿੱਚ ਧੁਰ ਸੱਜੇਪੱਖੀ ਪਾਰਟੀਆਂ ਦੀ ਕਿਸੇ ਨਾ ਕਿਸੇ ਰੂਪ ਵਿੱਚ ਨੁਮਾਇੰਦਗੀ ਹੈ। ਭਾਵੇਂ ਇਹਨਾਂ ਵਿੱਚੋਂ ਬਹੁਤੇ ਦੇਸ਼ਾਂ ਅੰਦਰ ਇਹਨਾਂ ਪਾਰਟੀਆਂ ਦੀ ਹਾਲੇ ਹੋਂਦ ਨਾਮਤਰ ਹੀ ਹੈ ਪਰ ਕਈ ਦੇਸ਼ਾਂ ਵਿੱਚ ਨਾ ਸਿਰਫ ਇਹਨਾਂ ਦੇ ਹਾਲੀਆ ਸਮੇਂ ਕਾਫੀ ਪ੍ਰਭਾਵ ਹੈ, ਸਗੋਂ ਇਹ ਪ੍ਰਭਾਵ ਲਗਾਤਾਰ ਵਧ ਰਿਹਾ ਹੈ। ਫਰਾਂਸ ਵਿੱਚ ਨੈਸ਼ਨਲ ਰੈਲੀ, ਸਵੀਡਨ ਵਿੱਚ ਸਵੀਡਨ ਡੈਮੋਕ੍ਰੈਟਸ (ਚੋਣਾਂ ਵਿੱਚ ਜਿੱਤ ਹਾਸਲ ਕਰ ਚੁੱਕੀ ਹੈ), ਗ੍ਰੀਸ ਵਿੱਚ ਗੋਲਡਨ ਡੌਨ, ਪੋਲੈਂਡ ਵਿੱਚ ਲਾਅ ਐਂਡ ਜਸਟਿਸ, ਨੈਦਰਲੈਂਡਜ ਵਿੱਚ ਪਾਰਟੀ ਫਾਰ ਫ੍ਰੀਡਮ ਤੇ ਡੈਨਮਾਰਕ ਵਿਚਲੀ ਡੈਨਿਸ ਪੀਪਲਜ ਪਾਰਟੀ ਅਜਿਹੀਆਂ ਹੀ ਸੱਜੇਪੱਖੀ ਪਾਰਟੀਆਂ ਹਨ ਜਿਹਨਾਂ ਦੀ ਆਪਣੇ ਦੇਸ਼ ਦੀ ਸਿਆਸਤ ਵਿੱਚ ਵੱਡੀ ਭੂਮਿਕਾ ਹੈ। ਫਰਾਂਸ ਦੀ ਨੈਸ਼ਨਲ ਰੈਲੀ ਨੂੰ 2010 ਦੀਆਂ ਚੋਣਾਂ ਵਿੱਚ ਕੁੱਲ 11% ਵੋਟਾਂ ਪਈਆਂ ਸਨ ਪਰ 2015 ਦੀਆਂ ਚੋਣਾਂ ਵਿੱਚ ਇਹਨਾਂ ਦਾ ਵੋਟ ਹਿੱਸਾ 11% ਤੋਂ ਵਧਕੇ 30% ਹੋ ਚੁੱਕਾ ਸੀ। 1960 ਵਿਆਂ ਮਗਰੋਂ ਪੂਰੇ ਯੂਰਪ ਅੰਦਰ ਇਹਨਾਂ ਸੱਜੇਪੱਖੀ ਪਾਰਟੀਆਂ ਦੇ ਵੋਟ ਹਿੱਸੇ ਵਿੱਚ ਦੁੱਗਣੇ ਤੋਂ ਵੀ ਵੱਧ ਵਾਧਾ ਦਰਜ਼ ਹੋਇਆ ਹੈ, ਕੁੱਲ ਵੋਟਾਂ ਵਿੱਚੋਂ ਜਿੱਥੇ ਇਹਨਾਂ ਪਾਰਟੀਆਂ ਨੂੰ ਪਹਿਲਾਂ 5% ਵੋਟਾਂ ਹੀ ਪੈਂਦੀਆਂ ਸਨ ਤੇ ਹੁਣ ਇਹ ਅੰਕੜਾ ਵਧਕੇ 13% ਨੂੰ ਟੱਪ ਚੁੱਕਿਆ ਹੈ। ਯੂਰਪ ਵਿੱਚ ਇਹਨਾਂ ਦੇ ਹਿੱਸੇ ਆਉਂਦੀਆਂ ਸੰਸਦ ਦੀਆਂ ਸੀਟਾਂ ਵਿੱਚ ਤਾਂ ਲਗਭਗ ਤਿੰਨ ਗੁਣਾ ਵਾਧਾ ਹੋਇਆ ਹੈ। ਜਿੱਥੇ 1960 ਵਿਆਂ ਦੌਰਾਨ ਇਹਨਾਂ ਨੂੰ ਕੁੱਲ ਸੀਟਾਂ ਦਾ ਸਿਰਫ 3.8% ਆਉਂਦਾ ਸੀ, ਹੁਣ ਇਹਨਾਂ ਦਾ ਸੀਟਾਂ ਵਿੱਚ ਹਿੱਸਾ ਵਧਕੇ 12.8% ਹੋ ਚੁੱਕਿਆ ਹੈ। ਦੋਹੇਂ ਵੋਟ ਹਿੱਸਾ ਤੇ ਸੀਟਾਂ ਵਿਚਲੇ ਹਿੱਸੇ ਵਿੱਚ ਹੋਇਆ ਵਾਧਾ ਵਧੇਰੇ ਤੇਜ਼ੀ ਨਾਲ਼ ਪਿਛਲੇ ਦਹਾਕੇ ਸਮੇਂ ਹੀ ਵਾਪਰਿਆ ਹੈ। ਸਵਿਟਜ਼ਰਲੈਂਡ, ਇਟਲੀ ਤੇ ਆਸਟਰੀਆ ਵਿੱਚ ਤਾਂ ਧੁਰ ਸੱਜੇਪੱਖੀ ਪਾਰਟੀਆਂ ਗੱਠਜੋੜ ਸਰਕਾਰਾਂ ਦਾ ਹਿੱਸਾ ਹਨ। ਮੈਰੀਨ ਲੇ ਪੇਨ, ਨੌਰਬਰਟ ਹੋਫਰ, ਨਿਗੇਲ ਫਰਾਗ, ਗੀਰਟ ਵਿਲਡਰਸ ਆਦਿ ਜਹੇ ਸੱਜੇਪੱਖੀ ਲੀਡਰਾਂ ਦੀ ਵੀ ਲੋਕਾਂ ਵਿੱਚ ਮਾਨਤਾ ਵਧ ਰਹੀ ਹੈ। ਸੰਯੁਕਤ ਰਾਜ ਅਮਰੀਕਾ ਅੰਦਰ ਪਹਿਲੋਂ ਡੋਨਾਲਡ ਟਰੰਪ ਦਾ ਜਿੱਤਣਾ ਤੇ ਮੁੜਕੇ ਪਹਿਲੇ ਕਾਰਜਕਾਲ ਮਗਰੋਂ ਵੀ ਪਹਿਲਾਂ ਨਾਲ਼ੋਂ ਇੱਕ ਕਰੋੜ ਵਧੇਰੇ ਵੋਟਾਂ ਪੈਣ ਦਾ ਇਹ ਸਾਫ ਸੁਨੇਹਾ ਸੀ ਕਿ ਅਮਰੀਕਾ ਵਿੱਚ ਵੀ ਧੁਰ ਸੱਜੇਪੱਖੀ ਸਿਆਸਤ ਲਈ ਜ਼ਮੀਨ ਹੁਣ ਵਧੇਰੇ ਜ਼ਰਖੇਜ ਹੋ ਚੁੱਕੀ ਹੈ।

ਯੂਰਪ ਤੇ ਸੰਯੁਕਤ ਰਾਜ ਅਮਰੀਕਾ ਵਿੱਚ ਸੱਜੇਪੱਖੀ ਜਥੇਬੰਦੀਆਂ ਦਾ ਪਸਾਰਾ, ਲੋਕਾਂ ਦਾ ਇਸ ਜ਼ਹਿਰੀਲੀ ਵਿਚਾਰਧਾਰਾ ਦੇ ਪ੍ਰਭਾਵ ਵਿੱਚ ਆਉਣਾ ਤੇ ਸਿਆਸਤ ਵਿੱਚ ਸੱਜੇਪੱਖੀ ਪਾਰਟੀਆਂ ਦਾ ਉਭਾਰ ਇੱਕੋ ਵਰਤਾਰੇ ਦੀ ਉਪਜ ਹਨ। 2008 ਦੇ ਸਬ ਪ੍ਰਾਈਮ ਸੰਕਟ ਮਗਰੋਂ ਕੁੱਲ ਸੰਸਾਰ ਅਰਥਚਾਰਾ ਹੀ ਆਰਥਿਕ ਸੰਕਟ ਦੀ ਲਪੇਟ ਵਿੱਚ ਹੈ। ਕਰੋਨਾ ਕਾਲ ਮਗਰੋਂ ਇਹਨਾਂ ਮੁਲਕਾਂ ਵਿੱਚ ਵੀ ਆਰਥਿਕ ਸੰਕਟ ਵਧੇਰੇ ਡੂੰਘਾ ਹੋਇਆ ਹੈ। ਆਰਥਿਕ ਸੰਕਟ ਦਾ ਮੂਲ ਕਾਰਨ ਮੁਨਾਫਾਦਾਇਕਤਾ ਦਾ ਘਟਣਾ ਹੁੰਦਾ ਹੈ ਤੇ ਇਹ ਇਸ ਸਰਮਾਏਦਾਰਾ ਢਾਂਚੇ ਅੰਦਰ ਵਜੂਦ ਸਮੋਇਆ ਕਾਰਨ ਹੈ ਜਾਣੀ ਬਿਨਾਂ ਇਸ ਢਾਂਚੇ ਨੂੰ ਬਦਲਿਆਂ ਆਰਥਿਕ ਸੰਕਟਾਂ ਤੋਂ ਸਦੀਵੀ ਛੁਟਕਾਰਾ ਹਾਸਲ ਨਹੀਂ ਕੀਤਾ ਜਾ ਸਕਦਾ। ਸਰਮਾਏਦਾਰ ਇਸ ਢਾਂਚੇ ਅੰਦਰ ਪੈਦਾਵਾਰ ਮੁਨਾਫਾ ਕਮਾਉਣ ਲਈ ਕਰਦੇ ਹਨ ਤੇ ਮੁਨਾਫਾਦਾਇਕਤਾ ਦੇ ਲਗਾਤਾਰ ਹੇਠਾਂ ਜਾਣ ਨਾਲ਼ ਉਹ ਇਸ ਅੰਦਰ ਅਜਿਹੀਆਂ ਤਬਦੀਲੀਆਂ ਚਾਹੁੰਦੇ ਹਨ, ਜਿਸ ਨਾਲ਼ ਉਹਨਾਂ ਦੇ ਮੁਨਾਫਿਆਂ ਵਿੱਚ ਵਾਧਾ ਹੋਵੇ। ਕਿਰਤ ਕਨੂੰਨਾਂ ਵਿੱਚ ਸਰਮਾਏਦਾਰਾ ਪੱਖੀ ਸੋਧਾਂ, ਸਰਮਾਏਦਾਰਾਂ ਉੱਤੇ ਕਰਾਂ ਦੀ ਕਟੌਤੀ, ਸਰਕਾਰ ਵੱਲੋਂ ਜਨਤਕ ਸਹੂਲਤਾਂ ਉੱਤੇ ਕੀਤੇ ਜਾਂਦੇ ਖਰਚਿਆਂ ਵਿੱਚ ਕਟੌਤੀ, ਮਜ਼ਦੂਰਾਂ ਦੀਆਂ ਜਥੇਬੰਦੀਆਂ ਤੋੜਨਾ, ਹੜਤਾਲ ਆਦਿ ਨੂੰ ਗੈਰ-ਕਨੂੰਨੀ ਕਰਾਰ ਦੇਣਾ, ਸਰਕਾਰੀ ਅਦਾਰਿਆਂ ਨੂੰ ਕੌਡੀਆਂ ਦੇ ਭਾਅ ਸਰਮਾਏਦਾਰਾਂ ਨੂੰ ਵੇਚਣਾ ਆਦਿ ਕੁੱਝ ਅਜਿਹੇ ਕਦਮ ਹਨ ਜੋ ਸਰਮਾਏਦਾਰ ਸੰਕਟ ਦੇ ਸਮੇਂ ਵਿੱਚ ਆਪਣੇ ਨੁਮਾਇੰਦਿਆਂ, ਮਤਲਬ ਸਿਆਸੀ ਪਾਰਟੀਆਂ ਤੋਂ ਲੋਚਦੇ ਹਨ। ਇਸੇ ਕਰਕੇ ਸੰਕਟ ਦੇ ਸਮੇਂ ਸਰਮਾਏਦਾਰ ਵਧੇਰੇ ਤੋਂ ਵਧੇਰੇ ਸੱਜੇਪੱਖੀ ਪਾਰਟੀਆਂ ਵੱਲ ਝੁੱਕਦੇ ਜਾਂਦੇ ਹਨ ਜੋ ਨਵ -ਉਦਾਰਵਾਦੀ ਨੀਤੀਆਂ ਨੂੰ ਧੜੱਲੇ ਨਾਲ਼ ਲਾਗੂ ਕਰਨ ਦੀਆਂ ਹਾਮੀ ਹੁੰਦੀਆਂ ਹਨ। ਦੂਜਾ ਅਜਿਹੀਆਂ ਪਾਰਟੀਆਂ ਲੋਕਾਂ ਵਿੱਚ ਉਬਾਲੇ ਮਾਰ ਰਹੇ ਗੁੱਸੇ ਨੂੰ ਦੂਜੀਆਂ ਨਸਲਾਂ, ਕੌਮਾਂ, ਧਰਮਾਂ ਆਦਿ ਦੇ ਲੋਕਾਂ ਤੇ ਪੁਰਾਣੀਆਂ ਸਿਆਸੀ ਪਾਰਟੀਆਂ ਵੱਲ ਸੇਧਤ ਕਰਕੇ ਇਸ ਢਾਂਚੇ ਦੀ ਰਾਖੀ ਕਰਦੀਆਂ ਹਨ ਤੇ ਸਰਮਾਏਦਾਰਾ ਪੱਖੀ ਨੀਤੀਆਂ ਲਈ ਉਹਨਾਂ ਦੀ ਹਮਾਇਤ ਹਾਸਲ ਕਰਦੀਆਂ ਹਨ। ਇੰਝ ਇਹ ਦੂਹਰੇ ਤਰੀਕੇ ਨਾਲ਼ ਸਰਮਾਏਦਾਰਾ ਜਮਾਤ ਦੀ ਸੇਵਾ ਕਰਦੀਆਂ ਹਨ। ਇਹਨਾਂ ਸਿਆਸੀ ਪਾਰਟੀਆਂ ਦੇ ਉਭਾਰ ਪਿੱਛੇ ਮੁੱਖ ਕਾਰਨ ਆਰਥਿਕ ਸੰਕਟ ਵਿੱਚ ਇਹਨਾਂ ਦਾ ਸਰਮਾਏਦਾਰਾਂ ਦੀ ਮਨਪਸੰਦ ਪਾਰਟੀਆਂ ਬਣਨਾ ਹੈ ਤੇ ਇਹੀ ਪ੍ਰਕਿਰਿਆ ਭਾਰਤ ਜਿਹੇ ਦੇਸ਼ਾਂ ਸਮੇਤ ਯੂਰਪ, ਆਸਟ੍ਰੇਲੀਆ, ਅਮਰੀਕਾ ਵਿੱਚ ਵਾਪਰੀ ਹੈ ਜਾਂ ਵਾਪਰ ਰਹੀ ਹੈ। ਦੂਜੇ ਪਾਸੇ ਆਰਥਿਕ ਸੰਕਟ ਕਾਰਨ ਲੋਕਾਂ ਦੀ ਬਦਹਾਲੀ ਵਿੱਚ ਦੂਣ ਸਵਾਇਆ ਵਾਧਾ ਹੋ ਰਿਹਾ ਹੈ। ਯੂਰਪ ਦੇ ਦੇਸ਼ ਤੇ ਸੰਯੁਕਤ ਰਾਜ ਅਮਰੀਕਾ ਦੇ ਕਿਰਤੀਆਂ ਅੱਗੇ ਬੇਰੁਜ਼ਗਾਰੀ ਦਾ ਦੈਂਤ ਮੂੰਹ ਅੱਡੀ ਖੜ੍ਹਾ ਹੈ ਤੇ ਉੱਤੋਂ ਮਹਿੰਗਾਈ ਵਿੱਚ ਛੜੱਪੇ ਮਾਰ ਵਾਧਾ ਗਰੀਬੀ, ਕੰਗਾਲੀ ਨੂੰ ਵਧਾ ਰਿਹਾ ਹੈ। ਇਹਨਾਂ ਮੁਲਕਾਂ ਦੇ ਕਈ ਵੱਡੇ ਸ਼ਹਿਰਾਂ ਵਿੱਚ ਭੁੱਖਮਰੀ, ਲੋਕਾਂ ਦਾ ਬੇਘਰ ਹੋਣਾ ਕਾਫੀ ਵਧ ਚੁੱਕਿਆ ਹੈ। ਗੈਰਬਰਾਬਰੀ ਦਾ ਅੰਕੜਾ ਵੀ ਇਹਨਾਂ ਦੇਸ਼ਾਂ ਵਿੱਚ ਸਭ ਹੱਦ ਬੰਨ੍ਹੇ ਟੱਪਦਾ ਨਜ਼ਰ ਆ ਰਿਹਾ ਹੈ। ਇਸ ਸਾਰੇ ਕੁੱਝ ਨਾਲ਼ ਲੋਕਾਈ ਅੰਦਰ ਗੁੱਸਾ ਪੈਦਾ ਹੋਣਾ ਲਾਜ਼ਮੀ ਹੈ ਤੇ ਵੱਖੋ-ਵੱਖ ਤਰੀਕਿਆਂ ਨਾਲ਼ ਇਸ ਗੁੱਸੇ ਦਾ ਇਜ਼ਹਾਰ ਵੀ ਹੁੰਦਾ ਰਹਿੰਦਾ ਹੈ, ਪਰ ਕਿਸੇ ਵਿਗਿਆਨਕ ਸੇਧ ਵਾਲ਼ੀ ਇਨਕਲਾਬੀ ਤਾਕਤ ਨਾ ਹੋਣ ਕਾਰਨ ਹਾਲ ਦੀ ਘੜੀ ਇਹ ਗੁੱਸਾ ਸਰਮਾਏਦਾਰਾ ਪ੍ਰਬੰਧ ਵਿਰੋਧੀ ਚੇਤਨਾ ਵਿੱਚ ਤਬਦੀਲ ਨਾ ਹੋਕੇ ਇਸੇ ਢਾਂਚੇ ਅੰਦਰ ਇਸ ਦਾ ਹੱਲ ਭਾਲਣ ਲਈ ਸਰਾਪਿਆ ਹੋਇਆ ਹੈ। ਅਜਿਹੇ ਮੌਕੇ ਹੀ ਲੋਕਾਂ ਅੰਦਰ ਸੱਜੇਪੱਖੀ ਵਿਚਾਰਧਾਰਾ ਤੇ ਸੱਜੇਪੱਖੀ ਤਾਕਤਾਂ ਦੇ ਵਧਣ ਫੁੱਲਣ ਦੀ ਜ਼ਰਖੇਜ ਜ਼ਮੀਨ ਤਿਆਰ ਬਰ ਤਿਆਰ ਪਈ ਹੁੰਦੀ ਹੈ। ਸੱਜੇਪੱਖੀ ਤਾਕਤਾਂ ਲੋਕਾਈ ਦੇ ਬਹੁ ਗਿਣਤੀ ਨਸਲ, ਧਰਮ ਆਦਿ ਨੂੰ ਇਹ ਜਚਾਉਣ ਉੱਤੇ ਜ਼ੋਰ ਲਾਉਂਦੀਆਂ ਹਨ ਕਿ ਉਹਨਾਂ ਦੀ ਬਦਹਾਲੀ ਦੀ ਜੜ੍ਹ ਦੂਜੀ ਨਸਲ, ਧਰਮ, ਕੌਮ ਆਦਿ ਦੇ ਲੋਕ ਹਨ ਜਿਨਾਂ ਨੇ ਤੁਹਾਡੀ ਜ਼ਮੀਨ, ਜਾਇਦਾਦ, ਸਰੋਤਾਂ ਉੱਤੇ ਕੁੰਡਲੀ ਮਾਰੀ ਹੋਈ ਹੈ ਤੇ ਤੁਹਾਡੇ ਵਿਕਾਸ ਦੇ ਰਾਹ ਵਿੱਚ ਸਭ ਤੋਂ ਵੱਡਾ ਰੋੜਾ ਹਨ। ਨਾਲ਼ ਹੀ ਉਹ ਸਿਆਸੀ ਲੀਡਰ ਵੀ ਜ਼ਿੰਮੇਵਾਰ ਹਨ ਜੋ ਹੁਣ ਤੱਕ ਦੇਸ਼ ਦੀ ਸੱਤ੍ਹਾ ਉੱਤੇ ਕਾਬਜ ਰਹੇ ਹਨ ਕਿਉਂਕਿ ਉਹਨਾਂ ਨੇ ਬਹੁ ਗਿਣਤੀ ਨੂੰ ਅਣਗੌਲ਼ਿਆਂ ਕਰਕੇ ਇਹਨਾਂ ਘੱਟ-ਗਿਣਤੀਆਂ ਦੀ ਪੁਸ਼ਤਪਨਾਹੀ ਕੀਤੀ ਹੈ। ਇੰਝ ਸੱਜੇਪੱਖੀ ਤਾਕਤਾਂ ਆਪਣੇ ਸਮਾਜਿਕ ਅਧਾਰ ਦਾ ਪਸਾਰਾ ਕਰਨ ਦੀਆਂ ਕੋਸ਼ਿਸ਼ਾਂ ਕਰਦੀਆਂ ਹਨ ਤੇ ਲੋਕਾਈ ਦਾ ਗੁੱਸਾ ਸਰਮਾਏਦਾਰਾ ਢਾਂਚੇ ਖਿਲਾਫ ਸੇਧਤ ਹੋਣ ਦੀ ਥਾਵੇਂ ਲੋਕਾਈ ਦੇ ਹੀ ਇੱਕ ਹਿੱਸੇ ਤੇ ਸਰਮਾਏਦਾਰਾਂ ਦੇ ਪੁਰਾਣੇ ਨੁਮਾਇੰਦਿਆਂ ਖਿਲਾਫ ਸੇਧਤ ਕਰਦੀਆਂ ਹਨ।



ਸੰਯੁਕਤ ਰਾਜ ਅਮਰੀਕਾ ਤੇ ਯੂਰਪ ਦੇ ਇਹਨਾਂ ਮੁਲਕਾਂ ਵਿੱਚ ਧੁਰ ਸੱਜੇਪੱਖ ਦਾ ਜੇਤੂ ਹੋ ਜਾਣਾ ਕੋਈ ਅਟੱਲ ਸਚਾਈ ਨਹੀਂ ਹੈ ਭਾਵੇਂ ਸਰਮਾਏਦਾਰ ਜਮਾਤ ਪੂਰੀ ਦੁਨੀਆਂ ਵਿੱਚ ਹੀ ਲਗਾਤਾਰ ਆਪਣੀ ਹਕੂਮਤ ਦਾ ਸਭ ਤੋਂ ਸੁਰੱਖਿਅਤ ਢੰਗ, ਸਰਮਾਏਦਾਰਾ ਜਮਹੂਰੀਅਤ, ਛੱਡਕੇ ਇਹਨਾਂ ਧੁਰ ਸੱਜੇਪੱਖੀ ਪਾਰਟੀਆਂ ਰਾਹੀਂ ਕਦਮ-ਬ-ਕਦਮ ਫਾਸੀਵਾਦੀ ਹਕੂਮਤਾਂ ਵੱਲ ਵਧ ਰਹੀ ਹੈ। ਇਹਨਾਂ ਮੁਲਕਾਂ ਦੀ ਲੋਕਾਈ ਦਾ ਇੱਕ ਹਿੱਸਾ ਜਿੱਥੇ ਲਗਾਤਾਰ ਧੁਰ ਸੱਜੇਪੱਖੀ ਪਾਰਟੀਆਂ ਤੇ ਜਥੇਬੰਦੀਆਂ ਦੇ ਪ੍ਰਭਾਵ ਹੇਠ ਆ ਰਿਹਾ ਹੈ ਉੱਥੇ ਇੱਕ ਗਿਣਨਯੋਗ ਹਿੱਸਾ ਇਹਨਾਂ ਦਾ ਡੱਟਕੇ ਸੜਕਾਂ ਉੱਤੇ ਵਿਰੋਧ ਵੀ ਕਰ ਰਿਹਾ ਹੈ। ਗ੍ਰੀਸ ਵਿੱਚ ਗੋਲਡਨ ਡੌਨ ਪਾਰਟੀ ਉੱਤੇ ਪਬੰਦੀ ਲਗਵਾਉਣ ਤੇ ਉਸ ਦੇ ਕਈ ਲੀਡਰਾਂ ਨੂੰ ਸਜਾਵਾਂ ਦਵਾਉਣ ਵਿੱਚ ਲੋਕਾਈ ਦੀ ਫਾਸੀਵਾਦੀ ਵਿਰੁੱਧ ਲਹਿਰ ਦੀ ਹੀ ਭੂਮਿਕਾ ਰਹੀ ਹੈ। ਅਜਿਹੇ ਹੀ ਫਾਸੀਵਾਦੀ ਵਿਰੋਧੀ ਗਰੁੱਪ ਸੰਯੁਕਤ ਰਾਜ ਅਮਰੀਕਾ, ਜਰਮਨੀ, ਫਰਾਂਸ ਆਦਿ ਵਿੱਚ ਵੀ ਮੌਜੂਦ ਹਨ ਜੋ ਸੜਕਾਂ ਉੱਤੇ ਨਿੱਤਰਕੇ ਇਹਨਾਂ ਫਾਸੀਵਾਦੀਆਂ ਦਾ ਡਟਕੇ ਮੁਕਾਬਲਾ ਕਰਦੇ ਹਨ, ਉਹਨਾਂ ਦੇ ਮੁਜ਼ਾਹਰਿਆਂ ਨੂੰ, ਰੈਲੀਆਂ ਨੂੰ ਅਸਫਲ ਬਣਾਉਣ ਦੀ ਕੋਸ਼ਿਸ਼ ਕਰਦੇ ਹਨ, ਉਹਨਾਂ ਉੱਤੇ ਡਾਂਗ ਸੋਟਾ ਚਲਾਉਣ ਤੋਂ ਵੀ ਪਿੱਛੇ ਨਹੀਂ ਹਟਦੇ ਤੇ ਉਹਨਾਂ ਦੇ ਦਫਤਰਾਂ ਆਦਿ ਦੀ ਵੀ ਤੋੜਭੰਨ ਕਰਦੇ ਹਨ। ਜਰਮਨ ਤੇ ਇਤਾਲਵੀ ਫਾਸੀਵਾਦ ਦੇ ਉਭਾਰ ਤੋਂ ਸਬਕ ਲੈਂਦਿਆਂ ਇਹਨਾਂ ਦੇਸ਼ਾਂ ਵਿਚਲੀ ਫਾਸੀਵਾਦ ਵਿਰੋਧੀ ਲੋਕਾਈ ਇਹ ਸਿੱਖ ਚੁੱਕੀ ਹੈ ਕਿ ਸ਼ਾਂਤਮਈ ਤਰੀਕੇ ਨਾਲ਼ ਨਹੀਂ ਸਗੋਂ ਇਹਨਾਂ ਫਾਸੀਵਾਦੀਆਂ/ਧੁਰ-ਸੱਜੇਪੱਖੀਆਂ ਨੂੰ ਇਹਨਾਂ ਦੀ ਭਾਸ਼ਾ ਵਿੱਚ ਹੀ ਜਵਾਬ ਦੇਕੇ ਸੂਤ ਕੀਤਾ ਜਾ ਸਕਦਾ ਹੈ। ਪੂਰੀ ਦੁਨੀਆਂ ਦੇ ਉਦਾਰਵਾਦੀ ਬੁੱਧੀਜੀਵੀਆਂ ਦੇ ਉਲਟ, ਜੋ ਇਹਨਾਂ ਫਾਸੀਵਾਦੀਆਂ ਦੇ ਜਮਹੂਰੀ ਹੱਕਾਂ ਦਾ ਵੀ ਪਿੱਟ ਸਿਆਪਾ ਕਰਨ ਬੈਠ ਜਾਂਦੇ ਹਨ, ਇਹਨਾਂ ਜ਼ਹਿਰੀਲੇ ਨਾਗਾਂ ਦਾ ਇੱਕੋ-ਇੱਕ ਜਵਾਬ ਇਹਨਾਂ ਦੀਆਂ ਸਿਰੀਆਂ ਫੇਹਣਾ ਹੀ ਹੈ। ਦੂਜਾ ਇਨਕਲਾਬੀ ਤਾਕਤਾਂ ਨੂੰ ਲੋਕਾਈ ਦੇ ਵੱਡੇ ਹਿੱਸੇ ਨੂੰ ਫਾਸੀਵਾਦੀ ਵਿਚਾਰਧਾਰਾ ਤੋਂ ਮੁਕਤ ਕਰਾਉਣ ਲਈ ਉਹਨਾਂ ਦੇ ਅੰਸ਼ਕ ਘੋਲ਼ਾਂ ਨੂੰ ਜਥੇਬੰਦ ਕਰਨ ਦੇ ਨਾਲ਼-ਨਾਲ਼ ਉਹਨਾਂ ਨੂੰ ਸਿੱਖਿਅਤ ਕਰਨਾ ਪਵੇਗਾ ਕਿ ਗਰੀਬੀ, ਬੇਰੁਜ਼ਗਾਰੀ, ਗੈਰ ਬਰਾਬਰੀ ਆਦਿ ਜਹੀਆਂ ਅਲਾਮਤਾਂ ਦਾ ਹੱਲ ਇਸ ਜਾਂ ਉਸ ਨਸਲ, ਧਰਮ, ਕੌਮ ਦੇ ਲੋਕਾਂ ਨੂੰ ਨਿਸ਼ਾਨੇ ਉੱਤੇ ਲੈਣਾ ਨਹੀਂ ਸਗੋਂ ਇਸ ਪੂਰੇ ਢਾਂਚੇ ਨੂੰ ਖਤਮ ਕਰਕੇ ਸਮਾਜਵਾਦੀ ਢਾਂਚੇ ਦੀ ਉਸਾਰੀ ਵਿੱਚ ਹੈ।

**ਲਲਕਾਰ ’ਚੋਂ ਧੰਨਵਾਦ ਸਹਿਤ**

# Ontario Hospital Crisis Province-Wide and By Community

Toronto : Across Ontario, the hospital crisis continues to burn through the resilience of the province's truly heroic health care staff. As the burden of infectious disease has increased, with the removal of virtually all public health measures to mitigate the spread of COVID-19; the flu, other respiratory illnesses, and a severe backlog of surgeries and diagnostic tests continues to stretch our public hospitals beyond the breaking point. Emergency services continue to be shut down in local hospitals due to the staffing crisis. Paramedics are reporting Code Zero events, meaning all available ambulances are busy and unavailable for emergency calls. The Coalition is hearing from staff in paediatric hospitals that they continue to be full with no beds available. The Ontario Health Coalition released its updated tracking of hospital emergency department closures and services in crisis today.

While there is an international crisis brought on by the pandemic, the depth of Ontario's hospital crisis is extreme comparatively, and it is not inevitable. Successive Ontario governments have pursued the most radical hospital downsizing policy of the country, and among virtually all developed nations. This does not excuse the current government. When the Ford government took power, it cut hospital funding to below the rate of inflation -- meaning real dollar cuts – to force continued downsizing leading into the pandemic despite clear evidence that the hospital cuts had gone too far. Wage restraint legislation that caps wage increases in public health care services at 1 percent while inflation is running at more than 6 percent continues to inflame the deep sense of anger, burnout and injustice among health care professionals who have risked their lives for us throughout the pandemic. The Ford government has remained intransigent, refusing to lift the wage cap despite the unprecedented staffing crisis across hospitals, long-term care and home care. Ford's fiscal plan was – and remains – to keep hospital costs down to help fund tax cuts.

**Ontario has the most extreme hospital downsizing in Canada -** Using government data reported to the Canadian Institute of Health Information (CIHI), Canada's crown corporation responsible for tracking health system statistics, the Coalition compared the most recent available information on the number of hospital beds per person and hospital funding. The results are clear: Ontario has downsized its hospitals to a radical extent seen nowhere else in Canada. This downsizing has been achieved through arbitrarily keeping hospital funding at the lowest rate of any province.

**Ontario Health Coalition calculations from:** Canadian Institute for Health Information, Data Table: Hospital Beds Staffed and in Operation 2020-2021. Population statistics from StatsCan Database 2021

**Create a crisis then privatize -** While many of Ontario's large hospitals are running at or over 100 percent capacity-- meaning every bed is full and patients are waiting on stretchers for admission to the inpatient units-- there are hospital beds, entire floors and units, and operating rooms that exist but are closed because they have not been funded and staffed across the province. In addition, hospital professionals report that MRI shifts overnight have been left unstaffed due to the staffing crisis. In fact, in the most recent review of Ontario's large hospitals by the Ontario Auditor General (pp. 450) our province's large hospitals have operating rooms that have been shut down for weeks or months each year due to lack of funding, or even permanently. As the staffing crisis has overtaken funding as the load-limiting issue, the province has failed to implement comprehensive recommendations to mitigate the staffing crisis from organizations representing patients and hundreds of thousands of staff to mitigate it. Instead of choosing to address the crisis by resourcing and supporting our local public hospitals, and by stopping the price gouging by private for-profit staffing agencies, the provincial government is choosing instead to funnel funding and resources to private for-profit clinics and hospitals that often extra bill patients and serve only the healthy, profitable, quick patients and the wealthy who can afford their extra fees that amount to hundreds or thousands of dollars. Those for-profit clinics and staffing agencies pose a real and urgent threat to single tier public health care.

**Hospital ER Crisis**

**Ontario-wide -** From July 2 - September 16 the Toronto Star compiled data from announcements and local media coverage and found there were 86 emergency department closures in Ontario across 17 hospitals. Cumulatively the closures represent 1,780 hours when people needing urgent/emergency care could not get it in their communities.

An Ontario Health report leaked by the Liberal opposition last week illustrates the extent of the problem in that province. Patients in an emergency room waited more than 33 hours for an inpatient bed in August, a 54 per cent increase compared with the same month a year earlier. Ambulance offload times also rose, with patients waiting up to 83 minutes before entering the hospital.

In the week ending October 1, only 14 of the 109 pediatric ICU beds were available across the entire province, according to the latest provincial data published on Oct 6. That's the lowest pediatric bed capacity the province has seen since Dec. 24, 2021 when 10 of the 83 pediatric ICU beds were available.

| Hospital Beds Per 1000 People in 2021 | |
|---|---|
| Newfoundland & Labrador | 4.43 |
| New Brunswick | 3.49 |
| Nova Scotia | 3.20 |
| Prince Edward Island | 3.16 |
| Manitoba | 3.11 |
| Saskatchewan | 3.08 |
| British Columbia | 2.63 |
| Alberta | 2.52 |
| Ontario | 2.33 |
| Average of other provinces | 3.2 |

**Regional Crisis List:** Here is a list illustrating the extent of the unprecedented, province-wide crisis in our public hospitals:

**Eastern Ontario -** On October 17, there were no ambulances available in Lanark County for several hours.

On October 16, Dr. Alan Drummond had a patient in Perth who was sent to Napanee for emergency surgery due to no surgery being available locally in Kingston, Brockville, or Ottawa.

Children's Hospital of Eastern Ontario (CHEO), a pediatric hospital and research centre in Ottawa, is facing "unprecedented volumes" in its emergency department this fall, with many patients admitted to hospital waiting more than 30 hours for an available bed, said president and CEO Alex Munter. The ER, designed for about 150 kids, has had a higher number come through its doors every day in 2022, including 211 patients on Oct. 6. Earlier this week, the hospital's inpatient medical units were at 127 per cent of capacity, as per reporting from the Toronto Star. Glengarry Memorial in Alexandria has dealt with multiple closures over the past few months, closing overnight from October 14 – 16, overnight from September 30 – October 3, overnight on September 3, overnight every Friday-Sunday during the first 3 weeks of August, and overnight every night from July 15 – August 3.

Kemptville District Hospital closed its emergency department every night from August 31 – September 5.

Montfort Hospital in Ottawa closed it's emergency department overnight on August 6 and August 7, except to admit ambulances, due to staffing shortages.

Carleton Place & District Memorial Hospital's emergency department was closed for an entire day on August 6 due to staffing shortages.

The Perth and Smiths Falls District Hospital was forced to close its emergency department for three full weeks from July 2-24 due to staffing shortages.

**Southwestern Ontario-** On October 18, Dr. Hassanali Kapasi of Guelph described how terrible the situation was in Guelph, with 20+ admitted patients in the emergency room, a code red EMS situation, and periods in the prior week with 9+ hour off-load times for EMS.

As of October 17, the Ouellette campus at Windsor Regional Hospital is at 106 per cent capacity for medical/ surgical patients and the Metropolitan Campus is at 107 per cent. Between the two sites, there are 44 emergency patients waiting for a bed.

Wingham and District Hospital has had numerous emergency department closures since July, with the Toronto Star reporting six closures as of September 16 with an additional overnight closure taking place on October 15.

Seaforth Community Hospital has had multiple overnight emergency department closures over the past few months, closing overnight on October 13, August 21, July 22, and July 12 -14.

On October 12, Essex County announced a Code Black that was in effect for 3 hours on October 12 due to lack of available ambulances in the region. On October 11, the Waterloo region was forced to pull ambulances from the Guelph-Wellington Paramedic Service due to a Code Red emergency. Guelph-Wellington eventually moved into a Code Red of its own later that same night.

The Children's Hospital at London Health Sciences Centre has recently had to transfer patients who need an ICU bed outside the region due to limited capacity in their pediatric ICUs.

The Port Colborne Urgent Care Centre was closed overnight on October 8 due to staffing shortages. The Chesley Hospital emergency department closed on October 7 for multiple weeks with a scheduled reopening date of Dec. 2. This is in addition to multiple emergency department closures over the summer for both the Chesley and Walkerton Hospitals in the region.

The average emergency room wait times at Grand River Hospital have increased by 37 per cent last year, while waits at St. Mary's General Hospital jumped 55 per cent, noted OCHU in September.

St. Marys Memorial Hospital experienced numerous emergency department closures over the past few months, with overnight closures from August 22-26, on July 24, on July 22, on July 8, and a full day closures on July 23. Clinton Public Hospital closed its emergency department numerous times over the past few months, closing its doors on August 12, August 6, July 11, and 3 days from July 2-4. The hospital has continued to operate with reduced hours from 8 am – 6 pm when it has been opened, with the exception of July 12, when the emergency department closed at 2 pm.

**Central Ontario -** On October 12, an Orangeville ambulance operated by the Dufferin County Paramedic Service, had responded to a call in Dundas, which is an approximately one-hour-and-15-minute drive away.

SickKids Hospital's intensive care unit reached full capacity over the weekend of October 8-9 and had longer than normal wait times in the emergency department.

This fall, McMaster Children's Hospital in Hamilton reports having to more frequently transfer children from their own region to another part of the province and children from south central Ontario have recently been transported to Ottawa for a pediatric ICU bed. SickKids Hospital in Toronto has also not been able to accept some children in the area who need lower levels of ICU care, forcing those patients to be transported to other pediatric hospitals farther away.

Bowmanville Hospital closed its ICU in late July, resuming some critical care nursing services in mid-August and inpatient critical care services on September 7.

A section containing 10 beds at Kingston General Hospital's emergency department were closed during the weekend of July 30-31 and Hotel Dieu Hospital's Urgent Care Centre shut its doors at 6:20 pm instead of 8 pm on August 1 due to reaching its full capacity.

Credit Valley Hospital reported emergency room patients waiting for an average of 34.8 hours in July. In October, 104 patients were reported to have been waiting in the ER for admission.

**Northwestern Ontario**

Red Lake Margaret Cochenour Memorial Hospital (RLMCMH) closed its emergency department overnight on July 7, which was the 2nd closure this year after a closure on March 26.

# The Ford government lied to the public re. their privatization of public hospital services:

## Health Coalition demands Ford stop their privatization of our hospitals, kicks off major campaign to save our local public hospitals

Toronto : The Ontario Health Coalition released a brief today charging that the Ford government lied to the public about its privatization of Ontario's public hospital services. The Coalition reported that the Ford government significantly increased funding to private clinics while at the same time denying that they were expanding the private clinics. The denials were made in written and verbal statements to media across Ontario in the months leading into the election. In addition, the Coalition reports, after outright denial of their plans to privatize prior to the provincial election, as soon as the election was over the Ford government announced it is indeed going to privatize our public hospitals' services.

The Coalition released the proof in a press conference today, demanding Ford to stop his privatization of our public hospitals' services and take real action to deal with the emergency in health care that his government had a significant hand in creating. The Coalition also launched a major public campaign to mobilize Ontarians to save our local public hospitals and stop Ford's privatization. They joined with Democracy Watch to call for an honesty-in-politics law to penalize political parties that engage in misleading the public.

"The Ford government lied to the public leading into an election," said Natalie Mehra, executive director. "You can't just outright deny you are expanding private for-profit clinics while you are in fact shunting millions over to expand private for-profit clinics. You can't pretend you are not going to privatize before an election and then, as soon as the election is over, announce plans to privatize. By every measure, this is wrong. It is fundamentally undemocratic and cannot go without challenge."

"The Ontario public will not tolerate such deception. Nor will we tolerate the Ford government failing to deal with the strain our public hospitals are under while at the same time funneling public money over to profit seeking corporations to privatize our public hospitals' services," she added.

Ms. Mehra announced that the Health Coalition -- which represents more than ¾ of a million Ontarians, more than 400 member organizations and local chapters across the province -- plans for a major fightback including province-wide townhall meetings, community organizing, protests and escalating actions.

"The Ford government has no mandate. They made sure of that when they deceived the public about what they were doing and what they intended to do. We will fight this and we will not stop until they stop privatizing Ontarians' public hospitals," she concluded.

"The misleading statements made by Ford government representatives before and during the 2022 provincial election about their plans for Ontario's health care system are just one of many examples of the need for an honesty in politics law to penalize misleaders who violate voters' rights by baiting them with false statements and election promises and then switching direction when they get elected," said Duff Conacher, Co-founder of Democracy Watch, who joined the Coalition in a press conference this morning.

**Briefing Note and Evidence:**

**Pre-Election: Error, Denial & False Statements**

Before the election, Health Minister Christine Elliot made a bombshell statement,

"We are opening up pediatric surgeries, cancer screenings…Making sure that we can let independent health facilities operate private hospitals." https://www.cbc.ca/player/play/1998422595853 (38 second mark).

(Independent Health Facilities are private clinics. 98% of the IHFs are private for-profit according to Ontario's Auditor General. Some do outpatient surgeries. None have overnight stays.)

It was an odd thing to say because the Private Hospitals Act banned private hospitals in Ontario starting 50 years ago—for good reason. Ontario has spent more than 100 years building a public hospital system. The Private Hospitals Act grandfathered-in the existing private hospitals and banned any new ones. It also bans the expansion of the existing private hospitals. There are only two private hospitals left that provide surgeries (Shouldice Hospital and Don Mills). They provide services for healthy patients who are at low risk. (One of our members was recently refused surgery at Shouldice because he has COPD, for example. One of our interns could only get surgery there if he could meet a target weight.) The Minister's statement that the Ford government was going to allow private clinics to operate private hospitals came at the same time as the province was - and continues to - privatizing long-term care, home care, vaccines, COVID testing, and is allowing for-profit virtual care companies and COVID testing corporations to charge patients for access to doctors and vaccines respectively, in violation of the Canada Health Act. There was sufficient reason to be deeply concerned.

The Ontario Health Coalition immediately held 20 virtual local press conferences followed by 20 local emergency summits across the province to raise the alarm. They encouraged the media to question the government about the Minister's statement. Representatives from the Ministry of Health attended some of these summits. Spokespeople from the Minister's office got in touch with reporters and/or answered media interviews. The Minister's spokespeople claimed that the Minister misspoke or was misinterpreted. They categorically denied plans to expand private health clinics and hospitals. They actually said that any claim that they were expanding private clinics was "categorically false". Examples:

"These claims are categorically false…To be clear, the government is committed to supporting the province's public health care system. The use or function of private hospitals and independent health facilities in Ontario is not being expanded or changed." https://www.therecord.com/news/waterloo-region/2022/03/17/privatization-of-health-care-claims-are-categorically-false-ministers-spokesperson-says.html

Pressed further on the coalition's concern about the potential for an expanded privatization of health-care services and for more private hospitals to open, she said, "No, that is not accurate." https://www.sudbury.com/top-stories/health-care-privatization-an-election-issue-ontario-health-coalition-5083727

A spokesperson for Elliott and the Ministry of Health denies the allegations by the LHC. "These claims are categorically false…The use or function of private hospitals and independent health facilities in Ontario is not being expanded or changed." https://london.ctvnews.ca/london-health-coalition-fights-to-stop-privatization-of-health-care-with-new-campaign-1.5851916

"Claims that the government is looking to allow more for-profit health care in Ontario (are) categorically false…The use or function of private hospitals and independent health facilities in Ontario is not being expanded or changed." https://www.intelligencer.ca/news/health-coalition-blasts-private-care-provincial-approach

These statements were made by Ford government spokespeople Feb - April. However, data from the Financial Accountability Office of Ontario – a body which reviews Ontario's fiscal reporting and which reports to the Ontario Legislature – shows that the government in fact doubled the funding for the private clinics [Independent Health Facilities] from the third quarter to the fourth quarter -- the same time period as government spokespeople were definitively claiming they were not expanding the use or function of private clinics. According to the FAO, in the final quarter of the last fiscal year January 1 - March 31, 2022, the Ford government increased funding to private clinics [Independent Health Facilities] by more than $13.6 million. This was not because they underspent in previous quarters. Overall for the year, the Ford government increased their projected spending for IHFs by more than $12 million. See Q4 Spending- Line 305 Independent Health Facilities here: https://tinyurl.com/3tfejdp5.

**Post-Election:**

Despite the categorical claims by the Ford government that they were not intending to privatize and were not expanding privatization, two months after the election, the Ford government announced that they ARE going to privatize public hospital services and expand private for-profit clinics and hospitals:

"The Ford government announced it will begin funding private clinic surgeries" CityNews, August 18, 2022 https://toronto.citynews.ca/2022/08/18/ontario-healthcare-plan-to-stay-open/

"Ontario Premier Doug Ford says his government is going to "get creative" when looking at how health care can be delivered as the province deals with a staffing crisis in hospitals.

Ford said Friday that "everything is on the table" when asked if Ontario is considering further privatization of the health-care system. CTV News, August 12, 2022 https://toronto.ctvnews.ca/ontario-s-doug-ford-says-he-believes-in-public-health-care-but-government-will-get-creative-1.6025168

Ontario Health Minister Sylvia Jones says Doug Ford's government will work with private health clinics to find more "opportunities" for private companies in the public health system. On Thursday, Jones unveiled the government's plan to "relieve" the health system's surgical backlog by "increasing the number of OHIP-covered surgical procedures performed at independent health facilities." Press Progress, August 18, 2022 https://pressprogress.ca/ontario-health-minister-sylvia-jones-pledges-to-help-private-clinics-find-more-opportunities-in-the-public-health-system/

Ontario to fund more private clinic surgeries, Global TV, August 18, 2022 https://www.youtube.com/watch?v=hIGbUV5HPOY

The Ford government's 5-point plan released August 18 states:

"Ontario is working with hospital partners to identify innovative solutions to reduce wait times for surgeries and procedures, including considering options for further increasing surgical capacity by increasing the number of OHIP-covered surgical procedures performed at independent health facilities." https://news.ontario.ca/en/release/1002246/ontario-introuces-a-plan-to-stay-open-health-system-stability-and-recovery

This privatization is not about "stabilizing" the health system or adding capacity. Every large hospital in Ontario has operating rooms that have been closed for weeks or months or even permanently for years due to inadequate funding and, more recently, staffing shortages. Private clinics take scarce staff out of our local public hospitals worsening wait times for the public system. The evidence is that the private clinics charge patients illegal user fees and other fees for medically unnecessary add-ons. This is not about improving health care. It is about expanding a profit-seeking industry that wants access to the billions in public funding for health care. To illustrate:

"Since the pandemic started private health care has grown enormously and a record number of lobbyists have registered with private health care companies to lobby for increased privatization or outsourcing…

Statistics from the office of Ontario's Integrity Commissioner note that more lobbyists have registered to influence health policy than on nearly any other issue – 1,137 registrations – aside from "economic development and trade"…Since the start of the pandemic, reports have indicated private virtual care, private health testing and even private health facilities have grown enormously..."

Press Progress, May 4, 2022 https://pressprogress.ca/here-are-all-the-corporations-lobbying-doug-ford-to-privatize-and-outsource-parts-of-ontarios-health-care-system.

# ਜ਼ੋਮੈਟੋ, ਸਵਿੱਗੀ ਕਾਮੇ ਬਨਾਮ 'ਗਿੱਗ' ਆਰਥਿਕਤਾ



ਡਾ. ਬਲਜਿੰਦਰ
94170-79720
singh.drbaljinder@gmail.com

ਜ਼ੋਮੈਟੋ(Zommato), ਸਵਿੱਗੀ (Swiggy), ਓਲਾ (Ola), ਉਬਰ (Uber) ਅਤੇ ਅਜਿਹੇ ਹੀ ਕੁੱਝ ਹੋਰ ਨਾਮ ਕਿਸੇ ਵੀ ਸਮਾਰਟ ਫ਼ੋਨ ਨੂੰ ਸਰਫ਼ ਕਰਨ ਮੌਕੇ ਆ ਮੱਥੇ ਵੱਜਦੇ ਹਨ। ਮੁਲਕ ਦੀ ਇੱਕੀਵੀਂ ਸਦੀ ਦੀ ਨੌਜਵਾਨ ਪੀੜ੍ਹੀ ਤੋਂ ਲੈਕੇ ਸਮਾਰਟ ਫ਼ੋਨ ਦੀ ਵਰਤੋਂ ਕਰਨ ਵਾਲਾ ਲੱਗਪੱਗ ਹਰ ਵਿਅਕਤੀ ਹੀ ਇਹਨਾਂ ਨਾਵਾਂ ਤੋਂ ਭਲੀ-ਭਾਂਤ ਜਾਣੂ ਹੈ। ਕੀ ਹਨ ਇਹ ਨਾਮ ਅਤੇ ਕਿਓਂ ਅਸੀਂ ਅੱਜ ਇਹਨਾਂ ਬਾਰੇ ਗੱਲ ਕਰਨ ਲੱਗੇ ਹਾਂ? ਇਹਨਾਂ ਦੇ ਸਾਡੀ ਰੋਜ਼ਾਨਾ ਜੀਵਨ-ਜਾਂਚ ਅਤੇ ਇਹਨਾਂ ਅਦਾਰਿਆਂ ਨਾਲ ਜੋੜਕੇ ਕੰਮ ਕਰਨ ਵਾਲੇ ਕਾਮਿਆਂ ਲਈ ਇਹਨਾਂ ਨਾਵਾਂ ਦੇ ਕੀ ਮਾਅਨੇ ਹਨ?

ਇਹਨਾਂ ਅਤੇ ਇਹਨਾਂ ਵਰਗੇ ਹੋਰ ਅਨੇਕਾਂ ਨਾਵਾਂ ਦਰਮਿਆਨ ਜੋ ਸਾਂਝੀ ਤੰਦ ਮੌਜੂਦ ਹੈ- ਉਹ ਇਹ ਹੈ ਕਿ ਇਹ ਸਮਾਰਟ ਫ਼ੋਨ 'ਤੇ ਆਪਣੇ ਕਾਰੋਬਾਰ ਕਰਨ ਲਈ ਪਰੋਸੀਆਂ ਜਾਂਦੀਆਂ ਐਪਸ (Apps ਯਾਨੀ ਕਿ Applications) ਦੇ ਨਾਮ ਹਨ। ਸਮਾਰਟ ਫ਼ੋਨ ਜ਼ਰੀਏ ਚੱਲਣ ਵਾਲੀਆਂ ਇਹ ਐਪਸ ਗਣਿਤੀ ਫਾਰਮੂਲਿਆਂ (Algorithms) 'ਤੇ ਆਧਾਰਤ ਹਨ। ਕਹਿਣ ਦਾ ਭਾਵ ਇਹ ਕਿ ਤੁਸੀਂ ਇਹਨਾਂ ਐਪਸ ਨੂੰ ਖੋਹਲਕੇ ਇਹਨਾਂ ਦੇ ਜ਼ਰੀਏ ਉਹਨਾਂ ਸੇਵਾਵਾਂ ਨੂੰ ਦੇਖ ਸਕਦੇ ਹੋ, ਜੋ ਇਹ ਪ੍ਰੋਸ ਰਹੀਆਂ ਹੁੰਦੀਆਂ ਹਨ ਅਤੇ ਨਾਲ ਹੀ ਉਹ ਸੇਵਾਵਾਂ ਲੈਣ ਲਈ ਅਮਲ ਵੀ ਸ਼ੁਰੂ ਕਰ ਸਕਦੇ ਹੋ। ਪਿਛਲੇ ਲੱਗਪੱਗ ਇੱਕ ਦਹਾਕੇ ਤੋਂ ਇਹਨਾਂ ਐਪਸ ਦੀ ਮਕਬੂਲੀਅਤ 'ਚ ਕਾਫੀ ਵਾਧਾ ਹੋਇਆ ਹੈ, ਇਹਨਾਂ 'ਤੇ ਆਧਾਰਤ ਕਾਰੋਬਾਰ 'ਚ ਵੀ ਚੋਖਾ ਵਾਧਾ ਹੋਇਆ ਹੈ ਅਤੇ ਸਮਾਰਟ ਫ਼ੋਨ ਦੇ ਵਰਤੋਂਕਾਰਾਂ ਦਰਮਿਆਨ ਵੀ ਇਹਨਾਂ ਦੀ ਪੁੱਛ-ਪਰਤੀਤ ਵਧੀ ਹੈ।

**'ਗਿੱਗ' ਆਰਥਕਤਾ?** : ਭਾਵੇਂ ਕਿ ਇਹ ਆਰਥਕ ਢਾਂਚਾ ਆਰਥਕਤਾਵਾਂ ਦੇ ਚਾਲੂ ਮਾਡਲਾਂ ਨਾਲ਼ੋਂ ਕੋਈ ਨਵਾਂ ਵੱਖਰਾ ਨਹੀਂ ਹੈ ਪਰ ਜਗੀਰੂ ਅਰਥਚਾਰੇ, ਸਰਮਾਏਦਾਰਾਨਾ ਅਰਥਚਾਰੇ ਨਾਲ਼ੋਂ ਰੂਪਕ ਪੱਖੋਂ ਭਿੰਨ ਅਰਥਚਾਰੇ ਦੇ ਅਜਿਹੇ ਢਾਂਚੇ(ਮਾਡਲ) ਨੂੰ 'ਅਰਥ-ਸ਼ਾਸ਼ਤਰ ਦੀ ਬੋਲੀ 'ਚ ਇਸ ਢੰਗ ਨਾਲ ਚੱਲਣ ਵਾਲੇ ਕਾਰੋਬਾਰ ਨੂੰ 'ਗਿੱਗ' ਇਕਾਨਮੀ (Gig Economy) ਭਾਵ 'ਗਿੱਗ' ਅਰਥਚਾਰਾ ਕਿਹਾ ਜਾਂਦਾ ਹੈ। ਆਮ ਬੋਲੀ 'ਚ 'ਗਿੱਗ' ਦਾ ਭਾਵ ਕੋਈ ਟਾਂਗਾ ਜਾਂ ਟਮਟਮ ਵਰਗੀ ਕੋਈ ਸਵਾਰੀ ਤੋਂ ਹੁੰਦਾ ਹੈ। ਪਰ ਇਸਨੂੰ ਇੱਥੇ ਗਾਲ੍ਹ ਕੱਢਣ ਦੇ ਅੰਦਾਜ਼ 'ਚ ਲਿਆ ਗਿਆ ਹੈ। ਇੱਥੇ ਇਹ ਚਿਤਾਰਨਾ ਬਣਦਾ ਹੈ ਕਿ 'ਗਿੱਗ' ਲਫ਼ਜ਼ ਦੀ ਸ਼ੁਰੂਆਤ ਗੀਤ-ਸੰਗੀਤ ਦੀਆਂ ਮੰਡਲੀਆਂ ਵੱਲੋਂ ਮਹਿਫ਼ਲਾਂ ਜਾਂ ਦਿਲ-ਬਹਿਲਾਵੇ ਦੇ ਹੋਰ ਪ੍ਰੋਗਰਾਮਾਂ ਨੂੰ ਪੇਸ਼ ਕਰਨ ਲਈ ਕਿਸੇ ਕਲਾਕਾਰ ਨੂੰ ਪ੍ਰੋਗਰਾਮ ਨੂੰ ਸਿਰਫ ਇੱਕਵਾਰ ਲਈ ਪੇਸ਼ ਸ਼ੂਕਰਨ ਲਈ ਕੀਤੀ ਜਾਣ ਵਾਲੀ ਪੇਸ਼ਕਸ਼ ਤੋਂ ਲਿਆ ਜਾਂਦਾ ਸੀ। ਉਸ ਕਲਾਕਾਰ ਨੂੰ 'ਗਿੱਗ' ਦੇ ਨਾਮ ਨਾਲ ਜਾਨਿਆ ਜਾਂਦਾ ਸੀ। ਪਰ ਅੱਜ-ਕੱਲ੍ਹ ਇਸਨੂੰ ਹਰ ਉਸ ਸੇਵਾ, ਨੌਕਰੀ ਜਾਂ ਹੋਰ ਕੋਈ ਵੀ ਕਾਰਜ ਜੋ ਠੇਕੇ 'ਤੇ ਕਰਵਾਇਆ ਜਾਂਦਾ ਹੋਵੇ- ਉਸਨੂੰ 'ਗਿੱਗ' ਪੁਕਾਰਿਆ ਜਾਣ ਲੱਗਿਆ ਹੈ। ਮਿਸਾਲ ਵਜੋਂ ਕਿਸੇ ਦੇ ਘਰ ਨੂੰ ਪੇਂਟ ਕਰਨ, ਕਿਸੇ ਅਦਾਰੇ ਨੂੰ ਆਜ਼ਾਦਾਨਾ ਰੂਪ 'ਚ (ਫਰੀਲਾਂਸਰ ਵਜੋਂ) ਆਪਣੀਆਂ ਸੇਵਾਵਾਂ ਪ੍ਰਦਾਨ ਕਰਨੀਆਂ, ਕੋਈ ਖਾਣਾ ਆਦਿ ਨੂੰ ਗਾਹਕਾਂ ਨੂੰ ਡਲਿਵਰ ਕਰਨਾ ਆਦਿ ਇਸ ਸ਼੍ਰੇਣੀ 'ਚ ਹੀ ਗਿਣੇ ਜਾਣ ਲੱਗੇ ਹਨ।

ਅੱਜ ਇਹ ਇੱਕ ਬਹੁਤ ਵੱਡੀ ਇਕਾਨਮੀ ਬਣ ਚੁੱਕੀ ਹੈ। ਇੱਕ ਤਾਜ਼ਾ ਰਿਪੋਰਟ ਅਨੁਸਾਰ ਵਿਕਾਸਸ਼ੀਲ ਮੁਲਕਾਂ ਅੰਦਰ 'ਗਿੱਗ' ਇਕਾਨਮੀ ਦਾ ਹਿੱਸਾ 5ਫੀਸਦੀ ਤੋਂ ਲੈ ਕੇ 12ਫੀਸਦੀ ਤੋਂ ਵਧੇਰੇ ਬਣਦਾ ਹੈ ਜਦਕਿ ਵਿਕਸਤ ਮੁਲਕਾਂ ਅੰਦਰ ਇਹ 1 ਤੋਂ 4ਫੀਸਦੀ ਬਣਦੀ ਹੈ। 30 ਮਾਰਚ 2021 ਦੇ ਪਰਚੇ ਮਿੰਟ ਦੀ ਇੱਕ ਰਿਪੋਰਟ ਅਨੁਸਾਰ ਭਾਰਤ ਦੇ ਗ਼ੈਰ-ਜ਼ਰੱਈ ਖੇਤਰ ਅੰਦਰ ਆਉਣ ਵਾਲੇ 8-10 ਸਾਲਾਂ ਅੰਦਰ 90 ਮਿਲੀਅਨ (9 ਕਰੋੜ) ਲੋਕਾਂ ਨੂੰ ਰੁਜ਼ਗਾਰ ਦੇਣ ਦੀ ਸਮਰੱਥਾ ਪਈ ਹੈ। ਇਸੇ ਅਰਸੇ ਦੌਰਾਨ ਹੀ ਅਜਿਹੇ ਰੂਪ ਨਾਲ ਕੀਤੇ ਜਾਣ ਵਾਲੇ ਕਾਰੋਬਾਰ ਦੀ ਕੁੱਲ ਲਾਗਤ 250 ਮਿਲੀਅਨ ਡਾਲਰ ਹੋ ਸਕਦੀ ਹੈ ਜਿਹੜਾ ਕਿ ਭਾਰਤ ਦੇ ਕੁੱਲ ਘਰੇਲੂ ਉਤਪਾਦ(ਜੀਡੀਪੀ) ਦਾ 4.25 ਫੀਸਦੀ ਬਣਦਾ ਹੈ। ਇਸੇ ਤਰ੍ਹਾਂ ਹੀ ਐਸੋਕੈਮ (ASSOCHAM) ਦੀ ਇੱਕ ਰਿਪੋਰਟ ਅਨੁਸਾਰ ਭਾਰਤ ਅੰਦਰ 'ਗਿੱਗ' ਜਾਬਜ਼(ਕੰਮਾਂਕਾਰਾਂ) ਦੀ ਸੰਖਿਆ ਸੰਨ 2025 ਤੱਕ 350 ਮਿਲੀਅਨ ਤੱਕ ਅੱਪੜਣ ਦੀ ਸੰਭਾਵਨਾ ਪਈ ਹੈ।

'ਗਿੱਗ' ਇਕਾਨਮੀ ਇੱਕ ਤਰ੍ਹਾਂ ਦੀ ਪਲੇਟਫ਼ਾਰਮ ਆਧਾਰਤ ਆਰਥਕਤਾ ਹੈ- ਜੀਹਦੇ 'ਚ ਇਲੈਕਟਰਾਨਿਕ ਪਲੇਟਫ਼ਾਰਮ ਜ਼ਰੀਏ ਡਾਟਾ ਦੇ ਡਿਜੀਟਲ ਆਦਾਨ-ਪ੍ਰਦਾਨ ਰਾਹੀਂ ਅਤੇ ਵੈੱਬ, ਇੰਟਰਨੈੱਟ ਜਾਂ ਸਮਾਰਟ ਫ਼ੋਨ ਦੀ ਸਹਾਇਤਾ ਨਾਲ ਉਸ ਸਬੰਧਤ ਪਲੇਟਫਾਰਮ ਵੱਲੋਂ ਮੁਹੱਈਆ ਕੀਤੀਆਂ ਜਾ ਸਕਣ ਵਾਲੀਆਂ ਸੇਵਾਵਾਂ ਨਾਲ ਰਾਬਤਾ ਕਾਇਮ ਕੀਤਾ ਜਾ ਸਕਦਾ ਹੈ। ਸਰਮਾਏਦਾਰਾਨਾ ਆਰਥਕਤਾ ਲਈ ਇਹਨਾਂ ਪਲੇਟਫ਼ਾਰਮਾਂ ਦੀ ਅਹਿਮੀਅਤ ਦਾ ਅੰਦਾਜ਼ਾ ਇਹਨਾਂ ਪਲੇਟਫ਼ਾਰਮਾਂ ਨੂੰ ਮਿਲਣ ਵਾਲੀ ਅੰਤਰ-ਰਾਸ਼ਟਰੀ (ਆਲਮੀ) ਵਿੱਤੀ ਇਮਦਾਦ ਤੋਂ ਲਾਇਆ ਜਾ ਸਕਦਾ ਹੈ। ਇੱਕ ਅਸਾਸੇ ਅਨੁਸਾਰ 2017 'ਚ ਸਿਰਫ ਉਬਰ ਨੂੰ ਹੀ 12 ਬਿਲੀਅਨ ਡਾਲਰ ਦੀ ਇਮਦਾਦ ਮੁਹੱਈਆ ਕੀਤੀ ਗਈ ਸੀ।

ਹੁਣ ਸੁਆਲ ਇਹ ਹੈ ਕਿ 'ਗਿੱਗ' ਇਕਾਨਮੀ ਦਾ ਅੰਗ ਬਣਦੀਆਂ ਉਬਰ, ਓਲਾ, ਜ਼ੋਮੈਟੋ, ਸਵਿੱਗੀ ਆਦਿ ਵਰਗੀਆਂ ਕੰਪਨੀਆਂ ਡਿਜੀਟਲ ਇਲੈਕਟਰਾਨਿਕ ਪਲੇਟਫਾਰਮ ਰਾਹੀਂ ਆਪਣੇ ਗਾਹਕਾਂ ਨੂੰ ਸਸਤੇ ਰੇਟਾਂ 'ਤੇ ਵਧੀਆ ਸੇਵਾਵਾਂ ਮੁਹੱਈਆ ਕਿਵੇਂ ਕਰਵਾਉਂਦੀਆਂ ਹਨ? ਜਿਵੇਂ ਇਹ ਲੁਭਾਉਣੀਆਂ ਪੇਸ਼ਕਸ਼ਾਂ ਪੇਸ਼ ਕਰਦੀਆਂ ਹਨ ਕਿ ਘੱਟ ਪੈਸਿਆਂ 'ਤੇ ਟੈਕਸੀ 'ਤੇ ਸਫਰ ਕਰੋ, ਸਸਤੇ ਰੇਟ 'ਤੇ ਆਪਣੇ ਘਰੇ ਰਜਾਈ 'ਚ ਬੈਠੇ ਆਪਣਾ ਪੀਜ਼ਾ ਬਿਨ੍ਹਾਂ ਕਿਸੇ ਡਲਿਵਰੀ ਖ਼ਰਚੇ ਤੋਂ ਮੰਗਵਾਓ ਜਾਂ ਆਪਣੇ ਘਰ ਦੀ ਸਾਫ਼-ਸਫਾਈ ਕਰਵਾਓ। ਇਸ ਸਾਰੇ ਨੂੰ ਸਮਝਣ ਲਈ 'ਗਿੱਗ' ਆਰਥਕਤਾ ਦੀ ਮੂਲ ਬਣਤਰ ਨੂੰ ਸਮਝਣਾ ਪਵੇਗਾ, ਜੋ ਇਸ ਦੇ ਬਹੁਤ ਹੀ ਅਹਿਮ ਅੰਗ ਹਨ- ਜਿਹਨਾਂ ਦੀ ਪਹਿਚਾਣ ਕਰਨੀ ਜ਼ਰੂਰੀ ਹੈ।

ਇਸ 'ਗਿੱਗ' ਅਰਥਚਾਰੇ ਦੇ ਮਾਡਲ 'ਚ ਗਾਹਕ ਸਬੰਧਤ ਕੰਪਨੀ ਦੇ ਪਲੇਟਫਾਰਮ (ਸਾਈਟ) 'ਤੇ ਜਾਕੇ ਕੰਪਨੀ ਵੱਲੋਂ ਪ੍ਰਦਾਨ ਕੀਤੀਆਂ ਜਾਣ ਵਾਲੀਆਂ ਸੇਵਾਵਾਂ ਦੇ ਵੇਰਵੇ ਪ੍ਰਾਪਤ ਕਰਦਾ ਹੈ, ਆਪਣੀ ਪਸੰਦ ਦੀ ਸੇਵਾ ਨੂੰ ਚੁਣਦਾ ਹੈ ਅਤੇ ਆਪਣੇ ਬਾਰੇ ਜਾਣਕਾਰੀ ਕੰਪਨੀ ਪਲੇਟਫ਼ਾਰਮ 'ਤੇ ਸਾਂਝੀ ਕਰਦਾ ਹੈ। ਅਜਿਹੀਆਂ ਸੇਵਾਵਾਂ 'ਚ ਕੰਪਿਊਟਰ 'ਤੇ ਕੰਮ ਕਰਨ ਵਾਲੇ ਕੋਡਰ, ਪ੍ਰਿੰਟਿੰਗ ਸਮੱਗਰੀ ਨੂੰ ਡਿਜ਼ਾਈਨ ਕਰਨ ਵਾਲੇ ਗਰਾਫਿਕ ਡਿਜ਼ਾਈਨਰ, ਮਨੋਵਿਗਿਆਨਕ ਸਲਾਹਕਾਰ, ਕੈਬ (ਟੈਕਸੀ) ਡਰਾਈਵਰ ਜਾਂ ਸੁੰਦਰਤਾ ਨੂੰ ਚਾਰ ਚੰਨ ਲਾਉਣ ਵਾਲੇ ਬਿਊਟੀਸ਼ੀਅਨਜ਼ ਅਤੇ ਹੋਰ ਵੀ ਅਜਿਹੇ ਸਲਾਹਕਾਰ ਜਾਂ ਕੰਮਧੰਦੇ ਹੋ ਸਕਦੇ ਹਨ ਜਿਹਨਾਂ ਲਈ ਸਬੰਧਤ ਗਾਹਕ ਦੇ ਘਰ ਜਾ ਕੇ ਸੇਵਾ ਪ੍ਰਦਾਨ ਕਰਨੀ ਪੈਂਦੀ ਹੈ।

ਪਰ ਇਸ ਸਾਰੇ ਅਮਲ ਦੌਰਾਨ ਸਰਵਿਸ ਪ੍ਰੋਵਾਈਡਰਾਂ (ਸੇਵਾਵਾਂ ਪ੍ਰਦਾਨ ਕਰਨ ਵਾਲਿਆਂ) ਦਾ ਇੱਕ ਅਜਿਹਾ ਵਰਗ ਹੈ ਜਿਹੜਾ ਕੰਪਿਊਟਰਾਂ ਜਾਂ ਸਮਾਰਟ ਫ਼ੋਨ ਦੇ ਜ਼ਰੀਏ ਗਾਹਕਾਂ ਦੇ ਸਿੱਧਾ ਸੰਪਰਕ 'ਚ ਨਹੀਂ ਆਉਂਦਾ। ਖਾਣ-ਪੀਣ ਦੀਆਂ ਵਸਤਾਂ (ਪਰੌਂਠਾ, ਰੋਟੀ, ਲੰਚ, ਡਿਨਰ, ਬਰਗਰ, ਮਠਿਆਈ, ਨਮਕੀਨ ਆਦਿ ਦੀ ਇੱਕ ਲੰਮੀ ਫਹਿਰਿਸਤ ਹੈ), ਜਿਹਨਾਂ ਨੂੰ ਰੈਸਟੋਰੈਂਟਾਂ, ਹਲਵਾਈ ਦੀਆਂ ਦੁਕਾਨਾਂ ਆਦਿ ਤੋਂ ਗਾਹਕਾਂ ਦੇ ਘਰਾਂ ਤੱਕ ਅੱਪੜਦਾ ਕਰਨ ਵਾਲੇ ਨੌਜਵਾਨ ਉਹ ਵਰਗ ਹਨ ਜਿਹਨਾਂ ਬਾਰੇ ਨਾ ਤਾਂ ਗਾਹਕ ਨੂੰ ਇਲਮ ਹੁੰਦਾ ਹੈ ਅਤੇ ਨਾ ਹੀ ਸੰਬੰਧਤ ਦੁਕਾਨਦਾਰ ਨੂੰ ਕਿ ਕੌਣ ਆ ਰਿਹਾ ਹੈ ਉਸ ਆਰਡਰ ਨੂੰ ਸਪਲਾਈ ਕਰਨ ਜੋ ਕਿ ਡਿਜੀਟਲ ਪਲੇਟਫ਼ਾਰਮ 'ਤੇ ਗਾਹਕ ਨੇ ਹੁਣੇ ਹੀ ਕੀਤਾ ਹੈ। ਇਹਨਾਂ ਨੂੰ ਡਲਿਵਰੀ ਮੁੰਡੇ/ਕੁੜੀਆਂ/ਰੱਨਰਜ਼/ਟਾਸਕਰਜ਼ ਆਦਿ ਦੇ ਨਾਵਾਂ ਨਾਲ ਪੁਕਾਰਿਆ ਜਾਂਦਾ ਹੈ। ਇਹਨਾਂ ਨੂੰ ਆਜ਼ਾਦਾਨਾ ਰੂਪ 'ਚ ਕੰਮ ਕਰਦੇ ਹੋਣ ਵਾਲੇ ਹੀ ਇਸ ਆਰਥਕ ਮਾਡਲ 'ਚ ਪ੍ਰਵਾਨ ਕੀਤਾ ਜਾਂਦਾ ਹੈ। ਇਹਨਾਂ ਦਾ ਸਿੱਧਾ ਸਬੰਧ ਸੇਵਾਵਾਂ ਮੁਹੱਈਆ ਕਰਨ ਵਾਲੀ ਸਬੰਧਤ ਕੰਪਨੀ ਨਾਲ ਹੁੰਦਾ ਹੈ। ਉਹਦੇ (ਕੰਪਨੀ) ਕੋਲ ਆਜ਼ਾਦਾਨਾ ਰੂਪ 'ਚ ਕੰਮ ਕਰਨ ਵਾਲੇ ਇਹਨਾਂ ਡਿਲਵਰੀ ਮੁੰਡਿਆਂ ਆਦਿ ਦਾ ਵੇਰਵਾ ਪਿਆ ਹੁੰਦਾ ਹੈ। ਕਾਰੋਬਾਰ ਦੇ 'ਗਿਗ' ਮਾਡਲ 'ਚ ਅਜਿਹੇ ਡਿਲਵਰੀ ਬੁਆਇਜ਼ ਵਰਗੇ ਆਜ਼ਾਦਾਨਾ ਰੂਪ 'ਚ ਕੰਮ ਕਰਨ ਵਾਲਿਆਂ ਦੀ ਭਰਪੂਰ ਲੋੜ ਹੁੰਦੀ ਹੈ ਜਿਹੜਾ ਵੱਖ-ਵੱਖ ਸੇਵਾਵਾਂ ਦੀ ਵਧਦੀ-ਘਟਦੀ ਮੰਗ ਦੀ ਬਹੁਤ ਹੀ ਸੌਖਿਆਂ ਹੀ ਭਰਪਾਈ ਕਰ ਦਿੰਦਾ ਹੈ।

ਇੱਕ ਹੈਰਾਨ ਕਰਨ ਵਾਲੀ ਗੱਲ ਨੋਟ ਕਰਨ ਵਾਲੀ ਹੈ ਕਿ ਕੋਵਿਡ-19 ਤੋਂ ਬਾਅਦ ਆਪਣੇ ਖਰਚਿਆਂ 'ਤੇ ਕੰਟਰੋਲ ਕਰਨ ਲਈ ਕੰਪਨੀਆਂ ਨੇ ਆਪਣੇ ਕਰਮਚਾਰੀਆਂ ਦੀ ਗਿਣਤੀ ਘਟਾਈ ਸੀ ਪਰ ਜੌਮੈਟੋ ਅਤੇ ਸਵਿੱਗੀ ਵਰਗੀਆਂ ਕੰਪਨੀਆਂ ਨੇ ਇਸ ਕਾਲ ਦੌਰਾਨ ਅਤੇ ਇਸ ਤੋਂ ਫੌਰੀ ਬਾਅਦ ਆਪਣੀ 'ਨਫ਼ਰੀ' 'ਚ ਵਾਧਾ ਕੀਤਾ ਹੈ। ਅਜਿਹਾ ਕਰਨ ਪਿੱਛੇ ਵੀ ਵੱਡੀ ਪੱਧਰ 'ਤੇ ਫੈਲੀ ਬੇਰੁਜ਼ਗਾਰੀ ਹੈ ਜਿਹੜੀ ਬੇਰੁਜ਼ਗਾਰੀ ਵਿਅਕਤੀ ਨੂੰ ਆਪਣੀ ਮਿਹਨਤ ਦਾ ਪੂਰਾ ਮੁੱਲ ਨਾ ਵੀ ਮਿਲਣ ਵਾਲੀਆਂ ਹਾਲਤਾਂ 'ਚ ਵੀ ਕੰਮ ਕਰਨ ਲਈ ਮਜ਼ਬੂਰ ਕਰ ਦਿੰਦੀ ਹੈ।

ਹਕੀਕਤ ਇਹ ਹੈ ਕਿ ਕਿਉਂਕਿ ਇਹਨਾਂ ਕਾਮਿਆਂ ਨੂੰ ਅਜਿਹੀਆਂ ਕੰਪਨੀਆਂ ਆਪਣੇ ਕਰਮਚਾਰੀ ਤਸਲੀਮ ਨਹੀਂ ਕਰਦੀਆਂ ਹਨ ਸਿਰਫ਼ ਉਹਨਾਂ ਨੂੰ ਆਜ਼ਾਦਾਨਾਂ ਕੰਮ ਕਰਨ ਵਾਲੇ ਕਾਮੇ ਹੀ ਗਰਦਾਨਿਆ ਜਾਂਦਾ ਹੈ, ਲਿਹਾਜ਼ਾ ਉਹਨਾਂ ਨੂੰ ਕੰਪਨੀ ਆਪਣੀ ਲੋੜ ਅਨੁਸਾਰ ਕਿਸੇ ਵੀ ਕੰਮ/ਕਾਰਜ ਵਿੱਚ ਧੱਕ ਦਿੱਤਾ ਜਾਂਦਾ ਹੈ ਜਿਸ ਕਾਰਜ ਦੀ ਮੰਗ ਵਧੇਰੇ ਹੁੰਦੀ ਹੈ। ਸੇਵਾਵਾਂ ਦੀ ਮੰਗ ਘੱਟ ਹੋਣ ਦੀ ਸੂਰਤ 'ਚ ਅਜਿਹੇ ਵਰਕਰ ਆਪਣੇ-ਆਪਣੇ ਪਲੇਟਫਾਰਮ ਨਾਲ ਜੁੜੇ ਰਹਿਕੇ ਆਪਣੇ ਝੋਲੇ ਲਮਕਾਈ ਬੈਠੇ ਰਹਿੰਦੇ ਹਨ ਕਿਉਂਕਿ ਕੰਪਨੀ ਨੂੰ ਅਜਿਹਾ ਕਰਨ ਲਈ ਕੋਈ ਵਾਧੂ ਖਰਚ ਨਹੀਂ ਕਰਨੇ ਪੈਂਦੇ ਅਤੇ ਨਾਲ ਹੀ ਕੰਪਨੀ ਕੋਲ ਸੇਵਾਵਾਂ ਪ੍ਰਦਾਤਿਆਂ ਦਾ ਇੱਕ ਤਿਆਰ-ਬਰ-ਤਿਆਰ ਪੂਲ ਮੌਜੂਦ ਪਿਆ ਹੁੰਦਾ ਹੈ। ਹੋਰ ਤਾਂ ਹੋਰ ਕੰਪਨੀ ਨੂੰ ਇਸ ਗੱਲ ਨਾਲ ਵੀ ਕੋਈ ਲੈਣਾ-ਦੇਣਾ ਨਹੀਂ ਹੈ ਕਿ ਕਿਸੇ ਕਾਮੇ ਨੂੰ ਆਰਡਰ ਲੈਣ ਲਈ ਕਿੰਨਾ ਸਮਾਂ ਇੰਤਜ਼ਾਰ ਕਰਨਾ ਪੈਂਦਾ ਹੈ।

ਇਹਨਾਂ ਕਾਮਿਆਂ ਦੇ ਐਨੀਆਂ ਘੱਟ ਉਜਰਤਾਂ 'ਤੇ ਕੰਮ ਕਰਨ ਕਰਕੇ ਅਤੇ ਵਧੇਰੇ ਸਮਾਂ ਕੰਮ ਕਰਦੇ ਰਹਿਣ ਅਤੇ ਮੰਡੀ 'ਚ ਬੇਰੁਜ਼ਗਾਰ ਕਿਰਤੀਆਂ ਦੀ ਵਾਫ਼ਰ ਫੌਜ ਦੇ ਮੌਜੂਦ ਹੋਣ ਕਰਕੇ ਕੰਪਨੀਆਂ ਆਪਣੇ ਗਾਹਕਾਂ 'ਚ ਆਪਣੀਆਂ ਸੇਵਾਵਾਂ ਸਸਤੇ ਰੇਟਾਂ 'ਤੇ ਮੁਹੱਈਆ ਕਰਵਾਉਣ 'ਚ ਕਾਮਯਾਬ ਹੁੰਦੀਆਂ ਹਨ ਅਤੇ ਇਸੇ ਕਰਕੇ ਹੀ ਹੋਰ ਵਧੇਰੇ ਗਾਹਕਾਂ ਨੂੰ ਆਪਣੇ ਵੱਲ ਖਿੱਚਦੀਆਂ ਹਨ।

'ਗਿਗ' ਕਾਰੋਬਾਰ ਦੀ ਸਭ ਤੋਂ ਅਹਿਮ ਗੱਲ ਇਹ ਹੈ ਕਿ ਇਸ 'ਚ ਕਿਰਤੀ ਕਿਰਤ ਵਾਲੇ ਕਾਨੂੰਨਾਂ ਤੋਂ ਅਣਭਿੱਜ ਰਹਿ ਸਕਦਾ ਹੈ। ਪਲੇਟਫਾਰਮ ਅਧਾਰਤ ਇਹ ਕੰਪਨੀਆਂ ਆਪਣੇ ਮਤਿਹਤ ਕੰਮ ਕਰਨ ਵਾਲੇ ਕਿਰਤੀਆਂ 'ਤੇ ਹੁਕਮ ਤਾਂ ਮਾਲਕਾਂ (ਬੌਸਾਂ) ਵਾਂਗ ਚਲਾਉਂਦੇ ਹਨ ਪਰ ਜਦੋਂ ਇਹਨਾ ਕਿਰਤੀਆਂ ਨੂੰ ਕਿਰਤ ਕਾਨੂੰਨਾਂ ਬਣਦੇ ਹੱਕਾਂ ਦੀ ਗੱਲ ਚਲਦੀ ਹੈ ਤਾਂ ਇਹ ਆਪਣੇ ਆਪ ਨੂੰ ਮਹਿਜ਼ 'ਬਰੋਕਰ' (ਦਲਾਲ) ਜਾਂ ਵਿਚੋਲੀਏ ਦੇ ਰੂਪ 'ਚ ਪੇਸ਼ ਕਰਦੇ ਹਨ। ਅਜਿਹਾ ਕਰਨ 'ਚ ਇਹ ਕੰਪਨੀਆਂ ਸਫ਼ਲ ਵੀ ਹੋ ਜਾਂਦੀਆ ਹਨ ਕਿਉਂਕਿ ਕਾਮੇ ਆਪਣੇ ਤੌਰ 'ਤੇ ਆਜ਼ਾਦਾਨਾ ਕੰਮ ਕਰਨ ਵਾਲੇ ਹਨ ਇਸ ਲਈ ਕੰਪਨੀਆਂ ਮੌਜ ਨਾਲ ਹੀ ਆਪਣੀ ਜ਼ੁੰਮੇਵਾਰੀ ਤੋਂ ਮੂੰਹ ਭੰਵਾ ਲੈਂਦੀਆਂ ਹਨ ਅਤੇ ਨਾਲ ਹੀ ਜਦੋਂ ਕੋਈ ਕਾਮਾਂ ਗਾਹਕਾਂ ਵੱਲੋਂ ਕੀਤੀ ਗਈ ਬਦਸਲੂਕੀ ਜਾਂ ਵਧੀਕੀ ਦੀ ਗੱਲ ਕੰਪਨੀ ਨਾਲ ਕਰਦਾ ਹੈ ਤਾ ਉਹ ਉਹਨਾ ਕਾਮਿਆਂ ਅੰਦਰ ਹੀ ਨੁਕਸ ਲੱਭਣ ਲੱਗ ਪੈਂਦੀ ਹੈ।

ਇਹਨਾਂ 'ਗਿਗ' ਕਾਮਿਆਂ ਨੂੰ ਇਓਂ ਸਮਝਿਆ ਜਾਂਦਾ ਹੈ ਕਿ ਇਹ ਪੱਕੇ ਤੌਰ 'ਤੇ ਕੰਮ ਤਾਂ ਕੋਈ ਹੋਰ ਕਰਦੇ ਹਨ ਪਰ ਆਪਣੇ ਲਈ ਹੋਰ ਵੱਧ ਕਮਾਈ ਕਰਨ ਲਈ ਹੀ ਅਜਿਹਾ ਰਾਹ ਅਪਣਾਉਂਦੇ ਹਨ। ਪਰ ਤ੍ਰਾਸਦੀ ਇਹ ਹੈ ਕਿ ਬੇਰੁਜ਼ਗਾਰੀ ਦੇ ਇਸ ਆਲਮ ਅੰਦਰ ਇਹ ਉਹਨਾਂ ਦਾ ਮੁੱਖ ਕੰਮ-ਧੰਦਾ ਹੈ, ਵਾਫਰ ਕਮਾਈ ਕਰਨ ਦਾ ਕੋਈ ਹੋਰ ਨਵਾਂ ਧੰਦਾ ਕਿੱਥੋਂ ਤਲਾਸ਼ ਕਰ ਲੈਣਗੇ।

**'ਗਿੱਗ' ਵਰਕਰ- 'ਵਰਕਰ' ਦੀ ਪ੍ਰੀਭਾਸ਼ਾ ਤੋਂ ਬਾਹਰ** : 'ਗਿੱਗ' ਵਰਕਰਾਂ ਦੀਆਂ ਕੰਮ ਦੀਆਂ ਹਾਲਤਾਂ ਦੀ ਪੋਲ ਖੋਹਲਦੀਆਂ ਉਹਨਾਂ ਵੱਲੋਂ ਤਹਿ ਕੀਤੀਆਂ ਸ਼ਰਤਾਂ ਆਦਿ ਹੀ ਕਾਫ਼ੀ ਹਨ, ਜਿਹੜੀਆਂ ਕਿਸੇ ਵੀ ਰੂਪ 'ਚ ਵਰਕਰਾਂ ਦੇ ਪੱਖ 'ਚ ਨਹੀਂ ਹਨ। ਉਬਰ ਦੀਆਂ ਸ਼ਰਤਾਂ ਤੇ ਇਕਰਾਰ ਦਰਸਾਉਂਦੇ ਹਨ-"ਡਰਾਈਵਰਾਂ ਸਮੇਤ ਬਾਹਰੋਂ ਆ ਕੇ ਤੀਜੀ ਧਿਰ ਦੇ ਤੌਰ 'ਤੇ ਆਜ਼ਾਦਾਨਾ ਤੌਰ 'ਤੇ ਆਪਣੀਆਂ ਸੇਵਾਵਾਂ ਪ੍ਰਦਾਨ ਕਰਨ ਵਾਲੇ ਕਾਮੇ ਕਿਸੇ ਵੀ ਢੰਗ ਨਾਲ ਉਬਰ ਕੰਪਨੀ ਦੇ ਅਸਲੀ ਏਜੰਟ, ਜ਼ਾਹਰਾ ਏਜੰਟ, ਦਿਖਾਵੇ ਦੇ ਏਜੰਟ ਜਾਂ ਮੁਲਾਜ਼ਮ ਨਹੀਂ ਹਨਸ਼.ਉਬਰ ਵੱਲੋਂ ਆਮ ਜਨਤਾ ਦੀ ਸੁਰੱਖਿਆ ਲਈ(ਕਿਸੇ ਵੀ ਸਰਕਾਰੀ ਅਦਾਰੇ ਵੱਲੋਂ ਲਾਜ਼ਮੀ ਕਰਾਰ ਦਿੱਤੇ ਗਏ) ਕੀਤੀਆਂ ਜਾਣ ਵਾਲੀਆਂ ਕੋਸ਼ਿਸ਼ਾਂ, ਕੋਈ ਸਹੂਲਤਾਂ, ਕੋਈ ਅਮਲ, ਕੋਈ ਨੀਤੀ, ਕੋਈ ਮਿਆਰ ਜਾਂ ਅਜਿਹੇ ਹੀ ਕੋਈ ਹੋਰ ਕਦਮ ਤੀਜੀ ਧਿਰ ਦੇ ਤੌਰ 'ਤੇ ਕੰਮ 'ਤੇ ਰੱਖੇ ਡਰਾਈਵਰ ਆਪਣੀ ਮੁਲਾਜ਼ਮਤ ਹੋਣ ਵਜੋਂ ਕੋਈ ਦਾਅਵਾ ਨਹੀਂ ਬਣਦੇ, ਉਹ ਕੋਈ ਹਕੀਕੀ ਅਜੰਸੀ ਨਹੀਂ ਬਣ ਜਾਂਦੇ, ਉਹ ਕੋਈ ਜ਼ਾਹਰਾ ਅਜੰਸੀ ਨਹੀਂ ਬਣਦੇ ਜਾਂ ਸਿਰਫ ਅਜੰਸੀ ਹੋਣ ਦਾ ਪ੍ਰਪੰਚ ਨਹੀਂ ਬਣ ਜਾਂਦੇ।"

(ਉਬਰ ਐਪ 'ਚ "ਲੀਗਲ" ਉਨਮਾਨ ਤਹਿਤ ਦਰਜ ਬੰਨ੍ਹਣ ਤੇ ਸ਼ਰਤਾਂ 'ਚ ਦਰਜ; 9 ਦਸੰਬਰ2021)

ਇਓਂ ਹੀ ਹੋਰ ਸ਼ਰਤਾਂ ਵੀ ਕਿਸੇ ਕਿਸਮ ਦਾ ਭੁਲੇਖਾ ਨਹੀਂ ਰਹਿਣ ਦਿੰਦੀਆਂ ਕਿ ਇਹ ਕੰਪਨੀਆਂ ਆਪਣੇ ਮਾਤਹਿਤ ਕੰਮ ਕਰਨ ਵਾਲੇ ਵਰਕਰਾਂ ਨੂੰ ਕਿਸ ਨਜ਼ਰ ਨਾਲ ਦੇਖਦੀਆਂ ਹਨ-"ਟਾਸਕਰਜ਼ (ਟਾਸਕ ਭਾਵ ਕਾਰਜ, ਕੰਮ ਕਰਨ ਵਾਲੇ ਕਾਮੇ) ਆਜ਼ਾਦਾਨਾ ਠੇਕੇਦਾਰ ਹਨ ਅਤੇ ਉਹ ਕੰਪਨੀ ਦੇ ਮੁਲਾਜ਼ਮ ਨਹੀਂ ਹਨ। ਕੰਪਨੀ ਕੋਈ ਕਾਰਜ ਨਹੀਂ ਕਰਦੀ ਅਤੇ ਨਾ ਹੀ ਕਿਸੇ ਕਾਰਜ ਨੂੰ ਕਰਨ ਲਈ ਕੋਈ ਮੁਲਾਜ਼ਮ ਭਰਤੀ ਕਰਦੀ ਹੈ। ਇਸ ਐਪ ਦੇ ਵਰਤੋਂਕਾਰ ਇਸ ਗੱਲ ਨੂੰ ਤਹਿ ਮੰਨ ਕੇ ਚੱਲਦੇ ਹਨ ਕਿ ਕੰਪਨੀ ਕਿਸੇ ਵੀ ਟਾਸਕਰ ਦੀ ਨਿਗਰਾਨੀ ਨਹੀਂ ਕਰਦੀ, ਉਹਨੂੰ ਹਦਾਇਤ ਨਹੀਂ ਦਿੰਦੀ, ਉਹਦੇ ਵੱਲੋਂ ਕੀਤੇ ਜਾਣ ਵਾਲੇ ਕਾਰਜ (ਟਾਸਕ) ਨੂੰ ਕੰਟਰੋਲ ਜਾਂ ਉਹਦੀ ਨਿਗਰਾਨੀ ਨਹੀਂ ਕਰਦੀ, ਅਤੇ ਉਹਨਾਂ ਟਾਸਕਰਾਂ ਵੱਲੋਂ ਕੀਤੇ ਜਾਣ ਵਾਲੇ ਕਿਸੇ ਕਾਰਜ ਜਾਂ ਟਾਸਕ ਲਈ ਜ਼ੁੰਮੇਵਾਰ ਨਹੀਂ ਹੈ।"

(ਟਾਸਕ ਰੈਬਿਟ, ਕੰਮ ਦੀਆਂ ਸ਼ਰਤਾਂ, 1 ਜੂਨ 2017, Prassal 2018)

ਅਜਿਹੀਆਂ ਹਾਲਤਾਂ ਦੇ ਮੱਦੇ ਨਜ਼ਰ ਅਸੀਂ ਦੇਖ ਸਕਦੇ ਹਾਂ ਕਿ 'ਗਿੱਗ' ਅਰਥਚਾਰੇ 'ਚ ਲੱਗੇ ਇਹਨਾਂ ਵਰਕਰਾਂ ਦੀਆਂ ਹਾਲਤਾਂ 19ਵੀਂ ਸਦੀ ਦੇ ਮੁੱਢ 'ਚ ਸਰਮਾਏਦਾਰੀ ਦੇ ਉਠਾਣ ਦੇ ਸਮਿਆਂ ਵਾਲੇ ਕਿਰਤੀਆਂ ਦੀਆਂ ਨਰਕੀ ਹਾਲਤਾਂ ਤੋਂ ਵੀ ਬਦਤਰ ਹਨ। ਸਰਮਾਏਦਾਰੀ ਉਦੋਂ ਉਭਾਰ 'ਚ ਸੀ ਅਤੇ ਮਜ਼ਦੂਰ ਜਮਾਤ ਦੀ ਲਹਿਰ ਅਜੇ ਬਾਲ ਅਵਸਥਾ 'ਚ ਸੀ ਪਰ ਅੱਜ 21ਵੀਂ ਸਦੀ 'ਚ ਮਜ਼ਦੂਰ ਜਮਾਤ ਵੱਲੋਂ ਆਪਣੀਆਂ ਲਾਸਾਨੀ ਕੁਰਬਾਨੀਆਂ ਨਾਲ ਜਿੱਤੀਆਂ ਜਿੱਤਾਂ 'ਤੇ ਛਾਪੇ ਮਾਰਕੇ ਉਹਨਾਂ ਨੂੰ ਮੁੜ ਤੋਂ ਨਰਕੀ ਹਾਲਤਾਂ 'ਚ ਧੱਕਿਆ ਜਾ ਰਿਹਾ ਹੈ।

ਮਜ਼ਦੂਰ ਜਮਾਤ ਦੇ ਏਕੇ ਮੂਹਰੇ ਸਰਮਾਏਦਾਰਾਂ ਦੀ ਇਹ ਮਜਬੂਰੀ ਬਣ ਜਾਂਦੀ ਹੈ ਕਿ ਉਹ ਮਜ਼ਦੂਰਾਂ ਦੀਆਂ ਹੱਕੀ ਮੰਗਾਂ ਮੰਨੇ। ਲੰਮੇ ਆਲਮੀ ਸੰਘਰਸ਼ ਅਤੇ ਲਾਸਾਨੀ ਕੁਰਬਾਨੀਆਂ ਬਦੌਲਤ ਅੱਠ ਘੰਟੇ ਦੀ ਦਿਹਾੜੀ ਸਮੇਤ ਹੋਰ ਅਨੇਕਾਂ ਹੱਕ ਮਜ਼ਦੂਰ ਜਮਾਤ ਮਾਣ ਰਹੀ ਹੈ। ਪਰ ਮੁਨਾਫ਼ੇ ਨਾਲ ਬੱਝੀ ਸਰਮਾਏਦਾਰੀ ਮਜ਼ਦੂਰ ਜਮਾਤ ਨੂੰ ਮਜ਼ਬੂਰੀ ਵੱਸ ਦਿੱਤੀਆਂ ਅਜਿਹੀਆਂ ਛੋਟਾਂ ਨੂੰ ਆਪਣੀ ਹਕੂਮਤ ਲਈ ਵੰਗਾਰ ਵਜੋਂ ਲੈਂਦੀ ਹੈ ਅਤੇ ਉਹਦੀ ਕੋਸ਼ਿਸ਼ ਹਰ ਹੀਲੇ ਇਹਨਾਂ ਅਧਿਕਾਰਾਂ ਨੂੰ ਕੁਚਲਕੇ ਆਪਣਾ ਏਕਾਅਧਿਕਾਰ (ਚੌਧਰ) ਸਥਾਪਤ ਕਰਨ ਦੀ ਰਹਿੰਦੀ ਹੈ। ਜਿਥੇ ਕਿਤੇ ਮਜ਼ਦੂਰ ਜਮਾਤ ਦੇ ਏਕੇ ਦੀ ਕੜੀ ਕਮਜ਼ੋਰ ਹੁੰਦੀ ਹੈ ਜਾਂ ਪੈ ਜਾਂਦੀ ਹੈ ਉੱਥੇ ਹੀ ਸਰਮਾਏਦਾਰੀ ਆਪਣਾ ਹਮਲਾ ਕਰਨੋ ਨਹੀਂ ਉੱਕਦੀ। ਅਜਿਹਾ ਹੀ ਹੋ ਰਿਹਾ ਹੈ- ਸਾਡੇ ਇਹਨਾ 'ਗਿੱਗ' ਕਾਮਿਆਂ ਨਾਲ।

**ਇਸ ਅਰਥਚਾਰੇ ਦੀਆਂ ਆਲਮੀ ਤੰਦਾਂ** : ਅਜਿਹਾ ਵਰਤਾਰਾ ਕਿਸੇ ਇੱਕਾ-ਦੁੱਕਾ ਕੰਪਨੀਆਂ ਤੱਕ ਹੀ ਸੀਮਤ ਨਹੀਂ ਹੈ। ਆਲਮੀ ਪੱਧਰ 'ਤੇ ਨਿਗਾਹ ਮਾਰਨ ਨਾਲ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਸਾਮਰਾਜਵਾਦ ਵੱਲੋਂ ਅਤੇ ਆਲਮੀ ਬੈਂਕ (ਵਰਲਡ ਬੈਂਕ) ਤੇ ਆਲਮੀ ਵਿੱਤੀ ਫੰਡ (ਆਈਐਮਐਫ) ਦੇ ਇਸ਼ਾਰਿਆਂ 'ਤੇ ਅਪਣਾਈਆਂ ਗਈਆਂ ਨਵ-ਉਦਾਰਵਾਦੀ ਨੀਤੀਆਂ ਤਹਿਤ ਦੁਨੀਆਂ ਭਰ ਦੀਆਂ ਸਰਕਾਰਾਂ ਮਜ਼ਦੂਰ ਜਮਾਤ ਦੀਆਂ ਜਿੱਤਾਂ ਮਨਫ਼ੀ ਕਰ ਰਹੀਆਂ ਹਨ। ਉਹਨਾਂ ਦੇ ਹੱਕ ਖੋਹਕੇ ਉਹਨਾਂ ਦੀ ਵਧੇਰੇ ਰੱਤ ਨਿਚੋੜਨ ਵਾਲੇ ਕਾਲੇ ਕਾਨੂੰਨ ਘੜ ਰਹੀਆਂ ਹਨ। ਮੋਦੀ ਦੀ ਅਗਵਾਈ ਹੇਠਲੀ ਭਾਜਪਾ ਹਕੂਮਤ ਵੱਲੋਂ ਕਿਰਤ ਕਾਨੂੰਨਾਂ ਦੀ ਥਾਂ 'ਤੇ ਚਾਰ ਲੇਬਰ ਕੋਡਾਂ ਨੂੰ ਲਿਆਉਣਾ ਵੀ ਅਜਿਹੀ ਹੀ ਸਾਜ਼ਸ਼ ਹੈ- ਮਜ਼ਦੂਰ ਜਮਾਤ ਨੂੰ ਉਹਦੇ ਵੱਲੋਂ ਜਿੱਤੇ ਅਧਿਕਾਰਾਂ ਤੋਂ ਵੰਚਿਤ ਕਰਨ ਦੀ।

ਨਵਉਦਾਰਵਾਦੀ ਨੀਤੀਆਂ ਤਹਿਤ ਸਰਕਾਰੀ ਖੇਤਰ ਦੇ ਅਦਾਰੇ ਖਤਮ ਕਰਕੇ ਨਿੱਜੀ ਕਾਰਪੋਰਟਾਂ ਨੂੰ ਸੌਂਪੇ ਜਾ ਰਹੇ ਹਨ। ਨਿੱਜੀਕਰਨ ਦੇ ਨਾਂ ਹੇਠ ਕਾਮਿਆਂ ਅਤੇ ਮੁਲਾਜ਼ਮਾਂ ਦੀ ਗਿਣਤੀ 'ਚ ਵੱਡੀ ਕਟੌਤੀ ਕੀਤੀ ਜਾ ਰਹੀ ਹੈ। ਰੁਜ਼ਗਾਰ ਦੇ ਨਵੇਂ ਮੌਕੇ ਪੈਦਾ ਨਹੀਂ ਕੀਤੇ ਜਾ ਰਹੇ। ਜਿਸ ਕਰਕੇ ਪਹਿਲਾਂ ਹੀ ਬੇਰੁਜ਼ਗਾਰੀ ਦਾ ਸੰਤਾਪ ਹੰਢਾ ਰਹੀ ਲੋਕਾਈ ਤੋਂ ਕੰਮਕਾਰ ਦੇ ਨਸੀਬ ਹੋਣ ਵਾਲੇ ਨਿਗੂਣੇ ਮੌਕੇ ਵੀ ਖੋਹੇ ਜਾ ਰਹੇ ਹਨ।

**'ਗਿੱਗ' ਕਾਮਿਆਂ ਦੀ ਤਰਜ਼-ਏ-ਜ਼ਿੰਦਗੀ** : ਇਹ ਵਰਕਰ 'ਗਿੱਗ' ਅਰਥਚਾਰੇ 'ਚ ਫਿੱਟ ਹੋਣ ਵਾਲੀਆਂ ਲੋੜੀਂਦੀਆ ਸਾਰੀਆਂ ਵਸਤਾਂ- ਮੋਟਰ ਸਾਈਕਲ, ਬਾਈਕ, ਕਾਰ ਆਦਿ ਆਪਣੇ ਹੀ ਬਲਬੂਤੇ ਅਤੇ ਆਪਣੇ ਪੱਲਿਓਂ ਪੈਸੇ ਖਰਚ ਕੇ ਇਸ ਕਾਰੋਬਾਰੀ ਮਾਡਲ 'ਚ ਫਿੱਟ ਹੁੰਦੇ ਹਨ। ਇਹਨਾਂ ਵਹੀਕਲਜ਼ ਦਾ ਰੱਖ-ਰਖਾਅ ਵੀ ਉਹ ਆਪਣੇ ਪੱਲਿਓਂ ਕਰਦੇ ਹਨ। ਇਹਨਾਂ ਕਾਮਿਆਂ ਦੇ ਕੰਮ ਕਰਨ ਦੇ ਕੋਈ ਘੰਟੇ ਮੁਕੱਰਰ ਨਹੀਂ ਹਨ। ਅਜਿਹਾ ਕਰਨ ਨਾਲ ਉਹਨਾਂ ਨੂੰ ਆਪਣੀ ਸਿਹਤ ਦੀ ਕੀਮਤ ਤਾਰਨੀ ਪੈਂਦੀ ਹੈ ਜੀਹਦਾ ਖਰਚਾ ਵੀ ਉਹਨਾਂ ਨੂੰ ਆਪਣੀ ਜੇਬ 'ਚੋਂ ਹੀ ਕਰਨਾ ਪੈਂਦਾ ਹੈ।

ਕਹਿਣ ਨੂੰ ਤਾਂ ਭਾਵੇਂ ਇਹ ਆਜ਼ਾਦਾਨਾ ਕੰਮ ਕਰਨ ਵਾਲੇ ਵਰਕਰ(ਫਰੀਲਾਂਸਰ) ਹਨ ਪਰ ਇਹ ਲਗਾਤਾਰਤਾ ਨਾਲ ਹੀ ਕੰਪਨੀ ਦੀ ਨਿਗਾਹਬਾਨੀ ਹੇਠ ਹੁੰਦੇ ਹਨ ਅਤੇ ਨਾਲ ਹੀ ਆਪਣੇ ਆਕਾਵਾਂ ਦੇ ਹੁਕਮ ਵਜ੍ਹਾ ਫਰਮਾਉਂਦੇ ਹਨ ਅਤੇ ਉੱਤੋਂ ਡਿਜ਼ੀਟਲ ਪਲੇਟਫਾਰਮ ਲਗਾਤਾਰ ਉਹਨਾਂ ਦੀ ਪੈੜ ਨੱਪਦਾ ਰਹਿੰਦਾ ਹੈ। ਯਾਨੀ ਉਹਨਾਂ ਨੂੰ ਇੱਕ ਵਾਰੀ ਕੰਪਨੀ ਵੱਲੋਂ ਐਕਟੀਵੇਟ ਕੀਤੇ ਜਾਣ ਬਾਅਦ ਬੇਰੋਕ ਰੂਪ 'ਚ ਐਕਟਿਵ ਰਹਿਣਾ ਪੈਂਦਾ ਹੈ। ਅਗਰ ਕਿਸੇ ਕਾਰਨ ਉਹ ਅਜਿਹਾ ਨਹੀਂ ਕਰਦੇ ਤਾ ਡੀਐਕਟੀਵੇਟ (ਡਿਜ਼ੀਟਲ ਪਲੇਟਫਾਰਮ 'ਚੋਂ ਹੀ ਬਾਹਰ ਕੱਢ ਦਿੱਤੇ ਜਾਣ) ਕੀਤੇ ਜਾਣ ਦਾ ਭੈਅ ਹਰ ਪਲ ਸਤਾਉਂਦਾ ਰਹਿੰਦਾ ਹੈ।

ਇੱਕ ਰਿਪੋਰਟ ਤਿਆਰ ਕਰਨ ਲਈ ਪੀਯੂਡੀਆਰ ਵੱਲੋਂ ਕੀਤੀ ਗਈ ਗੱਲਬਾਤ

ਦੌਰਾਨ ਇੱਕ ਸਵਿੱਗੀ ਕਾਮੇ ਦਾ ਕਹਿਣਾ ਸੀ ਕਿ ਉਹਨੂੰ ਡਿਲਵਰੀ ਲੈਣ ਲਈ ਕਈ ਵਾਰੀ 4-4 ਘੰਟੇ ਦੀ ਉਡੀਕ ਕਰਨੀ ਪੈਂਦੀ ਹੈ। ਉਸ ਮੁਤਾਬਕ ਉਹਨੂੰ ਡਿਲਵਰੀ ਲਈ ਤਰਜੀਹੀ ਰੂਪ 'ਚ ਡਿਲਵਰੀ ਬੁਆਏ ਟਿੱਕਣ ਲਈ ਵਰਤੇ ਜਾਂਦੇ ਐਲਗੋਰਿਥਮ (ਗਣਿਤ ਫਾਰਮੂਲਿਆਂ) ਦੀ ਸਮਝ ਨਹੀਂ ਪਈ। ਉਹ ਉਡੀਕਦਾ ਰਹਿ ਜਾਂਦਾ ਹੈ ਜਦਕਿ ਉਹਦੇ ਨਾਲ ਦਾ ਹੀ ਕੋਈ ਹੋਰ ਕਾਮਾ ਲਗਾਤਾਰ ਡਿਲਵਰੀਆਂ ਚੁੱਕ ਰਿਹਾ ਹੁੰਦਾ ਹੈ। ਉਧਰ ਇੱਕ ਕੈਬ ਡਰਾਇਵਰ ਨੇ ਦੱਸਿਆ ਕਿ ਉਹਨੂੰ ਕਈ ਵਾਰੀ ਕਿਸੇ ਅਸਲ ਟਿਕਾਣੇ ਤੋਂ ਸਵਾਰੀ ਚੁੱਕਣ ਦੀ ਇਤਲਾਹ (ਯਾਨੀ ਬੁੱਕਿੰਗ) ਲਈ 2 ਘੰਟੇ ਤੱਕ ਉਡੀਕ ਕਰਨੀ ਪੈਂਦੀ ਹੈ। ਇਹ ਗੱਲ ਸਾਫ਼ ਹੀ ਹੈ ਕਿ ਕੰਪਨੀਆਂ ਇੰਤਜ਼ਾਰ ਦੇ ਇਸ ਲੰਮੇ ਅਰਸਿਆਂ ਲਈ ਕੋਈ ਭੁਗਤਾਨ ਨਹੀਂ ਕਰਦੀਆਂ।

ਉਬਰ ਨਾਲ ਕੰਮ ਕਰਦੇ ਕੈਬ ਡਰਾਇਵਰ ਹਰ ਮਹੀਨੇ ਔਸਤਨ 25000-30000 ਰੁਪਏ ਕਮਾਉਂਦੇ ਹਨ ਜਦ ਕਿ ਜ਼ੋਮੈਟੋ ਤੇ ਸਵਿੱਗੀ 'ਚ ਡਿਲਵਰੀ ਬੁਆਏ 14-15 ਹਜ਼ਾਰ ਮਹੀਨਾ ਕਮਾਉਂਦੇ ਹਨ। ਇੱਕ ਸਰਵੇ ਮੁਤਾਬਕ ਕਰੋਨਾ ਕਾਲ ਤੋਂ ਪਹਿਲਾਂ ਇੱਕ ਕਾਮਾ ਔਸਤਨ 25000ਰੁਪੈ ਮਹੀਨਾ ਕਮਾ ਲੈਂਦਾ ਸੀ ਪਰ ਅਗਸਤ 2020 ਤੱਕ ਔਸਤ ਘਟਕੇ 15000 ਰੁਪਏ ਮਹੀਨਾ 'ਤੇ ਆ ਗਈ। ਤੀਜਾ ਹਿੱਸਾ ਕਾਮਿਆਂ ਨੂੰ ਦਿਹਾੜੀ 'ਚ 150 ਰੁਪਏ ਹੀ ਨਸੀਬ ਹੁੰਦੇ ਹਨ। ਅਜਿਹੀ ਨੌਬਤ ਆਉਣ 'ਤੇ ਵੀ ਉਹਨਾਂ ਨੇ ਕਿਵੇਂ ਨਾ ਕਿਵੇਂ ਆਪਣੀ ਜ਼ਿੰਦਗੀ ਦੀ ਤੋਰ ਚਲਾਈ ਰੱਖੀ। 44 ਫੀਸਦੀ ਨੇ ਉਧਾਰ ਪੈਸੇ ਫੜੇ, ਜਦਕਿ 45 ਫੀਸਦੀ ਨੇ ਆਪਣੇ ਜਰੂਰੀ ਖਰਚਿਆਂ 'ਚ ਕਟੌਤੀ ਕੀਤੀ ਅਤੇ 83 ਫੀਸਦੀ ਨੇ ਆਪਣੀ ਸਾਰੀ ਬੱਚਤ ਖਰਚ ਦਿੱਤੀ। ਕੈਬ ਡਰਾਇਵਰਾਂ ਨੇ ਅੱਗੇ ਦੱਸਿਆ ਕਿ 500-600 ਦਿਹਾੜੀ ਦੇ ਹਿਸਾਬ ਨਾਲ ਕਾਰ ਦਾ ਕਿਰਾਇਆ ਅਦਾ ਕਰਕੇ ਉਹਨਾਂ ਕੋਲ ਮਸਾਂ 15000 ਰੁਪਏ ਮਹੀਨਾ ਹੀ ਬਚਦੇ ਸਨ। ਐਦੂੰ ਅੱਗੇ ਇਹ ਕਿ 'ਗਿਗ' ਵਰਕਰਾਂ ਨੂੰ ਇਹ ਨਹੀਂ ਪਤਾ ਹੁੰਦਾ ਕਿ ਗਾਹਕ ਵੱਲੋਂ ਅਦਾ ਕੀਤੇ ਪੈਸਿਆਂ 'ਚੋਂ ਕੰਪਨੀ ਕਿੰਨੇ ਪੈਸੇ ਕੱਟੂਗੀ। ਆਪਣਾ ਇੱਕ ਤਜੱਰਬਾ ਸਾਂਝਾਂ ਕਰਦਾ ਉਬਰ ਡਰਾਇਵਰ ਦੱਸਦਾ ਹੈ ਕਿ 437ਰੁਪੈ 'ਚ 3.2 ਕਿਲੋਮੀਟਰ ਦਾ ਪੈਂਡਾ ਤਹਿ ਕਰਕੇ ਉਹਨੇ ਇੱਕ ਗਾਹਕ ਨੂੰ ਉਹਦੇ ਟਿਕਾਣੇ 'ਤੇ ਪਹੁੰਚਾਇਆ, ਪਰ ਉਹਦੇ ਪੱਲੇ ਸਿਰਫ਼ 230 ਰੁਪਏ ਹੀ ਪਏ। ਉਹਨੇ ਕੰਪਨੀ ਤੋਂ ਇਹ ਪੁੱਛਣ ਦੀ ਕੋਸ਼ਿਸ਼ ਕੀਤੀ ਕਿ ਉਸਦੇ ਪੈਸਿਆਂ 'ਚੋਂ ਕਟੌਤੀ ਕਿਸ ਅਧਾਰ 'ਤੇ ਕੀਤੀ ਗਈ ਹੈ, ਪਰ ਉਹਨਾ ਕੋਈ ਜਵਾਬ ਨਹੀਂ ਦਿੱਤਾ।

ਇਹਨਾਂ ਵਰਕਰਾਂ ਦੇ ਕੰਮ ਦੇ ਕੋਈ ਘੰਟੇ ਮੁਕੱਰਰ ਨਹੀਂ ਹਨ। ਭਾਰਤ 'ਚ ਹਰ 'ਗਿੱਗ' ਵਰਕਰ ਔਸਤਨ 12 ਤੋਂ 14 ਘੰਟੇ ਰੋਜ਼ਾਨਾ ਕੰਮ ਕਰਦਾ ਹੈ। ਐਤਵਾਰ ਦੀ ਕੋਈ ਛੁੱਟੀ ਨਾ ਕਰਕੇ ਵੀ ਉਹ ਮਹਿਜ਼ ਆਪਣਾ ਗੁਜ਼ਾਰਾ ਹੀ ਕਰ ਸਕਦੇ ਹਨ। ਸਵਿੱਗੀ ਅਤੇ ਜ਼ੋਮੈਟੋ ਦੇ ਹੋਰ ਵਰਕਰ 19 ਘੰਟਿਆਂ ਲਈ ਵੀ ਕੰਮ ਕਰਦੇ ਹਨ ਉਹ ਵੀ ਬਿਨਾਂ ਕਿਸੇ ਛੁੱਟੀ ਦੇ, ਪਰ ਉਹਨਾ ਪੱਲੇ ਮਹੀਨੇ ਦੇ ਮਹਿਜ਼ 22000 ਰੁ: ਹੀ ਪੈਂਦੇ ਹਨ। ਉਬਰ/ਓਲਾ ਦੇ ਬਹੁਤੇ ਡਰਾਇਵਰ ਦਿਨ ਦੇ ਘੱਟੋ-ਘੱਟ 12 ਘੰਟੇ ਕੰਮ ਕਰਦੇ ਹਨ ਅਤੇ ਉਹ ਵੀ ਬਿਨ-ਨਾਗਾ।

ਵਰਕਰਾਂ ਵੱਲੋਂ ਐਨੇ ਘੰਟੇ ਕੰਮ ਕਰਨ ਦੇ ਬਾਵਜੂਦ ਕੰਪਨੀਆਂ ਕੋਲ ਵਾਫਰ ਮਜ਼ਦੂਰਾਂ ਦਾ ਇੱਕ ਪੂਲ ਤਿਆਰ-ਬਰ-ਤਿਆਰ ਖੜ੍ਹਾ ਹੁੰਦਾ ਹੈ। ਉਹ ਹਰ ਵਕਤ ਹਰ ਹਾਲਤ 'ਚ ਹਰ ਸ਼ਰਤ 'ਤੇ ਕੰਮ ਕਰਨ ਲਈ ਰਾਜ਼ੀ ਹੁੰਦਾ ਹੈ ਅਤੇ ਕੰਪਨੀਆਂ ਨੂੰ ਇੱਕ ਟਕਾ ਵੀ ਅਦਾ ਨਹੀਂ ਕਰਨਾ ਪੈਂਦਾ। ਕਈ ਵਾਰੀ ਇਓਂ ਵੀ ਵਾਪਰਦਾ ਹੈ ਕਿ ਕੋਈ ਗਾਹਕ ਪੂਰਨ ਰੂਪ 'ਚ ਮੁਹੱਈਆਂ ਕੀਤੀ ਸੇਵਾ ਨੂੰ ਠੋਕਰ ਮਾਰ ਦਿੰਦਾ ਹੈ ਕਿ ਆਹ ਤੂੰ ਕੀ ਲਿਆਂਦਾ ਜਾਂ ਇਓਂ ਕਿਓਂ ਲੈ ਕੇ ਆਇਆਂ। ਜਾਂ ਫਿਰ ਵਰਕਰ ਵੱਲੋਂ ਅਦਾ ਕੀਤੀ ਸੇਵਾ ਦਾ ਮਿਆਰ ਘਟਾ ਦਿੰਦਾ ਹੈ (ਜਿਸਨੂੰ ਆਮ ਭਾਸ਼ਾ 'ਚ 'ਰੇਟਿੰਗਜ਼' ਕਿਹਾ ਜਾਂਦਾ ਹੈ)। ਜਾਂ ਨਾਂਹ-ਪੱਖੀ ਟਿੱਪਣੀਆਂ ਕਰਦਾ ਹੈ ਜਾਂ ਕਈ ਵਾਰੀ ਗਾਹਕ ਆਪਣੀ ਬੁਕਿੰਗ ਹੀ ਕੈਂਸਲ ਕਰ ਦਿੰਦਾ ਹੈ ਤਾਂ ਅਜਿਹੀ ਹਾਲਤ 'ਚ ਇਹ ਸਾਰੀ ਸਿਰਦਰਦੀ ਵਰਕਰ ਦੀ ਹੁੰਦੀ ਹੈ ਕਿ ਉਹ ਉਸ ਹਰਜ਼ੇ ਨੂੰ ਝੱਲੇ।

ਕਈ ਹਾਲਤਾਂ 'ਚ ਕੰਪਨੀ ਦਾ ਐਲਗੋਰਿਥਮ ਵੀ ਕਾਮਿਆਂ ਦੇ ਖਿਲਾਫ਼ ਭੁਗਤਦਾ ਹੈ। ਕੰਪਨੀਆਂ ਆਪਣੇ ਗਾਹਕ ਨੂੰ ਆਪਣੇ ਨਾਲ ਬਣਾਈ ਰੱਖਣ ਲਈ ਉਸ ਨੂੰ ਘੱਟ ਵੇਟਿੰਗ ਟਾਈਮ (ਇਤਜ਼ਾਰ ਦੀਆਂ ਘੜੀਆਂ) ਦਿਖਾਉਣ ਦੇ ਚੱਕਰ 'ਚ ਕਿਸੇ ਡਰਾਈਵਰ ਨੂੰ ਬੁੱਕ ਕਰ ਦਿੰਦੀਆਂ ਹਨ ਜਦ ਕਿ ਉਹ ਪਹਿਲਾਂ ਹੀ ਕਿਸੇ ਗਾਹਕ ਨੂੰ ਉਸਦੇ ਠਿਕਾਣੇ 'ਤੇ ਪਹੁੰਚਾਉਣ ਦੇ ਮਾਰਗ 'ਤੇ ਹੁੰਦਾ ਹੈ, ਕਿਉਂਕਿ ਉਸ ਡਰਾਈਵਰ ਦੀ ਲੋਕੇਸ਼ਨ ਨਵੀਂ ਬੁਕਿੰਗ ਵਾਲੀ ਸਵਾਰੀ ਦੇ ਨੇੜ-ਤੇੜ ਹੀ ਦੀਂਹਦੀ ਹੁੰਦੀ ਹੈ। ਹੋ ਸਕਦਾ ਉਸ ਸਮੇਂ ਉਹ ਡਰਾਇਵਰ ਨਵੀਂ ਸਵਾਰੀ ਦੇ ਘਰ ਦੇ ਕੋਲੋਂ ਦੀ ਹੀ ਲੰਘ ਰਿਹਾ ਹੋਵੇ। ਪਰ ਡਰਾਇਵਰ ਨੇ ਤਾਂ ਪਹਿਲਾਂ ਵਾਲੀ ਸਵਾਰੀ ਨੂੰ ਹੀ ਪਹਿਲਾਂ ਉਸਦੀ ਮੰਜ਼ਲ 'ਤੇ ਪਹੁੰਚਾਉਣਾ ਹੈ ਅਤੇ ਉਸਨੂੰ ਮੁੜ ਪਹਿਲਾਂ ਲੋਕੇਸ਼ਨ ਵਾਲੀ ਥਾਂ 'ਤੇ ਆਉਣ ਲਈ ਟਾਈਮ ਤਾਂ ਲੱਗੇਗਾ ਹੀ। ਇਸ ਚੱਕਰ 'ਚ ਨਵੀਂ ਸਵਾਰੀ ਨੂੰ ਕੈਬ ਦੇ ਪਹੁੰਚਣ ਲਈ ਦਿਖਾਇਆ ਟਾਈਮ ਵਧ ਜਾਂਦਾ ਹੈ। ਅਜਿਹੀ ਹਾਲਤ 'ਚ ਅਕਸਰ ਹੀ ਸਵਾਰੀ ਆਪਣੀ ਬੁਕਿੰਗ ਕੈਂਸਲ ਕਰ ਦਿੰਦੀ ਹੈ। ਅਤੇ ਅਜਿਹਾ ਵਾਪਰਣ ਦਾ ਠੀਕਰਾ ਕੈਬ ਡਰਾਇਵਰ ਸਿਰ ਭੰਨ ਦਿੱਤਾ ਜਾਂਦਾ ਹੈ ਅਤੇ ਉਲਟਾ ਜੁਰਮਾਨੇ ਦੇ ਰੂਪ 'ਚ ਡਰਾਇਵਰ ਦੇ ਖਾਤੇ 'ਚੋਂ 200 ਰੁਪਏ ਗਾਇਬ ਹੋ ਜਾਂਦੇ ਹਨ।

**'ਆਜ਼ਾਦ ਕਾਰੋਬਾਰੀ'**

ਆਪਣਾ ਆਜ਼ਾਦ ਕਾਰੋਬਾਰ ਕਰਨ ਵਾਲੇ (ਕੰਪਿਊਟਰ ਪ੍ਰੋਫੈਸ਼ਨਲ, ਸਿਹਤ ਸਲਾਹਕਾਰ, ਮਨੋਵਿਗਿਆਨਕ ਸਲਾਹਕਾਰ, ਮੋਟੀਵੇਸ਼ਨਲ ਸਲਾਹਕਾਰ/ਬੁਲਾਰੇ ਆਦਿ ਅਜਿਹੇ ਅਨੇਕਾਂ ਕਿਸਮ ਦੇ ਪ੍ਰੋਫੈਸ਼ਨਲ) ਨਾਲੋਂ 'ਗਿਗ' ਅਰਥਚਾਰੇ ਦੇ ਉਪਰ ਵਰਨਣ ਕੀਤੇ ਵਰਕਰ ਇਸ ਗੱਲੋਂ ਭਿੰਨ ਹਨ ਕਿ ਜਿੱਥੇ ਉਪਰੋਕਤ ਪ੍ਰੋਫੈਸ਼ਨਲ ਆਪਣੀ ਮੂੰਹ-ਮੰਗੀ ਫੀਸ ਮੰਗਦੇ ਹਨ, ਪਰ ਕੈਬ ਡਰਾਇਵਰ ਦੀ ਐਸੀ ਹਸਤੀ/ਔਕਾਤ ਨਹੀਂ ਕਿ ਉਹ ਗਾਹਕ ਤੋਂ ਆਪਣੀ ਮਰਜ਼ੀ ਦਾ ਕਿਰਾਇਆ ਮੰਗ ਲੈਣ, ਕੰਪਨੀ ਹੀ ਇਸ ਸਾਰੇ ਕੁੱਝ ਦਾ ਨਿਰਣਾ ਕਰਦੀ ਹੈ। ਕੰਪਨੀਆਂ ਦੀਆਂ ਸ਼ਰਤਾਂ ਮੁਜ਼ਬ ਇਹਨਾਂ ਵਰਕਰਾਂ ਨੂੰ ਕੰਮ ਕਰਨਾ ਪੈਂਦਾ ਹੈ- ਵਰਨਾ ਉਹਨਾਂ ਦੀ ਕੰਪਨੀ ਦੇ ਡੈਟਾ ਬੇਸ 'ਚੋਂ ਸਫ਼ਾਈ ਕਰ ਦਿੱਤੀ ਜਾਂਦੀ ਹੈ। ਸਵਿੱਗੀ/ ਜੋਮੈਟੋ ਵਰਗੀਆਂ ਕੰਪਨੀਆਂ ਇਹ ਯਕੀਨੀ ਬਣਾਉਂਦੀਆਂ ਹਨ ਕਿ ਉਹਨਾ ਦੇ ਡੈਟਾਬੇਸ ਵਾਲਾ ਵਰਕਰ ਆਪਣੀਆਂ ਪਹਿਲੀਆਂ 100 ਡਲਿਵਰੀਆਂ ਬਿਨ੍ਹਾ ਕਿਸੇ ਸ਼ਿਕਾਇਤ ਦੇ ਪੂਰੀਆਂ ਕਰੇ ਨਹੀਂ ਤਾਂ ਉਹਦੇ ਰਿਕਾਰਡ 'ਚ 'ਬਲੈਕ' ਐਂਟਰੀ ਕਰ ਦਿੱਤੀ ਜਾਂਦੀ ਹੈ। ਕੰਪਨੀਆਂ ਅਤੇ ਵਰਕਰਾਂ ਦਰਮਿਆਨ ਹੋਏ ਸਮਝੌਤਿਆਂ ਅੰਦਰ ਵੀ ਅਜਿਹੀਆਂ ਮੱਦਾਂ ਸ਼ਾਮਲ ਹਨ ਕਿ ਵਰਕਰ ਸਿੱਧੇ ਰੂਪ 'ਚ ਗਾਹਕਾਂ ਨਾਲ ਕੋਈ ਲੈਣ ਦੇਣ ਨਹੀਂ ਕਰੇਗਾ। ਇਹਨਾਂ ਨੂੰ ਆਪਣੇ ਵੱਲੋਂ ਰੋਜ਼ਾਨਾ ਦੇ ਹਿਸਾਬ ਨਾਲ ਲਾਉਣ ਵਾਲੇ ਫੇਰੇ ਮਿਥਣ ਦੀ ਆਜ਼ਾਦੀ ਵੀ ਨਹੀਂ ਹੈ। ਨਾ ਹੀ ਕੰਮ ਦੇ ਘੰਟੇ ਮਿਥਣ ਦੀ। ਰਹੀ ਗੱਲ ਕਿਉਂਕਿ ਇਹ ਵਰਕਰਾਂ ਦੀ ਸ਼੍ਰੇਣੀ 'ਚ ਨਹੀਂ ਗਿਣੇ ਜਾਂਦੇ- ਇਸ ਲਈ ਉਹਨਾਂ ਸਾਹਮਣੇ ਆਪਣੀਆਂ ਸ਼ਿਕਾਇਤਾਂ ਨੂੰ ਕਿਸੇ ਸਬੰਧਤ ਅਦਾਰੇ ਨੂੰ ਮੁਖਾਤਬ ਹੋਣ ਦੇ ਰਾਹ ਵੀ ਬੰਦ ਹਨ। ਉਹਨਾਂ ਬਾਰੇ ਤਾਂ ਇਹੀ ਸਮਝਿਆ ਜਾਂਦਾ ਹੈ ਕਿ "ਸਵਾਰੀ ਆਪਣੇ ਸਾਮਾਨ ਦੀ ਆਪ ਜ਼ੁੰਮੇਵਾਰ ਹੈ"।

**ਵਰਕਰਾਂ ਨੂੰ ਦਰਪੇਸ਼ ਖਤਰੇ**

ਕਾਮਿਆਂ ਨੂੰ ਆਪਣੀਆਂ ਕਾਰਾਂ/ਬਾਈਕਸ ਆਦਿ ਦੀ ਸਾਂਭ-ਸੰਭਾਲ ਕਰਨ ਦੀ ਹੀ ਜ਼ੁੰਮੇਵਾਰੀ ਨਹੀਂ ਹੈ, ਸਗੋਂ ਉਹਨਾਂ ਨੂੰ ਸੌਂਪੇ ਗਏ ਕਾਰਜ ਨੂੰ ਸਮੇਂ ਸਿਰ ਨਿਪਟਾਉਣ ਦੀ ਜ਼ੁੰਮੇਵਾਰੀ ਵੀ ਹੁੰਦੀ ਹੈ ਜਿਹੜੀ ਉਹਨਾਂ ਨੂੰ ਟਿਕਾਣੇ 'ਤੇ ਅੱਪੜਣ ਲਈ ਕਾਹਲੀ ਕਰਨ ਵੱਲ ਲੈ ਜਾਂਦੀ ਹੈ ਅਤੇ ਕਾਹਲੀ 'ਚ ਉਹ ਕਈ ਹਾਲਤਾਂ 'ਚ ਟਰੈਫਿਕ ਨਿਯਮਾਂ ਦੀ ਅਣਦੇਖੀ ਕਰਦਿਆਂ ਉਲੰਘਣਾ ਕਰ ਬੈਠਦੇ ਹਨ। ਨਤੀਜੇ ਵਜੋਂ ਉਹਨਾਂ ਨੂੰ ਆਪਣੀ ਜੇਬ ਚੋਂ ਹੀ ਜੁਰਮਾਨੇ ਭਰਨੇ ਪੈਂਦੇ ਹਨ। ਕੰਪਨੀ ਉਹਨਾਂ ਦੇ ਕੰਮ-ਕਾਰ ਨਾਲ ਜੁੜੇ ਇਸ ਕਿਸਮ ਦੇ ਖਰਚੇ ਤਾਰਨ ਦੀ ਕੋਈ ਜ਼ੁੰਮੇਵਾਰੀ ਨਹੀਂ ਓਟਦੀ। ਐਥੋਂ ਤੱਕ ਕੇ ਆਪਣੀ ਡਿਊਟੀ ਦੌਰਾਨ ਗੰਭੀਰ ਸੱਟ ਲੱਗਣ ਜਾਂ ਮੌਤ ਹੋ ਜਾਂਣ ਦੀ ਸੂਰਤ 'ਚ ਵੀ ਕੰਪਨੀ ਬਹੁਤ ਨਿਗੂਣਾ ਜਿਹਾ ਮੁਆਵਜ਼ਾ ਦੇ ਕੇ ਹੀ ਡੰਗ ਸਾਰ ਦਿੰਦੀ ਹੈ। ਜੇਕਰ ਕੋਈ ਗਾਹਕ ਸਰਵਿਸ ਪ੍ਰੋਵਾਈਡਰ ਨਾਲ ਕੋਈ ਬਦਸਲੂਕੀ ਕਰਦਾ ਹੈ ਤਾਂ ਵੀ ਸਾਰੇ ਦਾ ਸਾਰਾ ਹਰਜ਼ਾ ਇਹਨਾਂ ਕਾਮਿਆਂ ਨੂੰ ਆਪ ਹੀ ਝੱਲਣਾ ਪੈਂਦਾ ਹੈ। ਮਿਸਾਲ ਵਜੋਂ ਕਈ ਵਾਰੀ ਗਾਹਕ ਆਪਣੇ ਟਿਕਾਣੇ ਪਹੁੰਚ ਕੇ ਡਰਾਈਵਰ ਨੂੰ ਪੈਸੇ ਅਦਾ ਨਹੀਂ ਕਰਦਾ ਤਾਂ ਵੀ ਕੰਪਨੀ ਅਜਿਹੇ ਮਸਲੇ ਵਿੱਚ ਦਖਲ-ਅੰਦਾਜ਼ੀ ਕਰਨ ਤੋਂ ਕੋਰਾ ਜਵਾਬ ਦੇ ਦਿੰਦੀ ਹੈ।

**ਵਿਰੋਧ ਦੇ ਸੁਰਾਂ ਨੂੰ ਭਾਂਬੜ ਬਨਾਉਣ ਦੀ ਲੋੜ :** ਆਪਣੀਆਂ ਅਜਿਹੀਆ ਕੰਮ ਹਾਲਤਾਂ ਤੋਂ ਅੱਕੇ ਇਹਨਾਂ ਕਾਮਿਆਂ ਅੰਦਰ ਵੀ ਵਿਰੋਧ ਦੇ ਸੁਰ ਪਨਪਣੇ ਸ਼ੁਰੂ ਹੋ ਚੁੱਕੇ ਹਨ। ਅਕਤੂਬਰ 2021 'ਚ ਦਿੱਲੀ 'ਚ ਬਿਊਟੀ ਦੇ ਖੇਤਰ 'ਚ ਕੰਮ ਕਰਨ ਵਾਲੀ ਅਰਬਨ ਕੰਪਨੀ (ਯੂਸੀ) ਨਾਲ ਜੁੜੇ 100 ਤੋਂ ਵਧੇਰੇ ਬਿਊਟੀਸ਼ੀਅਨਾਂ ਨੇ "ਕੰਮ ਦੀਆਂ ਮਾੜੀਆਂ ਹਾਲਤਾਂ" ਖਿਲਾਫ਼ ਮੁਜ਼ਾਹਰਾ ਕੀਤਾ। ਇੱਕ ਬਿਊਟੀਸ਼ੀਅਨ ਦਾ ਦਾਅਵਾ ਸੀ ਕਿ ਕੰਪਨੀ ਨੇ ਆਪਣਾ ਕਮਿਸ਼ਨ 30 ਫੀਸਦੀ ਤੋਂ ਵੀ ਵਧੇਰੇ ਕਰ ਦਿੱਤਾ ਹੈ। ਜੀਹਦੇ ਨਾਲ ਉਹਨਾਂ ਨੂੰ ਹੋਣ ਵਾਲੀ ਆਮਦਨ ਨੂੰ ਖੋਰਾ ਲਗਦਾ ਹੈ। ਦੂਜੇ ਪਾਸੇ ਕੰਪਨੀ ਇਹਨਾਂ ਕਾਮਿਆਂ ਖਿਲਾਫ਼ ਸਖਤ ਪੁਲਸ ਕਾਰਵਾਈ ਦੀ ਧਮਕੀ ਦੇ ਰਹੀ ਹੈ।

'ਗਿਗ' ਵਰਕਰ ਕਾਨੂੰਨੀ ਪੱਧਰ 'ਤੇ ਵੀ ਆਪਣੀ ਲੜਾਈ ਜਾਰੀ ਰੱਖ ਰਹੇ ਹਨ। ਉਹ "ਫਰੀਲਾਂਸਰ" ਵਾਲੀ ਆਪਣੀ ਪੁਜ਼ੀਸ਼ਨ ਨੂੰ ਕਾਨੂੰਨੀ ਚੁਣੌਤੀ ਦੇ ਰਹੇ ਹਨ ਅਤੇ ਆਪਣੇ ਆਪਨੂੰ ਕਾਨੂੰਨੀ ਵਰਕਰ ਦੇ ਰੂਪ 'ਚ ਤਸਲੀਮ ਕਰਨ ਦੀ ਵਜ਼ਾਹਤ ਕਰਦੇ ਹਨ। ਭਾਰਤ ਦੇ 12 ਸ਼ਹਿਰਾਂ ਦੇ 35000 ਮੈਂਬਰਾਂ ਵਾਲੀ ਇੰਡੀਅਨ ਫੈਡਰੇਸ਼ਨ ਆਫ ਐਪ ਬੇਸਡ ਟਰਾਂਸਪੋਰਟ ਵਰਕਰਜ਼ (ਆਈਐਫਏਟੀ) ਨੇ ਸਤੰਬਰ 2012 'ਚ ਸੁਪਰੀਮ ਕੋਰਟ ਤੱਕ ਪਹੁੰਚ ਕੀਤੀ ਹੈ। ਵਰਕਰਾਂ ਦਾ ਦਾਅਵਾ ਹੈ ਕਿ ਉਹਨਾਂ ਦਾ ਬਰਾਬਰਤਾ ਅਤੇ ਜਿਉਣ ਦਾ ਬੁਨਿਆਦੀ ਹੱਕ ਅਤੇ ਜਬਰੀ ਮਜ਼ਦੂਰੀ ਖਿਲਾਫ਼ ਉਹਨਾਂ ਦੇ ਅਧਿਕਾਰ ਖੋਹੇ ਜਾ ਰਹੇ ਹਨ। ਉਹਨਾਂ ਦਾ ਕਹਿਣਾ ਹੈ ਕਿ ਇਸ ਸਾਰਾ ਕੁੱਝ ਲਈ ਕੰਪਨੀਆਂ ਦੇ ਨਾਲ-ਨਾਲ ਭਾਰਤ ਸਰਕਾਰ ਵੀ ਜੁਆਬਦੇਹ ਹੈ। ਉਹਨਾ ਦੀ ਮੰਗ ਹੈ ਕਿ 'ਗਿਗ' ਜਾਂ ਪਲੇਟਫਾਰਮ ਕਾਮਿਆਂ ਨੂੰ ਮੌਜੂਦਾ ਕਿਰਤ ਕਾਨੂੰਨਾਂ ਅਨੁਸਾਰ "ਗੈਰ-ਜਥੇਬੰਦਕ ਮਜ਼ਦੂਰ" ਐਲਾਨਿਆ ਜਾਵੇ। ਉਹਨਾਂ ਨੇ ਸਿਹਤ ਬੀਮਾ, ਪੈਨਸ਼ਨ, ਸਿੱਖਿਆ ਅਤੇ ਰਿਹਾਇਸ਼ੀ ਭੱਤੇ, ਕਿਸੇ ਹਾਦਸੇ ਦਾ ਸ਼ਿਕਾਰ ਹੋਣ ਤੋਂ ਬਾਅਦ ਅਪਾਹਜ਼ ਹੋਣ ਦਾ ਭੱਤਾ, ਨਾਲ ਹੀ ਉਹਨਾਂ ਦੀ ਭਲਾਈ ਲਈ ਅਤੇ ਉਹਨਾਂ ਦੀ ਸੁਰੱਖਿਆ ਲਈ ਲੋੜੀਂਦੇ ਕਦਮ ਚੁੱਕੇ ਜਾਣ। ਉਹਨਾਂ ਨੇ 2020 ਦੇ ਮੋਟਰ ਵਹੀਕਲ ਐਗਰੀਗੇਟਰ ਗਾਈਡਲਾਈਨਜ਼ (Motor Vehicle Aggregator Guidelines) ਦੀ ਪਾਲਣਾ ਕੀਤੇ ਜਾਣ ਦੀ ਵੀ ਗੁਹਾਰ ਲਾਈ ਹੈ। ਜਿਸ ਅਨੁਸਾਰ ਕਿ ਉਹਨਾਂ ਦੇ ਕੰਮ ਕਰਨ ਦੇ ਘੰਟੇ ਵੀ ਮੁਕੱਰਰ ਕੀਤੇ ਜਾਣ ਅਤੇ ਘੱਟੋ ਘੱਟ ਕਿਰਾਇਆ, ਉਜਰਤ ਤਹਿ ਕੀਤੀ ਜਾਵੇ।

ਕੰਪਨੀਆਂ ਵੱਲੋਂ ਅਣਡਿੱਠ ਅਤੇ ਅਣਗੌਲੇ ਕੀਤੇ ਇਹਨਾਂ ਕਾਮਿਆਂ ਦੀ ਇੱਕ ਬਹੁਤ ਵੱਡੀ ਤਾਦਾਦ ਮੌਜੂਦ ਹੈ। ਸਰਕਾਰ ਲਈ ਵੀ ਇਹ ਸਿੱਧੇ ਰੂਪ 'ਚ ਕੋਈ ਖਤਰਾ ਨਹੀਂ ਬਣਦੇ। ਆਸੇ-ਪਾਸੇ ਨਿਗ੍ਹਾ ਮਾਰਦੇ ਹਾਂ ਤਾਂ ਸਾਨੂੰ ਗੈਰ-ਜਥੇਬੰਦਕ ਖੇਤਰ 'ਚ ਠੇਕੇ ਜਾਂ ਦਿਹਾੜੀ 'ਤੇ ਕੰਮ ਕਰਕੇ ਆਪਣਾ ਅਤੇ ਪਰਵਾਰ ਦਾ ਪਾਲਣ-ਪੋਸ਼ਣ ਕਰਦੇ ਹਨ। ਇਸ ਢੰਗ ਨਾਲ ਨਿਰਬਾਹ ਕਰਨ ਵਾਲੇ ਅਜਿਹੇ ਹੀ ਹੋਰਨਾਂ ਕਿਸਮਾਂ ਦੇ ਵਰਕਰਾਂ ਦੇ ਝੁੰਡਾਂ ਦੇ ਝੁੰਡ ਨਜ਼ਰੀਂ ਪੈਂਦੇ ਹਨ। ਇਹਨਾਂ ਸਾਰੇ ਸਮੂਹਾਂ ਦੀ ਪੀੜਾ ਨੂੰ ਆਵਾਜ਼ ਦੇਣ ਦਾ ਬਹੁਤ ਵੱਡਾ ਕਾਰਜ ਇਨਕਲਾਬੀ ਜਮਹੂਰੀ ਸ਼ਕਤੀਆਂ ਅੱਗੇ ਮੂੰਹ ਅੱਡੀ ਖੜ੍ਹਾ ਹੈ। ਲੋੜ ਹੈ ਇਹਨਾਂ ਵਰਗਾਂ ਦੀਆਂ ਵਿਸ਼ੇਸ਼ਤਾਈਆਂ ਨੂੰ ਸਮਝਦਿਆਂ ਇਹਨਾਂ ਨੂੰ ਜਥੇਬੰਦ ਕਰਦਿਆਂ ਇਹਨਾਂ ਨੂੰ ਇਨਕਲਾਬੀ ਜਮਹੂਰੀ ਲਹਿਰ ਦਾ ਅੰਗ ਬਣਾਉਣ ਦੀ।

---



ਜਸਦੇਵ ਸਿੰਘ ਲਲਤੋਂ
96464-02470

### 20 ਅਕਤੂਬਰ ਨੂੰ ਜਨਮ ਦਿਵਸ ਸਮਾਗਮ ਤੇ ਵਿਸ਼ੇਸ਼


# ਮਹਾਨ ਗ਼ਦਰੀ ਜਰਨੈਲ ਬਾਬਾ ਹਰੀ ਸਿੰਘ ਉਸਮਾਨ (ਬੱਦੋਵਾਲ)

ਬਾਬਾ ਹਰੀ ਸਿੰਘ ਉਸਮਾਨ ਦਾ ਜਨਮ ਜਿਲ੍ਹਾ ਲੁਧਿਆਣਾ ਦੇ ਇਤਿਹਾਸਕ ਪਿੰਡ ਬੱਦੋਵਾਲ ਵਿਖੇ 20 ਅਕਤੂਬਰ 1879 ਨੂੰ ਹੋਇਆ। ਪੂਰੇ 19 ਸਾਲ ਦੀ ਉਮਰ ਵਿੱਚ ਫੌਜ ਵਿੱਚ ਭਰਤੀ ਹੋ ਕੇ 20-10-1898 ਤੋਂ ਲੈ ਕੇ 01-04-1905 ਤੱਕ ਕਰੀਬ ਸਾਢੇ ਛੇ ਸਾਲ ਸਰਕਾਰੀ ਨੌਕਰੀ ਕੀਤੀ । ਅਣਖੀਲੇ ਸੁਭਾਅ ਦੇ ਮਾਲਕ ਹੋਣ ਕਰਕੇ ਫੌਜੀ ਗੁਲਾਮੀ ਨੂੰ ਲੱਤ ਮਾਰ ਕੇ ਪਿੰਡ ਵਾਪਸ ਆ ਗਏ ਤੇ ਢਾਈ ਸਾਲ ਖੇਤੀ ਬਾੜੀ ਦਾ ਕੰਮ ਕੀਤਾ । 30 ਅਕਤੂਬਰ 1907 ਨੂੰ ਰੋਟੀ ਰੋਜ਼ੀ ਦੀ ਭਾਲ ਵਿੱਚ ਫਿਲਪਾਈਨ ਲਈ ਰਵਾਨਾ ਹੋ ਗਏ। ਦੋ ਸਾਲ ਫਿਲਪਾਈਨ ਸ਼ਹਿਰ ਮਨੀਲਾ ਵਿੱਚ ਮਜ਼ਦੂਰੀ ਤੇ ਪਹਿਰੇਦਾਰੀ ਕੀਤੀ। ਅੱਗੋਂ ਅਮਰੀਕਾ ਜਾ ਕੇ ਕੈਲੀਫੋਰਨੀਆ, ਇੰਪੀਰੀਅਲ ਵੈਲੀ 'ਚ ਮਜ਼ਦੂਰੀ ਕਰਨ ਪਿੱਛੋਂ ਅਮਰੀਕਾ-ਮੈਕਸੀਕੋ ਹੱਦ 'ਤੇ ਮੈਕਸੀਕਾਲੀ ਕਸਬੇ ਨੇੜੇ 200 ਏਕੜ ਜ਼ਮੀਨ ਠੇਕੇ ਤੇ ਲੈ ਕੇ ਕਪਾਹ ਦੀ ਖੇਤੀ ਕਰਨ ਲੱਗੇ। ਬੇਹੱਦ ਤੇ ਮਿਹਨਤੀ ਤੇ ਸਿਰੜੀ ਸੀ ਹਰੀ ਸਿੰਘ। ਖੂਨ ਪਸੀਨਾ ਇੱਕ ਕਰਕੇ ਸਾਢੇ ਚਾਰ ਸਾਲਾਂ ਵਿੱਚ ਜਮ੍ਹਾਂ ਕੀਤੇ ਕਾਫੀ ਡਾਲਰ। ਦੂਜੇ ਪਾਸੇ ਗੋਰਿਆਂ ਵੱਲੋਂ ਪੈਰ-ਪੈਰ 'ਤੇ ਗੁਲਾਮੀ ਵਾਲੇ ਸਲੂਕ ਦੇ ਸ਼ੋਲੇ ਅਣਖੀ ਹਰੀ ਸਿੰਘ ਦੇ ਦਿਲ ਦਿਮਾਗ ਨੂੰ ਕਰਦੇ ਜ਼ਖ਼ਮੀ। ਅਜਿਹੇ ਹਾਲਾਤਾਂ ਅੰਦਰ ਸਾਨਫਰਾਂਸਿਸਕੋ ਦੇ 'ਯੁਗਾਂਤਰ-ਆਸ਼ਰਮ' (ਹੈਡਕੁਆਟਰ ਗ਼ਦਰ ਪਾਰਟੀ) 'ਚੋ ਨਿਕਲਦੇ ਗ਼ਦਰ ਅਖਬਾਰ ਦਾ ਪਹਿਲਾ ਪਰਚਾ ਹਰੀ ਸਿੰਘ ਨੂੰ ਮਿਲਿਆ । ਆਪ ਨੇ ਪੜ੍ਹੇ ਹੇਠ ਲਿਖੇ ਚਾਰ ਸਬਕ :-

ਪਹਿਲਾ ਸਬਕ :- ਹਥਿਆਰ ਬੰਦ ਇਨਕਲਾਬ, ਦੂਜਾ ਸਬਕ :- ਧਰਮ ਆਪੋ ਆਪਣਾ, ਤੀਜਾ ਸਬਕ :- ਸਭ ਗੁਲਾਮ ਦੇਸ਼ਾਂ ਦੀ ਆਜ਼ਾਦੀ ਦੇ ਘੋਲਾਂ ਵਿੱਚ ਹਿੱਸਾ ਲੈਣਾ, ਚੌਥਾ ਸਬਕ:- ਤਨਖਾਹ ਮੌਤ ਤੇ ਇਨਾਮ ਆਜ਼ਾਦੀ । ਚਾਰੇ ਸਬਕ ਕਰ ਲਏ ਹਰੀ ਸਿੰਘ ਨੇ ਪਾਠ ਦੀ ਤਰ੍ਹਾਂ ਯਾਦ । ਲੱਗਾ ਕੰਮ ਕਰਦਾ 'ਗ਼ਦਰ ਦੀ ਕਵਿਤਾ ਗਾਉਣ' :- "ਗ਼ਦਰ ਪਾਰਟੀ ਬੀੜ੍ਹਾ ਚੁੱਕਿਆ ਹਿੰਦ ਆਜ਼ਾਦ ਕਰਾਵਣ ਦਾ,

ਆਉ ਸ਼ੇਰੋ ਗ਼ਦਰ ਮਚਾਈਏ ਵੇਲਾ ਨਹੀਂ ਖੁੰਝਾਵਣ ਦਾ"।

ਆਜ਼ਾਦੀ ਦੀ ਮੱਚਦੀ ਲਾਟ ਦੇ ਸੱਜਰੇ ਬਣੇ ਪਰਵਾਨੇ ਨੇ ਸੋਚਿਆ ਕਿ ਹੁਣ ਵੇਲਾ ਖੁੰਝਣ ਨਹੀਂ ਦੇਣਾ। 15 ਅਕਤੂਬਰ 1914 ਨੂੰ 'ਯੁਗਾਂਤਰ-ਆਸ਼ਰਮ' ਪੁੱਜ ਕੇ ਬਣ ਗਏ ਗ਼ਦਰ ਪਾਰਟੀ ਦੇ ਪੱਕੇ ਮੈਂਬਰ ਤੇ ਬੰਦ ਪਏ ਅਖਬਾਰ ਗ਼ਦਰ ਨੂੰ ਮੁੜ ਚਾਲੂ ਕਰਨ ਵਾਲੇ ਨਵੇਂ ਸੰਪਾਦਕ। ਗ਼ਦਰ ਪਾਰਟੀ ਦੇ ਫੈਸਲੇ ਮੁਤਾਬਿਕ ਆਪਣੇ ਸਾਥੀਆਂ-ਹਰਨਾਮ ਚੰਦ, ਕਿਸ਼ਨ ਚੰਦ, ਮੰਗੂ ਤੇ ਰਘਵੀਰ ਸਮੇਤ ਆਪ 'ਜਹਾਂਗੀਰ' ਗੁਪਤ ਨਾਂਅ ਹੇਠ 15 ਅਪ੍ਰੈਲ 1915 ਨੂੰ ਜਰਮਨ ਕੌਂਸਲ ਦੀ ਮਦਦ ਨਾਲ



ਅਮਰੀਕਾ ਤੋਂ ਹਿੰਦ ਦੀ ਗ਼ਦਰ ਪਾਰਟੀ ਵਾਸਤੇ ਹਥਿਆਰਾਂ ਦਾ ਭਰਿਆਂ ਸਮੁੰਦਰੀ ਜ਼ਹਾਜ ਲੈ ਕੇ ਰਵਾਨਾ ਹੋ ਗਏ। 5 ਮਹੀਨੇ ਦੀਆਂ ਘੁੰਮਣ ਘੇਰੀਆਂ ਪਿੱਛੋ ਫੜੇ ਗਏ ਸਤੰਬਰ 1915 'ਚ। ਪ੍ਰੰਤੂ ਜਕਾਰਤਾ (ਜਾਵਾ) ਵਿਖੇ ਜਰਮਨ ਕੌਂਸਲ ਦੀ ਸਹਾਇਤਾ ਨਾਲ ਬਚ ਨਿਕਲੇ। ਜਾਵਾ ਦੇ ਪੱਛਮੀ ਹਿੱਸੇ ਦੇ ਪਹਾੜੀ ਖੇਤਰ 'ਗੰਗਹਾਲੂ' ਦੇ ਜੰਗਲਾਂ ਵਿੱਚ 01-01-16 ਤੋਂ 01-01-38 ਤੱਕ 'ਉਸਮਾਨ ਖਾਂ' ਦੇ ਨਾਂਅ ਹੇਠ ਤੀਜੇ ਰੂਪ 'ਚ ਗੁਪਤ ਵਾਸ ਜੀਵਨ ਬਤੀਤ ਕਰਦੇ ਰਹੇ। ਉਥੋ ਦੇ 'ਸੂਡਾਨਿਸ਼' ਲੋਕਾਂ ਦੀ ਬੋਲੀ/ਸੱਭਿਆਚਾਰ ਨੂੰ ਬਹੁਤ ਹੀ ਜਲਦੀ ਗ੍ਰਹਿਣ ਕਰਨ ਉਪਰੰਤ ਇੱਕ ਬੀਬੀ ਨਾਲ ਵਿਆਹ ਕਰਵਾਇਆ, ਜਿਸ ਦੀ ਕੁੱਖੋਂ ਤਿੰਨ ਧੀਆਂ ਤੇ ਦੋ ਪੁੱਤਰਾਂ ਨੇ ਜਨਮ ਲਿਆ। ਆਪ ਨੇ ਇਸ ਵਕਤ 25 ਏਕੜ ਦੀ ਜ਼ਮੀਨ 'ਤੇ ਖੇਤੀ ਕੀਤੀ। ਸ਼ੰਘਾਈ ਦੀ ਅੰਗਰੇਜ ਪੁਲਿਸ 'ਤੇ ਸੀ.ਆਈ.ਡੀ. ਤਿੰਨ ਸਾਲ ਆਪ ਨੂੰ ਜਾਵਾ 'ਚ ਭਾਲ-ਭਾਲ ਕੇ ਫੇਲ੍ਹ ਹੋ ਗਈ ਤੇ ਵਾਪਸ ਮੁੜ ਗਈ। ਆਪ ਦੇ ਰੌਸ਼ਨ ਦਿਮਾਗ 'ਚ ਗ਼ਦਰ ਸੁਪਨਾ ਸਦਾ ਜਿਉਂਦਾ ਰਿਹਾ ।

ਇੰਗਲੈਂਡ ਤੇ ਜਾਪਾਨ ਦੇ ਵਿਚਕਾਰ ਜੰਗ ਦੇ ਆਸਾਰ ਬਣਦੇ ਹੀ, ਆਪ ਨੇ ਹਿੰਦ 'ਚ ਗ਼ਦਰ ਕਰਨ ਦੇ ਦੂਜੇ ਮੌਕਾ ਮੇਲ ਨੂੰ ਬੁੱਝ ਲਿਆ। ਸਿੱਟੇ ਵਜੋਂ 01-01-1938 ਨੂੰ ਆਪ ਆਪਣੀ ਪਤਨੀ 'ਤੇ ਬੱਚਿਆਂ ਨੂੰ ਸੁੱਤੇ ਪਏ ਹੀ ਛੱਡ ਗਏ। ਗ਼ਦਰ ਦੇ ਦੂਜੇ ਪੜਾਅ ਦੀ ਤਿਆਰੀ ਲਈ ਚੱਲ ਪਏ । ਸ਼ੰਘਾਈ ਤੇ ਸਿੰਘਾਪੁਰ ਨੂੰ ਗੜ੍ਹ ਬਣਾਉਂਦੇ ਹੋਏ, ਆਜ਼ਾਦ ਹਿੰਦ ਲੀਗ ਤੇ ਫੌਜ 'ਚ ਕ੍ਰਾਂਤੀਕਾਰੀ ਕੰਮ ਦੀ ਉਸਾਰੀ ਕਰਦੇ ਹੋਏ ਜਨਵਰੀ 1938 ਤੋਂ ਨਵੰਬਰ 1944 ਤੱਕ ਅਨੇਕਾਂ ਰਾਜਸੀ ਤੌਰ 'ਤੇ ਚੇਤਨ ਗ਼ਦਰੀ ਫੌਜੀ ਤਿਆਰ ਕੀਤੇ ਅਤੇ ਹਾਂਗਕਾਂਗ, ਪਿਨਾਂਗ, ਸਿੰਘਾਪੁਰ, ਰੰਗੂਨ 'ਤੇ ਬੈਂਕਾਕ 'ਚ ਪ੍ਰਚਾਰ ਕਰਨ ਲਈ ਅਤੇ ਹਿੰਦ 'ਚ ਗ਼ਦਰ ਦਾ ਯੁੱਧ ਕਰਨ ਲਈ ਭੇਜੇ। ਜਿਹਨਾਂ 'ਚੋਂ ਕਈ ਅੰਗਰੇਜ ਹਕੂਮਤ ਨੇ ਫਾਂਸੀ ਲਾਏ, ਗੋਲੀਆਂ ਨਾਲ ਸ਼ਹੀਦ ਕੀਤੇ ਤੇ ਕਾਲੇ ਪਾਣੀ ਭੇਜੇ। ਬਾਕੀ ਗ਼ਦਰ ਲਈ ਜੂਝਦੇ ਰਹੇ। ਆਪ ਦਾ ਪਹਿਲਾ ਸਪੁੱਤਰ ਵੱਡਾ ਹੈਰੀ (ਵੱਡਾ ਹਰੀ ਸਿੰਘ) ਆਜ਼ਾਦ ਹਿੰਦ ਫੌਜ ਦੇ ਲੈਫਟੀਨੈਂਟ ਦੇ ਰੂਪ 'ਚ ਇੰਫਾਲ ਫਰੰਟ 'ਤੇ ਅੰਗਰੇਜ਼ਾਂ ਵਿਰੁੱਧ ਹਿੰਦ ਦੀ ਮੁਕਤੀ ਲਈ ਲੜਦਾ ਹੋਇਆ ਸ਼ਹੀਦ ਹੋ ਗਿਆ। ਦੂਜਾ ਸਪੁੱਤਰ ਛੋਟਾ ਹੈਰੀ (ਛੋਟਾ ਹਰੀ ਸਿੰਘ) ਨੇ ਫੌਜ ਦੇ ਖੁਫੀਆ ਕਾਰਜਾਂ ਬਦਲੇ ਅੰਗਰੇਜ਼, ਡੱਚ 'ਤੇ ਜਾਵਾ ਹਾਕਮਾਂ ਦੇ ਅਸਿਹ ਤੇ ਅਕਿਹ ਤਸੀਹੇ ਝੱਲੇ। 1945 'ਚ ਮੁੜ ਜਾਵਾ ਵਾਪਸੀ 'ਤੇ ਨਵੰਬਰ 45 'ਚ ਮੁਸਲਿਮ ਕੱਟੜ ਪੰਥੀਆਂ ਵੱਲੋਂ ਸੁਣਾਈ ਸਜ਼ਾ ਏ ਮੌਤ ਹੋਣ ਤੋਂ ਪਹਿਲਾਂ ਆਪ ਤੇ ਛੋਟਾ ਹੈਰੀ ਦੋਨੋਂ ਬਚਣ 'ਚ ਸਫਲ ਹੋ ਗਏ। ਜਨਵਰੀ ਤੋਂ ਸਤੰਬਰ 48 ਤੱਕ ਡੱਚ ਸਾਮਰਾਜੀਆਂ ਦੀ ਕੈਦ ਕੱਟੀ ਤੇ 1 ਅਕਤੂਬਰ 1948 ਨੂੰ ਵਾਪਸ ਬੱਦੋਵਾਲ ਪਰਤੇ। ਗੁੰਮਨਾਮ ਪ੍ਰੰਤੂ ਚੜ੍ਹਦੀ ਕਲਾ ਵਾਲਾ, ਲੋਕ ਸੇਵਾ ਵਾਲਾ, ਕ੍ਰਾਂਤੀ 'ਚ ਅਟੱਲ ਵਿਸ਼ਵਾਸ ਵਾਲਾ, ਦੇਸ਼ ਨੂੰ ਸਮਰਪਣ ਵਾਲਾ ਫਕੀਰੀ ਜੀਵਨ ਜਿਉਂਦੇ ਹੋਏ 15 ਅਗਸਤ 1969 ਨੂੰ ਬੱਦੋਵਾਲ ਵਿਖੇ ਵਤਨ ਵਾਸੀਆਂ ਨੂੰ ਸਦੀਵੀ ਵਿਛੋੜਾ ਦੇ ਗਏ। ਆਪ ਜੀ ਦਾ ਮਹਾਨ ਤੇ ਉਚੇ ਸੁੱਚੇ ਕਿਰਦਾਰ ਵਾਲਾ ਜੀਵਨ ਤੇ ਬੇਮਿਸਾਲ ਕੁਰਬਾਨੀਆਂ ਸੂਹੇ ਰਾਹਾਂ ਦੇ ਰਾਹੀਆਂ ਨੂੰ ਸਦਾ-ਸਦਾ ਲਈ ਉਤਸ਼ਾਹ, ਜੋਸ਼, ਪ੍ਰੇਰਨਾ ਤੇ ਸਿੱਖਿਆ ਦਾ ਅਮੁੱਖ ਸੋਮਾ ਬਣੀਆਂ ਰਹਿਣਗੀਆਂ। ਅੱਜ ਮਹਾਨ ਕਰਾਂਤੀਕਾਰੀ ਜਰਨੈਲ ਨੂੰ ਉਨ੍ਹਾਂ ਦੇ ਵਾਰਿਸ ਪਿੰਡ ਬੱਦੋਵਾਲ ਵਿਖੇ ਜਨਮ ਦਿਵਸ ਸਮਾਗਮ ਰਚਕੇ ਸ਼ਰਧਾਂਜਲੀਆਂ ਭੇਟ ਕਰਨਗੇ।

# ਪ੍ਰੋਫੈਸਰ ਸਾਈਬਾਬਾ ਦੀ ਰਿਹਾਈ ਉੱਪਰ ਰੋਕ; ਸੁਪਰੀਮ ਕੋਰਟ ਦਾ ਪੱਖਪਾਤੀ ਚਿਹਰਾ



ਬੂਟਾ ਸਿੰਘ
ਮਹਿਮੂਦਪੁਰ
94634-74342

'ਜਿੱਥੋਂ ਤੱਕ ਦਹਿਸ਼ਤਵਾਦੀ ਜਾਂ ਮਾਓਵਾਦੀ ਸਰਗਰਮੀਆਂ ਦਾ ਸਵਾਲ ਹੈ, ਦਿਮਾਗ ਜ਼ਿਆਦਾ ਖ਼ਤਰਨਾਕ ਹੁੰਦਾ ਹੈ। ਪ੍ਰਤੱਖ ਸ਼ਮੂਲੀਅਤ ਲਾਜ਼ਮੀ ਨਹੀਂ ਹੈ।' ਇਹ ਸ਼ਬਦ ਜਸਟਿਸ ਐੱਮ.ਆਰ. ਸ਼ਾਹ ਨੇ 15 ਅਕਤੂਬਰ ਨੂੰ ਪ੍ਰੋਫੈਸਰ ਸਾਈਬਾਬਾ ਦੇ ਕੇਸ ਵਿਚ ਹਾਈਕੋਰਟ ਦੇ ਆਦੇਸ਼ ਨੂੰ ਰੱਦ ਕਰਦਿਆਂ ਕਹੇ। ਹਾਈਕੋਰਟ ਦਾ ਇਹ ਆਦੇਸ਼ ਮਹਾਰਾਸ਼ਟਰ ਸਰਕਾਰ ਲਈ ਵੱਡੀ ਪਛਾੜ ਸੀ ਕਿਉਂਕਿ ਸੰਘ ਬਰਗੇਡ ਨਹੀਂ ਚਾਹੁੰਦਾ ਕਿ ਕਥਿਤ ਵਿਕਾਸ 'ਚ ਰੁਕਾਵਟ ਬਣਨ ਦੇ ਝੂਠੇ ਆਧਾਰ 'ਤੇ ਸਾਢੇ ਪੰਜ ਸਾਲ ਤੋਂ ਜੇਲ੍ਹ ਵਿਚ ਸੜ ਰਿਹਾ ਪ੍ਰੋਫੈਸਰ ਅਤੇ ਲੋਕ ਹੱਕਾਂ ਦੇ ਹੋਰ ਕਾਰਕੁੰਨ ਰਿਹਾਅ ਹੋ ਜਾਣ। ਭਾਰਤੀ ਹੁਕਮਰਾਨ ਜਮਾਤ ਵੱਲੋਂ ਲਾਗੂ ਕੀਤੇ ਜਾ ਰਹੇ 'ਵਿਕਾਸ' ਮਾਡਲ ਬਾਰੇ ਜਾਗਰੂਕ ਹਿੱਸੇ ਅਵਾਮ ਨੂੰ ਲਗਾਤਾਰ ਸੁਚੇਤ ਕਰਦੇ ਆ ਰਹੇ ਹਨ ਕਿ ਇਹ ਵਿਆਪਕ ਤਬਾਹੀ, ਉਜਾੜੇ ਅਤੇ ਕਿਰਤੀਆਂ ਦੀ ਨਸਲਕੁਸ਼ੀ ਦਾ ਦੂਜਾ ਨਾਂ ਹੈ। 'ਦਿਮਾਗ ਜ਼ਿਆਦਾ ਖ਼ਤਰਨਾਕ' 'ਵਿਕਾਸ ਵਿਰੋਧੀ', 'ਵਿਕਾਸ 'ਚ ਰੁਕਾਵਟ' ਇਹ ਦਰਅਸਲ ਆਲਮੀ ਅਤੇ ਦੇਸੀ ਕਾਰਪੋਰੇਟਾਂ ਦੇ ਦਲਾਲ ਹੁਕਮਰਾਨਾਂ ਦੀ ਬੋਲੀ ਹੈ ਜਿਸ ਨੂੰ ਬੋਲਣ 'ਚ ਭਾਰਤ ਦੇ ਜੱਜਾਂ ਨੂੰ ਵੀ ਗੁਰੇਜ਼ ਨਹੀਂ ਹੈ। ਇਹ ਕੁਤਰਕ ਇਸੇ ਕੇਸ 'ਚ ਮਾਰਚ 2017 'ਚ ਗੜ੍ਹਚਿਰੌਲੀ ਸੈਸ਼ਨਜ਼ ਅਦਾਲਤ ਦੇ ਜੱਜ ਨੇ ਪ੍ਰੋਫੈਸਰ ਸਾਈਬਾਬਾ ਅਤੇ ਪੰਜ ਹੋਰਾਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਉਂਦਿਆਂ ਆਪਣੇ ਫ਼ੈਸਲੇ 'ਚ ਦਿੱਤਾ ਸੀ। ਜੱਜ ਨੇ ਆਪਣੇ ਫ਼ੈਸਲੇ 'ਚ ਸੂਰਜਗੜ੍ਹ ਪ੍ਰੋਜੈਕਟ ਦਾ ਵਾਰ-ਵਾਰ ਜ਼ਿਕਰ ਕੀਤਾ ਸੀ ਜੋ ਆਦਿਵਾਸੀਆਂ ਨੂੰ ਜੰਗਲਾਂ 'ਚੋਂ ਉਜਾੜ ਕੇ ਅਤੇ ਕੁਦਰਤੀ ਵਸੀਲਿਆਂ ਉੱਪਰ ਕਾਰਪੋਰੇਟਾਂ ਦਾ ਕਬਜ਼ਾ ਕਰਾਕੇ ਲਗਾਇਆ ਗਿਆ। ਹੁਣ ਉਹੀ ਗੱਲ ਸ਼ਬਦਾਂ ਦੇ ਫ਼ਰਕ ਨਾਲ ਸੁਪਰੀਮ ਕੋਰਟ ਦੇ ਬੈਂਚ ਨੇ ਦੁਹਰਾਈ ਹੈ। ਨਾ ਭਾਰਤੀ ਹੁਕਮਰਾਨਾਂ ਨੂੰ ਲੋਕ ਹਿਤਾਂ ਦੀ ਗੱਲ ਕਰਨ ਵਾਲੇ ਰੋਸ਼ਨ-ਖ਼ਿਆਲ ਬੁੱਧੀਜੀਵੀ ਪਸੰਦ ਹਨ ਨਾ ਅਦਾਲਤਾਂ ਦੇ ਜੱਜਾਂ ਨੂੰ। ਕਾਇਰ ਫਾਸ਼ੀਵਾਦੀ ਸਭ ਤੋਂ ਜ਼ਿਆਦਾ ਬੌਧਿਕਤਾ ਤੋਂ ਭੈਅਭੀਤ ਰਹਿੰਦੇ ਹਨ। ਉਨ੍ਹਾਂ ਨੂੰ ਤਾਂ ਥੋਥੇ ਦਿਮਾਗਾਂ ਵਾਲੇ ਅੰਨ੍ਹੇ ਰਾਸ਼ਟਰ-ਭਗਤ ਦਰਕਾਰ ਹਨ।

ਅਦਾਲਤੀ ਫ਼ੈਸਲਿਆਂ ਵਿਰੁੱਧ ਭਾਰਤੀ ਹੁਕਮਰਾਨਾਂ ਵੱਲੋਂ ਉਚੇਰੀ ਅਦਾਲਤ 'ਚ ਅਪੀਲ ਹਮੇਸ਼ਾ ਚੁਣਵੀਂ ਅਤੇ ਇਕਤਰਫ਼ਾ ਰਹੀ ਹੈ। ਚਾਹੇ ਬਾਬਰੀ ਮਸਜਿਦ ਢਾਹੁਣ ਵਾਲੇ ਭਗਵੇਂ ਮੁਜਰਿਮਾਂ ਨੂੰ ਬਰੀ ਕਰਨ ਦਾ ਕੇਸ ਸੀ ਜਾਂ ਸਮਝੌਤਾ ਐਕਸਪ੍ਰੈੱਸ ਬੰਬ ਕਾਂਡ ਵਿਚ ਅਸੀਮਾਨੰਦ ਅਤੇ ਹੋਰ ਹਿੰਦੂਤਵੀ ਦਹਿਸ਼ਤਗਰਦਾਂ ਨੂੰ ਬਰੀ ਕੀਤੇ ਜਾਣ ਦਾ ਕੇਸ ਜਾਂ ਇਸ ਤਰ੍ਹਾਂ ਦੇ ਹੋਰ ਕੇਸ, ਹਿੰਦੂਤਵ ਬਰਗੇਡ ਦੀ ਸਰਕਾਰ ਨੇ ਅਦਾਲਤ ਦੇ ਫ਼ੈਸਲੇ ਵਿਰੁੱਧ ਅਪੀਲ ਕਰਨ ਤੋਂ ਸਪਸ਼ਟ ਨਾਂਹ ਕਰ ਦਿੱਤੀ ਸੀ। ਕਿਉਂਕਿ ਉਹ ਹੁਕਮਰਾਨ ਧਿਰ ਦੇ ਆਪਣੇ ਦਹਿਸ਼ਤੀ ਗੈਂਗ ਸਨ। ਪਰ ਲੋਕ ਹੱਕਾਂ ਦੇ ਪਹਿਰੇਦਾਰਾਂ ਦੀ ਰਿਹਾਈ ਦੇ ਆਦੇਸ਼ ਨੂੰ ਚੁਣੌਤੀ ਦੇਣ ਲਈ ਕੁਝ ਘੰਟੇ ਬਾਦ ਹੀ ਸਾਲਿਸਟਰ ਜਨਰਲ ਤੁਸ਼ਾਰ ਮਹਿਤਾ ਮਹਾਰਾਸ਼ਟਰ ਸਰਕਾਰ ਵੱਲੋਂ ਸੁਪਰੀਮ ਕੋਰਟ 'ਚ ਜਾ ਪਹੁੰਚਿਆ ਅਤੇ ਰਿਹਾਈ ਰੋਕਣ ਦੀ ਅਪੀਲ ਦਾਇਰ ਕਰ ਦਿੱਤੀ। ਪ੍ਰੋਫੈਸਰ ਸਾਈਬਾਬਾ ਅਤੇ ਚਾਰ ਹੋਰ ਕਾਰਕੁੰਨਾਂ ਦੀ ਰਿਹਾਈ ਦਾ ਕੇਸ ਐਮਰਜੈਂਸੀ ਕੇਸ ਨਹੀਂ ਸੀ ਪਰ ਇਸ ਦੇ ਬਾਵਜੂਦ ਹਕੂਮਤ ਨੇ ਸੁਪਰੀਮ ਕੋਰਟ ਉੱਪਰ ਦਬਾਓ ਪਾ ਕੇ ਇਸ ਨੂੰ ਐਮਰਜੈਂਸੀ ਸੁਣਵਾਈ ਦੀ ਸੂਚੀ ਵਿਚ ਸ਼ਾਮਿਲ ਕਰਵਾ ਲਿਆ। ਪਹਿਲਾਂ ਤਾਂ ਸੀਨੀਅਰ ਜਸਟਿਸ ਵਾਈ.ਵੀ.ਚੰਦਰਚੂੜ ਨੇ ਬਰੀ ਕਰਨ ਦੇ ਆਦੇਸ਼ ਨੂੰ ਰੋਕਣ ਤੋਂ ਨਾਂਹ ਕਰ ਦਿੱਤੀ ਪਰ ਬਾਦ 'ਚ ਭਗਵੀਂ ਹਕੂਮਤ ਦੇ ਦਬਾਓ ਅੱਗੇ ਝੁਕਦਿਆਂ ਸੁਪਰੀਮ ਕੋਰਟ ਨੇ ਅਗਲੇ ਹੀ ਦਿਨ ਵਿਸ਼ੇਸ਼ ਸੁਣਵਾਈ ਕਰਕੇ ਆਦੇਸ਼ ਨੂੰ ਉਲਟਾਉਣ ਲਈ 'ਵਿਸ਼ੇਸ਼ ਬੈਂਚ' ਬਣਾ ਦਿੱਤਾ ਜਦਕਿ ਇਹ ਰੈਗੂਲਰ ਬੈਂਚ ਵੱਲੋਂ ਸੁਣਵਾਈ ਕੀਤੇ ਜਾਣ ਦਾ ਕੇਸ ਸੀ। ਬੈਂਚ ਦੇ ਫ਼ੈਸਲੇ ਨੇ ਸਾਬਤ ਕਰ ਦਿੱਤਾ ਕਿ ਇਹ ਜ਼ਾਹਰਾ ਤੌਰ 'ਤੇ ਹਕੂਮਤ ਦੀ ਇੱਛਾ ਅਨੁਸਾਰ ਸੁਣਾਇਆ ਰਾਜਨੀਤਕ ਫ਼ੈਸਲਾ ਹੈ। ਸੁਪਰੀਮ ਕੋਰਟ ਵੱਲੋਂ ਪਹਿਲੀ ਸੁਣਵਾਈ 'ਚ ਹੀ ਹਾਈਕੋਰਟ ਦੇ ਫ਼ੈਸਲੇ ਉੱਪਰ ਰੋਕ ਲਾਉਣਾ ਅਸਧਾਰਨ ਅਦਾਲਤੀ ਸਰਗਰਮੀ ਹੈ। ਕਾਨੂੰਨੀ ਮਾਹਿਰ ਸੁਪਰੀਮ ਕੋਰਟ ਦੀ ਇਸ ਕਾਹਲ ਤੋਂ ਹੈਰਾਨ ਪ੍ਰੇਸ਼ਾਨ ਹਨ। ਜਿੱਥੋਂ ਤੱਕ ਜਸਟਿਸ ਸ਼ਾਹ ਦਾ ਸਵਾਲ ਹੈ, ਸੁਪਰੀਮ ਕੋਰਟ ਦੇ ਰੋਸਟਰ ਅਨੁਸਾਰ ਉਸ ਨੂੰ ਫ਼ੌਜਦਾਰੀ ਕੇਸ ਅਲਾਟ ਨਹੀਂ ਕੀਤੇ ਜਾਂਦੇ। ਲਿਹਾਜ਼ਾ ਇਸ ਬੈਂਚ ਵਿਚ ਜਸਟਿਸ ਸ਼ਾਹ ਸ਼ਾਮਿਲ ਕਰਨਾ ਅਤੇ ਉਸ ਵੱਲੋਂ ਸੁਣਵਾਈ ਇਸ ਪੱਖੋਂ ਵੀ ਸਵਾਲਾਂ ਦੇ ਘੇਰੇ 'ਚ ਹੈ।

ਬੰਬਈ ਹਾਈਕੋਰਟ ਦੇ ਬੈਂਚ ਨੇ ਪ੍ਰੋਫੈਸਰ ਸਾਈਬਾਬਾ ਅਤੇ ਪੰਜ ਹੋਰਾਂ ਨੂੰ ਮਾਓਵਾਦੀ ਪਾਰਟੀ ਨਾਲ ਸੰਬੰਧ ਦੇ ਕੇਸ ਵਿਚ ਬਰੀ ਕਰਦਿਆਂ ਉਨ੍ਹਾਂ ਨੂੰ ਤੁਰੰਤ ਰਿਹਾਅ ਕਰਨ ਦਾ ਆਦੇਸ਼ ਦਿੱਤਾ ਸੀ। ਮਹਾਰਾਸ਼ਟਰ ਸਰਕਾਰ ਇਸ ਆਦੇਸ਼ ਨੂੰ ਰੱਦ ਕਰਾਉਣ ਲਈ ਤੁਰੰਤ ਹਰਕਤ 'ਚ ਆ ਗਈ। ਇਸ ਅਪੀਲ 'ਤੇ ਸੁਪਰੀਮ ਕੋਰਟ ਨੇ ਸ਼ਨੀਵਾਰ ਨੂੰ ਛੁੱਟੀ ਵਾਲੇ





ਦਿਨ ਵਿਸ਼ੇਸ਼ ਸੁਣਵਾਈ ਕੀਤੀ ਅਤੇ ਪ੍ਰੋਫੈਸਰ ਸਾਈਬਾਬਾ ਤੇ ਉਨ੍ਹਾਂ ਦੇ ਸਾਥੀ ਹੋਰ ਚਾਰ ਕੈਦੀਆਂ ਦੀ ਰਿਹਾਈ ਉੱਪਰ ਇਹ ਕਹਿ ਕੇ ਰੋਕ ਲਗਾ ਦਿੱਤੀ ਕਿ 'ਇਸ ਵਿਚ ਸ਼ਾਮਿਲ ਜੁਰਮ ਬਹੁਤ ਗੰਭੀਰ ਸੁਭਾਅ ਦੇ ਹਨ ਅਤੇ ਮੁਲਜ਼ਮਾਂ ਨੂੰ ਸਬੂਤਾਂ ਦੀ ਵਿਸਤਾਰਤ ਸਮੀਖਿਆ ਤੋਂ ਬਾਦ ਹੀ ਦੋਸ਼ੀ ਕਰਾਰ ਦਿੱਤਾ ਗਿਆ ਸੀ। ਇਸ ਤਰ੍ਹਾਂ, ਜੇ ਹਾਈਕੋਰਟ ਮੈਰਿਟ ਦੇ ਆਧਾਰ 'ਤੇ ਫ਼ੈਸਲਾ ਸੁਣਾਉਂਦਾ ਤਾਂ ਉਚਿਤ ਹੁੰਦਾ। ਸਮਾਜ ਦੇ ਹਿਤ, ਭਾਰਤ ਦੀ ਪ੍ਰਭੂਸੱਤਾ ਅਤੇ ਅਖੰਡਤਾ ਦੇ ਵਿਰੁੱਧ ਜੁਰਮ ਬਹੁਤ ਗੰਭੀਰ ਹੈ।' ਸੁਪਰੀਮ ਕੋਰਟ ਦੇ ਬੈਂਚ ਦੀ ਦਲੀਲ ਹੈ ਕਿ ਹਾਈਕੋਰਟ ਨੇ ਕੇਸ ਦੇ ਮੈਰਿਟ ਉੱਪਰ ਵਿਚਾਰ ਨਹੀਂ ਕੀਤਾ ਹੈ। ਹਾਈਕੋਰਟ ਨੇ ਮੁਲਜ਼ਮਾਂ ਨੂੰ ਮਹਿਜ਼ ਇਸ ਆਧਾਰ 'ਤੇ ਬਰੀ ਕਰ ਦਿੱਤਾ ਕਿ ਇਸ ਕੇਸ ਵਿਚ ਯੂ.ਏ.ਪੀ.ਏ. ਲਗਾਉਣ ਲਈ ਉਚਿਤ ਮਨਜ਼ੂਰੀ ਨਹੀਂ ਲਈ ਗਈ ਸੀ। ਯੂ.ਏ.ਪੀ.ਏ. ਲਗਾਉਣ ਲਈ ਗ੍ਰਿਫ਼ਤਾਰੀ ਤੋਂ ਪੰਦਰਾਂ ਦਿਨ ਦੇ ਅੰਦਰ ਮਨਜ਼ੂਰੀ ਲੈਣੀ ਜ਼ਰੂਰੀ ਹੈ। ਪਰ ਪ੍ਰੋਫੈਸਰ ਸਾਈਬਾਬਾ ਦੇ ਕੇਸ 'ਚ ਮੁਕੱਦਮਾ ਸ਼ੁਰੂ ਹੋਣ ਤੋਂ ਬਾਦ ਮਨਜ਼ੂਰੀ ਲਈ ਗਈ। ਸਮੱਗਰੀ ਸੰਬੰਧਤ ਅਥਾਰਟੀ ਸਾਹਮਣੇ ਪੇਸ਼ ਕੀਤੀ ਗਈ ਅਤੇ ਉਸੇ ਦਿਨ ਮਨਜ਼ੂਰੀ ਦੇ ਦਿੱਤੀ ਗਈ ਸੀ। ਬਾਕੀ ਪੰਜਾਂ ਦੇ ਮਾਮਲੇ 'ਚ ਕਥਿਤ 'ਸੁਤੰਤਰ ਰਿਪੋਰਟ' ਨੇ ਬਿਨਾਂ ਕੋਈ ਵਾਜਬ ਕਾਰਨ ਦੱਸੇ ਮੁਕੱਦਮਾ ਚਲਾਏ ਜਾਣ ਨੂੰ ਮਨਜ਼ੂਰੀ ਦੇਣ ਦੀ ਸਿਫ਼ਾਰਸ਼ ਕੀਤੀ ਸੀ। ਇਸੇ ਗ਼ੈਰਕਾਨੂੰਨੀ ਪਹਿਲੂ ਦਾ ਨੋਟਿਸ ਲੈਂਦਿਆਂ ਬੰਬਈ ਹਾਈਕੋਰਟ ਨੇ ਆਪਣੇ ਹਾਲੀਆ ਆਦੇਸ਼ 'ਚ ਕਿਹਾ ਕਿ ਯੂ.ਏ.ਪੀ.ਏ. ਲਗਾਉਣ ਲਈ ਉਚਿਤ ਮਨਜ਼ੂਰੀ ਨਹੀਂ ਲਈ ਗਈ ਸੀ। ਹਾਈਕੋਰਟ ਨੇ ਇੱਥੋਂ ਤੱਕ ਕਿਹਾ ਕਿ 'ਕੌਮੀ ਸੁਰੱਖਿਆ ਨੂੰ ਕਥਿਤ ਖ਼ਤਰੇ' ਦੀ ਵੇਦੀ ਉੱਪਰ ਪ੍ਰਤੀਕਿਰਿਆਤਕ ਸੁਰੱਖਿਆ ਉਪਾਵਾਂ ਦੀ ਬਲੀ ਨਹੀਂ ਦਿੱਤੀ ਜਾ ਸਕਦੀ।

ਬਿਨਾਂ ਸ਼ੱਕ ਹਾਈਕੋਰਟ ਦੇ ਬੈਂਚ ਵੱਲੋਂ ਇਹ ਆਦੇਸ਼ ਉਚਿਤ ਮਨਜ਼ੂਰੀ ਨਾ ਲੈਣ ਦੇ ਤਕਨੀਕੀ ਆਧਾਰ 'ਤੇ ਦਿੱਤਾ ਗਿਆ ਹੈ ਪਰ ਹਾਈਕੋਰਟ ਨੇ ਇਹ ਵੀ ਸਪਸ਼ਟ ਕਿਹਾ ਹੈ ਕਿ ਇਹ ਮੁਕੱਦਮਾ ਸ਼ੁਰੂ ਤੋਂ ਹੀ ਖ਼ਾਮੀਆਂ ਵਾਲਾ ਸੀ। ਦਰਅਸਲ, ਇਹ ਖ਼ਾਮੀਆਂ ਨਹੀਂ ਸਨ ਸਗੋਂ ਜਾਣ ਬੁੱਝ ਕੇ ਕੀਤੀ ਘੋਰ ਉਲੰਘਣਾ ਸੀ। ਕੇਸ ਪੂਰੀ ਤਰ੍ਹਾਂ ਝੂਠਾ ਹੋਣ ਕਾਰਨ ਇਸ ਵਿਚ ਚੋਰ-ਮੋਰੀਆਂ ਦਾ ਹੋਣਾ ਤੈਅ ਸੀ।

90% ਅਪਾਹਜ ਪ੍ਰੋਫੈਸਰ ਸਾਈਬਾਬਾ ਅਤੇ ਉਸ ਦੇ ਨਾਲ ਹੋਰ ਕਾਰਕੁੰਨਾਂ ਨੂੰ ਜੇਲ੍ਹ 'ਚ ਤੁੰਨਣ ਦੀ ਵਜ੍ਹਾ ਕਿਸੇ ਤੋਂ ਗੁੱਝੀ ਨਹੀਂ ਹੈ। ਓਪਰੇਸ਼ਨ ਗ੍ਰੀਨ ਹੰਟ ਦਾ ਵਿਰੋਧ ਕਰਨ ਵਾਲੇ ਬੁੱਧੀਜੀਵੀਆਂ ਅਤੇ ਕਾਰਕੁੰਨਾਂ ਨੂੰ ਗ੍ਰਿਫ਼ਤਾਰ ਕਰਨ, ਤਸੀਹੇ ਦੇਣ ਅਤੇ ਜੇਲ੍ਹਾਂ ਵਿਚ ਸਾੜਨ ਦੀ ਸੂਚੀ ਬਹੁਤ ਲੰਮੀ ਹੈ। ਪੱਤਰਕਾਰ ਪ੍ਰਸ਼ਾਂਤ ਰਾਹੀ, ਸਭਿਆਚਾਰਕ ਕਾਰਕੁਨ ਹੇਮ ਮਿਸ਼ਰਾ ਵੀ ਇਸੇ ਕਾਫ਼ਲੇ ਦਾ ਹਿੱਸਾ ਰਹੇ ਹਨ ਅਤੇ ਲੋਕ ਹੱਕਾਂ ਲਈ ਧੜੱਲੇ ਨਾਲ ਆਵਾਜ਼ ਉਠਾਉਣ ਵਾਲੇ ਬੌਧਿਕ ਕਾਮੇ ਹਨ। ਆਦਿਵਾਸੀ ਨੌਜਵਾਨ ਮਰਹੂਮ ਪਾਂਡੂ ਨਰੋਟੇ, ਮਹੇਸ਼ ਟਿਰਕੀ ਅਤੇ ਵਿਜੇ ਟਿਰਕੀ ਆਦਿਵਾਸੀ ਸੰਘਰਸ਼ ਦਾ ਹਿੱਸਾ ਰਹੇ ਹਨ। ਉਨ੍ਹਾਂ ਨੂੰ 'ਓਪਰੇਸ਼ਨ ਗ੍ਰੀਨ ਹੰਟ' ਦੇ ਨਾਂ ਹੇਠ ਭਾਰਤੀ ਹੁਕਮਰਾਨਾਂ ਵੱਲੋਂ ਆਪਣੇ ਹੀ ਲੋਕਾਂ ਵਿਰੁੱਧ ਵਿੱਢੀ ਜੰਗ ਵਿਰੁੱਧ ਆਵਾਜ਼ ਉਠਾਉਣ ਕਰਕੇ ਝੂਠੇ ਕੇਸ 'ਚ ਫਸਾਇਆ ਗਿਆ। ਦਹਿਸ਼ਤਵਾਦ ਵਿਰੋਧੀ ਵਿਸ਼ੇਸ਼ ਕਾਨੂੰਨ ਯੂ.ਏ.ਪੀ.ਏ. ਲਗਾਏ ਜਾਣ ਤੋਂ ਹੀ ਹਕੂਮਤ ਦੀ ਮਨਸ਼ਾ ਸਪਸ਼ਟ ਹੋ ਗਈ ਸੀ ਕਿ ਹੁਕਮਰਾਨ ਆਦਿਵਾਸੀਆਂ ਦੀ ਨਸਲਕੁਸ਼ੀ ਦਾ ਵਿਰੋਧ ਕਰਨ ਵਾਲਿਆਂ ਦੀ ਜ਼ੁਬਾਨਬੰਦੀ ਕਰਨ 'ਤੇ ਤੁਲੇ ਹੋਏ ਹਨ। ਪ੍ਰੋਫੈਸਰ ਸਾਈਬਾਬਾ ਸਮੇਤ ਲੋਕਪੱਖੀ ਬੁੱਧੀਜੀਵੀਆਂ ਅਤੇ ਹੋਰ ਇਨਸਾਫ਼ਪਸੰਦ ਲੋਕਾਂ ਵੱਲੋਂ ਉਠਾਈ ਆਵਾਜ਼ ਕਾਰਨ ਭਾਰਤੀ ਹੁਕਮਰਾਨਾਂ ਨੂੰ ਬੇਸ਼ਰਮੀਂ ਨਾਲ ਮੁੱਕਰਨਾ ਪਿਆ ਸੀ ਕਿ ਭਾਰਤੀ ਰਾਜ ਵੱਲੋਂ ਮਾਓਵਾਦੀ ਜ਼ੋਰ ਵਾਲੇ ਇਲਾਕਿਆਂ ਵਿਚ ਕੋਈ 'ਓਪਰੇਸ਼ਨ ਗ੍ਰੀਨ ਹੰਟ' ਚਲਾਇਆ ਹੀ ਨਹੀਂ ਜਾ ਰਿਹਾ। ਦਰਅਸਲ, ਐਲਾਨੀਆ ਓਪਰੇਸ਼ਨ ਦੀ ਥਾਂ ਅਣਐਲਾਨੇ ਰੂਪ 'ਚ ਆਦਿਵਾਸੀ ਲੋਕਾਂ ਦੇ ਜੁਝਾਰੂ ਟਾਕਰੇ ਨੂੰ ਕੁਚਲਣ ਲਈ ਫ਼ੌਜ ਦੀ ਮੱਦਦ ਨਾਲ ਨੀਮ-ਫ਼ੌਜੀ ਲਸ਼ਕਰਾਂ ਅਤੇ ਪੁਲਿਸ ਦੀ ਮੁਹਿੰਮ ਨੇ ਲੈ ਲਈ ਜੋ ਲਗਾਤਾਰ ਚੱਲ ਰਹੀ ਹੈ। ਜੰਗਲਾਂ-ਪਹਾੜਾਂ ਦੇ ਕੁਦਰਤੀ ਵਸੀਲਿਆਂ ਦੀ ਧਾੜਵੀ ਲੁੱਟਮਾਰ ਨੂੰ ਅੰਜਾਮ ਦੇਣ ਲਈ ਇਸ ਨੇ 'ਓਪਰੇਸ਼ਨ ਸਮਾਧਾਨ-ਪ੍ਰਹਾਰ' ਦੇ ਨਾਮ ਹੇਠ ਹੋਰ ਵੀ ਵਹਿਸ਼ੀ ਰੂਪ ਅਖ਼ਤਿਆਰ ਕੀਤਾ ਹੋਇਆ ਹੈ। ਯੂ.ਏ.ਪੀ.ਏ. ਲੋਕ ਹੱਕਾਂ ਦੇ ਪਹਿਰੇਦਾਰਾਂ ਨੂੰ ਅਣਮਿੱਥੇ ਸਮੇਂ ਲਈ ਜੇਲਾਂ ਵਿਚ ਸਾੜਨ ਦਾ ਹਥਿਆਰ ਹੈ ਤਾਂ ਜੁ ਉਹ ਜ਼ਮਾਨਤ ਨਾ ਲੈ ਸਕਣ ਅਤੇ ਉਨ੍ਹਾਂ ਨੂੰ ਬਿਨਾਂ ਇਲਾਜ ਜੇਲਾਂ 'ਚ ਮਾਰਿਆ ਜਾ ਸਕੇ। ਪ੍ਰੋਫੈਸਰ ਸਾਈਬਾਬਾ ਦੇ ਸਹਿ-ਮੁਲਜ਼ਮ ਆਦਿਵਾਸੀ ਨੌਜਵਾਨ ਪਾਂਡੂ ਨਰੋਟੇ ਅਤੇ ਭੀਮਾ-ਕੋਰੇਗਾਓਂ ਕੇਸ ਵਿਚ ਗ੍ਰਿਫ਼ਤਾਰ ਕੀਤੇ ਸਟੇਨ ਸਵਾਮੀ ਦਾ ਜੇਲ ਵਿਚ ਇਸੇ ਤਰ੍ਹਾਂ ਬਿਨਾਂ ਇਲਾਜ ਸੰਸਥਾਗਤ ਕਤਲ ਕੀਤਾ ਗਿਆ। ਪ੍ਰੋਫੈਸਰ ਸਾਈਬਾਬਾ, ਐਡਵੋਕੇਟ ਸੁਰਿੰਦਰ ਗਾਡਲਿੰਗ, ਪ੍ਰੋਫੈਸਰ ਵਰਨੋਨ, ਅਰੁਣ ਫ਼ਰੇਰਾ ਨੂੰ ਅੰਤਮ ਸਵਾਸ ਲੈ ਰਹੇ ਆਪਣੇ ਮਾਪਿਆਂ ਨੂੰ ਮਿਲਣ ਲਈ ਪੈਰੋਲ ਉੱਪਰ ਜ਼ਮਾਨਤ ਵੀ ਨਹੀਂ ਦਿੱਤੀ ਗਈ ਜੋ ਕਿ ਸਜ਼ਾਯਾਫ਼ਤਾ ਕੈਦੀਆਂ ਦਾ ਮੁੱਢਲਾ ਮਨੁੱਖੀ ਹੱਕ ਹੈ।

ਭਾਰਤੀ ਅਦਾਲਤੀ ਪ੍ਰਣਾਲੀ ਤੋਂ ਨਿਆਂ ਦੀ ਉਮੀਦ ਨਹੀਂ ਰੱਖੀ ਜਾ ਸਕਦੀ। ਬਾਬਰੀ ਮਸਜਿਦ, ਧਾਰਾ 370 ਦੇ ਖ਼ਾਤਮੇ, ਗੁਜਰਾਤ 'ਚ ਮੁਸਲਮਾਨਾਂ ਦੀ ਨਸਲਕੁਸ਼ੀ ਦੇ ਬਿਲਕੀਸ ਬਾਨੋ ਵਰਗੇ ਕੇਸਾਂ, 1984 'ਚ ਸਿੱਖਾਂ ਦੀ ਨਸਲਕੁਸ਼ੀ, ਕਸ਼ਮੀਰ ਵਿਚ ਰਾਜਕੀ ਦਹਿਸ਼ਤਵਾਦ, ਆਦਿਵਾਸੀਆਂ ਦੀ ਨਸਲਕੁਸ਼ੀ ਦੇ ਦਰਜਨਾਂ ਕੇਸਾਂ 'ਚ ਸੁਪਰੀਮ ਕੋਰਟ ਦੇ ਬੈਂਚਾਂ ਦਾ ਰਵੱਈਆ ਸਪਸ਼ਟ ਤੌਰ 'ਤੇ ਹੁਕਮਰਾਨ ਧਿਰ ਪੱਖੀ ਅਤੇ ਮਜ਼ਲੂਮਾਂ ਵਿਰੋਧੀ ਰਿਹਾ ਹੈ। ਇਸ ਦਾ ਭਾਵ ਇਹ ਵੀ ਨਹੀਂ ਕਿ ਕਾਨੂੰਨੀ ਚਾਰਾਜੋਈ ਬੇਮਾਇਨੇ ਹੈ। ਝੂਠੇ ਕੇਸਾਂ ਦੀ ਕਾਨੂੰਨੀ ਪੈਰਵੀ ਇਸ ਕਰਕੇ ਮਹੱਤਵਪੂਰਨ ਹੈ ਕਿ ਇਸ ਨਾਲ ਆਮ ਲੋਕਾਂ ਨੂੰ ਅਦਾਲਤੀ ਪ੍ਰਣਾਲੀ ਦੀ ਢੌਂਗੀ ਨਿਰਪੱਖਤਾ ਅਤੇ ਝੂਠੀ ਸੁਤੰਤਰਤਾ ਦੀ ਹਕੀਕਤ ਨੂੰ ਸਮਝਣ ਦਾ ਮੌਕਾ ਮਿਲਦਾ ਹੈ।

ਵਿਆਪਕ ਲੋਕ ਰਾਇ ਹੀ ਫਾਸ਼ੀਵਾਦੀ ਹਕੂਮਤ ਦੇ ਇਸ਼ਾਰੇ 'ਤੇ ਕੰਮ ਕਰ ਰਹੀ ਅਦਾਲਤੀ ਪ੍ਰਣਾਲੀ ਦੇ ਨਿਆਂਸ਼ਾਸਤਰ ਵਿਰੋਧੀ ਅਮਲ ਅਤੇ ਮਨਮਾਨੀਆਂ ਨੂੰ ਠੱਲ ਪਾ ਸਕਦੀ ਹੈ।

# ਬ੍ਰਿਟਿਸ਼ ਪ੍ਰਧਾਨ ਮੰਤਰੀ ਰਿਸ਼ੀ ਸੁਨਕ ਦੀ ਅਸਲੀਅਤ

*ਪ੍ਰੋਫੈਸਰ ਰਾਜਕੁਮਾਰ ਹਾਂਸ ਇਤਿਹਾਸਕਾਰ ਤੇ ਡਾ: ਹਰਜਿੰਦਰ ਸਿੰਘ ਦਲਗੀਰ ਹੋਰਾਂ ਦੀ ਅੰਗਰੇਜ਼ੀ ਪੋਸਟ*

## ''ਰਿਸ਼ੀ ਸੁਨਕ ਨਸਲਵਾਦ ਅਤੇ ਗਰੀਬੀ ਨੂੰ ਤੇਜ਼ ਕਰੇਗਾ ਅਤੇ ਯੂਕੇ ਅਤੇ ਵਿਸ਼ਵ ਪੱਧਰ 'ਤੇ ਹਿੰਦੂਤਵੀ ਫਾਸੀਵਾਦ ਨੂੰ ਮਜ਼ਬੂਤ ਕਰੇਗਾ ਸਾਊਥ ਏਸ਼ੀਆ ਸੋਲੀਡੈਰਿਟੀ ਗਰੁੱਪ ਦੁਆਰਾ ਇੱਕ ਬਿਆਨ''


ਪੰਜਾਬੀ ਅਨੁ. ਐਸ ਐਸ ਆਜ਼ਾਦ

ਰਿਸ਼ੀ ਸੁਨਕ ਨੂੰ ਬ੍ਰਿਟਿਸ਼ ਦੇ ਪਹਿਲੇ ਏਸ਼ੀਆਈ ਪ੍ਰਧਾਨ ਮੰਤਰੀ ਵਜੋਂ ਮਨਾਇਆ ਜਾ ਰਿਹਾ ਹੈ, ਇਸ ਲਈ ਉਨ੍ਹਾਂ ਦੀ ਪਛਾਣ ਕੀ ਹੈ ਅਤੇ ਇਹ ਉਨ੍ਹਾਂ ਦੀਆਂ ਘਰੇਲੂ ਅਤੇ ਵਿਦੇਸ਼ੀ ਨੀਤੀਆਂ ਨੂੰ ਕਿਵੇਂ ਪ੍ਰਭਾਵਤ ਕਰੇਗੀ ? ਪਾਰਲੀਮੈਂਟ ਵਿੱਚ ਸਭ ਤੋਂ ਅਮੀਰ ਵਿਅਕਤੀ ਹੋਣ ਦੇ ਨਾਤੇ, ਕਿੰਗ ਚਾਰਲਸ ਨਾਲੋਂ ਦੁੱਗਣੇ ਅਮੀਰ, ਆਕਸਫੋਰਡ ਅਤੇ ਗੋਲਡਮੈਨ ਸਾਕਸ ਤੋਂ ਬਾਅਦ ਪ੍ਰਾਈਵੇਟ ਸਕੂਲਾਂ ਵਿੱਚ ਅੱਖਾਂ ਚੁੰਧਿਆ ਦੇਣ ਵਾਲੀ ਮਹਿੰਗੀ ਸਿੱਖਿਆ ਪ੍ਰਾਪਤ ਕੀਤੀ ਹੈ ।ਸੁਨਕ ਬ੍ਰਿਟਿਸ਼ ਸਮਾਜ ਦੇ ਉੱਚ ਵਰਗਾਂ ਦੀ ਉੱਤਮਤਾ, ਹਿੱਤਾਂ ਦੀ ਰਾਖੀ ਲਈ ਪੂਰੀ ਤਰ੍ਹਾ ਹਮਦਰਦੀ ਰੱਖਦਾ ਹੋਇਆ ਬਚਨਬੱਧ ਹੈ। ਉਨ੍ਹਾਂ ਮੁਤਾਬਕ ਆਪਣੇ ਆਪ ਨੂੰ ਢਾਲਿਆ ਹੈ। ਦੌਲਤ ਅਤੇ ਵਿਸ਼ੇਸ਼ ਅਧਿਕਾਰਾਂ ਦੀ ਰਾਖੀ ਕਰਨ ਦੇ ਨਾਲ ਆਮ ਲੋਕ ਹਿਤਾਂ ਵਿਰੋਧੀ ਹੈ। ਉਸ ਨੇ ਵਿੱਤੀ ਮੰਤਰੀ ਹੋਣ ਦੌਰਾਨ ਆਪਣੀ ਭਾਰੀ ਨਿੱਜੀ ਦੌਲਤ ਇਕੱਠੀ ਕੀਤੀ ਹੈ। ਜਦੋਂ ਸਰਕਾਰ ਦੀਆਂ ਮਾੜੀਆਂ ਨੀਤੀਆਂ ਦੇ ਨਤੀਜੇ ਵਜੋਂ ਯੂਕੇ ਵਿੱਚ 300,000 ਲੋਕਾਂ ਦੀ ਮੌਤ ਹੋ ਗਈ ਸੀ। ਫੇਰ ਚਾਂਸਲਰ ਹੋਣ ਦੇ ਨਾਤੇ, ਸੁਨਕ ਨੇ ਯੂਨੀਵਰਸਲ ਕ੍ਰੈਡਿਟ ਲਈ 20-ਪਾਊਂਡ ਪ੍ਰਤੀ-ਹਫ਼ਤੇ ਦੇ ਵਾਧੇ ਨੂੰ ਰੋਕ ਦਿੱਤਾ ਸੀ। ਜਿਸ ਨੇ ਕੋਵਿਡ ਮਹਾਂਮਾਰੀ ਦੇ ਦੌਰਾਨ ਕੁਝ ਗਰੀਬ ਪਰਿਵਾਰਾਂ ਦੀ ਮਦਦ ਕੀਤੀ ਸੀ। ਜੁਲਾਈ ਵਿੱਚ ਕਟੌਤੀ ਦੀ ਪੁਸ਼ਟੀ ਹੋਣ ਤੋਂ ਕੁਝ ਹਫ਼ਤੇ ਪਹਿਲਾਂ, ਉਹ ਗ੍ਰੇਡ ਦੋ-ਸੂਚੀਬੱਧ ਯੌਰਕਸ਼ਾਇਰ ਮੈਨੋਰ ਵਿੱਚ ਇੱਕ ਪ੍ਰਾਈਵੇਟ ਸਵਿਮਿੰਗ ਪੂਲ, ਜਿੰਮ ਅਤੇ ਟੈਨਿਸ ਕੋਰਟ ਦੀ ਯੋਜਨਾ ਬਣਾਉਣ ਵਿੱਚ ਰੁੱਝਿਆ ਹੋਇਆ ਸੀ, ਜਿਸਨੂੰ ਉਸਨੇ ਅਤੇ ਉਸਦੀ ਪਤਨੀ, ਅਕਸ਼ਾਤਾ ਮੂਰਤੀ ਨੇ 2015 ਵਿੱਚ 1.5 ਮਿਲੀਅਨ ਪਾਂਊਂਡ ਵਿੱਚ ਖਰੀਦਿਆ ਸੀ। ਅਕਸਾਂਤਾ ਮੂਰਤੀ ਇਨਫੋਸਿਸ ਦੇ ਅਰਬਪਤੀ ਸਹਿ-ਸੰਸਥਾਪਕ ਨਰਾਇਣ ਮੂਰਤੀ ਦੀ ਧੀ ਹੈ ਅਤੇ ਹੈ। ਨਾਰਾਇਣ ਮੂਰਤੀ ਵੀ ਉਨ੍ਹਾਂ ਦੇ ਕਾਰੋਬਾਰ ਵਿੱਚ ਕਾਫ਼ੀ ਹਿੱਸੇਦਾਰ ਹਨ। ਜਿਵੇਂਕਿ ਐਡਮ ਬਾਈਚਾਵਸਕੀ ਓਪਨ ਡੈਮੋਕਰੇਸੀ ਵਿੱਚ ਲਿਖਦੀ ਹੈ, ''ਸੁਨਾਕਸ ਜਾਰਜੀਅਨ ਮਹਿਲ'' ਜਿੱਥੇ ਸਥਾਨਕ ਲੋਕਾਂ ਨੇ ਮੈਗਨਮਜ਼ ਸ਼ਰਾਬ ਤੇ ਸ਼ੈਂਪੇਨ ਦਾ ਦੌਰ ਚਲਾਉਣ ਵਾਲੀਆਂ ਪਾਰਟੀਆਂ ਵਿੱਚ ਸ਼ਾਮਲ ਹੋਣ ਦਾ ਵਰਣਨ ਕੀਤਾ ਹੈ, ਉਹ ਸਿਰਫ ਉਨ੍ਹਾਂ ਦੀ ਮਾਲਕੀ ਨਹੀਂ ਹੈਉਸ ਦੇ ਨਾਲ ਉਨ੍ਹਾਂ ਕੇਨਸਿੰਗਟਨ, ਪੱਛਮੀ ਲੰਡਨ ਵਿੱਚ 7 ਮਿਲੀਅਨ ਪਾਊਂਡ ਵਾਲਾ ਪੰਜ ਬੈੱਡਰੂਮ ਵਾਲਾ ਘਰ ਵੀ ਹੈ। ਇੱਕ ਫਲੈਟ, ਕੇਨਸਿੰਗਟਨ ਵਿੱਚ ਵੀ, ਜੋ ਕਿ ਰਿਸੀ ਜੋੜਾ ਕਥਿਤ ਤੌਰ 'ਤੇ ''ਸਿਰਫ਼ ਰਿਸ਼ਤੇਦਾਰਾਂ ਨੂੰ ਮਿਲਣ ਲਈ'' ਰੱਖਦਾ ਹੈ। ਉਨ੍ਹਾਂ ਕੋਲ ਸੈਂਟਾ ਮੋਨਿਕਾ, ਕੈਲੀਫੋਰਨੀਆ ਵਿੱਚ ਇੱਕ ਅਪਾਰਟਮੈਂਟ ਹੈ। ਇਸ ਦੌਰਾਨ ਜੋੜੇ ਦੀ ਦੌਲਤ ਕੇਮੈਨ ਆਈਲੈਂਡਜ਼ 'ਚ ਛੁਪਾ ਦਿੱਤੀ ਗਈ ਸੀ।



ਇਸ ਲਈ ਕੋਈ ਹੈਰਾਨੀ ਦੀ ਗੱਲ ਨਹੀਂ ਹੈ ਕਿ ਉਸਨੇ ਟਨਬ੍ਰਿਜ ਵੇਲਜ਼ ਵਿੱਚ ਆਪਣੇ ਕੁਦਰਤੀ ਸਹਿਯੋਗੀਆਂ 'ਤੇ ਸ਼ੇਖੀ ਮਾਰੀ ਸੀ ਕਿ ਉਹ ਪਹਿਲਾਂ ਹੀ ਉਨ੍ਹਾਂ ਸਰੋਤਾਂ ਨੂੰ ਖੋਹਣ ਦੀ ਪ੍ਰਕਿਰਿਆ ਵਿੱਚ ਸੀ ਜੋ ਲੇਬਰ ਪਾਰਟੀ ਨੇ ਵਾਂਝੇ ਸ਼ਹਿਰੀ ਖੇਤਰਾਂ (ਜਿਨ੍ਹਾਂ ਦੇ ਵਸਨੀਕਾਂ ਦਾ ਇੱਕ ਵੱਡਾ ਹਿੱਸਾ ਏਸ਼ੀਅਨ ਹਨ) ਨੂੰ ਅਲਾਟ ਕੀਤਾ ਸੀ। ਪੱਤੇਦਾਰ ਹੋਮ ਕਾਉਂਟੀਜ਼ ਦੇ ਚੰਗੀ ਅੱਡੀ ਵਾਲੇ ਨਿਵਾਸੀ ਹਨ। ਜਦੋਂ ਕਿ ਟੋਰੀਜ਼ 'ਵਿਭਿੰਨਤਾ' ਪ੍ਰਤੀ ਆਪਣੀ ਪਾਰਟੀ ਦੀ ਪਹੁੰਚ ਬਾਰੇ ਸ਼ੇਖੀ ਮਾਰਦੇ ਹਨ, ਰਿਸੀ ਸੁਨਕ ਗੈਰ ਗੋਰੇ ਰੰਗ ਦੇ ਲੋਕਾਂ ਦਾ ਕੋਈ ਦੋਸਤ ਨਹੀਂ ਹੈ। ਉਸ ਨੇ ਨਸਲਵਾਦੀ ਅਤੇ ਹਿੰਸਕ ਸਟਾਪ ਐਂਡ ਸਰਚ ਨੀਤੀਆਂ ਨੂੰ ਵਧਾਉਣ ਦਾ ਵਾਅਦਾ ਕੀਤਾ ਹੈ। ਜੋ ਕਾਲੇ ਲੋਕਾਂ ਅਤੇ ਮੁਸਲਮਾਨਾਂ ਨੂੰ ਨਿਸ਼ਾਨਾ ਬਣਾਉਂਦੀਆਂ ਹਨ ।ਆਵਦੇ ਬੱਚਿਆਂ ਨੂੰ ਪਾਲਣ ਵਾਲੇ

(ਬਾਕੀ ਸਫ਼ਾ 37)




# 1947 ਭਾਰਤ ਵੰਡ ਦੀ ਦਾਸਤਾਨ

## ਤਮਸ (ਪ੍ਰਕਾਸ਼ਤ ਹਨੇਰਾ) 1988 ਲੜੀਵਾਰ ਟੈਲੀ ਫਿਲਮ

ਆਜ਼ਾਦ ਵਿਸਮਾਦ

ਤਮਸ (ਪ੍ਰਕਾਸ਼ਤ ਹਨੇਰਾ) 1988 ਦੀ ਲੜੀਵਾਰ ਟੈਲੀਵਿਜ਼ਨ ਫਿਲਮ ਹੈ ਜੋ ਗੋਵਿੰਦ ਨਿਹਲਾਨੀ ਦੁਆਰਾ ਲਿਖੀ ਅਤੇ ਨਿਰਦੇਸ਼ਤ ਕੀਤੀ ਗਈ ਹੈ । ਇਹ ਭੀਸ਼ਮ ਸਾਹਨੀ (1974) ਦੇ ਇਸੇ ਨਾਂ ਦੇ ਹਿੰਦੀ ਨਾਵਲ 'ਤੇ ਅਧਾਰਤ ਹੈ, ਜਿਸ ਲਈ ਲੇਖਕ ਨੂੰ 1975 ਵਿੱਚ ਸਾਹਿਤ ਅਕਾਦਮੀ ਪੁਰਸਕਾਰ ਮਿਲਿਆ ਸੀ। ਇਹ ਫਿਲਮ, 1947 ਵਿੱਚ ਭਾਰਤ ਦੀ ਵੰਡ ਵੇਲੇ ਦੰਗਿਆਂ ਨਾਲ ਗ੍ਰਸਤ ਪਾਕਿਸਤਾਨ ਦੇ ਪਿਛੋਕੜ ਵਿੱਚ, ਵੰਡ ਦੇ ਨਤੀਜੇ ਵਜੋਂ ਪ੍ਰਵਾਸੀ ਸਿੱਖ ਅਤੇ ਹਿੰਦੂ ਪਰਿਵਾਰਾਂ ਦੀ ਭਾਰਤ ਦੀ ਦੁਰਦਸ਼ਾ ਨਾਲ ਸੰਬੰਧਤ ਹੈ। ਇਹ ਪਹਿਲਾਂ ਭਾਰਤ ਦੇ ਰਾਸ਼ਟਰੀ ਪ੍ਰਸਾਰਕ ਦੂਰਦਰਸ਼ਨ 'ਤੇ ਇੱਕ ਮਿੰਨੀ-ਲੜੀ ਦੇ ਰੂਪ ਵਿੱਚ ਅਤੇ ਬਾਅਦ ਵਿੱਚ ਚਾਰ ਘੰਟਿਆਂ ਦੀ ਲੰਮੀ ਫੀਚਰ ਫਿਲਮ ਦੇ ਰੂਪ ਵਿੱਚ ਦਿਖਾਈ ਗਈ ਸੀ। 35ਵੇਂ ਰਾਸ਼ਟਰੀ ਫਿਲਮ ਪੁਰਸਕਾਰਾਂ ਵਿੱਚ, ਇਸ ਨੇ ਰਾਸ਼ਟਰੀ ਏਕਤਾ 'ਤੇ ਸਰਬੋਤਮ ਫੀਚਰ ਫਿਲਮ ਲਈ ਨਰਗਿਸ ਦੱਤ ਅਵਾਰਡ ਸਮੇਤ ਤਿੰਨ ਪੁਰਸਕਾਰ ਜਿੱਤੇ।

ਕਹਾਣੀ ਨੱਥੂ (ਓਮ ਪੁਰੀ) ਨਾਮ ਦੇ ਇੱਕ ਚਮੜੇ ਦਾ ਕੰਮ ਕਰਨ ਵਾਲੇ ਤੋਂ ਸ਼ੁਰੂ ਹੁੰਦੀ ਹੈ। ਉਹ ਆਪਣੀ ਦੁਕਾਨ ਵਿੱਚ ਆਪਣਾ ਕੰਮ ਖ਼ਤਮ ਕਰ ਰਿਹਾ ਹੈ । ਠੇਕੇਦਾਰ (ਪੰਕਜ ਕਪੂਰ) ਅੰਦਰ ਆਉਂਦਾ ਹੈ ਅਤੇ ਉਸਨੂੰ ਵੈਟਰਨਰੀ ਡਾਕਟਰ ਲਈ ਇੱਕ ਸੂਰ ਨੂੰ ਮਾਰਨ ਲਈ ਕਹਿੰਦਾ ਹੈ ਜਿਸ ਨੂੰ ਕਿਸੇ ਡਾਕਟਰੀ ਕੰਮ ਲਈ ਇਸ ਦੀ ਜ਼ਰੂਰਤ ਹੁੰਦੀ ਹੈ। ਨੱਥੂ ਇਹ ਕਹਿ ਕੇ ਇਨਕਾਰ ਕਰ ਦਿੰਦਾ ਹੈ ਕਿ ਉਸਨੇ ਪਹਿਲਾਂ ਕਦੇ ਕਿਸੇ ਸੂਰ ਨੂੰ ਨਹੀਂ ਮਾਰਿਆ ਹੈ ਅਤੇ ਨਾ ਹੀ ਉਸ ਕੋਲ ਇਸ ਲਈ ਲੋੜੀਂਦਾ ਹੁਨਰ ਹੈ। ਪਰ ਠੇਕੇਦਾਰ ਬਜ਼ਿੱਦ ਹੈ ਤੇ ਉਸਨੂੰ ਕਿਸੇ ਖ਼ਤਰੇ ਦੀ ਘੜੀ ਵਿੱਚ ਸੁਰੱਖਿਆ ਦੇਣ ਦੀ ਵੀ ਪੇਸ਼ਕਸ਼ ਕਰਦਾ ਹੈ। ਠੇਕੇਦਾਰ ਜ਼ੋਰ ਪਾਕੇ ਨਾਥੂ ਨੂੰ 5 ਰੁਪਏ ਦਿੰਦਾ ਹੈ ਤੇ ਇਹ ਕਹਿ ਕੇ ਚਲਿਆ ਜਾਂਦਾ ਹੈ ਕਿ ਸਵੇਰ ਤਕ ਜਮਾਦਾਰ ਲਾਸ਼ ਲੈਣ ਆਵੇਗਾ।

ਅਗਲੀ ਸਵੇਰ ਬਖਸ਼ੀ ਜੀ (ਏ. ਕੇ. ਹੰਗਲ) ਅਤੇ ਰਾਜਨੀਤਿਕ ਪਾਰਟੀ ਦੇ ਕੁਝ ਮੈਂਬਰ ਦੇਸ਼-ਭਗਤੀ ਦੇ ਗੀਤ ਗਾਉਂਦੇ ਹੋਏ, ਇੱਕ ਮੁਸਲਿਮ ਮੁਹੱਲੇ ਵਿੱਚ ਨਾਲਿਆਂ ਨੂੰ ਸਾਫ਼ ਕਰਨ ਲਈ ਜਾਂਦੇ ਹਨ। ਉਨ੍ਹਾਂ ਦਾ ਮੁਹੱਲੇ ਵਿਖੇ ਨਿੱਘਾ ਸਵਾਗਤ ਕੀਤਾ ਜਾਂਦਾ ਹੈ ਅਤੇ ਨਿਵਾਸੀਆਂ ਦੁਆਰਾ ਨਾਲਿਆਂ ਦੀ ਸਫਾਈ ਵਿੱਚ ਸਾਥ ਦਿੱਤਾ ਜਾਂਦਾ ਹੈ । ਬਾਅਦ ਵਿੱਚ ਉਨ੍ਹਾਂ ਦਾ ਸਾਹਮਣਾ ਇੱਕ ਬਜ਼ੁਰਗ ਮੁਸਲਮਾਨ ਨਾਲ ਹੁੰਦਾ ਹੈ ਜੋ ਉਨ੍ਹਾਂ ਨੂੰ ਮੁਹੱਲਾ ਛੱਡਣ ਲਈ ਕਹਿੰਦਾ ਹੈ। ਜਲਦੀ ਹੀ ਨੇੜਲੇ ਘਰਾਂ ਤੋਂ ਪਾਰਟੀ ਮੈਂਬਰਾਂ 'ਤੇ ਪੱਥਰ ਸੁੱਟੇ ਗਏ ਅਤੇ ਉਹ ਮੌਕੇ ਤੋਂ ਭੱਜ ਗਏ। ਪਾਰਟੀ ਮੈਂਬਰਾਂ ਨੂੰ ਬਾਅਦ ਵਿੱਚ ਪਤਾ ਲੱਗਿਆ ਕਿ ਕਿਸੇ ਨੇ ਮਸਜਿਦ ਦੀਆਂ ਪੌੜੀਆਂ 'ਤੇ ਸੂਰ ਦੀ ਲਾਸ਼ ਸੁੱਟ ਦਿੱਤੀ ਸੀ।

ਭਾਈਚਾਰੇ ਵਿੱਚ ਅਸ਼ਾਂਤੀ ਦੇ ਡਰੋਂ, ਮੁਸਲਿਮ ਲੀਗ ਦੇ ਬੁਲਾਰੇ ਬਖਸ਼ੀ ਜੀ ਅਤੇ ਹਯਾਤ ਬਖਸ਼ (ਮਨੋਹਰ ਸਿੰਘ), ਡਿਪਟੀ ਕਮਿਸ਼ਨਰ ਰਿਚਰਡ (ਬੈਰੀ ਜੌਨ) ਦੇ ਘਰ ਮੁਲਾਕਾਤ ਕਰਦੇ ਹਨ। ਉਨ੍ਹਾਂ ਨੂੰ ਸਥਿਤੀ ਨੂੰ ਕਾਬੂ ਵਿੱਚ ਲਿਆਉਣ ਲਈ ਅਗਾਊਂ ਉਪਾਅ ਕਰਨ ਦੀ ਅਪੀਲ ਕਰਦੇ ਹਨ। ਰਿਚਰਡ ਨੇ ਪੁਲਿਸ ਤਾਇਨਾਤ ਕਰਨ ਜਾਂ ਕਰਫਿਊ ਲਗਾਉਣ ਦੇ ਬਖਸ਼ੀ ਜੀ ਤੇ ਹਯਾਤ ਬਖਸ਼ ਦੇ ਸੁਝਾਵਾਂ ਨੂੰ ਠੁਕਰਾ ਦਿੱਤਾ। ਇਸ ਦੀ ਬਜਾਏ ਪਾਰਟੀ ਦੇ ਮੈਂਬਰਾਂ ਨੂੰ ਆਪਣੇ -ਆਪਣੇ ਭਾਈਚਾਰਿਆਂ ਨੂੰ ਸ਼ਾਂਤੀ ਅਤੇ ਵਿਵਸਥਾ ਬਣਾਈ ਰੱਖਣ ਦੀ ਅਪੀਲ ਕਰਨ ਲਈ ਕਿਹਾ।

ਨੱਥੂ ਨੇ ਮਸਜਿਦ ਵਿੱਚ ਸੂਰ ਦੀ ਲਾਸ਼ ਨੂੰ ਵੇਖਿਆ ਅਤੇ ਸ਼ਹਿਰ ਵਿੱਚ ਥੋੜ੍ਹੀ ਜਿਹੀ ਅਸ਼ਾਂਤੀ ਵੇਖੀ, ਹੈਰਾਨ ਹੋਇਆ ਕਿ ਕੀ ਇਹ ਉਹੀ ਸੂਰ ਸੀ ਜਿਸਨੂੰ ਉਸਨੇ ਕੱਲ ਰਾਤ ਮਾਰਿਆ ਸੀ। ਸ਼ਾਮ ਨੂੰ ਘਰ ਵਾਪਸ ਆਉਂਦੇ ਸਮੇਂ ਉਹ ਗਲੀ ਵਿੱਚ ਠੇਕੇਦਾਰ ਨੂੰ ਵੇਖਦਾ ਹੈ। ਨੱਥੂ ਉਸ ਕੋਲ ਜਾਣ ਦੀ ਕੋਸ਼ਿਸ਼ ਕਰਦਾ ਹੈ ਪਰ ਠੇਕੇਦਾਰ ਜਲਦੀ ਨਾਲ ਭੱਜ ਜਾਂਦਾ ਹੈ। ਇਸ ਨਾਲ ਉਸਨੂੰ ਯਕੀਨ ਹੋ ਜਾਂਦਾ ਹੈ ਕਿ ਇਹ ਉਹੀ ਸੂਰ ਸੀ। ਨੱਥੂ ਬਹੁਤ ਹੀ ਦੋਸ਼ੀ ਮਹਿਸੂਸ ਕਰਦਾ ਹੈ ਤੇ ਘਰ ਜਾ ਕੇ ਆਪਣੀ ਗਰਭਵਤੀ ਪਤਨੀ ਕੰਮੋ (ਦੀਪਾ ਸਾਹੀ) ਦੇ ਸਾਹਮਣੇ ਇਹ ਸਭ ਇਕਰਾਰ ਕਰਦਾ ਹੈ । ਬਾਹਰ ਕੁਝ ਦੂਰੀ 'ਤੇ ਉਹ ਘਰਾਂ ਨੂੰ ਸੜਦੇ ਹੋਏ ਦੇਖਦੇ ਹਨ ਅਤੇ ਨੱਥੂ ਫਿਰਕੂ ਹਿੰਸਾ ਭੜਕਾਉਣ ਲਈ ਆਪਣੇ ਆਪ ਨੂੰ ਜ਼ਿੰਮੇਵਾਰ ਸਮਝਦਾ ਹੈ।

ਖਤਰੇ ਨੂੰ ਦੇਖਦੇ ਹੋਏ ਨੱਥੂ, ਆਪਣੀ ਪਤਨੀ ਅਤੇ ਮਾਂ ਦੇ ਨਾਲ ਸ਼ਹਿਰ ਛੱਡਣ ਦਾ ਫੈਸਲਾ ਕਰਦਾ ਹੈ। ਉਹ ਪੈਦਲ ਚੱਲਣਾ ਸ਼ੁਰੂ ਕਰਦੇ ਹਨ, ਨੱਥੂ ਆਪਣੀ ਅਪੰਗ ਬਜ਼ੁਰਗ ਮਾਂ ਨੂੰ ਆਪਣੀ ਪਿੱਠ 'ਤੇ ਚੁੱਕਦਾ ਹੈ । ਯਾਤਰਾ ਦੇ ਦੌਰਾਨ ਨੱਥੂ ਦੀ ਮਾਂ ਦੀ ਮੌਤ ਹੋ ਜਾਂਦੀ ਹੈ ਤੇ ਉਸਨੂੰ ਬਿਨਾਂ ਕਿਸੇ ਅੰਤਿਮ ਸੰਸਕਾਰ ਦੇ ਜੰਗਲ ਵਿੱਚ ਸਾੜ ਦੇਣਾ ਪੈਂਦਾ ਹੈ । ਇਸ ਘਟਨਾ ਨਾਲ ਅੰਤਹਕਰਣ ਵਿੱਚ ਨੱਥੂ ਭੋਲੇਪਣ ਵਿੱਚ ਆਪਣੇ ਆਪ ਨੂੰ ਸਰਬਨਾਸ਼ ਲਈ ਹੋਰ ਵੀ ਜ਼ਿੰਮੇਵਾਰ ਠਹਿਰਾਉਂਦਾ ਹੈ।

ਨੇੜਲੇ ਪਿੰਡ ਵਿੱਚ ਹਰਨਾਮ ਸਿੰਘ (ਭੀਸ਼ਮ ਸਾਹਨੀ) ਅਤੇ ਉਸਦੀ ਪਤਨੀ ਬੰਤੋ (ਦੀਨਾ ਪਾਠਕ) ਇਕੱਲੇ ਸਿੱਖ ਪਰਿਵਾਰ ਹਨ। ਉਹ ਵੀ ਆਪਣੀ ਧੀ ਜਸਬੀਰ ਦੇ (ਉੱਤਰਾ ਬਾਓਕਰ) ਸਿੱਖ ਪਿੰਡ ਵਿੱਚ ਘਰ ਜਾਣ ਦੀ ਯੋਜਨਾ ਬਣਾਉਂਦੇ ਹਨ। ਉਹ ਸਾਰੀ ਰਾਤ ਪੈਦਲ ਯਾਤਰਾ ਕਰਦੇ ਹਨ ਅਤੇ ਅਗਲੀ ਸਵੇਰ ਇੱਕ ਪਿੰਡ ਪਹੁੰਚਦੇ ਹਨ ਅਤੇ ਪਨਾਹ ਲੈਣ ਲਈ ਦਰਵਾਜ਼ਾ ਖੜਕਾਉਂਦੇ ਹਨ। ਇਹ ਘਰ ਇੱਕ ਮੁਸਲਮਾਨ ਅਹਿਸਾਨ ਅਲੀ (ਇਫਤੇਖਾਰ) ਦਾ ਹੈ, ਜੋ ਲੰਮੇ ਸਮੇਂ ਤੋਂ ਹਰਨਾਮ ਸਿੰਘ ਦਾ ਦੋਸਤ ਹੈ। ਹਰਨਾਮ ਸਿੰਘ ਅਤੇ ਬੰਤੋ ਦਿਨ ਵੇਲੇ ਘਰ ਵਿੱਚ ਛੁਪਦੇ ਹਨ, ਪਰ ਰਾਤ ਨੂੰ ਅਹਿਸਾਨ ਦੇ ਪੁੱਤਰ ਦੁਆਰਾ ਲੱਭੇ ਜਾਂਦੇ ਹਨ ਅਤੇ ਉਨ੍ਹਾਂ ਨੂੰ ਤੁਰੰਤ ਘਰ ਛੱਡ ਕੇ ਜਾਣ ਲਈ ਕਿਹਾ ਜਾਂਦਾ ਹੈ । ਅਗਲੀ ਸਵੇਰ ਉਨ੍ਹਾਂ ਦੇ ਰਸਤੇ ਵਿੱਚ ਉਹ ਨੱਥੂ ਅਤੇ ਉਸਦੀ ਪਤਨੀ ਨੂੰ ਜੰਗਲ ਵਿੱਚ ਮਿਲੇ ਅਤੇ ਉਹ ਸਾਰੇ ਇਕੱਠੇ ਇੱਕ ਗੁਰਦੁਆਰੇ ਵਿੱਚ ਜਾਂਦੇ ਹਨ ਜਿੱਥੇ ਜਸਬੀਰ ਅਤੇ ਕਈ ਹੋਰ ਸਿੱਖਾਂ ਨੇ ਸ਼ਰਨ ਲਈ ਹੋਈ ਸੀ।

ਗੁਰਦੁਆਰਾ ਸਾਹਿਬ ਵਿਖੇ ਤੇਜਾ ਸਿੰਘ (ਅਮਰੀਸ਼ ਪੁਰੀ), ਸਿੱਖ ਕੌਂਸਲ ਦੇ ਆਗੂ, ਸਿੱਖਾਂ ਨੂੰ ਸੂਚਿਤ ਕਰਦੇ ਹਨ ਕਿ ਮੁਸਲਮਾਨ ਲਗਾਤਾਰ ਹਥਿਆਰ ਇਕੱਠੇ ਕਰ ਰਹੇ ਹਨ ਅਤੇ ਸਿੱਖਾਂ ਨੂੰ ਵੀ ਅਜਿਹਾ ਕਰਨਾ ਚਾਹੀਦਾ ਹੈ। ਉਸ ਰਾਤ ਬਾਅਦ ਵਿੱਚ ਇੱਕ ਜੂਨੀਅਰ ਗ੍ਰੰਥੀ ਗੁਰਦੁਆਰੇ ਆਇਆ ਅਤੇ ਤੇਜਾ ਸਿੰਘ ਨੂੰ ਸੂਚਿਤ ਕੀਤਾ ਕਿ ਮੁਸਲਮਾਨ ਜਾਣਦੇ ਹਨ ਕਿ ਸਿੱਖ ਗਿਣਤੀ ਤੋਂ ਬਾਹਰ ਹਨ ਅਤੇ ਲੋੜੀਂਦੇ ਹਥਿਆਰਬੰਦ ਨਹੀਂ ਹਨ, ਇਸ ਲਈ ਉਹ ਜੰਗਬੰਦੀ ਲਈ 2 ਲੱਖ ਰੁਪਏ ਦੀ ਮੰਗ ਕਰ ਰਹੇ ਹਨ। ਤੇਜਾ ਸਿੰਘ ਅਤੇ ਸਿੱਖ ਕੌਂਸਲ ਇਸ ਰਕਮ ਨੂੰ ਬਹੁਤ ਜ਼ਿਆਦਾ ਮੰਨਦੇ ਹਨ ਅਤੇ ਗ੍ਰੰਥੀ ਅਤੇ ਨੱਥੂ ਨੂੰ ਮੁਸਲਮਾਨਾਂ ਨਾਲ ਗੱਲਬਾਤ ਕਰਨ ਲਈ ਭੇਜਦੇ ਹਨ। ਤੇਜਾ ਸਿੰਘ ਅਤੇ ਕੌਂਸਲ ਦੇ ਮੈਂਬਰ ਗੁਰਦੁਆਰੇ ਦੀ ਛੱਤ ਤੋਂ ਦੇਖਦੇ ਹਨ ਕਿ ਨੱਥੂ ਤੇ ਗ੍ਰੰਥੀ ਨੂੰ ਮੁਸਲਿਮ ਭੀੜ ਨੇ ਘੇਰ ਕੇ ਹਮਲਾ ਕਰ ਦਿੱਤਾ। ਇਸ ਤੋਂ ਗੁੱਸੇ ਵਿਚ ਆਏ ਸਿੱਖ ਹਥਿਆਰ ਚੁੱਕਦੇ ਹਨ ਤੇ ਜੈਕਾਰੇ ਲਗਾਉਂਦੇ ਹੋਏ ਲੜਨ ਲਈ ਨਿਕਲ ਜਾਂਦੇ ਹਨ। ਜਸਬੀਰ, ਗੁਰਦੁਆਰੇ ਵਿੱਚ ਬਚੀਆਂ ਹੋਈਆਂ ਸਿੱਖ ਔਰਤਾਂ ਨੂੰ ਖੂਹ ਵਿੱਚ ਛਾਲ ਮਾਰ ਕੇ ਸਮੂਹਿਕ ਆਤਮਹੱਤਿਆ ਵੱਲ ਲੈ ਜਾਂਦੀ ਹੈ। ਔਰਤਾਂ ਆਪਣੇ ਬੱਚਿਆਂ ਨੂੰ ਛਾਤੀ ਨਾਲ ਲਾ ਕੇ ਖੂਹ ਵਿੱਚ ਛਾਲਾਂ ਮਾਰ ਦਿੰਦੀਆਂ ਹਨ।

ਰਿਚਰਡ ਨੂੰ ਬਾਅਦ ਵਿੱਚ ਸ਼ਹਿਰ ਦੀਆਂ ਪ੍ਰਮੁੱਖ ਹਸਤੀਆਂ ਨੂੰ ਸੰਬੋਧਿਤ ਕਰਦੇ ਹੋਏ ਦਿਖਾਇਆ ਗਿਆ ਜਿੱਥੇ ਉਹ ਸਰਕਾਰ ਦੁਆਰਾ ਕੀਤੇ ਗਏ ਰਾਹਤ ਉਪਾਵਾਂ ਬਾਰੇ ਇਕੱਠ ਨੂੰ ਜਾਣਕਾਰੀ ਦਿੰਦਾ ਹੈ । ਉਹ ਨੇਤਾਵਾਂ ਨੂੰ ਸ਼ਾਂਤੀ ਦਾ ਸੰਦੇਸ਼ ਦੇਣ ਲਈ ਇੱਕ ਅਮਨ ਕਮੇਟੀ ਬਣਾਉਣ ਦਾ ਪ੍ਰਸਤਾਵ ਦਿੰਦਾ ਹਨ। ਬਖਸ਼ੀ ਜੀ ਅਤੇ ਹਯਾਤ ਬਖਸ਼ ਨੂੰ ਅਮਨ ਕਮੇਟੀ ਦਾ ਉਪ ਪ੍ਰਧਾਨ ਬਣਾਇਆ ਗਿਆ ਹੈ। ਮੀਟਿੰਗ ਦੀ ਸਮਾਪਤੀ ਤੇ ਠੇਕੇਦਾਰ ਫਿਰਕੂ ਸਦਭਾਵਨਾ ਦੇ ਨਾਅਰੇ ਲਗਾਉਂਦੇ ਹੋਏ ਦਿਖਾਈ ਦਿੰਦੇ ਹਨ।

ਹਰਨਾਮ ਸਿੰਘ, ਬੰਤੋ ਅਤੇ ਕੰਮੋ ਸ਼ਰਨਾਰਥੀ ਕੈਂਪ ਵਿੱਚ ਹਨ। ਹਰਨਾਮ ਸਿੰਘ ਨੇ ਇੱਕ ਸਰਕਾਰੀ ਕਰਮਚਾਰੀ ਨੂੰ ਬੇਨਤੀ ਕੀਤੀ ਕਿ ਉਹ ਨੱਥੂ ਨੂੰ ਲੱਭਣ ਵਿੱਚ ਸਹਾਇਤਾ ਕਰੇ ਜਿਸਨੂੰ ਮੁਸਲਮਾਨਾਂ ਨਾਲ ਗੱਲਬਾਤ ਕਰਨ ਲਈ ਜੂਨੀਅਰ ਗ੍ਰੰਥੀ ਦੇ ਨਾਲ ਜਾਣ ਤੋਂ ਬਾਅਦ ਨਹੀਂ ਦੇਖਿਆ ਗਿਆ। ਕਰਮਚਾਰੀ ਸੁਝਾਅ ਦਿੰਦੇ ਹਨ ਕਿ ਉਹ ਹਸਪਤਾਲ ਦੇ ਤੰਬੂ 'ਤੇ ਪੁੱਛ-ਗਿੱਛ ਕਰਨ। ਕੰਮੋ, ਜ਼ਮੀਨ ਤੇ ਇੱਕ ਕਤਾਰ ਵਿੱਚ ਪਈਆਂ ਲਾਸ਼ਾਂ ਨੂੰ ਵੇਖਦੀ ਹੈ ਤੇ ਉਨ੍ਹਾਂ ਵਿੱਚ ਨੱਥੂ ਦੀ ਲਾਸ਼ ਦੀ ਪਛਾਣ ਕਰਦੀ ਹੈ ਤੇ ਉਥੇ ਹੀ ਵਿਰਲਾਪ ਕਰਨ ਲੱਗ ਪੈਂਦੀ ਹੈ। ਉਸਨੂੰ ਜੰਮਣ ਪੀੜਾਂ ਸ਼ੁਰੂ ਹੋ ਜਾਂਦੀਆਂ ਹਨ ਤੇ ਨਰਸਾਂ ਦੁਆਰਾ ਉਸਨੂੰ ਹਸਪਤਾਲ ਦੇ ਤੰਬੂ ਵਿੱਚ ਲਿਜਾਇਆ ਜਾਂਦਾ ਹੈ। ਤੰਬੂ ਦੇ ਬਾਹਰ ਬੈਠੇ ਹਰਨਾਮ ਸਿੰਘ ਅਤੇ ਬੰਤੋ ਦੂਰੋਂ ਆ ਰਹੇ "ਅੱਲਾਹੂ ਅਕਬਰ" ਅਤੇ "ਹਰ ਹਰ ਮਹਾਦੇਵ" ਦੇ ਨਾਅਰਿਆਂ ਨਾਲ ਨਾਲ, ਤੰਬੂ ਦੇ ਅੰਦਰੋਂ ਨਵਜੰਮੇ ਬੱਚਿਆਂ ਦੀਆਂ ਚੀਕਾਂ ਸੁਣਦੇ ਹਨ ।

ਦੂਰਦਰਸ਼ਨ ਤੇ ਦੇਰ ਰਾਤ ਆਉਂਦੇ ਨਾਟਕਾਂ ਦੇ ਰੂਪ ਵਿੱਚ, ਔਰਤਾਂ ਵਲੋਂ ਬੱਚਿਆਂ ਸਮੇਤ ਕੀਤੀਆਂ ਸਮੂਹਿਕ ਖੁਦਕੁਸ਼ੀਆਂ ਦੇ ਦ੍ਰਿਸ਼ ਨੇ ਮੈਨੂੰ ਬੁਰੀ ਤਰ੍ਹਾਂ ਝੰਜੋੜ ਦਿੱਤਾ ਸੀ। ਇਹ ਦ੍ਰਿਸ਼ ਦੇਖਦਿਆਂ ਮੈਂ ਮੰਮੀ ਨੂੰ ਘੁੱਟ ਕੇ ਜੱਫੀ ਪਾ ਲਈ ਤੇ ਹਟਕੋਰੇ ਭਰਨ ਲੱਗ ਪਿਆ ਸੀ ।

ਦੋਸਤੋ, ਸ਼ਾਤਿਰ ਸਿਆਸਤਦਾਨਾਂ ਵੱਲੋਂ ਪਾੜੋ ਤੇ ਰਾਜ ਕਰੋ ਦੀਆਂ ਕੋਝੀਆਂ ਚਾਲਾਂ ਬਾਦਸਤੂਰ ਜਾਰੀ ਹਨ। ਸਮਝਣ ਲਈ YouTube ਤੇ ਤਮਸ ਜ਼ਰੂਰ ਦੇਖੋ ਤੇ ਸਮਝਣ ਦੀ ਕੋਸ਼ਿਸ਼ ਕਰੋ ਕਿ "ਮਜ਼ਹਬ ਨਹੀਂ ਸਿਖਾਤਾ, ਆਪਸ ਮੇਂ ਬੈਰ ਰਖਨਾ"।

# ਸੁਰਿੰਦਰ ਸਿੰਘ ਗਰੇਵਾਲ ਨੂੰ ਯਾਦ ਕਰਦਿਆਂ, ਕੁੱਝ ਅਧੂਰੇ ਸ਼ਬਦ

ਜੋਗਿੰਦਰ ਆਜਾਦ

1977-78 'ਚ ਬੇਰੁਜ਼ਗਾਰ ਅਧਿਆਪਕ ਯੂਨੀਅਨ ਅਤੇ ਗੌਰਮਿੰਟ ਟੀਚਰਜ਼ ਯੂਨੀਅਨ ਲੁਧਿਆਣਾ ਦੀਆਂ ਰੈਲੀਆਂ 'ਚ ਅਕਸਰ ਇਕ ਸੁਨੱਖਾ ਜਿਹਾ ਨੌਜਵਾਨ ਮਾਸਟਰ ਦਾ ਗੀਤ ਗੂੰਜਦਾ ਸੀ "ਜਦੋਂ ਕਲਮ ਨਹੀਂ ਮੇਰੀ ਆਖਦੀ ਭਾਰਤ ਆਜ਼ਾਦੀ ਮਾਣਦਾ ਫਿਰ ਮੈਂ ਕਿੱਦਾਂ ਕਹਿ ਦੇਵਾ ਮੇਰਾ ਦੇਸ਼ ਭਾਰਤ ਆਜ਼ਾਦ ਹੈ"। ਇਹ ਮਾਸਟਰ ਸੀ ਬੇਰੁਜ਼ਗਾਰ ਅਧਿਆਪਕ ਯੂਨੀਅਨ ਪੰਜਾਬ ਦਾ ਜ਼ਿਲ੍ਹਾ ਪ੍ਰਧਾਨ ਸੁਰਿੰਦਰ ਸਿੰਘ ਗਰੇਵਾਲ। ਅਪਰੈਲ 1951 'ਚ ਪਿੰਡ ਧਾਂਦਰਾ ਵਿਖੇ ਪੈਦਾ ਹੋਇਆ ਸਾਡਾ ਇਹ ਸੰਘਰਸ਼ਸ਼ੀਲ ਯੋਧਾ ਅਕਤੂਬਰ 18ਦੀ ਰਾਤ 19 ਸਵੇਰੇ ਅਲਵਿਦਾ ਕਹਿ ਗਿਆ ਹੈ। ਜਦੋਂ ਉਹ ਭਰ ਜਵਾਨੀ 'ਚ 1971 'ਚ ਐਡਹਾਕ ਅਧਿਆਪਕ ਨਿਯੁਕਤ ਹੋਇਆ ਉਸ ਸਮੇਂ ਉਹ ਸਰੀਰਕ ਸਿੱਖਿਆ ਅਧਿਆਪਕ ਸੀ। ਕੱਚੇ ਅਧਿਆਪਕਾਂ ਨੂੰ ਪੇਸ਼ ਆ ਰਹੀਆਂ ਸਮੱਸਿਆਵਾਂ ਅਤੇ ਅਫਸਰਸ਼ਾਹੀ ਦੇ ਧੱਕਿਆਂ ਨੂੰ ਮਹਿਸੂਸ ਕਰਕੇ ਉਹ ਬੇਰੁਜ਼ਗਾਰ ਅਧਿਆਪਕ ਯੂਨੀਅਨ 'ਚ ਕੁੱਦ ਪਿਆ। ਐਮਰਜੈਂਸੀ ਦੌਰਾਨ ਘੁੰਗਰਾਲੀ ਸਿੱਖਾਂ ਦੇ ਹੈਡ ਮਾਸਟਰ ਮਸਤਾਨ ਸਿੰਘ ਦੀਆਂ ਧਾਂਦਲੀਆਂ ਖਿਲਾਫ ਆਵਾਜ਼ ਉਠਾਉਣ ਦੀ ਕੀਮਤ ਤਾਰਨੀ ਪਈ। ਹੈਡ ਮਾਸਟਰ ਨੇ ਉਸਨੂੰ ਟਰਮੀਨੇਟ ਕਰ ਦਿੱਤਾ। ਇਹ ਹੈਡ ਮਾਸਟਰ ਜ਼ਿਲ੍ਹਾ ਸਿੱਖਿਆ ਅਫਸਰ ਨੂੰ ਵੀ ਟਿੱਚ ਸਮਝਦਾ ਸੀ। ਜ਼ਿਲ੍ਹਾ ਸਿੱਖਿਆ ਅਫਸਰ ਪਿਆਰਾ ਸਿੰਘ ਵਲੋਂ ਗਰੇਵਾਲ ਨੂੰ ਬਹਾਲ ਕਰਨ ਦੇ ਹੁਕਮਾਂ ਨੂੰ ਉਸਨੇ ਰੱਦੀ ਦੀ ਟੋਕਰੀ ਵਿੱਚ ਸੁੱਟ ਦਿੱਤਾ। ਐਮਰਜੈਂਸੀ ਕਾਰਨ ਕੋਈ ਵੱਡੀ ਸਰਗਰਮੀ ਨਹੀਂ ਸੀ ਕੀਤੀ ਜਾ ਸਕਦੀ। ਦਹਿਸ਼ਤ ਦਾ ਮਾਹੌਲ ਸੀ। ਗਰੇਵਾਲ ਨੇ ਇਨਸਾਫ ਲੈਣ ਲਈ ਹਾਈਕੋਰਟ ਦਾਦਰਵਾਜ਼ਾ ਖੜਕਾਇਆ। ਗੁਰਨਾਮ ਸਿੰਘ ਤੀਰ ਉਘੇ ਵਕੀਲ ਦੀਆਂ (ਮੋਟੀ ਫੀਸ ਦੇ ਕੇ) ਸੇਵਾਵਾਂ ਲਈਆਂ ਗਈਆਂ। ਪਰ ਬਹਿਸ ਵਾਲੇ ਦਿਨ ਵਕੀਲ ਸਾਹਿਬ ਨੇ ਜੂਨੀਅਰ ਵਕੀਲ ਨੂੰ ਭੇਜ ਦਿੱਤਾ। ਇਨਸਾਫ ਨਹੀਂ ਮਿਲਿਆ। ਇਸ ਦੌਰਾਨ ਬੇਰੁਜ਼ਗਾਰ ਅਧਿਆਪਕ ਯੂਨੀਅਨ ਨੇ ਐਮਰਜੈਂਸੀ ਦੌਰਾਨ ਜੂਝਣ ਦੇ ਢੰਗ ਤਲਾਸ਼ ਲਏ। ਮਾਸ ਡੈਪੂਟੇਸ਼ਨ ਦੀ ਸ਼ਕਲ 'ਚ ਇਕੱਤਰਤਾ ਕਰਨ ਲੱਗੇ। ਸੁਰਿੰਦਰ ਨੂੰ ਮੁੜ ਨਿਯੁਕਤ ਕੀਤਾ ਜਾਵੇ ਦੀ ਮੰਗ ਨੇ ਜ਼ੋਰ ਫੜ ਲਿਆ। ਅੰਤ ਮੰਗ ਕਬੂਲ ਕਰ ਲਈ ਗਈ। ਜ਼ਿਲ੍ਹਾ ਸਿੱਖਿਆ ਅਫਸਰ ਨੇ ਰੁਜ਼ਗਾਰ ਦਫਤਰ ਤੋਂ ਸੁਰਿੰਦਰ ਦਾ ਸਪੈਸ਼ਲ ਕਾਰਡ ਹਾਸਲ ਕਰ ਕੇ ਸਾਥੀ ਗਰੇਵਾਲ ਨੂੰ ਇਕ ਹੋਰ ਸਕੂਲ 'ਚ ਹਾਜ਼ਰ ਹੋਣ ਦਾ ਨਿਯੁਕਤੀ ਪੱਤਰ ਦੇ ਦਿੱਤਾ। ਇਸ ਸਾਰੇ ਘਟਨਾਕ੍ਰਮ ਸਮੇਂ ਮੈਂ ਬੇਰੁਜ਼ਗਾਰ ਅਧਿਆਪਕ ਯੂਨੀਅਨ ਦੀ ਅਗਵਾਈ ਕਰ ਰਿਹਾ ਸੀ। ਸੀਨੀਅਰ ਸਾਥੀ ਜਸਦੇਵ ਸਿੰਘ ਹੋਰ ਵੱਡੀਆਂ ਜ਼ੁੰਮੇਵਾਰੀਆਂ ਨਿਭਾਉਣ ਲਈ ਨੌਕਰੀ ਤਿਆਗ ਗਏ ਸਨ।

ਇਹ ਆਪਣੇ ਆਪ 'ਚ ਇਕ ਬਹੁਤ ਵੱਡੀ ਪ੍ਰਾਪਤੀ ਸੀ। ਬਸ ਫਿਰ ਕੀ ਸੀ ! ਜਥੇਬੰਦੀ ਦੀ ਮਜਬੂਤੀ ਲਈ ਸਾਥੀ ਸਮਰਪਿਤ ਹੋ ਗਿਆ। 1978 ਦੇ ਸ਼ਾਂਨਮੱਤੇ ਘੋਲ ਸਮੇਂ ਜ਼ਿਲ੍ਹਾ ਪ੍ਰਧਾਨ ਦੇ ਰੂਪ 'ਚ ਗਰੇਵਾਲ ਵਲੋਂ ਕੀਤੀਆਂ ਸਰਗਰਮੀਆਂ ਕਾਬਲੇ ਤਾਰੀਫ਼ ਸਨ। ਮੈਨੂੰ ਤਾਂ ਚੰਡੀਗੜ੍ਹ ਮੀਟਿੰਗਾਂ ਕਰਨ, ਜੇਲ੍ਹਾਂ 'ਚ ਬੰਦ ਸਾਥੀਆਂ ਨਾਲ ਤਾਲਮੇਲ



ਰੱਖਣ, ਇਸ਼ਤਿਹਾਰਾਂ ਦਾ ਮੈਟਰ ਤਿਆਰ ਆਦਿ ਕੰਮਾਂ ਲਈ ਫ੍ਰੀ ਕੀਤਾ ਹੋਇਆ ਸੀ। ਬਿਨਾਂ ਸ਼ੱਕ ਜ਼ਿਲ੍ਹੇ ਦੀ ਸਾਰੀ ਟੀਮ ਹਰਕਤਸ਼ੀਲ ਸੀ। ਇਸ ਘੋਲ ਦੌਰਾਨ ਉਹ ਇਕ ਹੋਰ ਸਰਗਰਮੀ ਵੀ ਕਰ ਰਿਹਾ ਸੀ ਜਿਸ ਦੀ ਸਿਰਫ ਮੈਨੂੰ ਹੀ ਜਾਣਕਾਰੀ ਸੀ। ਮਾਰਚ 79 ਨੂੰ ਇਸ ਘੋਲ ਨੂੰ ਵੀ ਬੂਰ ਪਿਆ। ਮਨਿੰਦਰਜੀਤ ਕੌਰ ਤੇ ਉਹ ਇੱਕ ਹੋ ਗਏ।

1980 'ਚ ਰੈਗੂਲਰ ਹੋਣ ਤੋਂ ਬਾਅਦ ਉਸਨੇ ਇਰਾਦਾ ਕਰ ਲਿਆ ਕੇ ਪੀਟੀ ਮਾਸਟਰ ਹੀ ਹੀਂ ਰਹਿਣਾ। ਉਹ ਹਰ ਸਾਲ ਇਕ ਇਮਤਿਹਾਨ ਦੇਣ ਲੱਗਿਆ। ਗਿਆਨੀ ਬੀਏ; ਬੀ ਐਡ ਐਮ ਏ ਰਾਜਨੀਤੀ ਐਮ ਏ ਹਿਸਟਰੀ ਕਰ ਕੇ ਹੀ ਚੈਨ ਲਿਆ।

ਭੈਣ ਮਨਿੰਦਰ ਦਾ ਹੁਲਾਰਾ ਇਸਨੂੰ ਹੋਰ ਅੱਗੇ ਵੱਧਣ ਲਈ ਉਤਸ਼ਾਹਿਤ ਕਰਦਾ ਸੀ। ਅੰਤ ਐਸ ਐਸ ਮਾਸਟਰ ਵਜੋਂ ਅਪਰੈਲ 2009 'ਚ ਰਿਟਾਇਰਮੈਂਟ ਹਾਸਲ ਕੀਤੀ।

ਗਰੇਵਾਲ ਹਾਕੀ ਦਾ ਚੰਗਾ ਖਿਲਾੜੀ ਸੀ ਉਸ ਵਲੋਂ ਤਿਆਰ ਹਾਕੀ ਟੀਮਾਂ ਸਟੇਟ ਤੱਕ ਆਪਣੇ ਜੌਹਰ ਦਿਖਾਉਂਦੀਆਂ ਸਨ। ਨੈਸ਼ਨਲ ਪੱਧਰ ਤੇ ਖਿਡਾਰਣਾਂ ਦੇ ਨਾਮ ਬੋਲਦੇ ਹਨ।

ਡੀਟੀਐਫ ਦੇ ਸਿਰੜੀ ਸਾਥੀ ਗਰੇਵਾਲ ਨੂੰ ਅਕਸਰ ਭ੍ਰਤੂਰੇ ਅਫਸਰਾਂ ਨਾਲ ਮੱਥਾ ਲਾਉਣਾ ਪੈਂਦਾ ਰਿਹਾ। ਲੁਧਿਆਣਾ ਦੀ ਇਕ ਲੇਡੀ ਸਿੱਖਿਆ ਅਫਸਰ ਨੇ ਇਸਦੀ ਅਫਸਰਸ਼ਾਹੀ ਵਿਰੋਧੀ ਬੇਖੌਫ ਆਵਾਜ਼ ਨੂੰ ਦਬਾਉਣ ਲਈ ਬਹੁਤ ਕਲਮ ਚਲਾਈ, ਮੁਅੱਤਲ ਕਰਵਾਇਆ, ਪੁਲਿਸ ਕੇਸ ਬਣਾਏ।

ਪਰ ਗਰੇਵਾਲ ਨੇ ਹਰ ਥਾਂ ਜਿੱਤ ਪ੍ਰਾਪਤ ਕਰਕੇ ਉਕਤ ਅਧਿਕਾਰੀ ਨੂੰ ਅਦਾਲਤਾਂ ਦੇ ਧੱਕੇ ਖਾਣ ਲਈ ਮਜਬੂਰ ਕਰ ਦਿੱਤਾ (ਬਿਨਾਂ ਸ਼ੱਕ ਜਥੇਬੰਦੀ ਵੀ ਗਰੇਵਾਲ ਦੀ ਪਿੱਠ ਤੇ ਖੜ੍ਹੀ ਸੀ ਪਰ ਜ਼ਿਆਦਾ ਭੂਮਿਕਾ ਉਸਨੂੰ ਹੀ ਨਿਭਾਉਣੀ ਪੈਂਦੀ ਸੀ।

2005 'ਚ ਈਟੀਟੀ ਅਧਿਆਪਕ ਯੂਨੀਅਨ ਦੇ ਘੋਲ ਸਮੇਂ ਉਸ ਵਲੋਂ ਨਿਭਾਈ ਭੂਮਿਕਾ ਨੂੰ ਕੌਣ ਭੁੱਲਾ ਸਕਦਾ ਹੈ ? 150 ਟੀਚਰ ਲੁਧਿਆਣਾ ਜੇਲ੍ਹ 'ਚ ਸਰਕਾਰਨੇ ਬੰਦ ਕੀਤੇ ਹੋਏ ਸਨ। ਲਗਭਗ ਸਾਰੀ ਆਗੂ ਟੀਮ ਅੰਦਰ ਸੀ। ਗਰੇਵਾਲ ਦੀ ਬੇਟੀ) ਵੀ ਲੁਧਿਆਣਾ ਜੇਲ੍ਹ 'ਚ ਬੰਦ ਸੀ। (ਮੈਂ ਵੀ ਸਾਥੀਆਂ ਸਮੇਤ ਮੁਲਾਕਾਤਕਰ ਕੇ ਆਇਆ ਸੀ) ਸੁਰਿੰਦਰ ਦੀ ਬੇਰੁਜ਼ਗਾਰ ਅਧਿਆਪਕ ਯੂਨੀਅਨ ਤੋਂ ਹਾਸਲ ਕੀਤੀ ਚੇਤਨਾ ਨੇ ਰੰਗ ਦਿਖਾਇਆ ਉਸ ਨੇ ਗ੍ਰਿਫਤਾਰ ਟੀਚਰਾਂ ਦੇ ਮਾਪਿਆਂ ਦੀ ਇਕ ਕਮੇਟੀ ਬਣਾ ਕੇ ਸੰਘਰਸ ਦੀ ਹਿਮਾਇਤ ਕਰਨ ਦਾ ਬੀੜਾ ਚੁੱਕ ਲਿਆ। 21 ਦਿਨ ਬਾਅਦ ਟੀਚਰ ਰਿਹਾ ਹੋਏ। ਡੀ ਟੀ ਐਫ ਦੀ ਸਾਰੀ ਟੀਮ ਨੇ ਇਸਘੋਲ 'ਚ ਸਾਥ ਦਿੱਤਾ ਸੀ। ਪਿਛਲੇ ਤਿੰਨ ਚਾਰ ਸਾਲਾਂ ਤੋਂ ਉਹ ਕਈ ਜਿਸਮਾਨੀ, ਮਾਨਸਿਕ ਅਤੇ ਅਣਚਾਹੀਆਂ ਸਮਾਜਿਕ ਸਮੱਸਿਆਵਾਂ ਨਾਲ ਭਿੜ ਰਿਹਾ ਸੀ। ਉਸ ਦੀ ਭਾਰੀ ਭਰਕਮ ਹੋਈ ਦੇਹ ਸੰਘਰਸ਼ ਦੇ ਮੈਦਾਨ ਚ ਜਾਣ ਦੀ ਆਗਿਆ ਨਹੀਂ ਸੀ ਦੇ ਰਹੀ ਪਰ ਮੌਕਾ ਤਾੜ ਕੇ ਉਹ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਵਲੋਂ ਲੁਧਿਆਣਾ ਵਿਖੇ ਕੀਤੀਆਂ ਜਾ ਰਹੀਆ ਸਰਗਰਮੀਆਂ 'ਚ ਹਿੱਸਾ ਪਾ ਹੀ ਜਾਂਦਾ ਸੀ। ਭਾਵੇਂਕਿ ਜ਼ਿਆਦਾ ਦੇਰ ਬੈਠ ਨਹੀਂ ਸੀ ਸਕਦਾ। ਪਿਛਲੇ ਸਾਲ ਉਹਨਾਂ ਦੇ ਘਰ ਇਮਤਿਆਜ ਨਾਮ ਦੇ ਬਹੁਤ ਮਿਲਾਪੜੇ ਪੋਤੇ ਦੀ ਆਮਦ ਨੇ ਗਰੇਵਾਲ ਪਰਿਵਾਰ 'ਚ ਨਵੇ ਜੀਵਨ ਦਾ ਸੰਚਾਰ ਕੀਤਾ ਤਾਂ ਸੁਰਿੰਦਰ ਕਈ ਗਮ ਭੁੱਲ ਗਿਆ। ਪਰ ਅਗਸਤ ਮਹੀਨੇ ਉਹ ਗੰਭੀਰ ਤਕਲੀਫਾਂ ਨਾਲ ਫਿਰ ਘਿਰ ਗਿਆ। ਉਚ ਪੱਧਰੀ ਇਲਾਜ ਵੀ ਕੰਮ ਨਹੀਂ ਆਏ।

ਪਿਛਲੇ ਦੋ ਮਹੀਨੇ ਭੈਣ ਮਨਜਿੰਦਰ ਕੌਰ ਬੇਟੇ ਪ੍ਰਭਜੋਤ (ਮਾਹਰ ਫੋਟੋ ਗਰਾਫਰ) ਅਤੇ ਉਸ ਦੀ ਪਤਨੀ ਸੁੱਖਮਨ ਨੇ ਗਰੇਵਾਲ ਦੀ ਦਿਨ ਰਾਤ ਸੇਵਾ ਕਰਕੇ ਸਾਥੀ ਨੂੰ ਬਚਾਉਣ ਲਈ ਜੋ ਕੁੱਝ ਕੀਤਾ ਉਸ ਬਾਰੇ ਸ਼ਬਦ ਨਹੀਂ ਮਿਲਦੇ। ਦੋਵੇ ਬੇਟੀਆਂ ਪਰਦੀਪ ਅਤੇ ਮਨਦੀਪ (ਟੀਚਰਜ਼) ਜਵਾਈ ਸਤਿਬੀਰ ਸਿੰਘ ਅਤੇ ਰੁਪਿੰਦਰ ਸਿੰਘ ਬੈਨੀਪਾਲ ਅਪਣੇ ਪਿਆਰੇ ਡੈਡੀ ਦੇ ਇਲਾਜ ਲਈ ਉਪਰਾਲੇ ਕਰਦੇ ਰਹੇ, ਪਰ--'ਉਹ ਅਲਵਿਦਾ ਕਹਿ ਗਿਆ। ਅਸੀਂ ਸਾਰੇ ਸੰਗੀ ਸਾਥੀ ਗਰੇਵਾਲ ਪਰਿਵਾਰ ਦੇ ਨਾਲ ਹਾਂ।

## ਓ ਰੱਬਾ !!



ਓ ਰੱਬਾ ਤੂੰ ਕੀ ਚੀਜ ਏਂ?
ਤੂੰ ਕਿੱਥੇ ਰਹਿੰਦਾ ਹੈਂ?
ਕੋਈ ਆਪਣਾ ਥਾਂ ਟਿਕਾਣਾ ਤਾਂ ਦੱਸ
ਤੂੰ ਆਦਮੀ ਹੈਂ ਜਾਂ ਔਰਤ ?
ਤੂੰ ਗੋਰਾ, ਕਾਲਾ, ਜਾਂ ਭੂਰਾ ਹੈ ?

ਕੋਈ ਕਹਿੰਦੈ
ਤੂੰ ਗੁਰਦਵਾਰੇ ਵਿੱਚ ਰਹਿਨੈ
ਕੋਈ ਕਹਿੰਦੈ
ਤੂੰ ਮੰਦਰ ਵਿੱਚ ਰਹਿਨੈ
ਕੋਈ ਕਹਿੰਦੈ
ਤੂੰ ਚਰਚ ਵਿੱਚ ਰਹਿਨੈ

ਤੂੰ ਅਮੀਰ ਲੋਕਾਂ ਨੂੰ ਸਾਰੀ ਦੁਨੀਆ
ਦੀ ਸੈਰ ਕਰਾਈ ਜਾਨੈ
ਵਧੀਆ ਤੋਂ ਵਧੀਆ, ਲੋੜ ਤੋਂ ਵੱਧ
ਖਾਣੇ ਖੁਆਈ ਜਾਨੈ
ਉਨ੍ਹਾਂ ਨੂੰ ਬਹੁਤਾ ਖੁਵਾ ਕੇ
ਪਾਰਕਾਂ ਵਿੱਚ ਪਾਗਲਾਂ ਵਾਂਗਰ ਭਜਾਈਂ ਜਾਨੈ

ਖੱਬੇ ਪੱਖੀ, ਸੱਜੇ ਪੱਖੀ, ਵਿਚਕਾਰਲੇ ਪੱਖੀ
ਤੂੰ ਸਭ ਨੂੰ ਹੀ ਜਹਾਜ ਚੜ੍ਹਾਈਂ ਜਾਨੈ
ਉਨ੍ਹਾਂ ਨੂੰ 'ਵਧੀਆ' ਦੇਸਾਂ ਦੀਆਂ 'ਪੀ-ਆਰ' ਦੁਆਈਂ ਜਾਨੈ
ਸਾਡੇ ਵਰਗਿਆਂ ਕੀੜੇ ਮਕੌੜਿਆਂ ਨੂੰ ਛੱਡ ਕੇ
ਸਭ ਨੂੰ ਰਿਉੜੀਆਂ ਵਾਂਗ ਵੀਜੇ ਵੰਡੀਂ ਜਾਨੈ

ਅਸੀਂ ਤੇਰੇ ਨਾਮ ਤੇ ਕਦੀ ਵੀ
ਦੰਗੇ ਨਹੀਂ ਕੀਤੇ
ਕਦੇ ਕਿਰਪਾਨ ਜਾਂ ਤ੍ਰਿਸੂਲ
ਨਹੀਂ ਚੁੱਕਿਆ
ਅਸੀਂ ਤਾਂ ਸਦਾ
ਸਰਬੱਤ ਦਾ ਭਲਾ ਮੰਗਿਆ ਹੈ
ਜਿਹੜੀ ਰੁੱਖੀ-ਮਿੱਸੀ ਮਿਲੀ
ਖਾ ਕੇ ਠੰਢਾ ਪਾਣੀ ਪੀਤੈ
ਓ ਰੱਬਾ !
ਤੂੰ ਏਨਾ ਤਾਂ ਦੱਸ
ਅਸੀਂ ਤੇਰੇ ਕੀ
ਮਾਂਹ ਮਾਰੇ ਐ ?

ਅਸੀਂ ਤਾਂ ਤੇਰੇ ਕੋਲੋਂ ਬਹੁਤਾ ਕੁਝ ਮੰਗਦੇ ਨਹੀਂ
ਮੇਰੇ ਵਡੇਰੇ! ਰੋਟੀ, ਕੱਪੜਾ,
ਮਕਾਨ ਮੰਗਦੇ ਸੀ
ਅਸੀਂ ਕੱਪੜਿਆਂ,
ਮਕਾਨਾਂ ਬਿਨਾਂ ਰਹਿ ਲਵਾਂਗੇ
ਤੂੰ ਸਾਡੇ ਪਾਪੀ ਪੇਟ ਨੂੰ ਤੁਰਦਾ ਰੱਖਣ ਲਈ
ਇਹਦੇ ਵਿੱਚ ਕੁਝ ਤਾਂ ਪਾ ਦੇ
ਜੇ ਬਹੁਤਾ ਨਹੀਂ ਕਰ ਸਕਦਾ ਤਾਂ
ਖੂਨ ਪੀਣੀਆਂ ਜੋਕਾਂ ਦੇ ਕੁੱਤਿਆਂ ਤੋਂ
ਬੱਚਿਆਂ ਭੋਜਨ ਹੀ ਤੂੰ ਸਾਡੇ ਢਿੱਡ ਵਿੱਚ ਪਾ ਦੇ

ਅਸੀਂ 'ਪਾਠ-ਪੂਜਾ' ਕਰ ਕੇ
ਦੇਖ ਲਿਆ
ਸੈਂਟਾਂ ਬਾਬੇ ਦੇ
ਚਰਨ ਛੂਹ ਕੇ ਦੇਖ ਲਏ
ਪਰ ਸਾਡੀ ਝੋਲੀ ਕੁੱਝ ਨਹੀਂ ਪਿਆ
ਕੀ ਇਹ ਵਿਤਕਰਾ ਨਹੀਂ ?
ਕੀ ਇਹ ਸਾਡੇ ਨਾਲ ਧੱਕਾ ਨਹੀਂ ?
ਸਿਆਣੇ ਕਹਿੰਦੇ
ਰੱਬ ਕਿਸੇ ਨਾਲ ਧੱਕਾ ਨਹੀਂ ਕਰਦਾ
ਫਿਰ ਇਸ ਨੂੰ ਕੀ ਨਾਮ ਦੇਈਏ ?
ਇਸ ਦਾ ਕੀ ਜਾਤ-ਗੋਤ ਲਿਖੀਏ ?

ਤੈਨੂੰ ਤਰਸ ਨਹੀਂ ਆਉਂਦਾ
ਕੀ ਤੂੰ ਪੱਥਰ ਦਾ ਬਣਿਆ ?
ਕੀ ਤੂੰ ਲੱਕੜ ਦਾ ਬਣਿਆ ?
ਕੀ ਤੈਨੂੰ ਮੇਰੇ ਭੁੱਖ ਨਾਲ ਚੀਕਦੇ
ਬੱਚਿਆਂ ਦੀਆਂ ਚੀਕਾਂ ਨਹੀਂ ਸੁਣਦੀਆਂ ?
ਕੀ ਤੂੰ ਬੋਲਾ ਹੈ ?
ਕੀ ਤੈਨੂੰ ਮੇਰੀ ਘਰਵਾਲੀ ਦੀਆਂ ਸੁੱਕੀਆਂ
ਛਾਤੀਆਂ ਨਹੀਂ ਦਿੱਸਦੀਆ ?
ਕੀ ਤੂੰ ਅੰਨਾਂ ਵੀ ਹੈ ?

ਸਿਆਣੇ ਤਾਂ ਇਹ ਵੀ ਕਹਿੰਦੇ
'ਤੂੰ ਸਰਬ ਵਿਆਪਕ ਹੈਂ
ਹਰ ਥਾਂ ਤੁਰਿਆ ਫਿਰਦਾ ਹੈਂ'
ਪਰ ਸਾਡੀ ਵਾਰੀ
ਪਤਾ ਨਹੀਂ ਕਿਉਂ
ਬੱਦਲਾਂ ਉਹਲੇ ਛੁਪ ਜਾਨੈ
ਸਾਨੂੰ ਕਿਹੜੇ ਕਰਮਾਂ ਦੀ
ਸਜਾ ਦੇ ਰਿਹਾ ਹੈਂ ?
ਅਸੀਂ ਤਾਂ
ਪਰਦੂਸਨ ਵੀ ਨਹੀ ਫੈਲਾਉਂਦੇ

ਮੈਨੂੰ ਸਮਝ ਨਹੀਂ ਆਉਂਦੀ ਤੇਰੀ!
ਨਾਲੇ ਤੂੰ ਗਲੀ ਗਲੀ ਹੋਕਾ ਦਿੰਦਾ ਫਿਰਦਾ
"ਏਕ ਨੂਰ ਤੇ ਸਭੁ ਜਗੁ ਉਪਜਿਆ
ਕਉਨ ਭਲੇ ਕੋ ਮੰਦੇ"
ਫਿਰ ਤੂੰ ਸਾਨੂੰ ਮੰਦਾ ਕਿਉਂ ਸਮਝਦਾ!

ਅਸੀ ਤੇਰੇ ਪੈਰਾਂ ਤੇ ਸਿਰ ਰੱਖਦੇ ਹਾਂ
ਸਾਡੇ ਸਿਰ ਤੇ ਵੀ ਮਿਹਰ ਭਰਿਆ
ਹੱਥ ਰੱਖ ਦੇ
ਸਾਡੇ ਵੀ ਢਿੱਡ ਵਿੱਚ ਕੁਝ ਦਾਣੇ ਪਾ ਦੇ
ਸਾਡੇ ਵੀ ਬੱਚਿਆਂ ਨੂੰ
ਆਈਲੈਟਸ ਕਰਵਾ ਦੇ
ਸਾਡੇ ਵੀ ਭੁੱਖੇ ਢਿੱਡ
ਵਿੱਚ ਹੁੰਦੀ ਦਰਦ ਹਟਾ ਦੇ

ਕਵੀ ਦਰਬਾਰਾਂ ਦੇ ਵੀ
ਗੇੜੇ ਲਾ ਲਾ ਕੇ ਦੇਖਲੇ
ਮਹਿੰਗੀਆਂ ਸਰਾਬਾਂ ਨਾਲ ਸਰਾਬੀ ਹੋਏ ਕਵੀ
ਵੀ ਧੱਕੇ ਮਾਰ ਕੇ ਬਾਹਰ ਕੱਢ ਦੇਦੇਂ ਆ
ਕਹਿ ਦੇਦੇਂ ਆ
ਨੰਦੀਆ ਨੂੰ ਦਿਲ ਦਾ ਮਾਸ
ਖਵਾਉਣ ਤੋਂ ਵਹਿਲੇ ਹੋ ਜਾਈਏ
ਲਿਖਾਂਗੇ! ਲਿਖਾਂਗੇ!
ਜਰੂਰ ਲਿਖਾਂਗੇ!
ਤੁਹਾਡੇ ਵਾਰੇ ਵੀ ਕਵਿਤਾ ਲਿਖਾਂਗੇ
ਓਏ ਰੱਬਾ! ਕੁੱਝ ਤਰਸ ਕਰ!

ਕੋਈ ਸਾਡੇ ਲਈ ਵੀ "ਸੰਨੀ ਡੇਅ"
ਲੈ ਕੇ ਆ
ਸਾਨੂੰ ਵੀ ਨੱਚਦੇ, ਟੱਪਦੇ, ਚਮਕਦੇ ਸੂਰਜ
ਦੇ ਦਰਸਨ ਕਰਵਾ ਦੇ

-ਸੰਨੀ ਧਾਲੀਵਾਲ

## ਸੁੱਤਿਆਂ ਦੇ ਮੋਢੇ ਬੈਗ ਟੰਗ ਕੇ

ਸੁੱਤਿਆਂ ਦੇ ਮੋਢੇ ਬੈਗ ਟੰਗ ਕੇ
ਦਿੱਤੇ ਪੀਲੀਆਂ ਬੱਸਾਂ ਦੇ ਵਿੱਚ ਠੁੱਸ ਜੀ।
ਜੇ ਬੱਚਿਆਂ ਦੀ ਨੀਂਦ ਪੂਰੀ ਹੋਵੇ ਨਾ
ਕਦੇ ਬਣਦੇ ਨਾ ਵਧੀਆ ਮਨੁੱਖ ਜੀ।

ਫੁੱਲਾਂ ਨੂੰ ਨਾ ਕਰਦੇ ਪਿਆਰ ਜੋ
ਤਿਤਲੀਆਂ ਸੰਗ ਗਾਣੇ ਗਾਉਂਦੇ ਨਾ।
ਬੱਦਲਾਂ ਨੂੰ ਵੇਖਕੇ ਨ ਨੱਚਦੇ
ਕਾਗਜਾਂ ਦੇ ਮੋਰ ਵੀ ਬਣਾਉਂਦੇ ਨਾ।
ਡੂੰਘੀਆਂ ਜੜਾਂ ਨਾ ਕਦੇ ਫੜਦੇ
ਗਮਲੇ 'ਚ ਲੱਗੇ ਹੋਏ ਰੁੱਖ ਜੀ।
ਜੇ ਬੱਚਿਆਂ....

ਜਿੰਦਗੀ ਦੇ ਰੰਗਾਂ ਤੋਂ ਬੇਰੰਗ ਉਹ
ਡਰ ਡਰ ਜਿੰਦਗੀ ਲੰਘਾਉਂਦੇ ਨੇ।
ਵਫ਼ਾ ਤੇ ਮੁਹੱਬਤ ਕੀ ਹੁੰਦੀ ਹੈ
ਕਦੇ ਵੀ ਉਹ ਸਮਝ ਨ ਪਾਉਂਦੇ ਨੇ।
ਸੰਵੇਦਨਾ ਦਾ ਜੀਨ ਮਾਰ ਦਿੰਦੇ ਨੇ
ਛੋਟੀ ਉਮਰਾਂ 'ਚ ਮਿਲੇ ਦੁੱਖ ਜੀ।
ਜੇ ਬੱਚਿਆਂ....

ਨਸ਼ਿਆ 'ਚੋਂ ਭਾਲਦੇ ਅਨੰਦ ਉਹ
ਜੇ ਜਿੰਦਗੀ 'ਚ ਹੋਵੇ ਨ ਅਨੰਦ ਜੀ।
ਕਦੇ ਉਹ ਸੂਰਜ ਨਹੀਂ ਬਣਦੇ
ਬਣਦੇ ਮਸ਼ੀਨਾਂ ਦਾ ਕੋਈ ਸੰਦ ਜੀ।
ਨਕਲੀ ਫੁੱਲਾਂ ਚੋਂ ਮਹਿਕਾਂ ਲੱਭਦੇ
ਮਿਲੇ ਨਾ ਜੇ ਬਾਲ-ਵਰ੍ਹੇ ਸੁੱਖ ਜੀ।
ਜੇ ਬੱਚਿਆਂ....

ਕੁਲਦੀਪ 9813237322

## ਪਾਲ਼ੀ ਦੀ ਅਰਦਾਸ

1.
ਮੈਂ ਉਸ ਸ਼ਖ਼ਸ ਦਾ
ਸ਼ੁਕਰੀਆ ਅਦਾ ਕਰਨਾ ਹੈ
ਜਿਸਨੇ ਜ਼ਿਮੀਦਾਰਾਂ ਦੀਆਂ
ਖੁਰਲੀਆਂ ਨੂੰ ਆਪਣੀ ਨੀਂਦ
ਅਰਪਣ ਕਰ
ਗਾਵਾਂ, ਮੱਝਾਂ ਤੇ ਵਛੜਿਆਂ
ਦੇ ਗਲ਼ਾਂ ਦੇ ਰੱਸਿਆਂ, ਸੰਗਲਾਂ
ਤੇ ਖੁਰਾਂ ਦੀ ਪਰਿਕਰਮਾ ਕਰਦਿਆਂ ਹੀ
ਮੁਕਾ ਹੀ ਦਿੱਤਾ ਆਪਣੇ ਪੈਰਾਂ ਦਾ ਸਫ਼ਰ

ਉਹ ਹਾਲ਼ੀ ਵੀ ਸੀ, ਪਾਲ਼ੀ ਵੀ
ਸਿਆੜਾਂ ਨਾਲ ਦੋਸਤੀ ਸੀ ਉਸਦੀ
ਸੱਥ ਉਸ ਦੇ ਸੁਪਨਿਆਂ 'ਚ ਵਸਦੀ ਸੀ
ਟੋਭੇ 'ਚ ਬੈਠੀਆਂ ਮੱਝਾਂ
ਧੁੱਪ 'ਚ ਹੌਂਕਦੀਆਂ ਗਾਵਾਂ
ਆਪਣੀ ਆਯੁੱਧ ਮੁਕਾ ਚੁੱਕੇ
ਬਲਦਾਂ ਦੀ ਪੰਜਾਲ਼ੀ
ਹਾਲਾਂ ਵੀ ਉਸ ਦੇ ਸਾਹਾਂ 'ਚ
ਅਟਕੀ ਹੋਈ ਸੀ

ਪਤਾ ਨਹੀਂ
ਕਿਨੇ ਕੁ ਰੁੱਖਾਂ ਦੀਆਂ ਛਾਵਾਂ ਮਾਣਦਾ
ਬੀੜ 'ਚ ਉਡਦੀਆਂ ਚਿੜੀਆਂ
ਗੁਟਾਰਾਂ ਨਾਲ਼ ਗੱਲਾਂ ਕਰਦਾ
ਤੇ ਆਪਣੇ ਕਾਲ਼ੇ ਕੁੱਤੇ ਦੀ ਤਿੱਖੀ ਨਜ਼ਰ ਨਾਲ਼
ਗਾਵਾਂ ਮੱਝਾਂ ਨੂੰ ਪਛਾਣਦਾ
ਰਾਖੀ ਕਰਦਾ
ਉਨ੍ਹਾਂ ਦੀ ਭੁੱਖ ਪਿਆਸ ਲਈ ਤੜਪਦਾ।

ਮੋਢੇ 'ਤੇ ਸੋਟੀ
ਪਤੀਲੀ ਤੇ ਝੋਲ਼ੇ 'ਚ ਚਾਹ
ਪੱਤੀ ਦਾ ਭਾਰ ਚੁੱਕੀਂ
ਕਿੰਨੇ ਹੀ ਪਿੰਡਾਂ ਦੀਆਂ ਹੱਦਾਂ-ਸਰਹੱਦਾਂ ਨੂੰ
ਪਾਰ ਕਰਦਾ
ਰੁੱਖਾਂ ਚਰਾਂਦਾਂ ਨੂੰ ਮਿਲਦਾ
ਦਿਨ ਢਲ਼ੇ ਆਪਣੀ ਸੋਟੀ, ਪਤੀਲੀ ਤੇ
ਕੁੱਤੇ ਸਮੇਤ ਪਿੰਡ ਪਰਤ ਆਉਂਦਾ

2.
ਹਰ ਖੂਹ ਨਾਲ਼, ਹਰ ਘਰ ਨਾਲ਼
ਹਰ ਸੰਗਲ਼, ਹਰ ਦਰ ਨਾਲ਼
ਹਰ ਖੁਰਲ਼ੀ, ਹਰ ਖੇਤ ਨਾਲ਼
ਮੱਝਾਂ ਤੇ ਗਾਵਾਂ ਦੇ ਸਿੰਗਾਂ ਦੀ ਗਿਣਤੀ ਨਾਲ਼
ਹਾੜ ਤੇ ਸਾਉਣ ਦੀ ਰੁੱਤ ਨਾਲ਼
ਮੁੱਢ ਕਦੀਮੀ ਸਾਂਝ ਸੀ ਉਸ ਦੀ

ਚਲਦੀਆਂ ਘੁਲਾੜੀਆਂ ਦੇ ਧੂੰਏਂ
ਹਾੜੀ ਸਾਉਣੀ 'ਚ ਕਣਕ ਦੇ
ਦਾਣਿਆਂ ਦੇ ਸੁਆਦ 'ਚੋਂ ਤਲਾਸ਼ਦਾ ਸੀ
ਸੱਥ ਦੇ ਨਕਸ਼
ਜਿਥੇ ਉਹ ਸੂਰਜ ਦੀ ਪਹਿਲੀ ਕਿਰਨ ਨਾਲ਼
ਦੁੱਧ ਦੇ ਚਾਰ ਸਿੱਟੇ ਧਰਤੀ ਤੇ ਸੁੱਟ
ਸੂਰਜ ਵੱਲ ਮੂੰਹ ਕਰ
ਹਥੇਲ਼ੀ ਤੇ ਮਿੱਟੀ ਰੱਖ
ਪਿੰਡ ਦੀ ਹਰ ਖੁਰਲ਼ੀ ਹਰ ਸੰਗਲ਼
ਖੁਰਾਂ ਦੀਆਂ ਟਿੰਡਾਂ ਲਈ
ਕਰਦਾ ਸੀ ਅਰਦਾਸ।

ਡਾ. ਗੁਰਮੀਤ ਕੱਲਰਮਾਜਰੀ
94178-65377

## ਇੱਕ ਮੌਲਿਕ ਸੁੱਚੀ ਨਜ਼ਮ ਵਿਚਲਾ ਕਾਮਰੇਡ !

ਉਦੋਂ ਮੈਂ ਤੇ ਇਸ਼ਤਿਹਾਰੀ ਕਾਮਰੇਡ ਮਿੱਤਰ,
ਸਾਂਝਾ ਅੱਡਾ ਬਣਾ,
ਕਾਫੀ ਹਾਊਸ ਵਿੱਚ ਬੈਠ,
ਇਕੇਰਾਂ ਚੁੱਪ ਤੋੜਨੀ ਚਾਹੁੰਦੇ,
ਦਿਸ਼ਾਵਾਂ ਭਟਕ ਪਈਆਂ,
ਤਰੰਗਾਂ ਅਟਕ ਗਈਆਂ,
ਮੇਰੇ ਸੋਚਦਿਆਂ ਸੋਚਦਿਆਂ,
ਸਾਮ ਲਈ ਹੰਭਦੀਆਂ,
ਇਕਸਾਰ ਲਟਕ ਗਈਆਂ!
ਉਹ ਚੁੱਪ ਦਾ ਵਕਫਾ ਭੰਨਦਾ ਹੈ,
ਨਜਮਾਂ ਵਿੱਚਦੀ ਤੁਰ ਲੈ,
ਜ਼ਿਹਨ ਲਈ ਜਜਬਾਤ ਭਰ ਲੈ!
ਉਹ ਕਿਸੇ ਫੈਸਲੇ ਤੇ ਆਉਣਾ ਚਾਹੁੰਦਾ,
"ਕਾਹਦੇ ਲਈ ਲਿਖਾਂ"!
ਮੈਂ ਘਬਰਾਹਟ ਵਿੱਚ ਕਿਹਾ।
ਉਹਦਾ ਫਿਰ ਹਰ ਸਬਦ,
ਫੁੱਲਾਂ ਦੇ,
ਬਗੀਚੇ ਵਿੱਚੋਂ ਉੱਠਦੀ ਮਹਿਕ ਤੇ,
ਸਰ ਸਰ ਵਗਦੀ ਤਾਜੀ
ਮਿੱਠੀ ਠਹਿਰ ਵਿੱਚ,
ਆਪਣੀ ਹੋਂਦ ਵਾਹੁਣ,
ਤੁਰ ਪਿਆ,
ਨਜਮ ਜਿਉਣ ਸਲੀਕਾ ਉੱਕਰਦੀ ਹੈ,
ਹਰ ਮਟਕਦੀ ਨਜਮ ਨੇ,
ਔਖੇ ਤੋਂ ਔਖੇ ਬਰਫੀਲੇ ਪੈਂਡੇ,
ਅਗਨੀ ਦੌਰ,
ਸਰ ਕਰੇ ਹੋਏ ਨੇ,
ਫਿਰ ਕਾਮਰੇਡ ਆਪੇ ਚੁੱਪ ਹੋ
ਕੁੱਝ ਮੁਸਕਰਾਉਂਦਾ,
ਉਸਨੇ ਦੋ ਕੁ ਸੁਨੇਹਿਆਂ ਵਿੱਚ,
ਮੈਨੂੰ ਸਮਝ ਲਿਆ,
ਮੈਂ ਹਰ ਰੋਜ ਪਛਤਾਵਾ ਕਰਨਾ,
ਅਪਣਾ ਲਿਆ!
ਉਸ ਤੋਂ ਮੈਂ ਸਰਮਸਾਰ ਹੋਇਆ,
ਇਸ ਵਿਚਕਾਰ,
ਤਦ ਉਸਨੇ ਆਪਣੇ ਕੋਲੋਂ,
ਇੱਕ ਵਿਸਾਲ ਪੱਸਰੀ
ਨਜਮ ਪ੍ਰਵੇਸ ਕਰ ਦਿੱਤੀ,
ਵਾਯੂਮੰਡਲ 'ਚ ਸਿਰ ਉੱਚਾ ਕਰਕੇ,
ਖਲਾਅ ਤਾਈਂ ਬੋਲੀ,
ਫਿਰ ਕਾਮਰੇਡ, ਹਥਿਆਰ ਚੁੱਕ,
ਜਬਰਦਸਤ ਮੁੱਕਾ ਤਣ,
ਓਸ ਨਜਮ ਨੂੰ,
ਮਿੱਠੀ ਨਮਸਕਾਰ ਦਿੱਤੀ,
ਮੈਨੂੰ ਡਰ ਬਹੁਤ ਲੱਗਾ,
ਇਕਦਮ ਭੈ ਭੀਤ ਵਿੱਚ ਦੜ ਗਿਆ!
ਜਿਵੇਂ ਮੈਂ ਕਾਮਰੇਡ ਵੱਲੋਂ,
ਆਪੇ ਹੀ ਪਛੜਿਆ, ਹੌਲਾ ਲੱਗਾ ਹੋਵਾਂ!
ਹੇਠਲੇ ਪੱਧਰ ਦੇ ਸਰੋਤਿਆਂ ਦੀ ਕਤਾਰ,
ਵਿੱਚ ਵੜ ਗਿਆ ਹੋਵਾਂ,
ਸਿਰ ਸੁੱਟ ਨਿੰਮੋਝੂਣਾ ਜਿਹਾ,
ਆਪਣੇ ਆਪ ਨੂੰ ਕਰ ਦਿੱਤਾ,
ਕਾਮਰੇਡ ਕਲਮ ਦੇ ਹੁੰਗਾਰੇ ਲੈ ਕੇ,
ਦੰਭ ਨੂੰ ਰੋਲਣ ਲੱਗਾ,
ਧੱਕੇਸਾਹੀਆਂ ਦੀਆਂ,
ਕੂੰਲ ਵਿਉਂਤਾਂ ਨਸਟ ਕਰਨ ਲਈ,
ਸੋਚ ਕੁਰੇਦਣ ਲੱਗਾ,
ਉਦੋਂ ਮੈਂ ਫਿਰ ਸਿਰ ਚੁੱਕਣਾ ਚਾਹਿਆ,
ਆਪਣੇ ਆਪ ਨੂੰ,
ਦੱਬੇ ਹੋਏ,
ਘੁੱਟੇ ਸਾਹਾਂ ਵਿੱਚੋਂ ਉੱਠਣਾ ਚਾਹਿਆ।
ਉਸ ਨੇ ਮੇਰੇ ਵੱਲ ਹਥਿਆਰ ਕਰ ਬੋਲਿਆ,
"ਪੜ੍ਹਨ ਲਿਖਣ ਦੀ ਆਦਤ,
ਕੋਈ ਰੋਜ਼ਗਾਰ ਨਹੀਂ ਹੁੰਦੀ,
ਸਮਝ ਨੂੰ ਦੇਖਣ ਪਰਖਣ ਦੀ
ਪਹਿਚਾਣ ਹੁੰਦੀ ਹੈ,
ਨਜਮਾਂ ਇਤਿਹਾਸ ਸਿਰਜਦੀਆਂ ਹਨ"!
ਉਸਨੇ ਮੇਰੇ,
ਤਰੇਲੀਓ ਤਰੇਲੀ ਹੋਏ ਮੱਥੇ ਵਿੱਚ ਜਿਵੇਂ,
ਗਰਮ ਲਾਲ ਰਾਡ ਆਰ ਪਾਰ
ਲੰਘਾ ਦਿੱਤੀ ਹੋਵੇ!
ਮੈਨੂੰ ਇਲਮ ਹੋਇਆ,
ਮਨੁੱਖ ਦੀ ਹੇਠੀ/ਰੁਤਬੇ ਦੀ ਪਛਾਣ,
ਤੋਂ ਮੈਂ ਪੂਰਾ ਹੀ ਕੋਰਾ ਹਾ,
ਨਜਮ-ਕਾਮਰੇਡ,
ਕਾਮਰੇਡ-ਨਜਮ,
ਦੂਰ ਪਤਾ ਨਹੀਂ ਕਦੋਂ ਅਲੋਪ ਗਏ!
ਮੇਰੇ ਮਗਜ ਵਿੱਚ,
"ਐਵੇਂ ਵਿਦਵਾਨ, ਬੁੱਧੀਜੀਵ ਨਾ ਬਣ,
ਕਵਿਤਾ ਨਜਮ ਲਿਖਿਆ ਨਾ ਕਰ,
ਕਵਿਤਾ ਨਜਮ ਸੁਣਿਆਂ ਕਰ ਕੇਵਲ "!...
ਉਹ ਮੌਕਾ ਅੱਜ ਤੱਕ ਵੀ....?

-ਸੁਖਦੇਵ ਸਿੱਧੂ

## ਦੀਵਾਲੀ ਨਾਲ ਗੱਲਬਾਤ...

ਨੀ ਦੀਵਾਲੀਏ...
ਹਾਲੇ ਤੂੰ ਰਜਿਆਂ-ਰਾਠਾਂ ਦੀ ਐਂ!
ਰਾਜੇ ਰਾਮ ਚੰਦਰ ਦੀ
ਬਨਵਾਸ ਤੋਂ ਵਾਪਸੀ ਦਾ ਜਸਨ
ਗਵਾਲੀਅਰ ਦੇ ਕਿਲ੍ਹੇ ਚੋਂ
ਰਾਜਿਆਂ ਦੀ ਰਿਹਾਈ ਦੀ ਖੁਸੀ।

ਦੀਵਾਲੀਏ! ਕੀ ਤੈਨੂੰ ਪਤਾ ਹੈ ਕਿ...
ਰਾਜੇ ਰਾਮ ਚੰਦਰ ਦੇ ਵਣਵਾਸ ਸਮੇਂ
ਲੋਕਾਂ ਤੇ ਉਸਦੀ ਜੁੱਤੀ ਦਾ ਰਾਜ ਸੀ
ਜੁੱਤੀ ਥੱਲੇ ਜੀਂਦੇ ਲੋਕਾਂ ਲਈ
ਵਣਵਾਸ ਤੋਂ ਵਾਪਸੀ ਦਿਨ ਤਾਂ ਮਹਿਜ
ਜੁੱਤੀ ਵਾਲੇ ਦੀ ਮਹਿਲਾਂ ਨੂੰ ਵਾਪਸੀ ਸੀ।
...ਤੇ ਤੈਨੂੰ ਸੱਚੀਂ ਲਗਦਾ ਹੈ ਕਿ
ਲੋਕਾਂ ਨੇ ਖੁਸੀ 'ਚ ਘਿਓ ਦੇ ਦੀਵੇ ਬਾਲੇ ਸਨ?

ਦੀਵਾਲੀਏ! ਕੀ ਤੂੰ ਨਹੀਂ ਜਾਣਦੀ ਕਿ...
ਗਵਾਲੀਅਰ ਦੇ ਕਿਲ੍ਹੇ ਦੇ ਸਾਹੀ ਕੈਦਖਾਨੇ ਥੱਲੇ
ਤਹਿਖਾਨੀਂ ਮਜਲੂਮ ਲੋਕ ਵੀ ਕੈਦ ਸਨ
ਜਿਹਨਾਂ ਨੂੰ ਆਸ ਸੀ ਕਿ ਛੇਵਾਂ-ਨਾਨਕ
ਉਹਨਾਂ ਨੂੰ ਛੱਡ ਕੇ ਨਹੀਂ ਜਾਵੇਗਾ
ਜਿਵੇਂ ਬਾਬਰ ਦੇ ਚੱਕੀ-ਬੰਦ ਕੈਦਖਾਨੇ ਚੋਂ
ਪਹਿਲੇ-ਨਾਨਕ ਨੇ ਸਭ ਨੂੰ ਰਿਹਾਅ ਕਰਾਇਆ ਸੀ।
...ਤੇ ਤੈਨੂੰ ਸੱਚੀਂ ਲਗਦਾ ਹੈ ਕਿ
ਸਿਰਫ ਰਾਜਿਆਂ ਦੀ ਰਿਹਾਈ ਤੇ
ਨਾਨਕ ਦੇ ਘਰ ਖੁਸੀ ਦੇ ਦੀਵੇ ਬਲੇ ਹੋਣਗੇ?

ਨੀ ਦੀਵਾਲੀਏ...
ਸਾਡੇ ਸਮਿਆਂ 'ਚ ਤੂੰ ਜਿਵੇਂ ਦੀ ਹੈਂ
ਜਿਵੇਂ ਦੀ ਤੈਨੂੰ ਦੱਸਿਆ ਜਾ ਰਿਹੈ
ਜੇ ਸੱਚੀਮੁੱਚੀ ਤੂੰ ਤਿਵੇਂ ਦੀ ਹੈਂ
ਤਾਂ ਤੂੰ ਹੋਰ ਕੁਝ ਵੀ ਹੋਵੇਂ
ਲੋਕਾਂ ਦੀ ਹਰਗਿਜ ਨਹੀਂ।
...ਤੇ ਤੈਨੂੰ ਮੈਂ ਦੱਸਾਂ
ਲੋਕ ਇਕ ਦਿਨ ਤੈਨੂੰ
ਰਾਜਿਆਂ-ਰਾਠਾਂ ਤੋਂ ਅਜਾਦ ਕਰਾ ਕੇ ਰਹਿਣਗੇ।
ਸੱਚੀਂ ਮੁੱਚੀਂ ਦੀ ਦੀਵਾਲੀ ਮਨਾ ਕੇ ਰਹਿਣਗੇ।

-ਉਂਕਾਰਪ੍ਰੀਤ

## ਹਰ ਦਿਨ ਨੂੰ ਦਿਵਸ ਬਣਾ ਕੇ

ਹਰ ਦਿਨ ਨੂੰ ਦਿਵਸ ਬਣਾ ਕੇ ਖੱਟਣ ਵਾਲੇ ਨੇ ਖੱਟ ਜਾਂਦੇ ਖੱਟੀ
ਦੁਨੀਆਂ ਨੂੰ ਜਸਨਾਂ ਵਿੱਚ ਡਬੋ ਕੇ ਪੋਚ ਜਾਂਦੇ ਨੇ ਸਭ ਦੀ ਫੱਟੀ।

ਭੀੜ ਜੁੜਦੀ ਹੈ ਵਿੱਚ ਬਜਾਰਾਂ ਇੱਕ ਦੂਜੇ ਨੂੰ ਦੇਣ ਲਈ ਤੋਹਫੇ
ਸਿਰਜੇ ਹੋਏ ਰਿਹੜਕਿਆਂ ਰਾਹੀਂ ਖੂਬ ਮਲਾਈਆਂ ਖਾਂਦੀ ਹੱਟੀ।

ਵਿੱਚ ਬਜਾਰਾਂ ਵਿੱਕਦੀਆਂ ਕਿੱਥੇ ਮੋਹ ਮੁਹੱਬਤ ਦੀਆਂ ਤੰਦਾਂ ਯਾਰੋ
ਪਤਾ ਸਭ ਨੂੰ ਕਿ ਭਰਮ ਭੁਲੇਖਾ ਫਿਰ ਵੀ ਅੱਖਾਂ ਤੇ ਬੰਨੀ ਪੱਟੀ।

ਰੰਗ ਬਰੰਗੇ ਦਿਨ ਸਜ ਗਏ ਖਲਕਤ ਖੇਡੇ ਖਰੀਦ ਖਿਡੌਣੇ
ਖੇਖਣਾ ਚੋਂ ਖਿਲਵਾੜ ਮਿਲਦੈ ਕਿਹੜੀ ਗੱਲ ਦੀ ਪਈ ਹੈ ਚੱਟੀ।

ਹਰ ਘਰ ਦਰ ਅੱਗੇ ਆ ਰਹੇ ਆਸਰਮਾ ਦਾ ਅਲਾਰਮ ਵੱਜੇ
ਕਿਧਰੇ ਦਿਸੇ ਠੰਢ ਠੇਰ ਨਾ ਜਰੇ ਜਰੇ ਚ ਅੱਗ ਜਾਵੇ ਮੱਚੀ।

ਮਾਂ ਬਾਪ ਨਾ ਰਿਸਤੇ ਨਾਤੇ ਮਾਣ ਮਹੱਬਤ ਗਵਾਚੇ ਕਿਧਰੇ
ਕੌਣ ਕਿਸੇ ਨੂੰ ਪੁੱਛਦਾ ਇਥੇ ਦਿਵਸਾਂ ਦੀ ਐਵੇਂ ਰਟ ਲਾ ਰੱਖੀ।

ਸੋਸੇਬਾਜੀ ਹੰਕਾਰ ਦਿਖਾਵਾ ਇਸ ਦੁਨੀਆਂ ਵਿੱਚ ਬੜਾ ਛਲਾਵਾ
ਉਜਾੜ ਗਿਆ ਸਭ ਕੁੱਝ ਭਾਵੇਂ ਫੇਰ ਵੀ ਲੋਕੀਂ ਨੇਂ ਜਾਂਦੇ ਨੱਚੀ।

-ਡਾ ਮੇਹਰ ਮਾਣਕ

ਉਸਾਰੂ ਸਾਹਿਤ, ਕਵਿਤਾਵਾਂ, ਗੀਤ, ਨਾਵਲ, ਕਹਾਣੀਆਂ, ਤਰਕਸ਼ੀਲ, ਵਿਗਿਆਨਕ ਅਤੇ ਇਤਿਹਾਸਕ ਕਿਤਾਬਾਂ
ਪ੍ਰਾਪਤ ਕਰਨ ਲਈ ਕੈਲਗਰੀ :
ਮਾਸਟਰ ਭਜਨ 403-455-4220, ਟੋਰਾਂਟੋ : ਹਰਬੰਸ ਸਿੰਘ 416-817-7142,
ਦੇਵਿੰਦਰ ਤੂਰ 416-902-9372
ਹਰਨੇਕ ਧਾਲੀਵਾਲ ਵਿਨੀਪੈਗ 204-488-6960

# ਵਿਨੀਪੈੱਗ 'ਚ ਡਾ: ਸਾਹਿਬ ਸਿੰਘ ਦਾ ਨਾਟਕ 'ਧੰਨ ਲੇਖਾਰੀ ਨਾਨਕਾ' - ਸਫ਼ਲ ਕਲਾਕਾਰੀ





ਵਿਨੀਪੈੱਗ, (ਅਦਾਰਾ ਸਰੋਕਾਰਾਂ ਦੀ ਆਵਾਜ਼) : ਪੰਜਾਬੀ ਸਾਹਿਤ ਅਤੇ ਸਭਿਆਚਾਰਕ ਸਭਾ ਵੱਲੋਂ 9 ਅਕਤੂਬਰ, 2022 ਨੂੰ ਪੰਜਾਬੀ ਦੇ ਨਾਮਵਰ ਨਾਟਕਕਾਰ ਡਾ: ਸਾਹਿਬ ਸਿੰਘ ਦਾ ਨਾਟਕ 'ਧੰਨ ਲੇਖਾਰੀ ਨਾਨਕਾ' 1330 ਜੈਫਰਸਨ ਐਵੇਨਿਊ, ਮੈਪਲਜ ਕਾਲਜੀਏਟ ਦੇ ਕਾਮਨਜ ਹਾਲ ਵਿੱਚ ਕਰਵਾਇਆ ਗਿਆ। ਨਾਟਕ ਦੇਖਣ ਵਾਲਿਆਂ ਦੇ ਉਤਸਾਹ ਤੇ ਉਤਸੁਕਤਾ ਦਾ ਅੰਦਾਜਾ ਇਸ ਗੱਲ ਤੋਂ ਵੀ ਲਾਇਆ ਜਾ ਸਕਦਾ ਹੈ ਕਿ ਨਾਟਕ ਦਾ ਟਾਈਮ 6:00 ਵਜੇ ਸੀ ਦਰਸਕਾਂ ਦੀ ਭੀੜ 5:00 ਵਜੇ ਹੀ ਜੁੜ ਗਈ ਸੀ। ਹਾਲ ਵਿੱਚ ਬੱਸੋਂ ਬਾਹਰ ਕਾਰਣਾਂ ਕਰਕੇ ਬਿਜਲੀ ਨਾ ਹੋਣ ਕਾਰਨ ਦਰਸਕਾਂ ਨੂੰ ਡੇਢ ਘੰਟਾ ਬਾਹਰ ਠੰਡ 'ਚ ਖੜ ਉਡੀਕ ਕਰਨੀ ਪਈ, ਜਿਸ ਲਈ ਅਸੀਂ ਦਰਸਕਾਂ ਤੋਂ ਮੁਆਫੀ ਮੰਗਦੇ ਹਾਂ।

ਲੱਗਭੱਗ ਸਾਢੇ ਛੇ ਵਜੇ ਬਿਜਲੀ ਆਈ ਤਾਂ ਜਾ ਕੇ ਹਾਲ ਦਾ ਦਰਵਾਜਾ ਖੁੱਲ੍ਹਿਆ ਤਾਂ ਲੋਕਾਂ ਨੇ ਜਾਣਸਾਰ ਕੁਰਸੀਆਂ ਮੱਲ ਲਈਆਂ। ਪ੍ਰੋਗਰਾਮ ਦੀ ਸੁਰੂਆਤ ਬਿਨ੍ਹਾਂ ਕੋਈ ਸਮਾਂ ਗੁਆਏ ਮੰਗਤ ਸਿੰਘ ਵੱਲੋਂ ਦਰਸਕਾਂ ਨੂੰ ਜੀ ਆਇਆ ਕਹਿਣ ਅਤੇ ਪ੍ਰੋਗਰਾਮ ਲੇਟ ਸੁਰੂ ਕਰਨ ਲਈ ਦਰਸਕਾਂ ਤੋਂ ਮੁਆਫੀ ਮੰਗੀ। ਪੰਜਾਬੀ ਸਾਹਿਤ ਅਤੇ ਸਭਿਆਚਾਰਕ ਸਭਾ ਦੇ ਉਦੇਸਾਂ ਸਬੰਧੀ ਸੰਖੇਪ ਜਾਣਕਾਰੀ ਦੇਣ ਉਪਰੰਤ ਪੰਜਾਬੀ ਕਮਿਊਨਿਟੀ ਹੈਲਥ ਸਰਵਿਸ ਦੇ ਰੌਨੀ ਧਾਲੀਵਾਲ ਨੂੰ ਸਟੇਜ ਤੇ ਕਮਿਊਨਿਟੀ ਸਮੱਸਿਆਵਾਂ ਦੀ ਜਾਣਕਾਰੀ ਸਾਂਝੀ ਕਰਨ ਲਈ ਬੁਲਾਇਆ। ਉਸ ਤੋਂ ਬਾਅਦ ਜਗਮੀਤ ਸਿੰਘ ਪੰਧੇਰ ਨੇ ਭਗਤ ਸਿੰਘ ਦੇ ਵਿਚਾਰਾਂ ਨੂੰ ਰੂਪਮਾਨ ਕਰਦੀ ਕਵਿਤਾ ਪੜ੍ਹੀ। ਸਟੇਜ ਤੋਂ ਨਾਟਕ ਦਾ ਐਲਾਨ ਹੋਣ ਤੇ ਦਰਸਕਾਂ ਨਾਲ ਖਚਾ-ਖੱਚ ਭਰੇ ਹਾਲ ਨੇ ਡਾ: ਸਾਹਿਬ ਸਿੰਘ ਦਾ ਤਾੜੀਆਂ ਨਾਲ ਸੁਵਾਗਤ ਕੀਤਾ। ਨਾਟਕ ਡੇਢ ਘੰਟਾ ਬਿਨਾਂ ਕਿਸੇ ਰੁਕਾਵਟ ਦੇ ਚੱਲਿਆ। ਏਨਾ ਲੰਬਾ ਸਮਾਂ ਨਾਟਕ ਚੱਲਿਆ ਦਰਸਕਾਂ ਨੇ ਆਪਣੇ ਸਾਹ ਰੋਕੀ ਰੱਖੇ। ਹਾਲ ਦਾ ਮਹੌਲ ਏਨਾ ਗਹਿਰ ਗੰਭੀਰ ਲੱਗ ਰਿਹਾ ਸੀ ਕਿ ਜਿਵੇਂ ਕੋਈ ਡਾਇਲਾਗ ਜਾਂ ਐਕਟਿੰਗ ਦਾ ਦ੍ਰਿਸ ਖੁੰਝ ਨਾ ਜਾਵੇ। ਨਾਟਕ 'ਚ ਤਿੰਨ ਚਾਰ ਵਾਰ ਅਜੇਹੀ ਸਥਿਤੀ ਆਈ ਜਦੋਂ ਲੋਕਾਂ ਦੀਆਂ ਤਾੜੀਆ ਨਾਲ ਪੰਡਾਲ ਗੂੰਜ ਉੱਠਿਆ। ਨਾਟਕ 'ਚ ਕਈ ਵਾਰ ਅਜੇਹੇ ਭਾਵਨਾਤਕ ਪਲ ਵੀ ਆਏ ਜਦੋਂ ਬਜੁਰਗਾਂ ਤੇ ਨੌਜਵਾਨ ਕੁੜੀਆਂ -ਮੁੰਡਿਆ ਦੀਆਂ ਅੱਖਾਂ ਨਮ ਹੁੰਦੀਆਂ ਵੀ ਵੇਖੀਆਂ ਗਈਆਂ।

ਨਾਟਕ ਵਿੱਚ ਵੱਖ ਵੱਖ ਸਮਿਆਂ ਦੇ ਘਟਨਾ ਕਰਮ ਦੀ ਬਹੁਤ ਹੀ ਭਾਵ -ਪੂਰਕ ਤਰੀਕੇ ਪੇਸਕਾਰੀ ਕੀਤੀ ਗਈ। ਨਾਟਕ ਇਕੱਲਾ ਸਿਰਫ ਮਨੋਰੰਜਨ ਦਾ ਸਾਧਨ ਨਾ ਹੋ ਕੇ ਗਹਿਰ ਗੰਭੀਰ ਤੇ ਬਹੁਤ ਦੀ ਤਿੱਖੇ ਸੁਆਲ ਸਮੇਂ ਦੀਆਂ ਸਰਕਾਰਾਂ ਅਤੇ ਲੋਕਾਂ ਲਈ ਵੀ ਖੜੇ ਕਰਦਾ ਹੈ। ਇਹੀ ਕਲਾ ਲੋਕਾਂ ਲਈ ਅਤੇ ਕਲਾ ਕਲਾ ਲਈ ਦਾ ਫਰਕ ਹੈ।

ਜਦੋਂ ਨਾਟਕਕਾਰ ਸਿਰਾਂ ਦੀ ਗੱਲ ਕਰਦਾ ਹੈ ਤਾਂ ਦਰਸਕਾਂ ਲਈ ਸੁਨੇਹਾ ਵੀ ਹੈ ਤੇ ਉਹਨਾਂ ਲੋਕਾਂ ਕਰਾਰੀ ਚੋਟ ਵੀ ਹੈ ਜਿਹੜੇ



ਸਿਰਫ ਸਿਰ ਵਾਰਨ ਦੀ ਗੱਲ ਕਰਦੇ ਹਨ। ਨਾਟਕ ਕਲਾਕਾਰੀ ਪੱਖੋਂ ਬੇਹੱਦ ਪ੍ਰਭਾਵਸਾਲੀ ਰਿਹਾ ਤੇ ਦਰਸਕਾਂ ਦੇ ਦਿਲਾਂ ' ਤੇ ਗਹਿਰੀ ਛਾਪ ਛੱਡ ਗਿਆ। ਨਾਟਕ ਨੇ ਲੋਕਾਂ ਨੂੰ ਇਸ ਤਰਾਂ ਆਪਣੇ ਨਾਲ ਇੱਕ -ਮਿੱਕ ਕਰ ਲਿਆ ਸੀ ਕਿ ਲੋਕਾਂਨੂੰ ਡੇਢ ਘੰਟਾ ਬਾਹਰ ਠੰਡ ਵਿੱਚ ਖੜੇ ਹੋਣ ਦਾ ਭੋਰਾ ਭਰ ਵੀ ਰੰਜ ਜਾ ਅਕੇਵੇਂ ਦਾ ਅਹਿਸਾਸ ਨਹੀਂ ਹੋਣ ਦਿੱਤਾ। ਨਾਟਕ ਖਤਮ ਹੋ ਜਾਣ ਤੇ ਵੀ ਲੋਕ ਜਾਣ ਲਈ ਤਿਆਰ ਨਹੀਂ ਸਨ। ਨਾਟਕ ਦੇ ਅੰਤ ਤੇ ਪੰਜਾਬੀ ਸਾਹਿਤ ਅਤੇ ਸਭਿਆਚਾਰਕ ਸਭਾ ਨੇ ਇੰਡੀਆ ਤੋਂ ਬਾਹਰ ਇੰਗਲੈਂਡ ਵਾਂਗ ਕੈਨੇਡਾ ਵਿੱਚ ਵੀ ਬੀਜੇਪੀ, ਰਸਸ ਅਤੇ ਵਿਸਵ ਹਿੰਦੂ ਪ੍ਰੀਸਦ ਵਰਗੀਆਂ ਜਥੇਬੰਦੀਆਂ ਵੱਲੋਂ ਇੰਡੀਅਨ ਡਾਇਸਪੋਰਾ ਨੂੰ ਵੰਡਣ ਅਤੇ ਪਾੜਨ ਦੀਆਂ ਹੋ ਰਹੀਆਂ ਕੋਸ਼ਿਸ਼ਾਂ ਵਿਰੁੱਧ ਇੱਕ ਮਤਾ ਪਾਸ ਕੀਤਾ । ਜਿਸਨੂੰ ਲੋਕਾਂ ਹੱਥ ਖੜੇ ਕਰਕੇ ਪ੍ਰਵਾਨਗੀ ਦਿੱਤੀ।

ਇਸ ਸਮਾਗਮ ਦੀ ਵਿਸੇਸਤਾ ਇਹ ਸੀ ਕਿ ਇਸ ਵਿੱਚ ਨੌਜਵਾਨ ਮੁੰਡੇ ਕੁੜੀਆਂ ਵੱਡੀ ਗਿਣਤੀ 'ਚ ਸਾਮਲ ਹੋਏ ਸਨ। ਪੰਜਾਬੀ ਸਾਹਿਤ ਤੇ ਸਭਿਆਚਾਰਕ ਸਭਾ ਵੱਲੋਂ ਹਾਜਰ ਦਰਸਕਾਂ ਦਾ ਸਹਿਯੋਗ ਕਰਨ ਲਈ ਤਹਿ ਦਿਲੋਂ ਧੰਨਵਾਦ ਅਤੇ ਖਾਸ ਕਰਕੇ ਜਗਦੀਪ ਤੂਰ ਜੀ ਦਾ ਜਿਨ੍ਹਾਂ ਦੀ ਮੱਦਦ ਤੋਂ ਬਿਨਾ ਇਹ ਪ੍ਰੋਗਰਾਮ ਸੰਭਵ ਨਹੀਂ ਸੀ।


TAX & ACCOUNTING
- Personal, Business & Corporate Tax
- Book Keeping & Accounting Service
- RSEP & Education Saving Plan (Get Goverment Grants upto 40%)
- RRSP, TFSA & RDSP
- Payroll & HST Service
- Business & GST Registration

E-FILE

Special Discounts for Groups & Seniors

K.S.C. General SERVICES
I will help you understand the product and provide trusted service to choose the product that fits your needs and life style. Give me a call for all your personal and business needs.



Kirpal Cheema
647-763-4862
www.kirpalcheema.com

INSURANCE
- Life Insurance (Permanent, Universal or Term)
- Disability & Critical Insurance (Money Back)
- Long Term Care Insurance
- Health, Dental & Drug Benefits
- Visitor & Super Visa Insurance (Monthly & Money Back Plan)
- Group Life, Health, Dental & Drug Plans

MAROK LAW OFFICE
Always Taking You Forward



- Corporate Law
- Real Estate
- Wills
- Affidavits
- Power of Attorney


VIPANDEEP SINGH MAROK
Barrister, Solicitor & Notary Public
M.A., LLB
80 Maritime Ontario Blvd, Unit# 60,
Brampton, Ontario L6S 0E7
Ph. 905 790 8100, Fax : 905 790 8150
Email : vipanmarok@gmail.com
www.maroklaw.com

Gill
Truck & Trailer Repair
& Mobile Service
Lube and Truck Wash



Gill Brothers
Owner
Tel: 905-458-3455 | Fax : 905-458-3456 | Cell : 416-312-4707
gillinderjit7@gmail.com | www.gilltruckrepair.com
1295 Shawson Drive, Mississauge, ON L4W 1C4

Tri-City
Professional Realty Inc. Brokerage
"Aiming Straight with Honesty and Integrity"
Since 1987 on Full Time Basis



Dri: 416-254-7573, Off.: 905-793-5777
Email : pdosanjh2005@yahoo.com
Paul Dosanjh
Sales Representative

FIVE STAR INSURANCE
Save up to 51%
• Auto • Home • Business
Get the best rates with us!
FIVE STAR INSURANCE BROKERS LIMITED
We work with 15 major insurance companies& can get you the best prices guaranteed!
www.fivestarinsurance.ca
*With qualified discounts
Call: Harman Pandher
905.459.0555
270 Orenda Rd., Unit # 200 Brampton, ON L6T 4X6

# ਜਮਹੂਰੀ ਅਧਿਕਾਰ ਸਭਾ ਵੱਲੋਂ ਸ਼ਹੀਦ ਭਗਤ ਸਿੰਘ, ਦੁਰਗਾ ਭਾਬੀ ਤੇ ਮੋਗਾ ਘੋਲ ਨੂੰ ਸਮਰਪਿਤ ਕਨਵੈਨਸਨ

**ਬਲਜਿੰਦਰ ਸਿੰਘ ਪਟਿਆਲਾ**





ਬਠਿੰਡਾ: ਸਹੀਦ ਭਗਤ ਸਿੰਘ, ਦੁਰਗਾ ਭਾਬੀ ਤੇ ਮੋਗਾ ਘੋਲ ਦੀ ਪੰਜਾਹਵੀਂ ਵਰ੍ਹੇਗੰਢ ਨੂੰ ਸਮਰਪਿਤ ਸੂਬਾਈ ਚੇਤਨਾ ਮੁਹਿੰਮ ਦੇ ਤਹਿਤ ਜਮਹੂਰੀ ਅਧਿਕਾਰ ਸਭਾ ਇਕਾਈ ਬਠਿੰਡਾ ਵੱਲੋਂ "ਜਮਹੂਰੀ ਹੱਕਾਂ ਤੇ ਹਮਲੇ ਅਤੇ ਜਨ ਪ੍ਰਤੀਰੋਧ" ਵਿਸੇ ਤੇ ਇਕ ਕਨਵੈਨਸਨ ਟੀਚਰਜ ਹੋਮ ਬਠਿੰਡਾ ਵਿਖੇ ਕਰਵਾਈ ਗਈ,ਜਿਸ ਵਿੱਚ ਸਮਾਜ ਦੇ ਵੱਖ ਵੱਖ ਵਰਗਾਂ ਚੋਂ ਲੋਕ ਸਾਮਲ ਹੋਏ। ਉੱਘੇ ਜਮਹੂਰੀ ਕਾਰਕੁੰਨ ਹਿਮਾਂਸੂ ਕੁਮਾਰ ਮੁੱਖ ਬੁਲਾਰੇ ਸਨ। ਪ੍ਰਧਾਨਗੀ ਮੰਡਲ ਵਿੱਚ ਪ੍ਰਿਪਾਲ ਸਿੰਘ ਐਡਵੋਕੇਟ ਐਨ ਕੇ ਜੀਤ, ਪ੍ਰਿੰਸੀਪਲ ਬੱਗਾ ਸਿੰਘ, ਡਾ ਅਜੀਤਪਾਲ ਸਿੰਘ, ਸੁਦੀਪ ਸਿੰਘ ਸਾਮਲ ਹੋਏ। ਸਮਾਗਮ ਦੀ ਸੁਰੂਆਤ ਹਰਦੀਪ ਮਹਿਣਾ ਤੇ ਮੰਦਿਰ ਜੱਸੀ ਦੀ ਕਵੀਸਰੀ ਨਾਲ ਕੀਤੀ ਗਈ। ਜ਼ਿਲ੍ਹਾ ਪ੍ਰਧਾਨ ਪ੍ਰਿੰਸੀਪਲ ਬੱਗਾ ਸਿੰਘ ਨੇ ਆਪਣੇ ਵਿਚਾਰ ਰੱਖਦਿਆਂ ਸਮੂਹ ਸਰੋਤਿਆਂ ਨੂੰ ਜੀ ਆਇਆਂ ਕਿਹਾ ਅਤੇ ਹਿਮਾਂਸੂ ਕੁਮਾਰ ਵੱਲੋਂ ਆਦਿਵਾਸੀਆਂ ਦੇ ਉਜਾੜੇ ਤੇ ਜਬਰ ਵਿਰੁੱਧ ਲੰਮੇ ਸਮੇਂ ਤੋਂ ਕੀਤੇ ਜਾ ਰਹੇ ਸਾਂਤਮਈ ਸੰਘਰਸ ਬਾਰੇ ਦੱਸਿਆ। ਸ਼ਹੀਦਾਂ ਦੀ ਵਿਚਾਰਧਾਰਾ ਪ੍ਰਤੀ ਅਹਿਦ ਮੀਤ ਸਕੱਤਰ ਅਵਤਾਰ ਸਿੰਘ ਰਾਮਪੁਰਾ ਨੇ ਕਰਵਾਇਆ। ਮੁੱਖ ਬੁਲਾਰੇ ਹਿਮਾਂਸੂ ਕੁਮਾਰ ਨੇ ਕਿਹਾ ਕਿ ਆਏ ਦਿਨ ਲੋਕਾਂ ਦੇ ਜਮਹੂਰੀ ਅਧਿਕਾਰਾਂ ਤੇ ਹਮਲੇ ਹੋ ਰਹੇ ਹਨ ਆਦਿਵਾਸੀਆਂ ਤੋਂ ਜਲ ਜੰਗਲ ਜਮੀਨ ਖੋਹ ਕੇ ਕਾਰਪੋਰੇਟ ਬੇਹਾਲੇ ਕੀਤੀ ਜਾ ਰਹੀ ਹੈ ਤਾਂ ਜੋ ਧਰਤੀ ਹੇਠਲੇ ਖਣਿਜ ਪਦਾਰਥਾਂ ਦੀ ਲੁੱਟ ਕੀਤੀ ਜਾ ਸਕੇ। ਜਨਰਲ ਸਕੱਤਰ ਪ੍ਰਿਤਪਾਲ ਸਿੰਘ ਨੇ ਸਹੀਦ ਭਗਤ ਸਿੰਘ ਦੁਰਗਾ ਭਾਬੀ ਤੇ ਸਾਥੀਆਂ ਦੀ ਵਿਰਾਸਤ ਬਾਰੇ ਵਿਸਥਾਰਪੂਰਵਕ ਚਾਨਣਾ ਪਾਇਆ ਅਤੇ ਉਹਨਾਂ ਦੇ ਵਿਚਾਰਾਂ ਤੋਂ ਸੇਧ ਲੈਣ ਦੀ ਗੱਲ ਆਖੀ। ਬੁਲਾਰਿਆਂ ਨੇ ਕਿਹਾ ਕਿ ਭਾਰਤ ਦੀ ਕੇਂਦਰੀ ਸਰਕਾਰ ਵੱਲੋਂ ਸੰਵਿਧਾਨਕ ਸੰਸਥਾਵਾਂ ਨੂੰ ਸੱਤਾ ਦੇ ਜਬਰ ਦੀ ਸੰਦ ਬਣਾ ਕੇ ਸੰਘਰਸਸੀਲ ਜਥੇਬੰਦੀਆਂ ਅਤੇ ਉਨ੍ਹਾਂ ਦੇ ਹਮਾਇਤੀ ਮਨੁੱਖੀ ਅਧਿਕਾਰ ਕਾਰਕੁੰਨਾਂ, ਬੁੱਧੀਜੀਵੀਆਂ, ਲੇਖਕਾਂ ਵਕੀਲਾਂ, ਪੱਤਰਕਾਰਾਂ, ਘੱਟ ਗਿਣਤੀਆਂ, ਦਲਿਤਾਂ, ਆਦਿਵਾਸੀਆਂ ਤੇ ਔਰਤਾਂ ਉਪਰ ਕੀਤੇ ਜਾ ਰਹੇ ਜਬਰ ਦੀ ਅਸਲੀਅਤ ਲੋਕਾਂ ਸਾਹਮਣੇ ਲਿਆਉਣੀ ਚਾਹੀਦੀ ਹੈ। ਹਿਮਾਂਸੂ ਕੁਮਾਰ ਨੇ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਨੇ ਸੰਵਿਧਾਨ ਦੀ ਰਖਵਾਲੀ ਲਈ ਬਣਾਈਆਂ ਗਈਆਂ ਸੰਵਿਧਾਨਕ ਸੰਸਥਾਵਾਂ ਦਾ ਫਾਸੀਵਾਦੀਕਰਨ ਕਰ ਦਿੱਤਾ ਹੈ।. ਰਿਜਰਵ ਬੈਂਕ ਸੀ ਬੀ ਆਈ, ਕੈਗ ਈਡੀ, ਐਨ ਆਰ ਟੀ ਸੀ, ਐਮ ਸੀ ਆਈ, ਆਦਿ ਚੋਣ ਕਮਿਸਨ ਆਦਿ ਆਪਣੇ ਕੰਮ ਸੰਵਿਧਾਨ ਅਨੁਸਾਰ ਕਰਨ ਦੀ ਥਾਂ ਕੇਂਦਰੀ ਹਾਕਮਾਂ ਦੇ ਹੱਥਾਂ ਵਿੱਚ ਖੇਡ ਰਹੀਆਂ ਹਨ। ਇੱਥੋਂ ਤੱਕ ਕਿ ਅਦਾਲਤਾਂ ਵੱਲੋਂ ਇਨਸਾਫ ਦੀ ਗੁਹਾਰ ਲਾਉਣ ਵਾਲੀ ਜਮਹੂਰੀਅ ਤੇ ਸਮਾਜਕ ਕਾਰਕੁੰਨਾਂ ਵਿਰੁੱਧ ਮੁਕੱਦਮੇ ਦਰਜ ਕਰਨ ਅਤੇ ਜੁਰਮਾਨਾ ਕਰਨ ਦੇ ਫੈਸਲੇ ਕੀਤੇ ਜਾ ਰਹੇ ਹਨ। ਆਗੂਆਂ ਨੇ ਕਿਹਾ ਕਿ ਸਰਕਾਰੀ ਫੈਸਲਿਆਂ ਉੱਪਰ ਸਵਾਲ ਕਰਨ ਵਾਲੇ ਬੁੱਧੀਜੀਵੀਆਂ, ਜਮਹੂਰੀ ਤੇ ਸਮਾਜਿਕ ਕਾਰਕੁੰਨਾਂ ਵਿਦਿਆਰਥੀਆਂ ਲੇਖਕਾਂ, ਪੱਤਰਕਾਰਾਂ ਨੂੰ ਜਮਾਨਤ ਤੇ ਹੱਕ ਤੋਂ ਵਾਂਝਾ ਕਰ ਕੇ ਸਾਲਾਂਬੱਧੀ ਜੇਲ੍ਹਾਂ ਵਿੱਚ ਬੰਦ ਕੀਤਾ ਹੋਇਆ ਹੈ। ਇਸ ਦੇ ਉਲਟ ਧਾਰਮਿਕ ਸੰਸਦਾਂ ਲਾਉਣ ਵਾਲੇ ਧਾਰਮਿਕ ਆਗੂਆਂ, ਟੀਵੀ ਐਂਕਰਾਂ, ਬੀਜੇਪੀ ਦੇ ਬੁਲਾਰਿਆਂ ਵੱਲੋਂ ਉਗਲੀ ਜਾਂਦੀ ਫਿਰਕੂ ਜਹਿਰ ਦੇ ਮਾਮਲੇ ਵਿੱਚ ਦਰਜ ਕੇਸਾਂ ਦੀ ਪਹਿਲ ਦੇ ਆਧਾਰ ਤੇ ਸੁਣਵਾਈ ਕਰਕੇ ਉਨ੍ਹਾਂ ਨੂੰ ਝੱਟ ਜ਼ਮਾਨਤ ਦੇ ਦਿੱਤੀ ਜਾਂਦੀ ਹੈ। ਇਸ ਤਰ੍ਹਾਂ ਸਹੀਦਾਂ ਦੀਆਂ ਕੁਰਬਾਨੀਆਂ ਨਾਲ ਮਿਲੀ ਛਿੱਟਪੁਟ ਜਮਹੂਰੀਅਤ ਵੀ ਖਤਰੇ ਵਿਚ ਪੈ ਗਈ ਹੈ। ਅਜਿਹੀਆਂ ਹਾਲਤਾਂ ਵਿੱਚ ਰਾਜ ਮਸੀਨਰੀ ਜਿਥੇ ਸੰਘਰਸ ਕਰਦੇ ਹੱਕਾਂ ਦਾ ਘਾਣ ਕਰਦੀ ਉਥੇ ਮਾਨਸਿਕ ਪੱਧਰ ਤੇ ਅਤੇ ਬੌਧਿਕ ਪੱਧਰ ਤੇ ਲੋਕਾਂ ਨੂੰ ਬੌਣੇ ਬਨਾਉਣ ਲਈ ਹੋਰਨਾਂ ਖੇਤਰਾਂ ਅੰਦਰ ਹਮਲੇ ਵਿੱਢਦੀ ਹੈ। ਲੋਕਾਂ ਨੂੰ ਜਾਗਰੂਕ ਕਰਨ ਵਾਲੇ ਬੁੱਧੀਜੀਵੀਆਂ ਲੇਖਕਾਂ ਪੱਤਰਕਾਰਾਂ ਨੂੰ ਗ੍ਰਿਫਤਾਰ ਕਰ ਕੇ ਲੋਕਾਂ ਦੀ ਏਕਤਾ ਨੂੰ ਖੋਰਾ ਲਾਉਂਦੀ ਹੈ। ਦੂਜੇ ਪਾਸੇ ਲੋਕਾਂ ਦੀ ਸੰਘਰਸਮਈ ਵਿਰਾਸਤ ਨੂੰ ਖੋਹਣ ਅਤੇ ਮੇਟਣ (ਭਗਤ ਸਿੰਘ ਨੂੰ ਦਹਿਸਤਗਰਦ ਐਲਾਨਣ ਵਰਗੇ)ਕੋਝੇ ਯਤਨ ਕੀਤੇ ਜਾ ਰਹੇ ਹਨ ਇਨ੍ਹਾਂ ਸਾਜ਼ਿਸ਼ਾਂ ਦੇ ਤਹਿਤ ਹੀ ਬਿਲਕਿਸ ਬਾਨੋ ਪਰਿਵਾਰ ਦੇ ਕਾਤਲਾਂ ਬਲਾਤਕਾਰੀਆਂ ਦੀ ਸਜਾ ਮੁਆਫੀ ਕੀਤੀ ਗਈ ਹੈ ਪਰ ਸਜਾ ਕੱਟ ਚੁੱਕੇ ਦੂਜੇ ਘੱਟ ਗਿਣਤੀਆਂ ਦਲਿਤਾਂ ਕਸਮੀਰੀਆਂ ਤੇ ਸੰਘਰਸੀ ਲੋਕਾਂ ਨੂੰ ਰਿਹਾਅ ਨਹੀਂ ਕੀਤਾ ਜਾ ਰਿਹਾ। ਸਭਾ ਦੇ ਪ੍ਰੈਸ ਸਕੱਤਰ ਡਾਕਟਰ ਅਜੀਤਪਾਲ ਸਿੰਘ ਨੇ ਕੁਝ ਮਤੇ ਰੱਖੇ ਜਿਹਨਾਂ ਨੂੰ ਪਾਸ ਕੀਤਾ ਗਿਆ

ਸਭਾ ਦੇ ਸੀਡੀਅਰੋ ਕੋਆਰਡੀਨੇਟਰ ਐਨ ਕੇ ਜੀਤ ਨੇ ਲਖੀਮਪੁਰ ਖੀਰੀ ਕਤਲੇਆਮ ਸੰਬੰਧੀ ਆਪਣੇ ਵਿਚਾਰ ਰੱਖੇ। ਸਮਾਗਮ ਦੇ ਅੰਤ ਵਿਚ ਸਮਾਗਮ ਚ ਸਮੂਲੀਅਤ ਕਰਨ ਵਾਲਿਆਂ ਦਾ ਧੰਨਵਾਦ ਪ੍ਰਿੰਸੀਪਲ ਰਣਜੀਤ ਸਿੰਘ ਮੀਤ ਪ੍ਰਧਾਨ ਵੱਲੋਂ ਕੀਤਾ ਗਿਆ। ਸਟੇਜ ਸਕੱਤਰ ਦੀ ਜਿੰਮੇਵਾਰੀ ਸਕੱਤਰ ਸੁਦੀਪ ਸਿੰਘ ਵਲੋਂ ਬਾਖੂਬੀ ਨਿਭਾਈ ਗਈ।


**11 ਸਾਲਾਂ ਤੋਂ ਆਰਥਿਕ, ਸਮਾਜਿਕ, ਸਭਿਆਚਾਰਕ ਅਤੇ ਸਿਆਸੀ ਚੇਤਨਤਾ ਨੂੰ ਸਮਰਪਿਤ**

## ਸਰੋਕਾਰਾਂ ਦੀ ਆਵਾਜ਼

**ਕੈਨੇਡਾ ਦੇ ਪ੍ਰਮੁੱਖ ਸ਼ਹਿਰਾਂ ਟੋਰਾਂਟੋ, ਵੈਨਕੂਵਰ, ਕੈਲਗਰੀ, ਵਿਨੀਪੈਗ ਅਤੇ ਪੰਜਾਬ ਵਿੱਚ ਖ਼ਬਰਾਂ ਅਤੇ ਇਸ਼ਤਿਹਾਰ ਦੇਣ ਲਈ ਸਾਡੀ ਟੀਮ ਨਾਲ਼ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ।**



ਹਰਬੰਸ ਸਿੰਘ (ਟੋਰਾਂਟੋ) 416-817-7142



ਦੇਵਿੰਦਰ ਤੂਰ (ਟੋਰਾਂਟੋ) 416 902 9372



ਮਾਸਟਰ ਭਜਨ (ਕੈਲਗਰੀ) 403-455-4220



ਪਰਮਿੰਦਰ ਕੌਰ ਸਵੈਚ (ਵੈਨਕੂਵਰ) 604 760 4794



ਜਸਵੀਰ ਕੌਰ ਮੰਗੂਵਾਲ ਵਿਨੀਪੈੱਗ 204-881-4955



ਬਲਜਿੰਦਰ ਸਿੰਘ ਵੜੈਚ (ਪੰਜਾਬ) +91-92167-29598









# ਤਰਕਸ਼ੀਲ ਸੁਸਾਇਟੀ ਕੈਨੇਡਾ ਇਕਾਈ ਕੈਲਗਰੀ ਦੀ ਇਕੱਤਰਤਾ ਹੋਈ





ਕੈਲਗਰੀ, (ਅਦਾਰਾ ਸਰੋਕਾਰ ਦੀ ਆਵਾਜ਼) : ਪਿਛਲੇ ਦਿਨੀਂ ਤਰਕਸ਼ੀਲ ਸੁਸਾਇਟੀ ਕੈਨੇਡਾ ਇਕਾਈ ਕੈਲਗਰੀ ਦੀ ਮਹੀਨਾਵਾਰ ਇਕੱਤਰਤਾ ਸ੍ਰ. ਦਰਸ਼ਨ ਸਿੰਘ ਔਜਲਾ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿਚ 22 ਅਕਤੂਬਰ ਦੇ ਨਾਟਕ ਮੇਲੇ 'ਚੋਂ ਤਰਕਸ਼ੀਲ ਪ੍ਰੋਗਰਾਮ ਦਾ ਰਿਵਿਊ ਕੀਤਾ ਗਿਆ। 2023 ਦੇ ਮਾਰਚ ਮਹੀਨੇ ਵਿਚ ਸ੍ਰ. ਭਗਤ ਸਿੰਘ ਅਤੇ ਪਾਸ਼ ਨੂੰ ਸਮਰਪਿਤ ਪ੍ਰੋਗਰਾਮ ਕਰਨ ਦਾ ਫੈਸਲਾ ਕੀਤਾ ਗਿਆ। ਇਕੱਤਰਤਾ ਵਿਚ ਹਰ ਤਰ੍ਹਾਂ ਦੇ ਪਾਖੰਡ, ਜੋਤਿਸ਼ ਅਤੇ ਹੋਰ ਵਹਿਮਾਂ ਭਰਮਾਂ ਬਾਰੇ ਪ੍ਰਚਾਰ ਤੇਜ਼ ਕਰਨ ਦਾ ਅਹਿਦ ਲਿਆ ਗਿਆ। ਹੋਰ ਸਹਿਯੋਗੀ ਜਥੇਬੰਦੀਆਂ ਨਾਲ ਸੰਪਰਕ ਕੀਤਾ ਜਾਵੇਗਾ। ਤਰਕਸ਼ੀਲ ਸੁਸਾਇਟੀ ਵਲੋਂ ਪ੍ਰਕਾਸ਼ਤ ਪੈਂਫਲਿਟ ਵੰਡਿਆ ਜਾਵੇਗਾ। 22 ਅਕਤੂਬਰ ਦੇ ਪ੍ਰੋਗਰਾਮ ਵਿਚ ਵੀ ਪੈਂਫਲਿਟ ਵੰਡਣ ਦੀ ਸ਼ਲਾਘਾ ਕੀਤੀ ਗਈ। ਸਾਰੇ ਮੈਂਬਰਾਂ ਨੇ ਸੁਸਾਇਟੀ ਪ੍ਰਤੀ ਸੁਹਿਰਦਾ ਦਿਖਾਉਂਦੇ ਹੋਏ ਆਪਣੇ ਆਪਣੇ ਵਿਚਾਰ ਰੱਖੇ ਗਏ। ਮਾਸਟਰ ਭਜਨ ਸਿੰਘ ਵਲੋਂ ਜਥੇਬੰਦਕ ਤਾਣੇ-ਬਾਰੇ ਵਿਚਾਰ ਰੱਖੇ। ਇਕੱਤਰਤਾ ਵਿਚ ਗੋਪਾਲ ਕਾਉਂਕੇ, ਗੁਰਨਾਮ ਸਿੰਘ, ਜਸਪਾਲ ਸਿੰਘ, ਕੁਲਦੀਪ ਸਿੰਘ, ਨਵਤੇਜ ਸਿੰਘ ਤੇਜਾ ਸਿੰਘ, ਜਗਜੀਤ ਸਿੰਘ, ਗੁਰਦੀਪ ਸਿੰਘ ਮੈਂਬਰਾਂ ਨੇ ਭਾਗ ਲਿਆ। ਅਖੀਰ 'ਚ ਸਕੱਤਰ ਬੀਰਬਲ ਭਦੌੜ ਨੇ 22 ਅਕਤੂਬਰ ਦੇ ਪ੍ਰੋਗਰਾਮ ਦੇ ਸੰਚਾਰਕ ਮਾਸਟਰ ਭਜਨ ਸਿੰਘ ਪ੍ਰੋਗ੍ਰੈਸਿਵ ਕਲਚਰ ਐਸੋਸੀਏਸ਼ਨ, ਅਦਾਰਾ ਸਿੱਖ ਵਿਰਾਸ ਅਤੇ ਅਦਾਰਾ ਸਰੋਕਾਰਾਂ ਦੀ ਅਵਾਜ਼ ਅਤੇ ਸਾਰੇ ਮੈਂਬਰਾਂ ਦਾ ਤਰਕਸ਼ੀਲ ਸੁਸਾਇਟੀ ਵਲੋਂ ਧੰਨਵਾਦ ਕੀਤਾ ਗਿਆ।

# ਨੌਜਵਾਨਾਂ ਦੇ ਕੈਨੇਡਾ ਵੱਲ ਪਰਵਾਸ ਦਾ ਕਾਰਨ ਭਾਰਤ ਸਰਕਾਰਾਂ ਦੀਆਂ ਗਲਤ ਨੀਤੀਆਂ : ਡਾ. ਹਰਦੀਪ ਸਿੰਘ

## ਕੈਨੇਡਾ ਮੁਕਾਬਲੇ ਭਾਰਤ ਵਿਚ ਬੇਰੁਜ਼ਗਾਰੀ, ਘੱਟ ਤਨਖਾਹ ਦਿਹਾੜੀ, ਰੁਪਏ ਦੀ ਲੁਡਕਦੀ ਕੀਮਤ, ਮਾੜਾ ਕੰਮ ਸਭਿਆਚਾਰ, ਬੱਚਿਆਂ ਬਜ਼ੁਰਗਾਂ ਦੀ ਸੰਭਾਲ ਲਈ ਘੱਟ ਮਦਦ, ਸਮਾਜਿਕ ਸੁਰੱਖਿਆ ਦੀ ਕਮੀ ਪ੍ਰਤੀ ਚਿੰਤਾ

ਹੰਬੜਾ : ਭੂੰਦੜੀ ਲਾਇਬਰੇਰੀ ਵਿਖੇ ਵਿਚਾਰ ਗੋਸਟੀ, ਕੈਨੇਡਾ ਤੋਂ ਛਪਦੇ ਲੋਕ ਪੱਖੀ ਅਖਬਾਰ "ਸਰੋਕਾਰਾਂ ਦੀ ਆਵਾਜ਼" ਦੇ ਸੰਪਾਦਕ ਡਾ. ਹਰਦੀਪ ਸਿੰਘ ਵੱਲੋਂ ਨੌਜਵਾਨ ਪੀੜੀ ਦੇ ਵੱਡੀ ਗਿਣਤੀ ਵਿਦੇਸਾਂ ਵੱਲ ਪਰਵਾਸ ਦੇ ਕਾਰਣ ਅਤੇ ਵਿਦਿਆਰਥੀਆਂ ਲਈ ਕੈਨੇਡਾ ਦੀਆਂ ਹਾਲਤਾਂ ਬਾਰੇ ਜਾਣਕਾਰੀ ਦਿੱਤੀ।







ਪ੍ਰੈੱਸ ਨੂੰ ਬਿਆਨ ਜਾਰੀ ਕਰਦਿਆਂ ਸ਼ਹੀਦ ਕਰਤਾਰ ਸਿੰਘ ਸਰਾਭਾ ਪਬਲਿਕ ਲਾਇਬਰੇਰੀ ਭੂੰਦੜੀ ਦੇ ਪ੍ਰਧਾਨ ਹਰਦੀਪ ਸਿੰਘ ਧਾਂਦਰਾ ਅਤੇ ਡਾ ਸੁਖਦੇਵ ਸਿੰਘ ਭੂੰਦੜੀ ਨੇ ਦੱਸਿਆ ਕਿ ਅੱਜ ਮਿਤੀ 9-10-22 ਨੂੰ ਕੈਨੇਡਾ ਤੋਂ ਛਪਦੇ ਲੋਕਪੱਖੀ ਅਖਬਾਰ "ਸਰੋਕਾਰਾ ਦੀ ਆਵਾਜ" ਦੇ ਸੰਪਾਦਕ ਡਾ. ਹਰਦੀਪ ਸਿੰਘ ਸਥਾਨਕ ਲਾਇਬ੍ਰੇਰੀ ਵਿਖੇ ਪਹੁੰਚੇ। ਉਹਨਾ ਨੇ ਕੈਨੇਡਾ ਪਰਵਾਸ ਲਈ ਵਹੀਰਾਂ ਘੱਤ ਰਹੇ ਨੌਜਵਾਨਾ ਵਾਰੇ ਚਾਨਣਾ ਪਾਉਂਦਿਆਂ ਕਿ ਕਿਵੇਂ ਹਾਕਮਾਂ ਦੀਆਂ ਗਲਤ ਨੀਤੀਆਂ ਦੀ ਦੇਣ, ਬੇਰੁਜ਼ਗਾਰੀ, ਨਸ਼ੇ ਅਤੇ ਨਿੱਜੀਕਰਨ ਕਰਕੇ ਇਥੋ ਦੀ ਮੰਡੀ 'ਚ ਮੁੱਲ ਘੱਟ ਪੈਂਦਾਂ ਹੈ। ਪਰ ਵਿਦੇਸ ਵੀ ਪੂੰਜੀਵਾਦੀ ਨਿਜਾਮ ਹੈ, ਜਿੱਥੇ ਕਰੋੜਾਂ ਅਰਬਾਂ ਰੁਪਏ ਵਿਦਿਆਰਥੀਆ ਤੋਂ ਫੀਸ ਦੇ ਰੂਪ 'ਚ ਲੁੱਟੇ ਜਾਦੇ ਹਨ। ਜ਼ਿੰਦਗੀ ਬੜੀ ਸਖਤ ਹੈ। ਦਿਨ ਰਾਤ ਕੰਮ ਕਰਕੇ, ਲੋਕ ਬੜੀ ਔਖੀ ਜਿੰਦਗੀ ਜਿਉਦੇ ਹਨ। ਉਹਨਾਂ ਕਿਹਾ ਕਿ ਜੇ ਇਥੇ ਹੀ ਹਾਕਮ ਚੰਗੀ ਜਿੰਦਗੀ ਦੇਣ ਤਾ ਲੋਕ ਘਰ ਬਾਰ ਕਿਉਂ ਛਡਣ। ਉਹਨਾਂ ਅੱਗੇ ਕਿਹਾ ਕਿ ਇਸ ਇਲਾਕੇ ਨਾਲ ਖਾਸ ਪਿਆਰ ਹੈ ਕਿ ਕੀ 1988 ਨੂੰ ਹੜ੍ਹਾਂ ਵੇਲੇ ਮੁਫਤ ਮੈਡੀਕਲ ਕੈਂਪ ਲਾਏ ਸਨ। ਉਹਨਾਂ ਦਾ ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਫੋਟੋ ਦੇਕੇ ਸਨਮਾਨਿਤ ਕੀਤਾ ਗਿਆ। ਉਹਨਾ ਨੇ ਲਾਇਬ੍ਰੇਰੀ ਨੂੰ 5000/- ਸਹਾਇਤਾ ਦਿਤੀ। ਕਿਸਾਨੀ ਸੰਘਰਸ ਦੀ ਡਟ ਕੇ ਮਦਦ ਵਿੱਚ ਕੈਨੇਡਾ ਵਿਖੇ "ਸਰੋਕਾਰਾਂ ਦੀ ਆਵਾਜ਼" ਵੱਲੋਂ ਪਾਏ ਗਏ ਯੋਗਦਾਨ ਪ੍ਰਤੀ ਭਾਰਤੀ ਕਿਸਾਨ ਯੂਨੀਅਨ ਦੇ ਇਲਾਕਾ ਜੱਥੇਬੰਦਕ ਗੁਰਮੇਲ ਸਿੰਘ ਭਰੋਵਾਲ ਵੱਲੋਂ ਡਾ ਹਰਦੀਪ ਸਿੰਘ ਦਾ ਕਿਸਾਨੀ ਸਿਰੋਪਾ ਪਾਕੇ ਸਨਮਾਨ ਕੀਤਾ ਗਿਆ। ਇਸ ਮੌਕੇ ਜਸਵੀਰ ਸਿੰਘ ਸੀਰਾ, ਛਿੰਦਰਪਾਲ, ਬੰਤ ਸਿੰਘ ਚੀਮਨਾ, ਰਘਵੀਰ ਸਿੰਘ, ਦਲਜੀਤ ਸਿੰਘ ਸਵੱਦੀ, ਅਮਰੀਕ ਕੋਟਮਾਨਾ, ਚਮਕੌਰ ਸਿੰਘ ਘਮਣੇਵਾਲ ਮਿਠਾ ਸਿੰਘ ਅਤੇ ਪ੍ਰੀਤਮ ਸਿੰਘ ਭੁਮਾਲ ਹਰਜਿੰਦਰ ਭੂੰਦੜੀ ਵੀ ਹਾਜ਼ਰ ਸਨ। ਆਏ ਸਾਥੀਆਂ ਦਾ ਹਰਦੀਪ ਸਿੰਘ ਧਾਂਦਰਾ ਨੇ ਧੰਨਵਾਦ ਕੀਤਾ।




Punjabi Rang Radio
CHLO AM530
(TORONTO)
11PM-12AM
(SATURDAY)

Producer/Host
Chamkaur Singh Phulewala
Email punjabirang13@hotmail.com
Cell : 416 662 1313

ZOLO
Mandeep Dhaliwal
Sales Representative
416-648-9053
416-898-8932
dhaliwal.mandeep137@gmail.com
202-895 Lawrence Ave E, North York, ON M3C 3L2






Punjab Insurance Inc
SUPER VISA INSURANCE
• Critical Illness Insurance • Life Insurance • Mortgage Insurance
• Disability Insurance • RESP, RRSP
Preet Virk
416-357-1818
7003 Steeles Ave. W,Unit 10 Etobicoke,ON, M9W 0A2
Harveer Kaur Grewal
416-671-1919



GALAXY Freightline inc.
Hiring Drivers/Owners/Operators
We Offer:
* Competitive Salary
* Fuel Cards
* Late Model Equipment
* NewPay Package
* On Site Maintenance Facility
* Extra Drops and Pickups Paid
* Guaranteed Miles Per Month
* Guaranteed Home Time
We Require:
* 2 Years Experience
* Clean Current Abstract
* Ability to Cross Border
* Positive, Professional Attitude
For:
* GTA
* ON-QC
* ON-MB-AB-BC
* USA
Balraj Singh Manager
647-701-6991
FAX: 416-644-8882
EMAIL: dispatch@galaxyfreightline.com
www.galaxyfreightline.com
*1580 Britannia Road East *Mississauga *ON *L4W 1J2



Top Quality Windows and Doors

Professional Windows And Doors Installation

Best Price And Service Guaranteed

Cell : 647 830 7615 Denys | 647 572 5872 Yuriy

TopQualityWD.ca | TopQualityWD@Hotmail.com | Fax : 647 931 7363



HOMELIFE HIGHER STANDARDS

HOMELIFE SILVERCITY REALTY INC.
BROKERAGE Independently Owned & Operated

Harbans Singh
Sales Representative
416-817-7142
905-913-8500
dharbans@hotmail.com

11775 Bramalea Rd., Unit #201, Brampton L6R3S7

EXPERIOR FINANCIAL GROUP INC

Representing Many financial institutions

SuperVisa,Life Insurance
Disability, Critical Illness, Health

SPECIAL DISCOUNT
FOR VISITORS, TRUCKERS,
WORK PERMIT, REFUGE &
INTERNATIONAL STUDENTS

LOWEST RATES FREE QUOTE Call Protect your family



Call: 416.209.6363


Hardeep Atwal
Sr. Financial Advisor

Kirei Sales Inc

HARJIT S. SAHOTA
Sales Manager



Tel : 604-593-7755 Fax : 604-593-7722
Email : thekireisales@hotmail.com
12652 82nd Avenue, Surrey, BC Canada



Wholesaler : Plumbing & Kitchen Fixtures

Galaxy Kitchen Cabinets Ltd
Residential & Commercial



* Custom Cabinets
* Countertops
* Vanities Bars
* Entertainment Units

Call for Free Estimate :
Sarbjit S Mangat 778-549-4740
#12 -13325 - 76 Ave. Surrey BC V2W 2V8 | F. 604-503-0058

KENNEDY MECHANICAL LTD.
Plumbing & Radiant Heat

Bob Dhesi
778-709-1115

Sukhi Johal
604-339-8717

7985 133 A Street Surrey, BC V3W 4R4

Plumbing . Gas Fitting . Radiant Heat

Kulwant S. Dhesi ( Kelly)
President & CEO

DHESI Enterprises
Specialize in: Flatbed, Stepdeck
RGN & Multiple Axle

: (604) 501-3934
: (604) 501-3953
: (604) 780-6115
: kelly@dhesient.com
: www.dhesient.com

12454 - 110 Avenue
Surrey,BC V3V 3J6
Toll Free 1-866-501-3101
Fax Free 1-866-501-3102

# ਕੈਲਗਰੀ ਸਮਾਗਮ ਦੌਰਾਨ ਲੋਕ ਪੱਖੀ ਮਤੇ ਪੇਸ਼, ਇਕੱਠ ਵਲੋਂ ਪ੍ਰਵਾਨਗੀ

ਕੈਲਗਰੀ, (ਅਦਾਰਾ ਸਰੋਕਾਰਾਂ ਦੀ ਆਵਾਜ਼): 1. ਭੀਮਾ ਕੋਰੇਗਾਓਂ ਅਤੇ ਹੋਰ ਕੇਸਾਂ ਤਹਿਤ "ਸ਼ਹਿਰੀ ਨਕਸਲੀ" ਕਰਾਰ ਦੇ ਕੇ ਦੋ ਦਰਜਨ ਤੋਂ ਵਧੇਰੇ ਉੱਘੇ ਲੋਕਪੱਖੀ ਬੁੱਧੀਜੀਵੀ ਅਤੇ ਲੋਕ ਹੱਕਾਂ ਦੇ ਘੁਲਾਟੀਏ ਕਈ ਸਾਲਾਂ ਤੋਂ ਬਿਨਾਂ ਮੁਕੱਦਮਾ ਚਲਾਏ ਜੇਲ੍ਹਾਂ ਵਿਚ ਡੱਕੇ ਹੋਏ ਹਨ। ਇਸੇ ਤਰ੍ਹਾਂ ਦਿੱਲੀ ਹਿੰਸਾ ਕੇਸ ਵਿਚ ਫਿਰਕੂ ਕਤਲੇਆਮ ਕਰਵਾਉਣ ਵਾਲੇ ਅਸਲ ਦੋਸ਼ੀ ਭਗਵੇਂ ਆਗੂਆਂ ਵਿਰੁੱਧ ਕਾਰਵਾਈ ਕਰਨ ਦੀ ਬਜਾਏ ਸਮਾਜਿਕ ਸਦਭਾਵਨਾ ਅਤੇ ਭਾਈਚਾਰਿਆਂ ਨੂੰ ਬਚਾਉਣ ਲਈ ਕੰਮ ਕਰਨ ਵਾਲੇ ਕਾਰਕੁਨਾਂ ਅਤੇ ਵਿਦਿਆਰਥੀ ਆਗੂਆਂ ਨੂੰ ਦੰਗਿਆਂ ਦੀ ਸਾਜ਼ਿਸ਼ ਦੇ ਦੋਸ਼ੀ ਕਹਿਕੇ ਜੇਲ੍ਹਾਂ ਵਿਚ ਡੱਕਿਆ ਹੋਇਆ ਹੈ। ਉਨ੍ਹਾਂ ਨੂੰ ਬਿਨਾਂ ਮੁਕੱਦਮਾ ਚਲਾਏ ਜੇਲ੍ਹਾਂ ਵਿਚ ਬੰਦ ਰੱਖਣ ਅਤੇ ਜ਼ਮਾਨਤ ਨਾ ਦੇਣ ਤੋਂ ਸਾਫ਼ ਜ਼ਾਹਿਰ ਹੈ ਕਿ ਸਰਕਾਰ ਪੂਰੀ ਤਰ੍ਹਾਂ ਝੂਠੇ ਅਤੇ ਬੇਬੁਨਿਆਦ ਕੇਸਾਂ ਰਾਹੀਂ ਉਨ੍ਹਾਂ ਨੂੰ ਜੇਲ੍ਹਾਂ ਵਿਚ ਸਾੜਨਾ/ਮਾਰਨਾ ਚਾਹੁੰਦੀ ਹੈ ਅਤੇ ਡਰ ਦਾ ਮਾਹੌਲ ਸਿਰਜਣਾ ਚਾਹੁੰਦੀ ਹੈ। ਇਹ ਆਪਣੇ ਹੀ ਲੋਕਾਂ ਵਿਰੁਧ ਜੰਗ ਦਾ ਹੀ ਰੂਪ ਹੈ। ਜ਼ਿਆਦਾਤਰ ਰਾਜਨੀਤਕ ਕੈਦੀ ਬਿਰਧ ਅਵੱਸਥਾ 'ਚ ਅਤੇ ਗੰਭੀਰ ਬੀਮਾਰੀਆਂ ਤੋਂ ਪੀੜਤ ਹਨ। ਜੇਲ੍ਹਾਂ ਦੇ ਅਣਮਨੁੱਖੀ ਹਾਲਾਤ ਕਾਰਨ ਅਤੇ ਇਲਾਜ ਦੀ ਅਣਹੋਂਦ ਕਾਰਨ ਸਟੈਨ ਸਵਾਮੀ ਅਤੇ ਆਦਿਵਾਸੀ ਕਾਰਕੁਨ ਪਾਂਡੂ ਨਰੋਟੇ ਜੇਲ੍ਹ ਵਿਚ ਹੀ ਸਦੀਵੀ ਵਿਛੋੜਾ ਦੇ ਗਏ ਜੋ ਕਿ ਸੰਸਥਾਗਤ ਕਤਲ ਹੈ। ਪ੍ਰੋਫੈਸਰ ਸਾਈਬਾਬਾ 90% ਅਪਾਹਜ ਹਨ ਜਿਸ ਨੂੰ ਉਚਿਤ ਇਲਾਜ ਤੇ ਜੀਵਨ ਸਹੂਲਤਾਂ ਤੋਂ ਵਾਂਝਾ ਰੱਖ ਕੇ ਸਟੇਨ ਸਵਾਮੀ ਅਤੇ ਪਾਂਡੂ ਨਰੋਟੇ ਦੀ ਤਰ੍ਹਾਂ ਜੇਲ੍ਹ ਵਿਚ ਮਾਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਪ੍ਰੋਫੈਸਰ ਸਾਈਬਾਬਾ ਅਤੇ 4 ਹੋਰ ਕਾਰਕੁਨਾਂ ਨੂੰ ਪਿਛਲੇ ਦਿਨੀਂ ਬੰਬਈ ਹਾਈਕੋਰਟ ਨੇ ਬਰੀ ਕਰ ਦਿੱਤਾ ਸੀ ਪਰ ਮਹਾਰਾਸ਼ਟਰ ਸਰਕਾਰ ਦੀ ਨਾਵਾਜਬ ਅਪੀਲ ਸਵੀਕਾਰ ਕਰਕੇ ਸੁਪਰੀਮ ਕੋਰਟ ਨੇ ਉਨ੍ਹਾਂ ਦੀ ਰਿਹਾਈ ਉੱਪਰ ਰੋਕ ਲਗਾ ਦਿੱਤੀ। ਚਾਹੇ ਭੀਮਾ-ਕੋਰੇਗਾਓਂ ਕੇਸ ਹੈ ਜਾਂ ਦਿੱਲੀ ਹਿੰਸਾ ਦੇ ਕੇਸ, ਜਿਨ੍ਹਾਂ ਕਾਰਕੁਨਾਂ ਨੂੰ ਜ਼ਮਾਨਤ ਦਿੱਤੀ ਗਈ ਹੈ ਉਨ੍ਹਾਂ ਉੱਪਰ ਝੂਠੇ ਕੇਸਾਂ ਦੀ ਤਲਵਾਰ ਲਗਾਤਾਰ ਲਟਕ ਰਹੀ ਹੈ। ਉਨ੍ਹਾਂ ਦੀ ਨਿੱਜਤਾ ਉੱਪਰ ਸਖਤ ਪਾਬੰਦੀਆਂ ਹਨ ਅਤੇ ਪੁਲਿਸ ਲਗਾਤਾਰ ਉਨ੍ਹਾਂ ਉੱਪਰ ਨਜ਼ਰ ਰੱਖ ਰਹੀ ਹੈ। ਅੱਜ ਦਾ ਇਕੱਠ ਮੰਗ ਕਰਦਾ ਹੈ ਕਿ ਜ਼ੁਬਾਨਬੰਦੀ ਦੇ ਮਨੋਰਥ ਨਾਲ ਜੇਲ੍ਹਾਂ ਵਿਚ ਡੱਕੇ ਸਾਰੇ ਬੁੱਧੀਜੀਵੀਆਂ, ਪੱਤਰਕਾਰਾਂ ਅਤੇ ਹੱਕਾਂ ਦੇ ਕਾਰਕੁੰਨਾਂ ਨੂੰ ਬਿਨਾਂ ਸ਼ਰਤ, ਤੁਰੰਤ ਰਿਹਾਅ ਕੀਤਾ ਜਾਵੇ। ਇਕੱਠ ਇਹ ਵੀ ਮੰਗ ਕਰਦਾ ਹੈ ਕਿ ਵੱਖ-ਵੱਖ ਰਾਜਾਂ ਵਿਚ ਸਜ਼ਾ ਪੂਰੀ ਕਰ ਚੁੱਕੇ ਸਿਆਸੀ ਅਤੇ ਦੂਸਰੇ ਕੈਦੀਆਂ ਨੂੰ ਤੁਰੰਤ ਰਿਹਾਅ ਕੀਤਾ ਜਾਵੇ।



2. ਯੂਏਪੀਏ, ਅਫਸਪਾ, ਪਬਲਿਕ ਸੇਫਟੀ ਐਕਟ (ਵੱਖ ਵੱਖ ਰਾਜਾਂ ਅੰਦਰ), ਦੇਸ਼ ਧ੍ਰੋਹ, ਅਫਸਪਾ ਤੇ ਹੋਰ ਕਾਲੇ ਕਾਨੂੰਨ, ਭਾਰਤੀ ਹੁਕਮਰਾਨਾਂ ਵੱਲੋਂ ਲੋਕ ਸੰਘਰਸ਼ਾਂ ਅਤੇ ਕੌਮੀਅਤਾਂ ਦੀਆਂ ਜਮਹੂਰੀ ਰੀਝਾਂ ਨੂੰ ਦਬਾਉਣ, ਉਨ੍ਹਾਂ ਦੇ ਹੱਕੀ ਸੰਘਰਸ਼ਾਂ ਨੂੰ ਸੱਤਾ ਦੇ ਡੰਡੇ ਦੇ ਜ਼ੋਰ ਕੁਚਲਣ ਲਈ ਈਜਾਦ ਕੀਤੇ ਸੰਦ ਹਨ। ਆਦਿਵਾਸੀ ਇਲਾਕਿਆਂ, ਜੰਮੂ ਕਸ਼ਮੀਰ ਤੇ ਉਤਰੀ ਪੂਰਬੀ ਰਾਜਾਂ ਦੇ ਚੱਪੇ ਚੱਪੇ ਉੱਪਰ ਪੁਲਿਸ, ਫ਼ੌਜ ਅਤੇ ਨੀਮ-ਫ਼ੌਜੀ ਤਾਕਤਾਂ ਤਾਇਨਾਤ ਹਨ। ਇਕੱਠ ਮੰਗ ਕਰਦਾ ਹੈ ਕਿ ਇਨ੍ਹਾਂ ਸਾਰੇ ਰਾਜਾਂ ਵਿੱਚੋਂ ਫ਼ੌਜ ਅਤੇ ਹੋਰ ਹਥਿਆਰਬੰਦ ਸੁਰੱਖਿਆ ਤਾਕਤਾਂ ਤੁਰੰਤ ਵਾਪਸ ਬੁਲਾਈਆਂ ਜਾਣ, ਸੁਰੱਖਿਆ ਬਲਾਂ ਦੇ ਕੈਂਪ ਤੁਰੰਤ ਹਟਾਏ ਜਾਣ ਅਤੇ ਸਾਰੇ ਗ਼ੈਰਕਾਨੂੰਨੀ ਗਰੋਹ ਭੰਗ ਕੀਤੇ ਜਾਣ। ਆਦਿਵਾਸੀ ਲੋਕਾਂ ਵਿਰੁੱਧ ਓਪਰੇਸ਼ਨ ਗ੍ਰੀਨ ਹੰਟ ਅਤੇ ਹੋਰ ਨਾਵਾਂ ਹੇਠ ਜਬਰ ਦੀਆਂ ਮੁਹਿੰਮਾਂ ਤੁਰੰਤ ਬੰਦ ਕੀਤੀਆਂ ਜਾਣ। ਬਸਤਰ ਵਿਚ ਆਦਿਵਾਸੀ ਸੰਘਰਸ਼ ਨੂੰ ਦਬਾਉਣ ਲਈ ਡਰੋਨਾਂ ਰਾਹੀਂ ਬੰਬ ਸੁੱਟਣੇ ਬੰਦ ਕੀਤੇ ਜਾਣ।

3. ਮੁਸਲਮਾਨ ਫਿਰਕੇ ਵਿਰੁੱਧ ਆਰ.ਐੱਸ.ਐੱਸ.-ਬੀ.ਜੇ.ਪੀ. ਦੀ ਬਦਲਾਖ਼ੋਰ ਮੁਹਿੰਮ ਹਜੂਮੀ ਹਿੰਸਾ ਤੋਂ ਸ਼ੁਰੂ ਹੋ ਕੇ ਆਰਥਿਕ ਬਾਈਕਾਟ, ਨਮਾਜ ਅਤੇ ਹਿਜਾਬ ਉੱਪਰ ਪਾਬੰਦੀਆਂ, ਸ਼ੋਭਾ ਯਾਤਰਾਵਾਂ ਦੇ ਨਾਂ ਹੇਠ ਹਥਿਆਰਬੰਦ ਹੜਦੂੰਗ ਮਚਾਉਣ, ਧਰਮ ਸੰਸਦਾਂ ਆਯੋਜਿਤ ਕਰਕੇ ਮੁਸਲਮਾਨਾਂ ਦੇ ਕਤਲੇਆਮ ਅਤੇ ਬਲਾਤਕਾਰ ਦੇ ਸੱਦੇ ਦੇਣ ਅਤੇ ਰਾਜ ਮਸ਼ੀਨਰੀ ਦੀ ਮੱਦਦ ਨਾਲ ਉਨ੍ਹਾਂ ਦੇ ਘਰਾਂ ਅਤੇ ਕਾਰੋਬਾਰਾਂ ਉੱਪਰ ਬੁਲਡੋਜਰ ਚਲਾਉਣ ਤੱਕ ਪਹੁੰਚ ਗਈ ਹੈ। ਪੁਲਿਸ ਅਤੇ ਸਿਵਲ ਪ੍ਰਸ਼ਾਸਨ ਨਾ ਸਿਰਫ਼ ਮੂਕ ਦਰਸ਼ਕ ਬਣਿਆ ਹੋਇਆ ਹੈ ਸਗੋਂ ਹਿੰਸਕ ਹਮਲਿਆਂ 'ਚ ਪੁਲਿਸ ਦੀ ਪੱਖਪਾਤੀ ਭੂਮਿਕਾ ਅਤੇ ਮਿਲੀਭੁਗਤ ਸਾਫ਼ ਦੇਖੀ ਜਾ ਸਕਦੀ ਹੈ। ਇਕੱਠ ਮੰਗ ਕਰਦਾ ਹੈ ਕਿ ਮੁਸਲਮਾਨਾਂ ਨੂੰ ਦੋਇਮ ਦਰਜੇ ਦੇ ਨਾਗਰਿਕ ਬਣਾਉਣ ਦਾ ਭਗਵਾਂ ਪ੍ਰੋਜੈਕਟ ਤੁਰੰਤ ਬੰਦ ਕੀਤਾ ਜਾਵੇ। ਦਲਿਤਾਂ, ਔਰਤਾਂ ਅਤੇ ਹੋਰ ਹਾਸ਼ੀਏ 'ਤੇ ਧੱਕੇ ਹਿੱਸਿਆਂ ਨੂੰ ਦਬਾਉਣਾ ਬੰਦ ਕੀਤਾ ਜਾਵੇ।

4. ਦੁਨੀਆ ਦੇ ਪ੍ਰੈੱਸ ਆਜ਼ਾਦੀ ਦੇ ਸੂਚਕ ਅੰਕ ਮੁਤਾਬਿਕ ਭਾਰਤ ਦਾ 180 ਦੇਸ਼ਾਂ ਵਿੱਚ 150ਵੇਂ ਦਰਜੇ 'ਤੇ ਜਾ ਡਿਗਣਾ ਭਾਜਪਾ ਦੇ ਰਾਜ ਵਿਚ ਵਿਚਾਰਾਂ ਦੀ ਆਜ਼ਾਦੀ ਅਤੇ ਪ੍ਰੈੱਸ ਉੱਪਰ ਵੱਖ ਵੱਖ ਤਰੀਕਿਆਂ ਨਾਲ ਹਮਲੇ ਦਾ ਸਬੂਤ ਹੈ। ਪ੍ਰਧਾਨ ਮੰਤਰੀ, ਭਾਜਪਾਈ ਮੁੱਖ ਮੰਤਰੀ ਜਾਂ ਭਾਜਪਾ ਦਾ ਵਿਰੋਧ ਕਰਨ ਵਾਲਿਆਂ (ਪੱਤਰਕਾਰਾਂ, ਸੋਸ਼ਲ ਮੀਡੀਆ ਉੱਪਰ ਕੁਮੈਂਟ ਕਰਨ ਵਾਲਿਆਂ) ਨੂੰ ਝੂਠੇ ਕੇਸਾਂ 'ਚ ਫਸਾ ਕੇ ਜਾਗਰੂਕ ਅਤੇ ਹੁਕਮਰਾਨ ਧਿਰ ਨਾਲ ਅਸਹਿਮਤ ਨਾਗਰਿਕਾਂ ਦੀ ਜ਼ੁਬਾਨਬੰਦੀ ਕੀਤੀ ਜਾ ਰਹੀ ਹੈ। ਭਾਰਤ ਦੇ ਹਾਲਾਤਾਂ ਦੀ ਸੱਚੀ ਰਿਪੋਰਟਿੰਗ ਕਰਨ ਵਾਲੇ ਪੱਤਰਕਾਰਾਂ ਨੂੰ ਵਿਦੇਸ਼ ਜਾਣ ਤੋਂ ਰੋਕਿਆ ਜਾ ਰਿਹਾ ਹੈ। ਜਿਵੇਂ ਪਿਛਲੇ ਦਿਨੀਂ ਕਸ਼ਮੀਰੀ ਫ਼ੋਟੋ ਜਰਨਲਿਸਟ ਸਾਨਾ ਇਰਸ਼ਾਦ ਮੱਟੂ ਅਤੇ ਗੌਹਰ ਗਿਲਾਨੀ ਨੂੰ ਦਿੱਲੀ ਏਅਰਪੋਰਟ ਉੱਪਰ ਫਲਾਈਟ ਲੈਣ ਤੋਂ ਰੋਕ ਦਿੱਤਾ ਗਿਆ। ਪੱਤਰਕਾਰ ਰਾਣਾ ਅਯੂਬ ਨੂੰ ਵਿਦੇਸ਼ ਜਾਣ ਤੋਂ ਰੋਕਣ ਦੀ ਅਸਫ਼ਲ ਕੋਸ਼ਿਸ਼ ਕੀਤੀ ਗਈ ਅਤੇ ਹੁਣ ਉਸ ਵਿਰੁੱਧ ਮਨੀ ਲਾਂਡਰਿੰਗ ਦੇ ਝੂਠੇ ਕੇਸ ਵਿਚ ਚਾਰਜਸ਼ੀਟ ਦਾਇਰ ਕੀਤੀ ਗਈ ਹੈ। ਪ੍ਰੈੱਸ ਦੀ ਆਜ਼ਾਦੀ ਦਾ ਗਲਾ ਘੁੱਟਣ ਲਈ ਈ.ਡੀ. ਦੇ ਛਾਪਿਆਂ ਅਤੇ ਝੂਠੇ ਕੇਸਾਂ ਸਮੇਤ ਹਰ ਹਰਬਾ ਵਰਤਿਆ ਜਾ ਰਿਹਾ ਹੈ। ਕਸ਼ਮੀਰੀ ਅਤੇ ਹੋਰ ਕਈ ਪੱਤਰਕਾਰ ਜੇਲ੍ਹਾਂ ਵਿਚ ਡੱਕੇ ਹੋਏ ਹਨ। ਇਕੱਠ ਮੰਗ ਕਰਦਾ ਹੈ ਕਿ ਵਿਚਾਰਾਂ ਦੀ ਆਜ਼ਾਦੀ ਅਤੇ ਪ੍ਰੈੱਸ ਦੀ ਆਜ਼ਾਦੀ ਉੱਪਰ ਹਮਲੇ ਅਤੇ ਝੂਠੇ ਕੇਸ ਪਾਉਣੇ ਬੰਦ ਕੀਤੇ ਜਾਣ। ਜੇਲ੍ਹਾਂ ਵਿਚ ਡੱਕੇ ਪੱਤਰਕਾਰਾਂ ਨੂੰ ਤੁਰੰਤ ਰਿਹਾਅ ਕੀਤਾ ਜਾਵੇ ਅਤੇ ਪੱਤਰਕਾਰਾਂ ਨੂੰ ਵਿਦੇਸ਼ ਜਾਣ ਤੋਂ ਰੋਕਣਾ ਬੰਦ ਕੀਤਾ ਜਾਵੇ।













**ਤਜਿੰਦਰ**

### ਲੈਸਟਰ (ਇੰਗਲੈਂਡ) ਵਿੱਚ ਭੜਕੀ ਹਿੰਸਾ

# ਸੰਘ-ਭਾਜਪਾ ਦੀ ਫਿਰਕੂ ਸਿਆਸਤ ਦਾ ਨਤੀਜਾ

ਪਿਛਲੇ ਕੁੱਝ ਹਫਤਿਆਂ ਤੋਂ ਇਗਲੈਂਡ ਦੇ ਲੈਸਟਰ ਸ਼ਹਿਰ ਵਿੱਚ ਵਸਦੇ ਹਿੰਦੂ-ਮੁਸਲਿਮ ਭਾਈਚਾਰੇ ਵਿਚਕਾਰ ਟਕਰਾਅ ਸਬੰਧੀ ਲਗਾਤਾਰ ਖ਼ਬਰਾਂ ਆ ਰਹੀਆਂ ਹਨ। ਇਸ ਟਕਰਾਅ ਦੀ ਸ਼ੁਰੂਆਤ ਵੱਖ-ਵੱਖ ਮੀਡੀਆ ਰਿਪੋਰਟਾਂ ਅਨੁਸਾਰ 28 ਅਗਸਤ ਨੂੰ ਭਾਰਤ ਤੇ ਪਕਿਸਤਾਨ ਵਿਚਕਾਰ ਦੁਬਈ ਵਿੱਚ ਖੇਡੇ ਗਏ ਕ੍ਰਿਕਟ ਮੈਚ ਤੋਂ ਬਾਅਦ ਹੋਈ। ਇਸ ਮੈਚ ਵਿੱਚ ਭਾਰਤ ਨੇ ਪਾਕਿਸਤਾਨ ਨੂੰ ਹਰਾਅ ਦਿੱਤਾ ਸੀ। ਦੁਬਈ ਵਿੱਚ ਖੇਡੇ ਗਏ ਇਸ ਮੈਚ ਤੋਂ ਬਾਅਦ ਲੈਸਟਰ ਦੇ ਇੱਕ ਇਲਾਕੇ ਵਿੱਚ ਭੀੜ ਦੁਆਰਾ ਭਾਰਤ ਦੇ ਝੰਡੇ ਹੱਥ ਵਿੱਚ ਫੜਕੇ ਮਾਰਚ ਕੱਢਿਆ ਜਾਂਦਾ ਹੈ, ਜਿਸ ਵਿੱਚ "ਪਾਕਿਸਤਾਨ ਮੁਰਦਾਬਾਦ" ਦੇ ਨਾਅਰੇ ਲਗਾਏ ਜਾਂਦੇ ਹਨ, ਅਜਿਹੇ ਕਈ ਭੜਕਾਊ ਮਾਰਚ ਲੈਸਟਰ ਦੇ ਵੱਖ-ਵੱਖ ਇਲਾਕਿਆਂ ਵਿੱਚ ਖਾਸ ਤੌਰ 'ਤੇ ਮੁਸਲਿਮ ਬਹੁ-ਗਿਣਤੀ ਰਿਹਾਇਸ਼ ਵਾਲ਼ੇ ਇਲਾਕਿਆਂ ਵਿੱਚ ਕੱਢੇ ਗਏ। 17 ਸਤੰਬਰ ਦੀ ਰਾਤ ਨੂੰ ਸੈਂਕੜੇ ਦੀ ਗਿਣਤੀ ਵਿੱਚ ਭੀੜ ਦੁਆਰਾ ਇੱਕ ਮਾਰਚ ਕੱਢਿਆ ਜਾਂਦਾ ਹੈ ਜਿਸ 'ਚ "ਜੈ ਸ਼੍ਰੀ ਰਾਮ" ਤੇ ਕਈ ਮੁਸਲਿਮ ਵਿਰੋਧੀ ਨਾਅਰੇ ਲਗਾਏ ਜਾਂਦੇ ਹਨ। ਲਗਭਗ 2.5 ਮੀਲ ਤੱਕ ਦਾ ਸਫਰ ਪੂਰਾ ਕਰਦਾ ਹੋਇਆ, ਇਹ ਮਾਰਚ ਮੁਸਲਿਮ ਘਰਾਂ ਤੇ ਦੁਕਾਨਾਂ ਮੂਹਰੇ ਭੜਕਾਊ ਨਾਅਰੇ ਲਗਾਉਂਦਾ ਹੋਇਆ ਲੰਘਦਾ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਲਗਭਗ 2 ਹਫਤੇ ਤੋਂ ਅਜਿਹੇ ਮਾਰਚ ਕੱਢੇ ਜਾ ਰਹੇ ਸਨ ਪਰ ਫਿਰ ਵੀ ਲੈਸਟਰ ਦੀ ਪੁਲਸ ਨੇ ਅਜਿਹੇ ਫਿਰਕੂ ਮਾਰਚਾਂ ਨੂੰ ਰੋਕਣ ਦੀ ਕੋਈ ਕੋਸ਼ਿਸ਼ ਨਹੀਂ ਕੀਤੀ। ਇਸ ਪੂਰੇ ਮਾਰਚ ਦੌਰਾਨ ਸਿਰਫ 6 ਪੁਲਸ ਵਾਲ਼ੇ ਮਾਰਚ ਦੇ ਨਾਲ਼-ਨਾਲ਼ ਤੁਰ ਰਹੇ ਸਨ। ਕਈ ਸਥਾਨਕ ਰਿਪੋਰਟਾਂ ਅਨੁਸਾਰ ਇਸ ਮਾਰਚ ਦੌਰਾਨ ਫਿਰਕੂ ਭੀੜ ਦੁਆਰਾ ਮੁਸਲਿਮ ਦੁਕਾਨਾਂ ਉੱਪਰ ਬੋਤਲਾਂ ਸੁੱਟੀਆਂ ਗਈਆਂ ਤੇ ਸੜਕਾਂ ਉੱਪਰ ਮੁਸਮਾਨਾਂ ਨੂੰ ਘੇਰਿਆ ਗਿਆ, ਇਸ ਤੋਂ ਮੁਸਲਿਮ ਨੌਜਵਾਨ ਵੀ ਸੜਕਾਂ ਉੱਪਰ ਨਿੱਕਲ ਆਏ ਤੇ ਦੋਵਾਂ ਵਿਚਕਾਰ ਕਈ ਝੜਪਾਂ ਹੋਈਆਂ। ਇਹ ਟਕਰਾਅ ਅਗਲੇ ਦਿਨ ਵੀ ਜਾਰੀ ਰਿਹਾ। ਇਸ ਦੌਰਾਨ ਕਈ ਇਲਾਕਿਆ ਵਿੱਚ ਆਮ ਹਿੰਦੂ ਤੇ ਮੁਸਲਿਮ ਭਾਈਚਾਰੇ ਦੇ ਲੋਕ ਇਸ ਟਕਰਾਅ ਦੇ ਵਿਰੋਧ ਵਿੱਚ ਭਾਈਚਾਰਕ ਸਾਂਝ ਦਾ ਹੋਕਾ ਦਿੰਦੇ ਹੋਏ ਅੱਗੇ ਵੀ ਆਏ।

ਇਹਨਾਂ ਘਟਨਾਵਾਂ ਦੇ ਸ਼ੁਰੂ ਹੋਣ ਦੇ ਨਾਲ਼ ਹੀ ਭਾਰਤ ਦੇ ਸੰਘੀ ਫਾਸ਼ੀਵਾਦੀ ਵੀ ਸਰਗਰਮ ਹੋ ਗਏ। ਸੋਸ਼ਲ ਮੀਡੀਆ ਉੱਪਰ ਤੇ ਰਸਸ-ਭਾਜਪਾ ਦੇ ਭੌਂਕੇ ਕਈ ਟੀਵੀ ਚੈਨਲਾਂ ਉੱਪਰ ਮੁਸਲਿਮ ਵਿਰੋਧੀ ਫਿਰਕੂ ਨਫਰਤ ਦਾ ਪ੍ਰਚਾਰ ਸ਼ੁਰੂ ਹੋ ਗਿਆ। ਕਈ ਤਰ੍ਹਾਂ ਦੇ ਝੂਠੇ ਦਾਅਵਿਆਂ ਤੇ ਜਾਅਲੀ ਖ਼ਬਰਾਂ ਰਾਹੀਂ ਇਹ ਪ੍ਰਚਾਰ ਕੀਤਾ ਗਿਆ ਕਿ ਇੰਗਲੈਂਡ ਵਿੱਚ ਹਿੰਦੂਆਂ ਉੱਪਰ ਮੁਸਲਮਾਨਾਂ ਦੁਆਰਾ ਹਮਲੇ ਕੀਤੇ ਜਾ ਰਹੇ ਹਨ। ਏਥੋਂ ਤੱਕ ਕਿ ਇੰਗਲੈਂਡ ਵਿਚਲੇ 'ਭਾਰਤੀ ਹਾਈ ਕਮਿਸ਼ਨ' ਦਾ ਬਿਆਨ ਵੀ ਫਿਰਕੂ ਮੁਸ਼ਕ ਮਾਰਦਾ ਸੀ, ਇਸ ਬਿਆਨ ਵਿੱਚ ਭਾਰਤੀ ਭਾਈਚਾਰੇ ਖਿਲਾਫ ਹਿੰਸਾ ਦੀਆਂ ਘਟਨਾਵਾਂ ਦੀ ਨਿਖੇਧੀ ਕਰਦੇ ਹੋਏ ਸਿਰਫ ਹਿੰਦੂਆਂ ਤੇ ਹਿੰਦੂ ਧਾਰਮਿਕ ਸਥਾਨਾਂ ਦੀ ਸੁਰੱਖਿਆ ਦਾ ਹਵਾਲਾ ਦਿੱਤਾ ਗਿਆ।

ਅਜਿਹਾ ਪਹਿਲੀ ਵਾਰ ਨਹੀਂ ਹੈ ਜਦ ਕ੍ਰਿਕਟ ਮੈਚ ਤੇ ਖਾਸ ਤੌਰ 'ਤੇ ਭਾਰਤ-ਪਾਕਿਸਤਾਨ ਵਿਚਕਾਰ ਮੈਚ ਦੌਰਾਨ ਅੰਨ੍ਹੀ-ਕੌਮਪ੍ਰਸਤੀ ਤੇ ਨਫਰਤ ਫੈਲਾਈ ਗਈ ਹੈ। ਪਰ ਇੰਗਲੈਂਡ ਵਿੱਚ ਇਸ ਨਫਰਤ ਦਾ ਸੜਕਾਂ ਉੱਪਰ ਪ੍ਰਗਟਾਵਾ ਪਹਿਲੀ ਵਾਰ ਹੋਇਆ ਹੈ। ਜੇ ਰਸਸ-ਭਾਜਪਾ ਦੇ ਹੱਥਠੋਕੇ ਮੀਡੀਆ ਨੂੰ ਛੱਡ ਵੀ ਦੇਈਏ ਤਾਂ ਬਾਕੀ ਅਖੌਤੀ ਨਿਰਪੱਖ ਮੀਡੀਆ ਦੇ ਵੀ ਵੱਡੇ ਹਿੱਸੇ ਦੁਆਰਾ ਲੈਸਟਰ ਵਿਚਲੇ ਇਸ ਫਿਰਕੂ ਟਕਰਾਅ ਨੂੰ ਸਿਰਫ ਕ੍ਰਿਕਟ ਮੈਚ ਤੇ ਸੋਸ਼ਲ ਮੀਡੀਆ ਉੱਪਰ ਇਸ ਸਬੰਧੀ ਫੈਲਾਈ ਗਈ ਨਫਰਤ ਤੱਕ ਸੀਮਤ ਕੀਤਾ ਜਾ ਰਿਹਾ ਹੈ। ਬੀਬੀਸੀ ਵਰਗੇ ਚੈਨਲਾਂ ਦੁਆਰਾ ਇਹ ਪ੍ਰਚਾਰਿਆ ਜਾ ਰਿਹਾ ਹੈ ਕਿ ਇਸ ਟਕਰਾਅ ਪਿੱਛੇ ਸੋਸ਼ਲ ਮੀਡੀਆ ਉੱਪਰ ਫੈਲਾਈਆਂ ਗਈਆਂ ਖ਼ਬਰਾਂ ਦਾ ਵੱਡਾ ਹੱਥ ਹੈ। ਪਰ ਏਥੇ ਸਵਾਲ ਇਹ ਹੈ ਕਿ ਲੈਸਟਰ ਵਿੱਚ ਵੱਖ-ਵੱਖ ਧਰਮਾਂ ਦੇ ਲੋਕ ਦਹਾਕਿਆਂ ਤੋਂ ਰਹਿ ਰਹੇ ਹਨ, ਜਿਹਨਾਂ ਨੇ ਆਪਣੇ ਹੱਕਾਂ ਲਈ- ਨਸਲਵਾਦ ਵਿਰੁੱਧ ਸਾਂਝੇ ਸੰਘਰਸ਼ ਵੀ ਲੜ੍ਹੇ ਹਨ, ਕੀ ਕਾਰਨ ਹੈ ਕਿ ਇਹ ਸਾਂਝ "ਅਚਾਨਕ" ਫਿਰਕੂ ਨਫਰਤ ਵਿੱਚ ਬਦਲ ਗਈ? ਇਸ ਨੂੰ ਸਮਝਣ ਲਈ ਲੈਸਟਰ ਵਿਚਲੀਆਂ ਤਾਜ਼ੀਆਂ ਘਟਨਾਵਾਂ ਨੂੰ ਭਾਰਤ ਵਿਚਲੇ ਸੰਘੀ-ਫਾਸ਼ਿਸਟਾ ਦੀ ਮੁਸਲਿਮ ਵਿਰੋਧੀ ਫਿਰਕੂ ਸਿਆਸਤ ਅਤੇ ਯੂ.ਕੇ. ਵਿਚਲੀਆਂ ਸੱਜ ਪਿਛਾਖੜੀ ਤਾਕਤਾਂ ਦੀ ਸਿਆਸਤ ਨਾਲ਼ ਜੋੜਕੇ ਦੇਖਣ ਦੀ ਜਰੂਰਤ ਹੈ।

**ਯੂ.ਕੇ. ਦੇ ਅੱਤ-ਸੱਜੇਪੱਖੀ ਤੇ ਸੰਘੀਆਂ ਦੀ ਜੋਟੀ** : ਭਾਰਤ ਵਿੱਚ ਅਸੀਂ ਰਸਸ ਦੁਆਰਾ ਵੱਖ-ਵੱਖ ਜਥੇਬੰਦੀਆਂ ਦੁਆਰਾ ਸਮਾਜ ਵਿੱਚ ਫਿਰਕੂ ਜ਼ਹਿਰ ਘੋਲ਼ਣ ਦੀ ਸਿਆਸਤ ਤੋਂ ਚੰਗੀ ਤਰ੍ਹਾਂ ਵਾਕਫ ਹਾਂ। ਪਰ ਰਸਸ-ਭਾਜਪਾ ਕਈ ਦਹਾਕਿਆਂ ਤੋਂ ਵਿਦੇਸ਼ਾਂ ਵਿੱਚ ਖਾਸ ਤੌਰ 'ਤੇ ਪੱਛਮੀ ਦੇਸ਼ਾਂ ਵਿੱਚ ਵੀ ਓਥੇ ਵਸਦੇ ਭਾਰਤੀ ਮੂਲ ਦੀ ਹਿੰਦੂ ਅਬਾਦੀ ਵਿੱਚ ਫਿਰਕੂ ਨਫਰਤ ਦੇ ਬੀਜ਼ ਬੀਜਣ ਦਾ ਕੰਮ ਲੰਬੇ ਸਮੇਂ ਤੋਂ ਕਰ ਰਹੀ ਹੈ। ਯੂ.ਕੇ. ਵਿੱਚ ਵੀ ਇਹ ਵੱਖ-ਵੱਖ ਜਥੇਬੰਦੀਆਂ ਤੇ ਸੰਸਥਾਵਾਂ ਦੇ ਨਾਮ ਹੇਠ ਲੰਬੇ ਸਮੇਂ ਤੋਂ ਕੰਮ ਕਰ ਰਹੀ ਹੈ। ਇਹ ਜਥੇਬੰਦੀਆਂ ਹਨ, 'ਹਿੰਦੂ ਸਵੈਸੇਵਕ ਸੰਘ' (ਰਸਸ ਦਾ ਵਿਦੇਸ਼ੀ ਵਿੰਗ); 'ਦਾ ਹਿੰਦੂ ਕੌਂਸਲ, ਯੂਕੇ'; 'ਦਾ ਨੈਸ਼ਨਲ ਹਿੰਦੂ ਸਟੂਡੈਂਟਸ ਫੈਡਰੇਸ਼ਨ'; 'ਦਾ ਨੈਸ਼ਨਲ ਕਾਊਂਸਲ ਆਫ ਹਿੰਦੂ ਟੈਂਪਲ' ਅਤੇ 'ਦਾ ਚੈਰਿਟੀ ਸੇਵਾ ਇੰਟਰਨੈਸ਼ਨਲ' ਜਿਸ ਬਾਰੇ 2002 ਵਿੱਚ ਖੁਲਾਸਾ ਹੋਇਆ ਸੀ ਕਿ ਇਹ ਗੁਜਰਾਤ ਮੁਸਲਿਮ ਵਿਰੋਧੀ ਕਤਲੇਆਮ ਨੂੰ ਅੰਜਾਮ ਦੇਣ ਵਾਲ਼ੀਆਂ 'ਵਿਸ਼ਵ ਹਿੰਦੂ ਪ੍ਰੀਸ਼ਦ' ਤੇ 'ਬਜਰੰਗ ਦਲ' ਵਰਗੀਆਂ ਜਥੇਬੰਦੀਆਂ ਨੂੰ ਫੰਡ ਭੇਜ ਰਹੀ ਹੈ।

ਯੂ.ਕੇ. ਵਿੱਚ ਵਸਦੇ ਭਾਰਤੀ ਮੂਲ ਦੀ ਹਿੰਦੂ ਅਬਾਦੀ ਦਾ ਇੱਕ ਛੋਟਾ ਹਿੱਸਾ ਵੱਡੇ ਕਾਰੋਬਾਰ ਦਾ ਵੀ ਮਾਲਕ ਹੈ। ਭਾਰਤੀ ਮੂਲ ਦੇ ਇਹ ਹਿੰਦੂ ਸਰਮਾਏਦਾਰ ਯੂ.ਕੇ. ਦੀ ਹਾਕਮ ਜਮਾਤ ਦਾ ਹਿੱਸਾ ਹਨ। ਰਿਸ਼ੀ ਸੂਨਕ ਤੇ ਪ੍ਰੀਤੀ ਪਟੇਲ ਵਰਗੇ ਯੂ.ਕੇ. ਦੇ ਸੱਜੇਪੱਖੀ ਸਿਆਸਤਦਾਨ ਵੀ ਇਹਨਾਂ ਦੀ ਨੁਮਾਇੰਦਗੀ ਕਰਦੇ ਹਨ, ਯੂ.ਕੇ. ਵਿਚਲੀਆਂ ਹਿੰਦੂਤਵੀ ਜਥੇਬੰਦੀਆਂ ਨੂੰ ਇਹਨਾਂ ਦੀ ਪੂਰੀ ਹਮਾਇਤ ਹਾਸਲ ਹੈ।

'ਕੰਜ਼ਰਵੇਟਿਵ ਪਾਰਟੀ' ਦੀ ਸਾਬਕਾ ਮੰਤਰੀ ਪ੍ਰੀਤੀ ਪਟੇਲ 2014 ਵਿੱਚ ਜਦ ਉਹ ਸਰਕਾਰ ਵਿੱਚ ਸੀ, ਦੁਆਰਾ 'ਹਿੰਦੂ ਸਵੈਸੇਵਕ ਸੰਘ-ਯੂਕੇ' ਨੂੰ ਰਸਸ ਤੇ ਮੋਦੀ ਦਾ ਗੁਣਗਾਨ ਕਰਦਾ ਇੱਕ ਖਤ ਵੀ ਲਿਖਿਆ ਗਿਆ ਜਿਸ 'ਚ ਉਸਨੇ ਰਸਸ ਦੇ ਕੰਮ ਦੀ ਸ਼ਲਾਘਾ ਕੀਤੀ ਤੇ ਏਥੋਂ ਤੱਕ ਕਿਹਾ ਕਿ ਭਾਜਪਾ ਤੇ 'ਕੰਜ਼ਰਵੇਟਿਵ' ਪਾਰਟੀਆਂ ਭੈਣਾਂ ਹਨ। ਇਸੇ ਪਾਰਟੀ ਦੇ ਐਮਪੀ ਬਾਬ ਬਲੈਕਮੈਨ ਜੋ ਯੂ.ਕੇ. ਵਿੱਚ ਆਪਣੇ ਮੁਸਲਿਮ ਵਿਰੋਧੀ ਵਿਚਾਰਾਂ ਲਈ ਜਾਣਿਆ ਜਾਂਦਾ ਹੈ, ਦੁਆਰਾ 2017 ਵਿੱਚ ਯੂ.ਕੇ. ਦੀ ਪਾਰਲੀਮੈਂਟ ਵਿੱਚ ਤਪਨ ਘੋਸ਼ ਨਾਮ ਦੇ ਸੰਘੀ ਫਾਸ਼ਿਸਟ ਨੂੰ ਭਾਸ਼ਣ ਦੇਣ ਲਈ ਬੁਲਿਆ ਗਿਆ ਸੀ। ਇਹ ਸੰਘੀ ਸ਼ਰੇਆਮ ਰੋਹਿੰਗੀਆ ਸ਼ਰਨਾਰਥੀਆਂ ਦੀ ਨਸਲਕੁਸ਼ੀ ਤੇ ਮੁਸਲਿਮ ਵਿਰੋਧੀ ਅੰਨ੍ਹੀ ਨਫਰਤ ਦੇ ਬਿਆਨ ਦਿੰਦਾ ਰਿਹਾ ਹੈ। ਯੂ.ਕੇ. ਦੀ ਹਾਕਮ ਜਮਾਤ ਦੀ ਹਿੰਦੂਤਵ ਦੇ ਏਜੰਡੇ ਨੂੰ ਕਿੰਨੀ ਹਮਾਇਤ ਹੈ ਇਸ ਦੀ ਨੰਗੀ ਚਿੱਟੀ ਉਦਾਹਰਨ ਹੈ 2017 ਵਿੱਚ ਤਪਨ ਘੋਸ਼ ਦਾ ਯੂ.ਕੇ. ਪਾਰਲੀਮੈਂਟ ਵਿੱਚ ਦਿੱਤਾ ਭਾਸ਼ਣ ਹੈ, ਜਿਸ 'ਚ ਉਹ ਕਹਿੰਦਾ ਹੈ ਕਿ "ਸੰਯੁਕਤ ਰਾਸ਼ਟਰ ਨੂੰ ਸੰਸਾਰਭਰ ਵਿੱਚ ਮੁਸਲਮਾਨਾਂ ਦੀ ਜਨਮ ਦਰ ਨੂੰ ਕਾਬੂ ਕਰਨ ਲਈ ਕਦਮ ਚੁੱਕਣੇ ਚਾਹੀਦੇ ਹਨ।"

ਸੰਘ-ਭਾਜਪਾ ਨਾਲ਼ ਜੁੜੀਆਂ ਯੂਕੇ ਦੀਆਂ ਜਥੇਬੰਦੀਆਂ ਅਤੇ ਯੂਕੇ ਦੀ 'ਕੰਜ਼ਰਵੇਟਿਵ' ਪਾਰਟੀ ਸਥਾਨਕ ਚੋਣਾ ਵਿੱਚ ਸਾਂਝਾ ਪ੍ਰਚਾਰ ਵੀ ਕਰਦੇ ਰਹੇ ਹਨ। 2016 ਦੀਆਂ ਲੰਡਨ ਮੇਅਰ ਚੋਣਾਂ ਵਿੱਚ 'ਕੰਜ਼ਰਵੇਟਿਵ' ਉਮੀਦਵਾਰ ਜਾਕ ਗੋਲਡਸਮਿੱਥ ਦੁਆਰਾ ਇਹਨਾਂ ਹਿੰਦੂਤਵੀ ਜਥੇਬੰਦੀਆਂ ਨੂੰ ਪ੍ਰਚਾਰ ਲਈ ਮੁਸਲਿਮ ਵਿਰੋਧੀ ਸਾਹਿਤ ਵੰਡਣ ਲਈ ਭੇਜਿਆ ਗਿਆ। ਇਸਤੋਂ ਇਲਾਵਾ ਮੰਦਰਾਂ ਵਿੱਚ ਯੂ.ਕੇ. ਦੇ ਨਾਜ਼ੀ ਤੇ ਸੱਜਪੱਖੀ ਜਥੇਬੰਦੀਆਂ-ਪਾਰਟੀਆਂ ਦੇ ਆਗੂਆਂ ਦੇ ਭਾਸ਼ਣ ਜਥੇਬੰਦ ਕਰਨ, ਅਗਾਂਹਵਧੂ ਬੁੱਧੀਜੀਵਆਂ ਨੂੰ ਵਿੱਦਿਅਕ ਸੰਸਥਾਵਾਂ ਵਿੱਚ ਨਿਸ਼ਾਨਾ ਬਣਾਉਣ ਆਦਿ ਸਰਗਰਮੀਆਂ ਨੂੰ ਹਿੰਦੂਤਵੀਆਂ ਤੇ ਯੂ.ਕੇ. ਦੇ ਸੱਜੇਪੱਖੀਆਂ ਦੁਆਰਾ ਸਾਂਝੇ ਤੌਰ 'ਤੇ ਅੰਜਾਮ ਦਿੱਤਾ ਜਾਂਦਾ ਰਿਹਾ ਹੈ।

ਭਾਰਤ ਦੇ ਸੰਘੀ ਫਾਸ਼ੀਵਾਦੀਆਂ ਤੇ ਯੂਕੇ ਦੀਆਂ ਸੱਜ-ਪਿਛਾਖੜੀ ਤਾਕਤਾਂ ਦੀ ਸਾਂਝ ਦਾ ਅਧਾਰ ਕੀ ਹੈ?

ਸੰਸਾਰ ਸਰਮਾਏਦਾਰੀ ਦੇ ਸੰਕਟ ਦੇ ਨਤੀਜੇ ਵਜੋਂ ਪੱਛਮੀ ਦੇਸ਼ਾਂ ਵਿੱਚ ਵੀ ਰਸਸ-ਭਾਜਪਾ ਵਰਗੀਆਂ ਅੱਤ-ਸੱਜੇਪੱਖੀ ਤੇ ਫਾਸ਼ੀਵਾਦੀ ਤਾਕਤਾਂ ਦਾ ਉਭਾਰ ਹੋਇਆ ਹੈ। ਇਹ ਸਭ ਸੱਜ-ਪਿਛਾਖੜੀ ਤਾਕਤਾਂ ਸਰਮਾਏਦਾਰ ਜਮਾਤ ਦੇ ਹਿੱਤਾਂ ਲਈ ਨਵ-ਉਦਾਰਵਾਦੀ ਆਰਥਿਕ ਨੀਤੀਆਂ ਨੂੰ ਧੜੱਲੇ ਨਾਲ਼ ਲਾਗੂ ਕਰਨ, ਸੰਕਟ ਦਾ ਵੱਧ ਤੋਂ ਵੱਧ ਬੋਝ ਕਿਰਤੀ ਮਜ਼ਦੂਰ ਅਬਾਦੀ ਉੱਪਰ ਪਾਉਣ ਲਈ ਇੱਕ ਮੱਤ ਹਨ, ਜਿਵੇਂ ਮੋਦੀ ਦੀ ਅਗਵਾਈ ਵਿੱਚ ਭਾਜਪਾ ਭਾਰਤ ਵਿੱਚ ਕਰ ਰਹੀ ਹੈ। ਦੂਸਰਾ ਕਿਰਤੀ-ਮਜ਼ਦੂਰ ਅਬਾਦੀ ਦਾ ਰੋਹ ਸਰਮਾਏਦਾਰ ਜਮਾਤ ਵਿਰੁੱਧ ਨਾ ਜਾਵੇ ਇਸ ਲਈ ਇਹ ਤਾਕਤਾਂ ਕਿਰਤੀ-ਮਜ਼ਦੂਰ ਅਬਾਦੀ ਨੂੰ ਪ੍ਰਵਾਸੀ ਬਨਾਮ ਸਥਾਨਕ ਵਿੱਚ ਵੰਡਣ, ਧਰਮ, ਨਸਲ ਦੇ ਅਧਾਰ 'ਤੇ ਪਾਟਕ ਪਾਉਣ ਦਾ ਕੰਮ ਕਰਦੀਆਂ ਹਨ। ਪ੍ਰਵਾਸੀਆਂ ਤੇ ਮੁਸਲਿਮ ਅਬਾਦੀ ਵਿਰੁੱਧ ਨਫਰਤ ਪੱਛਮੀ ਦੇਸ਼ਾਂ ਵਿਚਲੀਆਂ ਸੱਜ-ਪਿਛਾਖੜੀ ਤਾਕਤਾਂ ਦਾ ਸਾਂਝਾ ਏਜੰਡਾ ਹੈ। ਇਹੀ ਕਾਰਨ ਹੈ ਕਿ ਜਿਉਂ-ਜਿਉਂ ਯੂਕੇ ਦੀ ਸਰਮਾਏਦਾਰ ਜਮਾਤ ਦਾ ਸੰਕਟ ਵਧਦਾ ਗਿਆ ਹੈ, ਓਵੇਂ-ਓਵੇਂ ਯੂਕੇ ਵਿੱਚ ਆਮ ਕਿਰਤੀ-ਮਜ਼ਦੂਰ ਅਬਾਦੀ ਨੂੰ ਪ੍ਰਵਾਸੀ ਬਨਾਮ ਸਥਾਨਕ ਵਿੱਚ ਵੰਡਣ, ਸਗੋਂ ਅੱਗੇ ਪ੍ਰਵਾਸੀਆਂ ਨੂੰ ਹਿੰਦੂ ਬਨਾਮ ਮੁਸਲਮਾਨ ਵਿੱਚ ਵੰਡਣ ਦੀਆਂ ਕੋਸ਼ਿਸ਼ਾਂ ਤੇਜ਼ ਹੋਈਆਂ ਹਨ, ਜਿਸਦੀ ਤਾਜ਼ਾ ਉਦਾਹਰਨ ਲੈਸਟਰ ਵਿੱਚ ਹੋਈਆਂ ਘਟਨਾਵਾਂ ਹਨ। ਯੂਕੇ ਵਿੱਚ ਇਸ ਵੇਲ਼ੇ ਮਹਿੰਗਾਈ ਆਪਣੇ ਸਾਰੇ ਰਿਕਾਰਡ ਤੋੜ ਰਹੀ ਹੈ, ਯੂਕਰੇਨ ਜੰਗ ਤੋਂ ਬਾਅਦ ਆਮ ਲੋਕਾਂ ਦੀ ਹਾਲਤ ਹੋਰ ਵੀ ਭੈੜੀ ਹੁੰਦੀ ਜਾ ਰਹੀ ਹੈ। ਮਹਿੰਗਾਈ ਦੇ ਵਿਰੋਧ 'ਚ ਤੇ ਤਨਖਾਹਾਂ ਦੇ ਵਾਧੇ ਲਈ ਲੋਕ ਹਾਕਮਾਂ ਵਿਰੁੱਧ ਸੜਕਾਂ ਉੱਪਰ ਨਿੱਤਰ ਰਹੇ ਹਨ, ਇਸੇ ਸਾਲ ਜੂਨ ਮਹੀਨੇ ਯੂਕੇ ਦੇ 40 ਸਾਲਾਂ ਦੇ ਇਤਿਹਾਸ ਦੀ ਸਭ ਤੋਂ ਵੱਡੀ ਰੇਲ ਹੜਤਾਲ ਹੋਈ। ਅਜਿਹੀਆਂ ਹਾਲਤਾਂ ਵਿੱਚ ਆਮ ਕਿਰਤੀ-ਮਜ਼ਦੂਰ ਅਬਾਦੀ 'ਚ ਵੰਡੀਆਂ ਪਾਉਣਾ ਯੂ.ਕੇ. ਦੀ ਹਾਕਮ ਜਮਾਤ ਦੇ ਹਿੱਤ ਵਿੱਚ ਹੈ।

ਰਸਸ-ਭਾਜਪਾ ਵਰਗੀਆਂ ਫਾਸੀਵਾਦੀ ਤਾਕਤਾਂ ਚਾਹੇ ਕਿਸੇ ਵੀ ਧਰਮ, ਨਸਲ ਤੇ ਕੌਮ ਦੇ ਪਹਿਰਾਵੇ ਵਿੱਚ ਆਉਣ, ਇਹ ਸਭ ਕਿਰਤੀ-ਮਜ਼ਦੂਰ ਅਬਾਦੀ ਨੂੰ ਲੁੱਟਣ-ਕੁੱਟਣ ਤੇ ਉਹਨਾਂ ਦੇ ਏਕੇ 'ਚ ਪਾਟਕ ਪਾਕੇ ਸਰਮਾਏਦਾਰ ਜਮਾਤ ਦੀ ਸੇਵਾ ਹੀ ਕਰਦੀਆਂ ਹਨ। ਇਹ ਸਮਝਣ ਦੀ ਲੋੜ ਹੈ ਕਿ ਸਰਮਾਏਦਾਰ ਜਮਾਤ ਦੇ ਇਹਨਾਂ ਪਾਲਤੂ ਸੱਪਾਂ ਦੀ ਸਿਰੀ ਸੰਸਾਰਭਰ ਦੇ ਕਿਰਤੀ-ਮਜ਼ਦੂਰ ਆਪਣੇ ਏਕੇ ਨਾਲ਼ ਹੀ ਫੇਹ ਸਕਦੇ ਹਨ।

**ਲਲਕਾਰ 'ਚੋਂ ਧੰਨਵਾਦ**

# ਬਰਨਾਲਾ 'ਚ ਤਰਕਸ਼ੀਲਾਂ ਦੀ ਰਾਸ਼ਟਰੀ ਸੰਸਥਾ 'ਫੀਰਾ' ਦੀ ਦੋ ਰੋਜ਼ਾ ਕਾਨਫਰੰਸ






ਬਰਨਾਲਾ, (ਬਲਜਿੰਦਰ ਸਿੰਘ ਪਟਿਆਲਾ) : ਤਰਕਸੀਲ, ਮਾਨਵਵਾਦੀ ਤੇ ਵਿਗਿਆਨਕ ਸੋਚ ਨੂੰ ਪ੍ਰਣਾਈਆਂ ਧਰਮ ਨਿਰਪੱਖ ਜਥੇਬੰਦੀਆਂ ਦੀ ਕੌਮੀ ਸੰਸਥਾ 'ਫੀਰਾ' ਦੀ ਦੋ ਰੋਜਾ ਰਾਸਟਰੀ ਕਾਨਫਰੰਸ ਇਥੇ ਤਰਕਸੀਲ ਭਵਨ ਵਿਖੇ ਆਰੰਭ ਹੋਈ। ਕਾਨਫਰੰਸ ਵਿੱਚ ਉੜੀਸਾ, ਝਾਰਖੰਡ, ਕੇਰਲਾ, ਅਸਾਮ, ਤਾਮਿਲਨਾਡੂ, ਕਰਨਾਟਕ, ਮਹਾਰਾਸਟਰ, ਤਿਲੰਗਾਨਾ, ਆਂਧਰਾ ਪ੍ਰਦੇਸ ਤੇ ਪੰਜਾਬ ਸਮੇਤ ਕੁੱਲ 18 ਰਾਜਾਂ ਦੇ 350 ਡੈਲੀਗੇਟ ਸਾਮਲ ਹੋਏ।

ਕਾਨਫਰੰਸ ਦਾ ਉਦਘਾਟਨ ਕਰਦਿਆਂ ਪੰਜਾਬੀ ਯੂਨਿਵਰਸਿਟੀ ਦੇ ਉੱਪ ਕੁਲਪਤੀ ਪ੍ਰੋਫੈਸਰ ਅਰਵਿੰਦ ਨੇ ਤਰਕਸੀਲਤਾ ਤੇ ਵਿਗਿਆਨਕ ਸੋਚ ਦੇ ਬੁਨਿਆਦੀ ਸੰਕਲਪਾਂ 'ਤੇ ਚਰਚਾ ਕੀਤੀ। ਵਿਸੇਸ ਮਹਿਮਾਨ ਵਜੋਂ ਸਾਮਲ ਹੋਏ ਕੌਮਾਂਤਰੀ ਜਥੇਬੰਦੀ ਹਿਊਮਨਿਸਟ ਇੰਟਰਨੈਸਨਲ ਦੇ ਨੁਮਾਇੰਦੇ ਉੱਤਮ ਨਿਰੌਲਾ ਨੇਪਾਲ ਨੇ ਆਖਿਆ ਕਿ ਚਾਹੇ ਅੱਜ ਭਾਰਤ ਦੀ ਸਿਆਸਤ ਵਿੱਚ ਮੂਲਵਾਦੀ ਤਾਕਤਾਂ ਦਾ ਬੋਲਬਾਲਾ ਹੈ ਪਰ ਮਾਨਵਵਾਦੀ ਤੇ ਤਰਕਸੀਲ ਸੋਚ ਦੀਆਂ ਜੜ੍ਹਾਂ ਵੀ ਬਹੁਤ ਮਜਬੂਤ ਹਨ। ਕਾਨਫਰੰਸ ਵਿੱਚ ਹਿਊਮਨਿਸਟ ਇੰਟਰਨੈਸਨਲ ਦੇ ਪ੍ਰਧਾਨ ਐਂਡਰਿਊ ਕੌਪਸਨ ਵੀਡੀਓ ਸੰਦੇਸ ਰਾਹੀਂ ਡੈਲੀਗੇਟਾਂ ਦੇ ਰੂਬਰੂ ਹੋਏ। ਮੰਚ ਸੰਚਾਲਨ ਸੁਸਾਇਟੀ ਦੇ ਕੌਮੀ ਕੌਮਾਂਤਰੀ ਵਿਭਾਗ ਦੇ ਮੁਖੀ ਜਸਵੰਤ ਮੁਹਾਲੀ ਨੇ ਕੀਤਾ। ਕਾਨਫਰੰਸ ਵਿੱਚ ਏਸੀਅਨ ਰੈਸਨੇਲਿਸਟ ਸੁਸਾਇਟੀ ਆਫ ਬ੍ਰਿਟੇਨ ਦੇ ਨੁਮਾਇੰਦੇ ਨਿਰਮਲ ਸਿੰਘ ਸੰਘਾ, ਮੱਖਣ ਸਿੰਘ 'ਫੀਰਾ' ਦੇ ਕੌਮੀ ਜਨਰਲ ਸਕੱਤਰ ਡਾ. ਸੁਦੇਸ ਘੋੜੇਰਾਓ, ਖਜ਼ਾਨਚੀ ਹਰਚੰਦ ਸਿੰਘ ਭਿੰਡਰ, ਤਰਕਸ਼ੀਲ ਸੁਸਾਇਟੀ ਦੇ ਪੰਜਾਬ ਸੂਬਾ ਜਥੇਬੰਦਕ ਮੁਖੀ ਹੇਮ ਰਾਜ ਸਟੈਨੋ, ਡਾ. ਅਰੀਤ, ਸੁਮੀਤ ਸਿੰਘ ਅੰਮ੍ਰਿਤਸਰ, ਡੀਨ ਭਾਸਾਵਾਂ ਡਾ. ਰਾਜਿੰਦਰ ਪਾਲ ਸਿੰਘ ਤੇ ਰਾਜ ਭਰ ਤੋਂ ਪਹੁੰਚੇ ਤਰਕਸੀਲ, ਚਿੰਤਕ ਤੇ ਸਮਾਜਿਕ ਕਾਰਕੁਨ ਮੌਜੂਦ ਸਨ।



# 1984 ਦੀਆਂ ਯਾਦਾਂ : ਜਲ ਰਹੀ ਸੀ ਦਿੱਲੀ (ਸਫ਼ਾ 3 ਦੀ ਬਾਕੀ)

ਦਿੱਤੀ; ਫਿਰ ਉਸਨੇ ਪਤਾਸੇ ਖ਼ਰੀਦੇ ਕਿਉਂਕਿ ਸਾਨੂੰ ਖੰਡ ਵੇਚਣ ਵਾਲੀ ਰਾਸ਼ਨ ਦੀ ਦੁਕਾਨ ਨਹੀਂ ਮਿਲੀ। ਅਤੇ ਦੁੱਧ ਲਿਆ।

ਮੈਂ ਚਾਹ ਬਣਾਉਣ ਲੱਗ ਪਈ। ਪਾਣੀ ਉੱਬਲ ਰਿਹਾ ਸੀ ਅਤੇ ਮੈਂ ਸ਼ਸ਼ੋਪੰਜ 'ਚ ਸੀ ਕਿ ਬਰਤਨ ਵਿਚ ਕਿੰਨੀ ਕੁ ਚਾਹ ਪੱਤੀ ਪਾਵਾਂ। ਇਸ ਤੋਂ ਪਹਿਲਾਂ ਕਿ ਮੈਂ ਚਾਹ ਦਾ ਪੈਕੇਟ ਪਾਉਂਦੀ, ਇਕ ਸਰਦਾਰ ਨੇ ਕਿਹਾ: "ਤੁਸੀਂ ਇਸਨੂੰ ਪੁਣੋਗੇ ਕਿਵੇਂ?" ਉਨ੍ਹਾਂ ਨੇ ਮੈਨੂੰ ਦੁਪੱਟਾ ਲੈ ਕੇ ਉਸ ਵਿਚ ਚਾਹ ਪੱਤੀ ਪਾਉਣ ਲਈ ਕਿਹਾ। ਇਕ ਟੀ ਬੈਗ! ਫਿਰ ਮੈਂ ਪੁੱਛਿਆ ਕਿ ਦੁੱਧ ਕਿੰਨਾ ਪਾਵਾਂ? ਇਕ ਨੌਜਵਾਨ ਅੱਖਾਂ 'ਚ ਚਮਕ ਲਿਆ ਕੇ ਬੋਲਿਆ, "ਤੁਸੀਂ ਤਾਂ ਇਕ ਕੱਪ ਚਾਹ ਬਣਾਈ ਹੈ, ਨਾ ਕਿ ਦੋ ਸੌ ਬੰਦਿਆਂ ਲਈ, ਦੋ ਬਾਲਟੀਆਂ ਪਾਓ।"

ਮੈਨੂੰ ਯਕੀਨ ਹੀ ਨਹੀਂ ਆ ਰਿਹਾ ਸੀ ਕਿ ਇਕ ਘੰਟਾ ਪਹਿਲਾਂ ਮੌਤ ਦੇ ਮੂੰਹ 'ਚੋਂ ਬਚਣ ਤੋਂ ਬਾਦ ਹੀ ਇਹ ਨੌਜਵਾਨ ਹੱਸ ਸਕਦੇ ਹਨ ਅਤੇ ਮਜ਼ਾਕ ਕਰ ਸਕਦੇ ਹਨ। ਇਹ ਮੇਰੇ ਲਈ ਸਿੱਖ ਭਾਈਚਾਰੇ ਦੇ ਚੜ੍ਹਦੀ ਕਲਾ ਦੇ ਜਜ਼ਬੇ ਦੀ ਪਹਿਲੀ ਝਲਕ ਸੀ।

9. ਵੱਖ-ਵੱਖ ਗੈਰ-ਸਰਕਾਰੀ ਜਥੇਬੰਦੀਆਂ ਦੇ ਕਾਰਕੁਨਾਂ ਨੇ ਸਾਨੂੰ ਮਨੁੱਖੀ ਅਧਿਕਾਰ ਕਾਰਕੁਨਾਂ ਨੂੰ ਰਾਹਤ ਕਾਰਜ ਉਨ੍ਹਾਂ 'ਤੇ ਛੱਡਣ ਅਤੇ ਤੱਥਾਂ ਦੀ ਖੋਜ ਕਰਨ ਲਈ ਕਿਹਾ। ਤਿੰਨ ਤੱਥ ਖੋਜ ਟੀਮਾਂ ਬਣਾਈਆਂ ਗਈਆਂ ਸਨ। ਅਸੀਂ ਪੀਪਲਜ਼ ਯੂਨੀਅਨ ਫਾਰ ਡੈਮੋਕਰੇਟਿਕ ਰਾਈਟਸ (ਜਿਸ ਦੀ ਨੁਮਾਇੰਦਗੀ ਸੁਮੰਤੋ ਬੈਨਰਜੀ ਅਤੇ ਮੈਂ ਕੀਤੀ) ਅਤੇ ਪੀਪਲਜ਼ ਯੂਨੀਅਨ ਆਫ ਸਿਵਲ ਰਾਈਟਸ (ਜਿਸ ਦੀ ਨੁਮਾਇੰਦਗੀ ਦਿਨੇਸ਼ ਮੋਹਨ ਅਤੇ ਸਮਿਤੂ ਕੋਠਾਰੀ ਨੇ ਕੀਤੀ) ਦੀ ਇਕ ਸਾਂਝੀ ਟੀਮ ਸੀ।

ਅਸੀਂ ਟੀਮ ਦੇ ਦੋ ਹਿੱਸੇ ਬਣਾ ਲਏ ਅਤੇ ਮੈਂ ਆਈ.ਆਈ.ਟੀ. ਤੋਂ ਦਿਨੇਸ਼ ਮੋਹਨ ਨਾਲ ਗਈ। ਜਿਉਂ ਹੀ ਅਸੀਂ ਆਪਣੀ ਤੱਥ ਖੋਜ ਸ਼ੁਰੂ ਕੀਤੀ, ਉਦੋਂ ਸਾਨੂੰ ਪਤਾ ਲੱਗਾ ਕਿ ਸ਼ਹਿਰ ਨੂੰ ਕਿਸ ਹੱਦ ਤੱਕ ਸਾੜ ਦਿੱਤਾ ਗਿਆ ਸੀ। ਇਸ ਅੱਗਜ਼ਨੀ ਲਈ ਹੁਨਰ ਅਤੇ ਮਿੱਟੀ ਦਾ ਤੇਲ ਜਾਂ ਗੰਧਕ ਤੱਕ ਪਹੁੰਚ ਜ਼ਰੂਰੀ ਸੀ ਜੋ ਕਿ ਉਪਲਬਧ ਨਹੀਂ ਸੀ ਕਿਉਂਕਿ ਸਾਰੀਆਂ ਦੁਕਾਨਾਂ ਬੰਦ ਸਨ।

ਲੋਕਾਂ ਨੇ ਸਾਨੂੰ ਦੱਸਿਆ ਕਿ ਉਨ੍ਹਾਂ ਨੇ ਕਾਂਗਰਸੀ ਆਗੂਆਂ ਕੋਲ ਸਿੱਖਾਂ ਦੇ ਘਰਾਂ ਦੀ ਪਛਾਣ ਕਰਨ ਵਾਲੇ ਰਜਿਸਟਰ ਦੇਖੇ ਸਨ। ਇਸ ਤਰ੍ਹਾਂ ਦੱਖਣੀ ਦਿੱਲੀ ਦੀਆਂ ਪੌਸ਼ ਕਾਲੋਨੀਆਂ ਵਿਚ ਵੀ ਕੰਕਰੀਟ ਦੇ ਵੱਡੇ-ਵੱਡੇ ਢਾਂਚਿਆਂ/ਇਮਾਰਤਾਂ ਨੂੰ ਅੱਗ ਲਾ ਦਿੱਤੀ ਗਈ ਸੀ। ਸੀਨੀਅਰ ਕਾਂਗਰਸੀ ਆਗੂਆਂ ਦੀ ਅਗਵਾਈ ਵਿਚ ਭੀੜ ਵੱਲੋਂ ਗੁਰਦੁਆਰਿਆਂ ਨੂੰ ਵੀ ਨਿਸ਼ਾਨਾ ਬਣਾਇਆ ਗਿਆ।

ਅਸੀਂ ਇੰਦਰ ਗੁਜਰਾਲ ਨੂੰ ਉਨ੍ਹਾਂ ਦੇ ਨਿਊ ਫਰੈਂਡਜ਼ ਕਲੋਨੀ ਵਾਲੇ ਘਰ 'ਚ ਮਿਲੇ। ਜਦੋਂ ਮੈਂ ਉਸ ਨੂੰ ਪੁੱਛਿਆ ਕਿ ਕੀ ਇਹ ਸੱਚ ਹੋ ਸਕਦਾ ਹੈ ਕਿ ਇਹ ਕਤਲੇਆਮ ਅਤੇ ਅੱਗਜ਼ਨੀ ਉੱਚ ਲੀਡਰਸਪਿ ਦੀ ਪ੍ਰਵਾਨਗੀ ਨਾਲ ਕੀਤੀ ਗਈ ਹੋ ਸਕਦੀ ਹੈ, ਤਾਂ ਉਹ ਇੰਨਾ ਉਦਾਸ ਨਜ਼ਰ ਆਇਆ ਕਿ ਇਹ ਕਾਫ਼ੀ ਜਵਾਬ ਸੀ।

10. ਉਸ ਰਾਤ ਨੂੰ ਪੀਯੂਡੀਆਰ ਦੀ ਪੂਰੀ ਟੀਮ ਪ੍ਰੈਂਸ ਐਨਕਲੇਵ ਵਿਚ ਸੁਮੰਤੋ ਬੈਨਰਜੀ ਦੇ ਘਰ ਜੁੜੀ। ਇਸ ਗੱਲ 'ਤੇ ਗਰਮਾ-ਗਰਮ ਬਹਿਸ ਹੋਈ ਕਿ ਕੀ ਸਾਨੂੰ ਉਨ੍ਹਾਂ ਲੋਕਾਂ ਦੁਆਰਾ ਦੱਸੇ ਗਏ ਕਾਂਗਰਸੀ ਆਗੂਆਂ ਦੇ ਨਾਮ ਛਾਪ ਦੇਣੇ ਚਾਹੀਦੇ ਹਨ ਜਿਨ੍ਹਾਂ ਦੀਆਂ ਅਸੀਂ ਇੰਟਰਵਿਊ ਕੀਤੀਆਂ ਸਨ। ਕੁਝ ਮੈਂਬਰ ਮਹਿਸੂਸ ਕਰਦੇ ਸਨ ਕਿ ਉਨ੍ਹਾਂ ਦਾ ਨਾਮ ਲੈਣ ਨਾਲ ਅਸੀਂ ਆਪਣੇ ਪ੍ਰਧਾਨ ਗੋਵਿੰਦ ਮੁਖੌਟੀ ਦੀ ਜਾਨ ਨੂੰ ਖ਼ਤਰੇ ਵਿਚ ਪਾ ਦੇਵਾਂਗੇ। ਉਸ ਦੀ ਕਾਰ ਨੂੰ ਪਹਿਲਾਂ ਹੀ ਰਹੱਸਮਈ ਢੰਗ ਨਾਲ ਅੱਗ ਲੱਗ ਗਈ ਸੀ। ਮੁਨਿਰਕਾ ਟੋਕਸ ਦੇ ਮੁਕਾਮੀ ਆਗੂ ਨੇ ਆਪਣੇ ਬੰਦਿਆਂ ਨੂੰ ਮੇਰਾ ਪਿੱਛੇ ਲਗਾਇਆ ਹੋਇਆ ਸੀ।

ਫਿਰ ਇਕ ਹੋਰ ਸੋਚ ਵਿਚਾਰ ਹੋਈ। ਕੀ ਸਿੱਖ ਸਾਡੀ ਰਿਪੋਰਟ ਦੀ ਵਰਤੋਂ ਹਿੱਟ ਲਿਸਟ ਬਣਾਉਣ ਲਈ ਕਰਨਗੇ? ਪਰ ਫਿਰ ਸਿੱਖਾਂ ਨੇ ਆਪ ਹੀ ਤਾਂ ਸਾਨੂੰ ਇਹ ਨਾਮ ਨਾਮ ਦਿੱਤੇ ਸਨ।

ਆਖ਼ਿਰਕਾਰ ਅਸੀਂ ਨਾਮ ਛਾਪਣ ਦਾ ਫ਼ੈਸਲਾ ਕੀਤਾ। ਪੂਰੀ ਰਾਤ ਨਾਵਾਂ ਦੀ ਜਾਂਚ ਕੀਤੀ ਗਈ ਅਤੇ ਵੱਖ-ਵੱਖ ਸਬੂਤਾਂ ਨਾਲ ਇਨ੍ਹਾਂ ਨੂੰ ਕਰਾਸ ਚੈੱਕ ਕੀਤਾ ਗਿਆ। ਸੂਚੀ ਬਣਾਈ ਗਈ ਅਤੇ ਰਿਪੋਰਟ ਲਿਖੀ ਗਈ। ਸਾਡੀ ਰਿਪੋਰਟ ਦਾ ਸਿਰਲੇਖ ਸੀ: 'ਦੋਸ਼ੀ ਕੌਣ ਹਨ?'

ਇਸ 'ਤੇ ਪਾਬੰਦੀ ਲਗਾਈ ਗਈ। ਪੁਲਿਸ ਨੇ ਸਾਡੇ ਪ੍ਰਿੰਟਰ ਦੇ ਛਾਪਾ ਮਾਰਿਆ। ਉਸ ਨੂੰ ਬਹੁਤ ਪ੍ਰੇਸ਼ਾਨੀ ਝੱਲਣੀ ਪਈ। ਸਿੱਖ ਜਥੇਬੰਦੀਆਂ ਨੇ ਪਾਬੰਦੀ ਨੂੰ ਟਿੱਚ ਜਾਣਕੇ ਸਾਡੀ ਸਹਿਮਤੀ ਤੋਂ ਬਿਨਾਂ ਹੀ ਰਿਪੋਰਟ ਦੁਬਾਰਾ ਛਾਪ ਦਿੱਤੀ ਅਤੇ ਇਹ ਵਿਆਪਕ ਪੈਮਾਨੇ 'ਤੇ ਵੰਡੀ ਗਈ। ਇਸ ਦਾ ਪੰਜਾਬੀ 'ਚ ਅਨੁਵਾਦ ਕੀਤਾ ਗਿਆ।

ਜਦੋਂ ਮੈਂ ਪੰਜਾਬ ਗਈ ਤਾਂ ਬਹੁਤ ਸਾਰੇ ਸਿੱਖਾਂ ਨੇ ਮੈਨੂੰ ਦੱਸਿਆ ਕਿ ਉਸ ਰਿਪੋਰਟ ਕਾਰਨ ਉਹ ਅਜੇ ਵੀ ਭਾਰਤ ਪ੍ਰਤੀ ਵਫ਼ਾਦਾਰੀ ਮਹਿਸੂਸ ਕਰਦੇ ਹਨ। ਇਸ ਨੇ ਉਨ੍ਹਾਂ ਨੂੰ ਭਰੋਸਾ ਦਿਵਾਇਆ ਕਿ ਇੱਥੇ ਐਸੇ ਭਾਰਤੀ ਸਨ ਜੋ ਉਨ੍ਹਾਂ ਦੇ ਨਾਲ ਉਦੋਂ ਖੜੇ ਜਦੋਂ ਇਹ ਸਭ ਤੋਂ ਜ਼ਰੂਰੀ ਸੀ।

11. ਅਸੀਂ ਆਪਣੀ ਤੱਥ ਖੋਜ ਦੌਰਾਨ ਜੋ ਸਮੱਗਰੀ ਇਕੱਠੀ ਕੀਤੀ ਸੀ ਉਸ ਦੇ ਆਧਾਰ 'ਤੇ ਮੈਂ ਇਕ ਰਿੱਟ ਪਟੀਸ਼ਨ ਦਾ ਖਰੜਾ ਤਿਆਰ ਕੀਤਾ ਅਤੇ ਦਿੱਲੀ ਹਾਈ ਕੋਰਟ ਵਿਚ ਰਿੱਟ ਦਾਇਰ ਕਰ ਦਿੱਤੀ। ਕੇਸ ਜਸਟਿਸ ਰਜਿੰਦਰ ਸੱਚਰ ਕੋਲ ਲੱਗਿਆ, ਜੋ ਬਾਦ ਵਿਚ ਚੀਫ਼ ਜਸਟਿਸ ਬਣੇ। ਉਨ੍ਹਾਂ ਨੇ ਪੁਲਿਸ ਨੂੰ ਨੋਟਿਸ ਜਾਰੀ ਕੀਤਾ। ਅਸੀਂ ਮੰਗ ਕੀਤੀ ਕਿ ਪੀੜਤਾਂ ਦੇ ਹਲਫ਼ਨਾਮਿਆਂ ਵਿਚ ਨਾਮਜ਼ਦ ਆਗੂਆਂ ਖ਼ਿਲਾਫ਼ ਐੱਫ. ਆਈ. ਆਰ. ਦਰਜ ਕੀਤੀਆਂ ਜਾਣ। ਜਦੋਂ ਕੇਸ ਮੁੜ ਸੁਣਵਾਈ ਲਈ ਆਇਆ ਤਾਂ ਇਸ ਨੂੰ ਰਜਿੰਦਰ ਸੱਚਰ ਦੀ ਅਦਾਲਤ ਤੋਂ ਲੈ ਕੇ ਦੋ ਹੋਰ ਜੱਜਾਂ ਦੀ ਅਦਾਲਤ ਵਿਚ ਤਬਦੀਲ ਕਰ ਦਿੱਤਾ ਗਿਆ।

ਉਨ੍ਹਾਂ ਜੱਜਾਂ ਨੇ ਤੱਥਾਂ ਦੀ ਸੱਚਾਈ ਬਾਰੇ ਖੁੱਲ੍ਹੀ ਅਦਾਲਤ ਵਿਚ ਅਪਮਾਨਜਨਕ ਟਿੱਪਣੀਆਂ ਕੀਤੀਆਂ। ਉਨ੍ਹਾਂ ਵਿੱਚੋਂ ਇਕ ਨੇ ਤਾਂ ਇਹ ਵੀ ਪੁੱਛਿਆ ਕਿ ਪੀੜਤ ਔਰਤ ਪੁਲੀਸ ਕੋਲ ਕਿਉਂ ਨਹੀਂ ਗਈ। ਉਹ ਉਸ ਔਰਤ ਦੇ ਹਲਫ਼ਨਾਮੇ ਤੋਂ ਪੜ੍ਹ ਕੇ ਕਹਿ ਰਿਹਾ ਸੀ ਜਿਸ ਦੇ ਸਾਹਮਣੇ ਉਸ ਦੀ ਧੀ ਨਾਲ ਬਲਾਤਕਾਰ ਕੀਤਾ ਗਿਆ ਸੀ। ਬਲਾਤਕਾਰੀਆਂ ਦੇ ਨਾਮ ਹਲਫ਼ਨਾਮੇ ਵਿਚ ਸਨ।

ਮੈਂ ਜਾਣਦੀ ਹਾਂ ਕਿ ਇਹ ਹਲਫ਼ਨਾਮੇ ਤਿਆਰ ਕਰਨ ਸਮੇਂ ਅਸੀਂ ਕਿੰਨੇ ਸਾਵਧਾਨ ਸੀ। ਉਸ ਨੇ ਪੰਜਾਬੀ ਵਿਚ ਦੱਸਿਆ, ਇਸਦਾ ਹਿੰਦੀ ਵਿਚ ਅਨੁਵਾਦ ਹੋਇਆ ਅਤੇ ਹਲਫ਼ਨਾਮਾ ਅੰਗਰੇਜ਼ੀ ਵਿਚ ਲਿਖਿਆ ਗਿਆ ਸੀ। ਇਸ ਤੋਂ ਪਹਿਲਾਂ ਕਿ ਉਹ ਇਸ 'ਤੇ ਦਸਤਖ਼ਤ ਕਰਦੀ ਇਸ ਨੂੰ ਪੈਰਾ-ਦਰ-ਪੈਰਾ ਪੜ੍ਹ ਕੇ ਸੁਣਾਇਆ ਗਿਆ।

ਹਾਈ ਕੋਰਟ ਦੇ ਜੱਜ ਨੇ ਪੰਨਾ ਪਲਟਿਆ ਅਤੇ ਹਲਫ਼ਨਾਮੇ 'ਤੇ ਹੱਸ ਪਿਆ।

ਪਟੀਸ਼ਨ ਸੁਪਰੀਮ ਕੋਰਟ ਦੇ ਸੰਵਿਧਾਨਕ ਬੈਂਚ ਦੇ ਸਾਹਮਣੇ ਰਹੱਸਮਈ ਤਰੀਕੇ ਨਾਲ ਦਾਇਰ ਕੀਤੀ ਗਈ ਸੀ। ਗੋਵਿੰਦ ਮੁਖੌਟੀ ਹਾਜ਼ਰ ਨਹੀਂ ਸਨ। ਮੈਂ ਪੇਸ਼ ਹੋਈ। ਜਸਟਿਸ ਏਐਨ ਸੇਨ ਪ੍ਰਧਾਨਗੀ ਕਰ ਰਿਹਾ ਸੀ। ਉਸਨੇ ਬੈਂਚ ਤੋਂ ਹੇਠਾਂ ਵੱਲ ਦੇਖਿਆ ਅਤੇ ਮੁਸਕਰਾਇਆ ਅਤੇ ਮੈਨੂੰ ਹੌਲੀ ਹੌਲੀ ਪ੍ਰੇਰਤ ਕਰਨ ਵਾਲੇ ਤਰੀਕੇ ਨਾਲ ਕਿਹਾ: "ਕਿਰਪਾ ਕਰਕੇ ਰਾਸ਼ਟਰੀ ਹਿਤ 'ਚ ਇਸ ਪਟੀਸ਼ਨ ਨੂੰ ਵਾਪਸ ਲੈ ਲਓ।" ਮੈਂ ਨਾਂਹ ਕਰ ਦਿੱਤੀ। ਪਟੀਸ਼ਨ ਖਾਰਜ ਕਰ ਦਿੱਤੀ ਗਈ। ਉਹ ਸ਼ਬਦ ਮੇਰੇ ਕੰਨਾਂ ਵਿਚ ਗੂੰਜਦੇ ਹਨ ਅਤੇ ਮੈਨੂੰ ਅਜੇ ਵੀ ਘੋਰ ਸ਼ਰਮਿੰਦਗੀ ਮਹਿਸੂਸ ਹੁੰਦੀ ਹੈ।

12. ਨਾਗਰਿਕ ਏਕਤਾ ਮੰਚ ਨੇ ਸ਼ਾਨਦਾਰ ਰਾਹਤ ਕਾਰਜ ਕੀਤਾ। ਪਰ ਸਭ ਤੋਂ ਪ੍ਰੇਰਕ ਚਰਚਾਵਾਂ ਅਤੇ ਬਹਿਸਾਂ ਰਾਹਤ ਦੀ ਸਿਆਸਤ ਨੂੰ ਲੈ ਕੇ ਹੋਈਆਂ। ਹਰੇਕ ਕੈਂਪ ਵੱਖ-ਵੱਖ ਵਿਚਾਰਧਾਰਾਵਾਂ ਵਾਲੇ ਕਾਰਕੁਨਾਂ ਦੁਆਰਾ ਚਲਾਇਆ ਜਾਂਦਾ ਸੀ: ਸਮਾਜਵਾਦੀ, ਨਕਸਲੀ, ਸਮਾਜ ਸੇਵਕ ਅਤੇ ਨਾਰੀਵਾਦੀ। ਵਿਚਾਰ-ਚਰਚਾਵਾਂ ਸਾਡੇ ਸਾਰਿਆਂ ਦੇ ਇਕੱਠੇ ਕੰਮ ਕਰਨ 'ਚ ਅੜਿੱਕਾ ਨਹੀਂ ਬਣੀਆਂ।

ਜਦੋਂ ਸਰਕਾਰ ਨੇ ਹਿੰਸਾ ਦੇ ਕਾਰਨਾਂ ਦੀ ਜਾਂਚ ਲਈ ਰੰਗਨਾਥ ਮਿਸ਼ਰਾ ਕਮਿਸ਼ਨ ਦੇ ਗਠਨ ਦਾ ਐਲਾਨ ਕੀਤਾ, ਤਾਂ ਨਾਗਰਿਕ ਏਕਤਾ ਮੰਚ ਨੇ ਮੈਨੂੰ ਉਨ੍ਹਾਂ ਦੀ ਨੁਮਾਇੰਦਗੀ ਕਰਨ ਲਈ ਕਿਹਾ। ਮੈਂ ਜਸਟਿਸ ਰੰਗਨਾਥ ਮਿਸ਼ਰਾ ਦੇ ਸਾਹਮਣੇ ਪੇਸ਼ ਹੋਈ। ਸਿੱਖ ਪੀੜਤਾਂ ਪ੍ਰਤੀ ਉਸਦਾ ਪੱਖਪਾਤ ਹਰ ਪੱਧਰ 'ਤੇ ਪ੍ਰਤੱਖ ਸੀ। ਇਹ ਫ਼ੈਸਲਾ ਹੋਇਆ ਕਿ ਨਾਗਰਿਕ ਏਕਤਾ ਮੰਚ ਕਮਿਸ਼ਨ ਦਾ ਬਾਈਕਾਟ ਕਰੇਗਾ। ਮੈਂ ਆਪਣਾ ਨਾਮ ਵਾਪਸ ਲੈ ਲਿਆ ਅਤੇ ਇਕ ਲੰਮਾ ਲੇਖ ਲਿਖਿਆ ਕਿ ਅਸੀਂ ਇਹ ਫ਼ੈਸਲਾ ਕਿਉਂ ਲਿਆ। ਲੇਖ ਛਪ ਗਿਆ। ਇਸ ਤੋਂ ਪਹਿਲਾਂ, ਜਦੋਂ ਰੰਗਨਾਥ ਮਿਸ਼ਰਾ ਸੁਪਰੀਮ ਕੋਰਟ ਦਾ ਸਿਟਿੰਗ ਜੱਜ ਸੀ, ਮੈਂ ਮੇਰਠ ਹਿੰਸਾ ਨਾਲ ਸਬੰਧਤ ਕੇਸ ਦਰਜ ਕਰਾਉਣ ਵੇਲੇ ਮੁਸਲਮਾਨਾਂ ਪ੍ਰਤੀ ਉਸ ਦਾ ਪੱਖਪਾਤ ਦੇਖ ਚੁੱਕੀ ਸੀ। ਉਸ ਮਾਮਲੇ 'ਚ ਪੀਏਸੀ (ਉੱਤਰ ਪ੍ਰਦੇਸ਼ ਦੀ ਹਥਿਆਰਬੰਦ ਪੁਲਿਸ) ਨੇ 33 ਮੁਸਲਮਾਨਾਂ ਨੂੰ ਗੋਲੀਆਂ ਮਾਰ ਕੇ ਲਾਸ਼ਾਂ ਨਹਿਰ ਵਿਚ ਸੁੱਟ ਦਿੱਤੀਆਂ ਸਨ। ਰੰਗਨਾਥ ਮਿਸ਼ਰਾ ਨੂੰ ਜੂਨੀਅਰ ਵਕੀਲ ਦੇ ਵਿਰੁੱਧ ਕਾਰਵਾਈ ਕਰਨੀ ਚਾਹੀਦੀ ਸੀ ਜਿਸ ਨੇ ਲੇਖ ਛਪਵਾ ਕੇ ਉਸ ਦੇ ਵਿਰੁੱਧ ਦੋਸ਼ ਲਾਇਆ ਸੀ।

ਜਸਟਿਸ ਰੰਗਨਾਥ ਮਿਸ਼ਰਾ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਦਾ ਚੇਅਰਮੈਨ ਬਣਿਆ।

13. ਇਸ ਤੋਂ ਤੁਰੰਤ ਬਾਦ ਇਕ ਹੋਰ ਹਿੰਸਾ ਹੋਈ। ਇਸ ਵਾਰ ਵਾਲਡ ਸਿਟੀ (ਚਾਰ-ਦੀਵਾਰੀ ਵਾਲੇ ਇਲਾਕੇ) ਵਿਚ ਮੁਸਲਮਾਨਾਂ ਨੂੰ ਨਿਸ਼ਾਨਾ ਬਣਾਇਆ ਗਿਆ। ਕੋਈ ਵੀ ਨਾਗਰਿਕ ਕਮੇਟੀ ਅੱਗੇ ਨਹੀਂ ਆਈ। ਵਲੰਟੀਅਰਾਂ ਲਈ ਖਾਣਾ ਭੇਜਣ ਵਾਲਾ ਨਿਰੂਲਾ ਪੁਰਾਣੀ ਦਿੱਲੀ ਨਹੀਂ ਆਇਆ। ਮੈਂ ਤੱਥ ਖੋਜਣ ਲਈ ਗਈ ਅਤੇ ਪੀਯੂਡੀਆਰ ਨੇ ਇਕ ਰਿਪੋਰਟ ਛਾਪੀ। ਉਸ ਤਰ੍ਹਾਂ ਦੀ (ਸਿੱਖਾਂ ਦੇ ਕਤਲੇਆਮ ਵਾਲੀ) ਕੋਈ ਹਮਦਰਦੀ ਜਾਂ ਗੁੱਸਾ ਨਹੀਂ ਸੀ।

ਉਦੋਂ ਮੈਨੂੰ ਅਹਿਸਾਸ ਹੋਇਆ ਕਿ ਨਾਗਰਿਕ ਏਕਤਾ ਮੰਚ ਦੇ ਕਾਰਕੁਨ ਜ਼ਿਆਦਾਤਰ ਪੰਜਾਬੀ ਸਨ ਅਤੇ ਉਨ੍ਹਾਂ ਸਾਰਿਆਂ ਦੇ ਦੋਸਤ ਸਨ ਜੋ ਸਿੱਖ ਭਾਈਚਾਰੇ ਨਾਲ ਸਬੰਧਤ ਸਨ। ਪਿੱਛੋਂ, ਜਦੋਂ ਮੈਂ ਵਰਕਰਾਂ ਦੀਆਂ ਇੰਟਰਵਿਊ ਕੀਤੀਆਂ ਤਾਂ ਪਤਾ ਲੱਗਾ ਕਿ ਸਿੱਖਾਂ ਵਿਚ ਸਿਰਫ਼ ਸੁਮੰਤੋ ਦੇ ਅਤੇ ਮੇਰੇ ਦੋਸਤ ਨਹੀਂ ਸਨ; ਅਤੇ ਸਾਡੇ ਸਬੰਧ ਮੁਸਲਮਾਨਾਂ ਨਾਲ ਸਨ।

14. ਦਿੱਲੀ ਯੂਨੀਵਰਸਿਟੀ ਦੇ ਮਿਰਾਂਡਾ ਹਾਊਸ 'ਚ ਮੇਰੀ ਇਤਿਹਾਸ ਦੀ ਅਧਿਆਪਕਾ ਉਮਾ ਚਕਰਵਰਤੀ ਨੇ ਮੈਨੂੰ ਪੀੜਤਾਂ ਦੀਆਂ ਇੰਟਰਵਿਊ ਲੈਣ ਵਿਚ ਮੱਦਦ ਕਰਨ ਲਈ ਕਿਹਾ। ਇਹ ਇਤਿਹਾਸ ਦਾ ਇਕ ਐਸਾ ਪਲ ਸੀ ਜਦੋਂ ਇਕ ਭਾਈਚਾਰਾ ਘੱਟ ਗਿਣਤੀ ਵਿਚ ਬਦਲ ਗਿਆ ਸੀ। ਫਿਰ ਅਸੀਂ ਗੈਰ-ਸਿੱਖ ਗੁਆਂਢੀਆਂ ਅਤੇ ਕਾਰਕੁਨਾਂ ਦੀਆਂ ਇੰਟਰਵਿਊ ਕੀਤੀਆਂ।

ਇੰਟਰਵਿਊਆਂ ਨੇ ਫੌਰੀ ਕਾਰਨਾਂ ਤੋਂ ਇਲਾਵਾ ਹਿੰਸਾ ਦੇ ਪਿੱਛੇ ਕੰਮ ਕਰਦੇ ਗੁੰਝਲਦਾਰ ਕਾਰਨ ਵੀ ਦਰਸਾਏ। ਮੁਨਿਰਕਾ ਵਰਗੀਆਂ ਕਈ ਥਾਵਾਂ 'ਤੇ ਪਿੰਡ ਦੀ ਜ਼ਮੀਨ ਲਏ ਜਾਣ ਨੂੰ ਲੈ ਕੇ ਰੋਸ ਸੀ। ਗੁਰੂ ਹਰਕ੍ਰਿਸ਼ਨ ਸਕੂਲ ਉਸ ਜ਼ਮੀਨ ਉੱਪਰ ਬਣਾਇਆ ਗਿਆ ਸੀ ਜੋ ਕਦੇ ਮੁਨਿਰਕਾ ਪਿੰਡ ਦੇ ਜਾਟਾਂ ਦੀ ਸੀ। ਜਦੋਂ ਸਕੂਲ ਬਣ ਰਿਹਾ ਸੀ ਤਾਂ ਪਿੰਡ ਦੇ ਲੋਕ ਆਏ ਅਤੇ ਗਰਾਊਂਡ ਨੂੰ ਸਵੇਰ ਵੇਲੇ ਜੰਗਲ-ਪਾਣੀ ਜਾਣ ਲਈ ਵਰਤਿਆ। ਹੁਣ ਉਨ੍ਹਾਂ ਨੇ ਬਦਲਾ ਲੈਣ ਲਈ ਸਕੂਲ ਨੂੰ ਅੱਗ ਲਗਾ ਦਿੱਤੀ ਸੀ।

ਆਪਣੇ ਸਿੱਖ ਗੁਆਂਢੀਆਂ ਦੀ ਰੱਖਿਆ ਕਰਨ ਵਾਲੇ ਲੋਕਾਂ ਦੀਆਂ ਕਹਾਣੀਆਂ ਦਿਲ ਨੂੰ ਸਕੂਨ ਦੇਣ ਵਾਲੀਆਂ ਸਨ; ਅਤੇ ਉਨ੍ਹਾਂ 'ਚੋਂ ਬਿਹਤਰੀਨ ਰਵਾਇਤੀ ਅਖਾੜਿਆਂ ਦੇ ਪਹਿਲਵਾਨ ਸਨ ਜਿਨ੍ਹਾਂ ਨੇ ਸਿੱਖਾਂ ਦੀ ਰੱਖਿਆ ਕੀਤੀ ਕਿਉਂਕਿ ਅਖਾੜਾ ਸਾਰੇ ਭਾਈਚਾਰਿਆਂ ਨੇ ਸਵੀਕਾਰ ਕਰਦਾ ਸੀ।

ਪੁਸਤਕ ਛਪ ਗਈ। ਇਸ ਦਾ ਨਾਂ ਸੀ: ਦਿੱਲੀ ਦੰਗੇ: ਰਾਸ਼ਟਰ ਦੀ ਜ਼ਿੰਦਗੀ 'ਚ ਤਿੰਨ ਦਿਨ।

15. 1984 ਦੇ ਕਤਲੇਆਮ ਦੇ ਪੀੜਤ ਅੱਜ ਵੀ ਇਨਸਾਫ਼ ਲਈ ਲੜ ਰਹੇ ਹਨ। ਉਨ੍ਹਾਂ ਨੂੰ ਉਤਸ਼ਾਹੀ ਵਾਲੰਟੀਅਰਾਂ ਦੀ ਹਮਾਇਤ ਨਹੀਂ ਹੈ; ਕਈ ਕਾਰਕੁਨਾਂ ਨੇ ਆਪਣੇ ਲਈ ਚੰਗੇ ਪ੍ਰੋਜੈਕਟ ਪ੍ਰਾਪਤ ਕਰਨ ਲਈ ਉਸ ਤਜਰਬੇ ਦੀ ਵਰਤੋਂ ਕੀਤੀ; ਕੁਝ ਵਕੀਲਾਂ ਨੇ ਇਸ ਤਜਰਬੇ ਤੋਂ ਆਪਣਾ ਕਰੀਅਰ ਬਣਾਇਆ।

ਦਿੱਲੀ ਦੇ ਨਾਗਰਿਕ ਫਿਰ ਕਦੇ ਕਿਸੇ ਕਾਰਨ ਇਕੱਠੇ ਨਹੀਂ ਹੋਏ। (ਇਹ ਲਿਖਤ ਸ਼ਾਹੀਨ ਬਾਗ਼ ਮੋਰਚੇ ਤੋਂ ਪਹਿਲਾਂ ਲਿਖੀ ਗਈ ਸੀ- ਅਨੁਵਾਦਕ) ਗਰੁੱਪ 1984 ਦੀਆਂ ਘਟਨਾਵਾਂ ਨੂੰ ਯਾਦ ਕਰਨ ਅਤੇ ਕਾਂਗਰਸ ਪਾਰਟੀ ਦੀ ਨਿੰਦਾ ਕਰਨ ਲਈ ਇਕੱਠੇ ਹੋਏ ਹਨ। ਹਾਂ, ਕਾਂਗਰਸ ਪਾਰਟੀ ਦੀ ਨਿੰਦਾ ਹੋਣੀ ਚਾਹੀਦੀ ਹੈ। ਪਰ ਕੀ ਸੋਨੀਆ ਗਾਂਧੀ ਨੇ ਜਨਤਕ ਤੌਰ 'ਤੇ ਮੁਆਫ਼ੀ ਨਹੀਂ ਮੰਗੀ?

ਕਾਂਗਰਸ ਪਾਰਟੀ ਦੀ ਨਿਖੇਧੀ ਕਰਨ ਲਈ ਇਕੱਠੀਆਂ ਹੋਈਆਂ ਪਾਰਟੀਆਂ ਅਤੇ ਜਥੇਬੰਦੀਆਂ ਨੇ ਸਿੱਖਾਂ ਨੂੰ ਇਨਸਾਫ਼ ਦਿਵਾਉਣ ਜਾਂ ਇਸ ਮੁੱਦੇ ਨੂੰ ਹਿੰਦੂ ਅਤੇ ਸਿੱਖ ਫਿਰਕੂ ਤਾਕਤਾਂ ਵੱਲੋਂ ਆਪਣੇ ਹੱਥਾਂ ਵਿਚ ਲੈਣ ਤੋਂ ਰੋਕਣ ਲਈ ਕੁਝ ਨਹੀਂ ਕੀਤਾ; ਹੁਣ ਪੀੜਤਾਂ ਲਈ ਇਨਸਾਫ਼ ਲਈ ਸੰਘਰਸ਼ ਫਿਰਕੂ ਸਿਆਸਤ ਦਾ ਹਿੱਸਾ ਹੈ। ਕੀ ਇਸ ਵਰ੍ਹੇਗੰਢ ਨੂੰ ਨਾ ਸਿਰਫ਼ 1984 ਦੇ ਪੀੜਤਾਂ ਲਈ ਲੜਨ ਲਈ, ਸਗੋਂ ਭਾਰਤ ਦੇ ਇਕ ਹੋਰ ਦ੍ਰਿਸ਼ਟੀ ਦੀ ਲੜਾਈ ਵਿਚ ਇਕਜੁੱਟ ਹੋਣ ਲਈ ਮੁੜ ਇਕੱਠੇ ਹੋਣ ਦਾ ਮੌਕਾ ਨਹੀਂ ਬਣਾਇਆ ਜਾ ਸਕਦਾ?

16. ਸਿੱਖਾਂ ਵੱਲੋਂ 1984 ਬਾਰੇ ਪਹਿਲੇ ਨਾਵਲ ਲਿਖੇ ਜਾ ਰਹੇ ਹਨ। ਇਨ੍ਹਾਂ ਵਿਚੋਂ ਇਕ ਅਮਨਦੀਪ ਸੰਧੂ ਦਾ ਹੈ। ਉਸ ਦੇ ਨਾਵਲ ਦਾ ਨਾਂ ਰੋਲ ਆਫ ਆਨਰ ਹੈ। ਇਸ ਨੂੰ ਹਿੰਦੂ ਸਾਹਿਤ ਪੁਰਸਕਾਰ 2013 ਲਈ ਨਾਮਜ਼ਦ ਕੀਤਾ ਗਿਆ ਸੀ।

ਉਹ 1984 ਦੀਆਂ ਘਟਨਾਵਾਂ ਨੂੰ ਪੰਜਾਬ ਦੀ ਵਿਆਪਕ ਸਿਆਸਤ ਦੇ ਪ੍ਰਸੰਗ 'ਚ ਦੇਖਦੇ ਹਨ। ਉਹ ਸੌੜੀ ਫਿਰਕੂ ਸਿਆਸਤ ਜਾਂ ਝੂਠੇ ਪੈਗੰਬਰਾਂ ਤੋਂ ਪ੍ਰੇਰਨਾ ਨਹੀਂ ਲੈਂਦੇ। ਉਹ ਆਪਣੇ ਆਪ ਨੂੰ ਕਿਸੇ ਵੀ ਰਾਜਨੀਤਿਕ ਪਾਰਟੀ ਨਾਲ ਨਹੀਂ ਜੋੜਦੇ ਪਰ ਫਿਰ ਵੀ ਉਹ ਆਪਣੇ ਆਪ ਨੂੰ ਕਿਸੇ ਸਿਆਸੀ ਨਜ਼ਰੀਏ ਨਾਲ ਵੀ ਜੋੜਦੇ ਨਹੀਂ ਜਾਪਦੇ।

ਮੈਂ ਅਮਨਦੀਪ ਨੂੰ ਗੋਆ ਵਿਚ ਇਕ ਸਾਹਿਤ ਉਤਸਵ ਵਿਚ ਮਿਲੀ। ਉਹ ਮੈਨੂੰ ਮਿਲਣ ਬਾਰੇ ਉਤਸ਼ਾਹਿਤ ਹੈ। ਉਹ ਕਹਿੰਦਾ ਹੈ ਕਿ ਉਸਨੇ ਸੁਣਿਆ ਹੈ ਕਿ ਮੈਂ 1984 ਵਿਚ ਕੀ ਕੀਤਾ ਸੀ। ਉਸਨੇ ਮੈਨੂੰ ਆਪਣੀ ਕਿਤਾਬ ਭੇਂਟ ਕੀਤੀ। ਅਮਨਦੀਪ ਨੇ ਕਿਤਾਬ ਦੀ ਸਮਾਪਤੀ ਇਨ੍ਹਾਂ ਸ਼ਬਦਾਂ ਨਾਲ ਕੀਤੀ: "ਇਹ ਇਕ ਇਤਫ਼ਾਕ ਹੈ ਕਿ ਮੈਂ ਇਕ ਖ਼ਾਸ ਪਰਿਵਾਰ, ਜਾਂ ਇਕ ਭਾਈਚਾਰੇ, ਇਕ ਸਮਾਜ ਜਾਂ ਇਕ ਕੌਮ ਵਿਚ ਪੈਦਾ ਹੋਇਆ ਹਾਂ। ਪਰ ਜਦੋਂ ਮੈਂ ਜਨਮ ਸਮੇਂ ਮੈਨੂੰ ਵਿਰਸੇ 'ਚ ਮਿਲੇ ਹੁਕਮਨਾਮਿਆਂ - ਰੰਗ, ਧਰਮ, ਸਥਾਨ, ਬੋਲੀ, ਪਰਿਵਾਰ ਅਤੇ ਪਛਾਣ ਦੇ ਹੋਰ ਚਿੰਨ੍ਹਾਂ ਦੀ ਨੁਮਾਇਸ਼ ਲਾਉਂਦਾ ਹਾਂ ਤਾਂ ਮੇਰਾ ਜਨਮ ਮਜ਼ਾਕ ਬਣ ਜਾਂਦਾ ਹੈ ਜੋ ਮੇਰੀ ਪੂਰੀ ਜ਼ਿੰਦਗੀ ਚੱਲਦਾ ਹੈ। ਮੈਂ ਹੈਰਾਨ ਹਾਂ ਕਿ ਇਸ 'ਤੇ ਕੌਣ ਹੱਸਦਾ ਹੈ। ਕਿਉਂਕਿ ਜਦੋਂ ਮੈਂ ਇਸ ਤਰ੍ਹਾਂ ਜੀਉਂਦਾ ਹਾਂ ਜਾਂ ਉਨ੍ਹਾਂ ਦੀ ਖ਼ਾਤਰ ਮਰਨ ਲਈ ਤਿਆਰ ਹਾਂ, ਤਾਂ ਮੈਂ ਉਸ ਦਾ ਵਿਅੰਗ ਮਹਿਸੂਸ ਕਰਦਾ ਹਾਂ ਜੋ ਮੈਂ ਹੋ ਸਕਦਾ ਸੀ।

"... ਜ਼ਿੰਦਗੀ ਦਾ ਸਾਹਮਣਾ ਕਰਨ ਨੂੰ ਥੋੜ੍ਹਾ ਲੰਮਾ ਲੱਗਾ ਹੈ, ਢਾਈ ਦਹਾਕਿਆਂ ਤੋਂ ਵੱਧ ਸਮਾਂ। ਪਰ ਆਖ਼ਿਰਕਾਰ ਮੈਂ ਖੜ੍ਹਾ ਹੋ ਗਿਆ ਹਾਂ। ਆਖ਼ਿਰਕਾਰ ਮੈਨੂੰ ਇਕ ਐਸੀ ਜਗ੍ਹਾ ਮਿਲ ਗਈ ਹੈ ਜਿੱਥੇ ਮੈਂ ਆਪਣੇ ਆਪ ਤੋਂ, ਮੇਰੇ ਆਲੇ ਦੁਆਲੇ ਦੀ ਦੁਨੀਆ ਤੋਂ ਮਹਿਫ਼ੂਜ਼ ਹਾਂ। ਇਹ ਇਕ ਅਜਿਹੀ ਸਪੇਸ ਹੈ ਜਿੱਥੇ ਹਰ ਸਵੇਰ ਆਜ਼ਾਦ ਪੰਛੀ ਚੋਗਾ ਚੁਗਣ ਲਈ ਆਉਂਦੇ ਹਨ।"

ਅਸੀਂ ਪੀੜਤਾਂ ਦੇ ਇਨਸਾਫ਼ ਦੇ ਹੱਕਾਂ ਲੈਣ ਲਈ ਲੜਦੇ ਹਾਂ, ਉੱਥੇ ਪੀੜਤਾਂ ਨੂੰ ਆਪਣੇ ਆਪ ਨੂੰ ਨਫ਼ਰਤ ਅਤੇ ਬਦਲੇ ਦੀ ਕੈਦ ਤੋਂ ਮੁਕਤ ਕਰਨ ਲਈ ਇਕ ਸਪੇਸ ਲਈ ਵੀ ਲੜਨਾ ਚਾਹੀਦਾ ਹੈ। ਮੈਂ ਅਜਿਹਾ ਕਹਿਣ ਦੀ ਹਿੰਮਤ ਨਹੀਂ ਕਰਾਂਗੀ, ਪਰ ਅਮਨਦੀਪ ਨੇ ਰਾਹ ਦਿਖਾ ਦਿੱਤਾ ਹੈ। ਇਸ ਲਈ ਮੈਂ ਇਹ ਲੇਖ 1984 ਦੇ ਪੀੜਤਾਂ ਦੇ ਬੱਚਿਆਂ ਜਾਂ ਸ਼ਾਇਦ ਉਨ੍ਹਾਂ ਦੇ ਪੋਤੇ-ਪੋਤੀਆਂ ਨੂੰ ਸਮਰਪਿਤ ਕਰਦੀ ਹਾਂ।

# ਬ੍ਰਿਟਿਸ਼ ਪ੍ਰਧਾਨ ਮੰਤਰੀ ਰਿਸ਼ੀ ਸੁਨਕ ਦੀ ਅਸਲੀਅਤ (ਸਫ਼ਾ 27 ਦੀ ਬਾਕੀ)

ਮੁਸਲਮਾਨਾਂ ਵਿਰੁੱਧ ਨਸਲਵਾਦੀ ਬਿਆਨਬਾਜ਼ੀ ਵਾਰ ਵਾਰ ਦੁਹਰਾਉਣ ਵਿੱਚ ਖ਼ੁਸ਼ ਹੈ। 'ਰਾਜਨੀਤਿਕ ਸ਼ੁੱਧਤਾ ਨੂੰ ਰਾਹ ਵਿੱਚ ਨਾ ਆਉਣ ਦੇਣ' ਦੀ ਸਹੁੰ ਖਾਧੀ। ਉਸਨੇ 'ਇਸਲਾਮਿਕ' 'ਤੇ ਰੋਕਥਾਮ ਪ੍ਰੋਗਰਾਮ (ਇਸ ਦੇ ਇਸਲਾਮ ਫੋਬੀਆ ਲਈ ਬਦਨਾਮ) ਨੂੰ 'ਦੁਬਾਰਾ ਫੋਕਸ' ਕਰਨ ਦਾ ਵਾਅਦਾ ਵੀ ਕੀਤਾ ਹੈ। ਕੱਟੜਪੰਥ ਅਤੇ 'ਯੂਨਾਈਟਿਡ ਕਿੰਗਡਮ ਦੀ ਬਦਨਾਮੀ' ਨੂੰ ਕੱਟੜਪੰਥ ਦੀ ਅਧਿਕਾਰਤ ਪਰਿਭਾਸ਼ਾ ਬਣਾਉਂਦੇ ਹੋਏ, ਸੱਜੇ-ਪੱਖੀ ਕੱਟੜਪੰਥ ਤੋਂ ਦੂਰ, ਜੋ ਕਿ ਬ੍ਰਿਟੇਨ ਵਿੱਚ ਇੱਕ ਵੱਡਾ ਖ਼ਤਰਾ ਹੈ। ਸ਼ਰਨਾਰਥੀਆਂ ਦੇ ਸਵਾਲ 'ਤੇ, ਉਹ ਰਵਾਂਡਾ ਵਿਚ ਸ਼ਰਨਾਰਥੀਆਂ ਨੂੰ ਜਾਨਲੇਵਾ ਹੋਂਦ ਵਿਚ ਭੇਜਣ ਫਾਸ਼ੀਵਾਦੀ ਨੀਤੀ ਨੂੰ ਅਪਣਾਉਣ ਲਈ ਉਤਸੁਕ ਹੈ। ਇਸ ਗੱਲ ਦਾ ਕੋਈ ਫ਼ਰਕ ਨਹੀਂ ਪੈਂਦਾ ਕਿ ਉਸ ਦੇ ਮਾਤਾ-ਪਿਤਾ ਸ਼ਰਨਾਰਥੀਆਂ ਵਜੋਂ ਯੂ.ਕੇ. ਆਏ ਸਨ।

ਜਦੋਂ ਕਿ ਰਿਸ਼ੀ ਸੁਨਕ ਦੀ ਮੋਦੀ ਸਰਕਾਰ ਨਾਲ ਨੇੜਤਾ ਸਪੱਸ਼ਟ ਹੈ, ਹੋਰ ਚੀਜ਼ਾਂ ਦੇ ਨਾਲ, ਉਸ ਦੇ ਸਹੁਰੇ ਦੀ ਨਰਿੰਦਰ ਮੋਦੀ ਨਾਲ ਹਾਲ ਹੀ ਵਿੱਚ ਕੀਤੀ ਜਾਣ-ਪਛਾਣ ਅਤੇ ਇਜ਼ਰਾਈਲ ਨਾਲ ਉਸ ਦੀ ਨੇੜਤਾ ਜੋ ਕਿ ਵਿਸ਼ਵ ਭਰ ਵਿੱਚ ਹਿੰਦੂਤਵੀ ਸ਼ਕਤੀਆਂ ਦੀ ਨਿਰੰਤਰ ਸਹਿਯੋਗੀ ਹੈ ਖੁੱਲ੍ਹੇ ਰੂਪ ਵਿਚ ਸਪਸ਼ਟ ਹੈ। ਉਹ ਯੇਰੂਸ਼ਲਮ ਨੂੰ ਇਜ਼ਰਾਈਲ ਦੀ ਰਾਜਧਾਨੀ ਵਜੋਂ ਮਾਨਤਾ ਦੇਣ ਦਾ ਸਮਰਥਨ ਕਰਦਾ ਹੈ। ਉਸ ਨੇ ਬਾਈਕਾਟ, ਡਿਵੈਸਟਮੈਂਟ ਅਤੇ ਪਾਬੰਦੀਆਂ ਲਾਉਣ ਤੇ (ਬੀਡੀਐਸ) ਅੰਦੋਲਨ ਦੇ ਵਿਰੁੱਧ ਕਾਨੂੰਨ ਬਣਾਉਣ ਦੀ ਸਹੁੰ ਖਾਧੀ ਹੈ; ਉਸਦੇ ਸਹੁਰੇ ਦੀ ਕਾਰਪੋਰੇਟ ਇਨਫੋਸਿਸ ਦਾ ਇਜ਼ਰਾਈਲ ਵਿੱਚ ਕਾਫ਼ੀ ਨਿਵੇਸ਼ ਹੈ। ਜੋ ਕਿ ਇਜ਼ਰਾਈਲੀ ਮਿਲਟਰੀ ਇੰਟੈਲੀਜੈਂਸ ਯੂਨਿਟ 8200 ਦੇ ਪਹਿਲਾਂ, ਉਰੀ ਲੇਵਿਨ ਦੁਆਰਾ ਸਹਿ-ਨਿਰਦੇਸ਼ਿਤ ਕੀਤਾ ਗਿਆ ਹੈ।ਰਿਸ਼ੀ ਸੁਨਕ ਹਿੰਦੂ ਫਾਸ਼ੀਵਾਦੀਆਂ ਦੁਆਰਾ ਮੋਦੀ ਸ਼ਾਸਨ ਜਾਂ ਇਸ ਦੀਆਂ ਬ੍ਰਿਟਿਸ਼ ਸ਼ਾਖਾਵਾਂ ਦੀ ਆਲੋਚਨਾ ਨੂੰ 'ਹਿੰਦੂ ਫੋਬੀਆ' ਵਜੋਂ ਲੇਬਲ ਕਰਨ ਦੀਆਂ ਕੋਸ਼ਿਸ਼ਾਂ ਨੂੰ ਵੀ ਹੁਲਾਰਾ ਦੇਣ ਦੀ ਸੰਭਾਵਨਾ ਹੈ। ਪਿਛਲੇ 15 ਸਾਲਾਂ ਤੋਂ ਭਾਰਤ ਸਰਕਾਰ ਦੀਆਂ ਨੀਤੀਆਂ ਲਈ ਇੱਕ ਰੁਝਾਨ ਇਹ ਰਿਹਾ ਹੈ। ਮੋਦੀ ਸਰਕਾਰ ਦੀਆਂ ਹਿੰਦੂਤਵੀ ਨੀਤੀਆਂ ਨੂੰ 'ਸਪੱਸ਼ਟ' ਕਰਨ ਦੀ ਸਖ਼ਤ ਕੋਸ਼ਿਸ਼ ਕੀਤੀ ਜਾ ਰਹੀ ਹੈ; 'ਖਾਸ ਤੌਰ 'ਤੇ ਜਦੋਂ ਵਧੇਰੇ ਪੱਛਮੀ ਟਿੱਪਣੀਕਾਰ ਅਤੇ ਸਿਆਸਤਦਾਨ ਨੋਟਿਸ ਲੈਣਾ ਸ਼ੁਰੂ ਕਰਦੇ ਹਨ'। ਹਿੰਦੂ ਫੋਬੀਆ, ਜਿਵੇਂ ਕਿ ਅਸੀਂ ਨੋਟ ਕੀਤਾ ਹੈ (ਵੇਖੋ https://southasiasolidarity.org/keir-starmer-dont-pander-to-the-right-believing-in-hinduphobia/) ਦੀ ਤੁਲਨਾ 'ਵਾਈਟ ਲਾਈਵਜ਼ ਮੈਟਰ' ਨਾਲ ਕੀਤੀ ਗਈ ਹੈ, ਜੋ ਕਿ ਇੱਕ ਗੋਰਾ ਸਰਵਉੱਚਤਾਵਾਦੀ ਹੈ। , ਬਲੈਕ ਲਾਈਵਜ਼ ਮੈਟਰ ਅੰਦੋਲਨ ਵਿਰੁੱਧ ਨਸਲਵਾਦੀ ਪ੍ਰਤੀਕਿਰਿਆ ਹੈ, ਜੋ ਕਿ ਇੱਕ ਨਵ-ਨਾਜ਼ੀ ਲਹਿਰ ਵਿੱਚ ਵਾਧਾ ਹੋਇਆ ਹੈ। 'ਹਿੰਦੂ ਫੋਬੀਆਂ' ਦੇ ਪਿੱਛੇ ਮੁੱਖ ਵਿਚਾਰ ਭਾਰਤ ਵਿੱਚ ਹਿੰਦੂ ਬਹੁਗਿਣਤੀ ਦੁਆਰਾ ਘੱਟ ਗਿਣਤੀਆਂ ਉਪਰ ਲਗਾਤਾਰ ਹਮਲੇ ਦੇ ਅਧੀਨ ਹੈ। ਜੋ ਇੱਕ ਪੱਛਮੀ ਸੰਦਰਭ ਵਿੱਚ ਨਸਲਵਾਦੀ ਗੋਰੇ ਲੋਕਾਂ ਦੀ ਇਸ ਜਾਤਪਰਸਤੀ ਦੇ ਬਰਾਬਰ ਹੈ। ਦੋਵਾਂ ਨਸਲਵਾਦੀ ਅਤੇ ਫਾਸੀਵਾਦੀ ਹਮਲਿਆਂ ਨੂੰ ਵਿਰੋਧ ਦੇ ਜਵਾਬ ਵਿੱਚ ਵਜੋਂ ਵਰਤਿਆ ਜਾਂਦਾ ਹੈ। ਆਦਿਤਿਆ ਅਈਅਰ ਨੇ ਟਵੀਟ ਕੀਤਾ, 'ਹਿੰਦੂ ਫੋਬੀਆ' ਗੈਰ-ਭਾਰਤੀ ਭਾਈਚਾਰਿਆਂ ਦੀ ਖਾਸ ਤੌਰ 'ਤੇ, ਸਮਾਨਤਾ, ਵਿਭਿੰਨਤਾ ਅਤੇ ਸ਼ਮੂਲੀਅਤ ਨੂੰ ਨਿਸ਼ਾਨਾ ਬਣਾਉਂਦਾ ਹੈ। ਗੋਰੇ ਉਦਾਰਵਾਦੀ ਲੋਕਾਂ ਦੇ ਚੇਤੰਨ ਇਕਜੁਟਤਾ ਦੇ ਯਤਨਾਂ ਨੂੰ ਤਬਾਹ ਕਰਦਾ ਹੈ। ਪਿਛਲੇ ਮਹੀਨੇ ਨਕਾਬਪੋਸ਼ ਅਤੇ ਹਥਿਆਰਬੰਦ ਹਿੰਦੂਤਵੀ ਤਾਕਤਾਂ ਦੁਆਰਾ ਲੈਸਟਰ ਦੇ ਏਸ਼ੀਆਈ ਭਾਈਚਾਰਿਆਂ ਦੁਆਰਾ ਕੀਤੇ ਗਏ ਮਾਰਚ ਦਾ ਉਦੇਸ਼ ਹਿੰਦੂ ਫੋਬੀਆ ਦੇ ਇਸ ਬਿਰਤਾਂਤ ਨੂੰ ਮਜ਼ਬੂਤ ਕਰਨ ਲਈ ਮੁਸਲਮਾਨਾਂ ਨੂੰ ਭੜਕਾਉਣਾ ਸੀ। ਸੁਨਕ ਦੇ ਪ੍ਰਧਾਨ ਮੰਤਰੀ ਦੇ ਰੂਪ ਵਿੱਚ, ਇਹਨਾਂ ਤਾਕਤਾਂ ਨੂੰ ਬ੍ਰਿਟਿਸ਼ ਦੇ ਹੋਰ ਹਿੱਸਿਆਂ ਵਿੱਚ ਫਿਰਕੂ ਹਿੰਸਾ ਨੂੰ ਸਿਸਕੇਰਨ ਨੂੰ ਰੋਕਣ ਦੇ ਨਾਲ ਉਨ੍ਹਾਂ ਦਾ ਵਿਰੋਧ ਕੀਤਾ ਜਾਣਾ ਚਾਹੀਦਾ ਹੈ।


www.malwatires.ca
MALWA
TIRES & SERVICES LTD
NOW OPEN AT
UNIT - G, 8616 44 STREET
SE CALGARY, AB
Truck and Trailer Alignments
Wheel Balance
New and used Truck and Trailer Tires
Change overs, Rotations and Flat Repairs
FOR MORE INFO, CALL
403-899-1985
403-899-1984
MOBILE
24/7 SERVICE
services@malwatires.com

HOMELIFE HIGHER STANDARDS

# HOMELIFE SILVERCITY
REALTY INC.,BROKERAGE
(Independently Owned and Operated)

# #7 CANADA WIDE
## BROKERAGE WITH HOMELIFE BRAND
## 2017 GROSS COMMISSION WISE

New Head Office
905-913-8500
50 COTTRELLE BLVD., UNIT 29, BRAMPTON

TEAM OF OVER 600 REALTORS

HOMELIFE HIGHER STANDARDS

# HOMELIFE SILVERCITY
REALTY INC.,BROKERAGE (INDEPENDENTLY OWNED & OPERATED)

## NOW HIRING NEW / EXPERIENCED REAL ESTATE PROFESSIONALS
*Not intended to solicit anyone under contract

## JOIN ONE OF FASTEST GROWING BROKERAGE



CALL HEAD OFFICE TODAY
905.913.8500
www.HomelifeSilvercityTeam.com




BALJIT GARCHA
BROKER OF RECORD
647.500.6500


AJIT GARCHA
BROKER / PRESIDENT
647.204.9500

Address:
11775 Bramalea Rd. Brampton



# ਕੈਲਗਰੀ ਵਿੱਚ ਡਾ. ਸਾਹਿਬ ਸਿੰਘ ਵਲੋਂ 'ਧੰਨੁ ਲੇਖਾਰੀ ਨਾਨਕਾ' ਦੀ ਸਫਲ ਪੇਸ਼ਕਾਰੀ!




















ਕੈਲਗਰੀ, (ਅਦਾਰਾ ਸਰੋਕਾਰਾਂ ਦੀ ਆਵਾਜ਼): 'ਸਿਰ ਤਾਂ ਸਿਰ ਏ, ਇਹ ਪੱਗ ਥੱਲੇ ਵੀ ਹੋ ਸਕਦਾ, ਏ ਚੁੰਨੀ ਥੱਲੇ ਵੀ, ਏ ਟੋਪੀ ਥੱਲੇ ਵੀ ਹੋ ਸਕਦਾ ਤੇ ਏਹ ਨੰਗਾ ਵੀ ਹੋ ਸਕਦਾ, ਸਿਰ ਸਿਰਫ ਤੇਰਾ ਹੋਣਾ ਚਾਹੀਦਾ, ਬਾਤ ਸਿਰਫ ਏਨੀ ਹੈ, ਜਦੋਂ ਲਿਖਣ ਲੱਗੇਂ, ਤੂੰ ਸਿਰਾਂ ਉਤੇ ਕੀ ਹੈ, ਏ ਨਾ ਦੇਖੀਂ, ਤੂੰ ਜਾਗਦੇ ਸਿਰਾਂ ਦੀ ਬਾਤ ਪਾਈਂਸ਼..' ਇਹ ਬੋਲ ਸਨ, ਸੋਲੋ ਨਾਟਕ 'ਧੰਨੁ ਲੇਖਾਰੀ ਨਾਨਕਾ' ਦੇ ਜੋ ਉਘੇ ਲੇਖਕ, ਨਿਰਦੇਸ਼ਕ, ਰੰਗ ਕਰਮੀ ਤੇ ਫਿਲਮੀ ਅਦਾਕਾਰ ਡਾ. ਸਾਹਿਬ ਸਿੰਘ ਵਲੋਂ ਲੰਘੇ ਵੀਕੈਂਡ ਤੇ ਸ਼ਨੀਵਾਰ 22 ਅਕਤੂਬਰ ਨੂੰ RCCG ਥੀਏਟਰ ਰੈਡ ਸਟੋਨ ਵਿਖੇ ਦਰਸ਼ਕਾਂ ਦੇ ਭਰਵੇਂ ਇਕੱਠ ਵਿੱਚ ਖੇਡਿਆ ਗਿਆ। ਇੱਕ ਘੰਟਾ 40 ਮਿੰਟ ਦੇ ਇਸ ਸੋਲੋ ਨਾਟਕ ਨੂੰ ਡਾ ਸਾਹਿਬ ਸਿੰਘ ਵਲੋਂ ਇਕੱਲੇ ਬੇਹੱਦ ਖੂਬਸੂਰਤ ਤੇ ਪ੍ਰਭਾਵਸ਼ਾਲੀ ਢੰਗ ਨਾਲ਼ ਪੇਸ਼ ਕੀਤਾ ਗਿਆ, ਜਿਸ ਵਿੱਚ ਇਤਿਹਾਸ ਦੀਆਂ ਵੱਖ-ਵੱਖ ਘਟਨਾਵਾਂ ਨੂੰ ਦਰਸ਼ਕਾਂ ਨੇ ਪੂਰੀ ਤਵੱਜੋ ਨਾਲ਼ ਦੇਖਿਆ। ਨਾਟਕ ਲੇਖਕਾਂ ਤੇ ਦਰਸ਼ਕਾਂ ਨੂੰ ਵੰਗਾਰ ਪਾਉਂਦਾ ਹੈ ਕਿ ਸਮੇਂ ਤੇ ਬੋਲਿਆ ਸੱਚ ਹੀ ਸੱਚ ਹੁੰਦਾ ਹੈ, ਆਓ! ਆਪਾਂ ਵੀ ਬੋਲੀਏ, ਜੇ ਹੋਰ ਕਿਸੇ ਲਈ ਨਹੀਂ ਤਾਂ ਆਪਣੇ ਹੱਕਾਂ ਦੀ ਬਾਤ ਪਾਈਏ।

ਸਮਾਗਮ ਦੀ ਸ਼ੁਰੂਆਤ ਕਰਦੇ ਹੋਏ ਸਿੱਖ ਵਿਰਸਾ ਦੇ ਮੁੱਖ ਸੰਪਾਦਕ ਹਰਚਰਨ ਸਿੰਘ ਪਰਹਾਰ ਵਲੋਂ ਸਭ ਦਰਸ਼ਕਾਂ ਨੂੰ ਜਾਇਆਂ ਕਿਹਾ ਤੇ ਵੱਖ-ਵੱਖ ਸੰਸਥਾਵਾਂ ਤੇ ਮੀਡੀਆ ਦਾ ਧੰਨਵਾਦ ਕੀਤਾ। ਪ੍ਰੋਗਰਾਮ ਦੌਰਾਨ ਸਟੇਜ ਦੀਆਂ ਸੇਵਾਵਾਂ ਮਾਸਟਰ ਭਜਨ ਸਿੰਘ ਤੇ ਕਮਲਪ੍ਰੀਤ ਪੰਧੇਰ ਨੇ ਨਿਭਾਈਆਂ।

ਇਸ ਮੌਕੇ ਤਰਕਸ਼ੀਲ ਸੁਸਾਇਟੀ ਦੀ ਕੈਲਗਰੀ ਬਰਾਂਚ ਦੇ ਜਨਰਲ ਸਕੱਤਰ ਬੀਰਬਲ ਭਦੌੜ ਵਲੋਂ ਜਾਦੂ ਦੇ ਕੁਝ ਟਰਿੱਕ ਪੇਸ਼ ਕੀਤੇ ਗਏ। ਉਨ੍ਹਾਂ ਦਰਸ਼ਕਾਂ ਨੂੰ ਸੰਬੋਧਨ ਹੁੰਦੇ ਹੋਏ ਦੱਸਿਆ ਕਿ ਜਾਦੂ ਜਾਂ ਕਰਾਮਾਤ ਨਾਮ ਦੀ ਕੋਈ ਸ਼ੈਅ ਨਹੀਂ ਹੁੰਦੀ, ਇਹ ਸਿਰਫ ਟਰਿੱਕ ਹੁੰਦੇ ਹਨ, ਜੋ ਕੋਈ ਵੀ ਸਿੱਖ ਸਕਦਾ ਹੈ। ਉਨ੍ਹਾਂ ਲੋਕਾਂ ਨੂੰ ਲੁਟੇਰੇ ਤੇ ਪਾਖੰਡੀ ਬਾਬਿਆਂ ਤੇ ਤੰਤਰਿਕਾਂ ਤੋਂ ਬਚਣ ਦੀ ਸਲਾਹ ਦਿੱਤੀ। ਤਰਕਸ਼ੀਲ ਸੁਸਾਇਟੀ ਵਲੋਂ ਦਰਸ਼ਕਾਂ ਨੂੰ ਆਪਣਾ ਸਾਹਿਤ ਵੀ ਵੰਡਿਆ।

ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ, ਅਦਾਰਾ ਸਿੱਖ ਵਿਰਸਾ ਇੰਟਰਨੈਸ਼ਨਲ ਤੇ ਅਦਾਰਾ ਸਰੋਕਾਰਾਂ ਦੀ ਆਵਾਜ਼ ਵਲੋਂ ਸਾਂਝੇ ਤੌਰ 'ਤੇ ਕਰਵਾਏ ਗਏ ਇਸ ਨਾਟਕ ਸਮਾਗਮ ਵਿੱਚ ਡਾ. ਸਾਹਿਬ ਸਿੰਘ ਦੇ ਸੋਲੋ ਨਾਟਕ ਤੋਂ ਇਲਾਵਾ ਪ੍ਰੋਗਰੈਸਿਵ ਕਲਾ ਮੰਚ ਕੈਲਗਰੀ ਦੀ ਬੱਚਿਆਂ ਦੀ ਯੂਨੀਅਰ ਟੀਮ ਵਲੋਂ ਇੱਕ ਸ਼ਾਨਦਾਰ ਤੇ ਪ੍ਰਭਾਵਸ਼ਾਲੀ ਕੋਰੀਓਗ੍ਰਾਫੀ 'ਜਿਹੜਾ ਗੀਤਾਂ ਵਿੱਚ ਨਿੱਤ ਬੰਦੇ ਮਾਰਦਾ, ਜੀਹਨੂੰ ਭੋਰਾ ਨਹੀਉਂ ਡਰ ਸਰਕਾਰ ਦਾ ਤੇ ਨਿੱਤ ਪੁੱਠੇ ਪੰਗੇ ਲੈਂਦਾ ਏਸ਼, ਸਾਨੂੰ ਦੱਸਿਓ, ਜ਼ਰਾ ਕੁ ਗੌਣ ਵਾਲ਼ਿਓ, ਓ ਜੱਟ ਕਿਹੜੇ ਪਿੰਡ ਰਹਿੰਦਾ ਏਸ਼' ਪੇਸ਼ ਕੀਤੀ ਗਈ। ਯਾਦ ਰਹੇ ਪੰਜਾਬੀ ਗੀਤਾਂ ਵਿੱਚ ਇੱਕ ਅਜਿਹੇ ਜੱਟ ਦੀ ਤਸਵੀਰ ਪੇਸ਼ ਕੀਤੀ ਜਾਂਦੀ ਹੈ, 'ਜੋ ਬੰਦਾ ਮਾਰ ਕੇ ਕਸੂਰ ਪੁੱਛਦਾ ਹੈ', 'ਜੋ ਕਚਹਿਰੀਆਂ 'ਚ ਮੇਲੇ ਲਾਉਂਦਾ ਹੈ', 'ਜਿਹੜਾ, ਜਿੱਥੇ ਹੁੰਦੀ ਹੈ, ਪਾਬੰਦੀ ਹਥਿਆਰ ਦੀ, ਉਥੇ ਉਹ ਫਾਇਰ ਕਰਦਾ ਹੈ'। ਕੋਰੀਓਗਰਾਫੀ ਰਾਹੀਂ ਬੱਚਿਆਂ ਵਲੋਂ ਗਾਇਕਾਂ ਨੂੰ ਵੰਗਾਰ ਪਾਈ ਗਈ ਕਿ ਆਮ ਜੱਟ ਤਾਂ ਕਰਜੇ ਦਾ ਮਾਰਾ ਖੁਦਕੁਸ਼ੀਆਂ ਕਰ ਰਿਹੈ ਤੇ ਤੁਸੀਂ ਕਿਹੜੇ ਜੱਟ ਦੀ ਗੱਲ ਕਰਦੇ ਹੋਸ਼। ਅਖੀਰ ਵਿੱਚ ਖੁਸਕਸ਼ੀਆਂ ਕਰ ਰਹੇ ਕਿਸਾਨ ਨੂੰ ਸੁਨੇਹਾ ਦਿੱਤਾ ਗਿਆ: 'ਮਰਦ ਦਲੇਰ ਕਮਲ਼ਿਆ ਕਦੇ ਖੁਦਕੁਸ਼ੀਆਂ ਨਹੀਂ ਕਰਦੇ..।'

ਇਸ ਮੌਕੇ 'ਤੇ ਸਮਾਗਮ ਅਯੋਜਿਤ ਕਰ ਰਹੀਆਂ ਸੰਸਥਾਵਾਂ ਵਲੋਂ ਪ੍ਰੋਗਰੈਸਿਵ ਕਲਾ ਮੰਚ ਕੈਲਗਰੀ ਦੀ ਕਲਾਕਾਰ ਤੇ ਲੇਖਿਕਾ ਅਮਰੀਤ ਗਿੱਲ ਦੀ ਅੰਗਰੇਜ਼ੀ ਕਵਿਤਾਵਾਂ ਦੀ ਕਿਤਾਬ 'The World in My Hands', ਇੰਡੀਆ ਦੇ ਨਾਮੀ ਜਨਰਲਿਸਟ ਰਵੀਸ਼ ਕੁਮਾਰ ਦੀ ਅੰਗਰੇਜ਼ੀ ਕਿਤਾਬ 'The Free Voice on Democracy, Culture and Nation' ਦਾ ਪੰਜਾਬੀ ਅਨੁਵਾਦ 'ਲੋਕਤੰਤਰ, ਸੱਭਿਅਚਾਰ ਅਤੇ ਰਾਸ਼ਟਰ ਬਾਰੇ: ਬੋਲ ਬੰਦਿਆ' ਅਤੇ ਪੰਜਾਬੀ ਦੇ ਉਘੇ ਸ਼ਾਇਰ ਸ਼ਹੀਦ ਅਵਤਾਰ ਪਾਸ਼ ਦੀਆਂ ਚੋਣਵੀਆਂ ਕਵਿਤਾਵਾਂ ਅਧਾਰਿਤ ਲੇਖਕ ਤੇ ਆਲੋਚਕ ਡਾ. ਸੁਰਿੰਦਰ ਧੰਜਲ ਕੈਮਲੂਪਸ ਵਲੋਂ ਸੰਪਾਦਿਤ ਕਿਤਾਬ 'ਖੇਤਾਂ ਦਾ ਪੁੱਤ: ਪਾਸ਼' ਨੂੰ ਡਾ. ਸਾਹਿਬ ਸਿੰਘ, ਡਾ ਸੁਰਿੰਦਰ ਧੰਜਲ ਤੇ ਕੈਲਗਰੀ ਦੀਆਂ ਵੱਖ-ਵੱਖ ਸੰਸਥਾਵਾਂ ਤੇ ਮੀਡੀਆ ਸਖਸ਼ੀਅਤਾਂ ਵਲੋਂ ਰਿਲੀਜ਼ ਕੀਤੀਆਂ ਗਈਆਂ।

ਇਸ ਮੌਕੇ ਤੇ ਡਾ. ਸਾਹਿਬ ਸਿੰਘ ਅਤੇ ਡਾ ਸੁਰਿੰਦਰ ਧੰਜਲ ਨੂੰ ਕੈਲਗਰੀ ਦੀਆਂ ਮਾਨਯੋਗ ਸਖਸ਼ੀਅਤਾਂ ਵਲੋਂ ਉਨ੍ਹਾਂ ਦੀਆਂ ਸਮਾਜ ਪ੍ਰਤੀ ਲੋਕ-ਪੱਖੀ ਸੇਵਾਵਾਂ ਲਈ ਵਿਸ਼ੇਸ਼ ਪਲੈਕਸ ਨਾਲ ਸਨਮਾਨਿਤ ਕਰਨ ਤੋਂ ਇਲਾਵਾ ਪ੍ਰੋਗਰੈਸਿਵ ਕਲਾ ਮੰਚ ਦੇ ਯੂਨੀਅਰ ਕਲਾਕਾਰਾਂ ਨੂੰ ਟਰਾਫੀਆਂ ਨਾਲ਼ ਸਨਮਾਨਿਤ ਕੀਤਾ ਗਿਆ।